

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938


# ਹਫਤਾਵਾਰੀ ਦੇਸ਼ ਦੁਆਬਾ


VOL -10 ISSUE - 32

November 17, 2021

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ।।



ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਦਿਹਾੜੇ ਦੀਆਂ ਵਿਸਵ ਭਾਈਚਾਰੇ ਨੂੰ ਲੱਖ-ਲੱਖ ਵਧਾਈਆਂ।

# ਪੰਜਾਬ ਕੈਬਨਿਟ ਦੇ ਸਾਰੇ ਮੰਤਰੀ ਪਹਿਲੇ ਦਿਨ ਸ੍ਰੀ ਕਰਤਾਰਪੁਰ ਸਾਹਿਬ ਹੋਣਗੇ ਨਤਮਸਤਕ

**ਧਾਰੋਵਾਲੀ (ਬਿਊਰੋ)–** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਐਲਾਨ ਕੀਤਾ ਹੈ ਕਿ ਕਰਤਾਰਪੁਰ ਲਾਂਘਾ ਮੁੜ ਖੁੱਲ੍ਹਣ ਤੋਂ ਬਾਅਦ ਪਹਿਲੇ ਵਫ਼ਦ ਦੇ ਤੌਰ 'ਤੇ ਸਮੁੱਚੀ ਪੰਜਾਬ ਕੈਬਨਿਟ 18 ਨਵੰਬਰ ਨੂੰ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋਵੇਗੀ। ਅੱਜ ਇੱਥੇ ਪੰਜਾਬ ਦੇ ਸਾਬਕਾ ਮੰਤਰੀ ਅਤੇ ਕਾਂਗਰਸ ਦੇ ਉੱਘੇ ਆਗੂ ਸਰਦਾਰ ਸੰਤੋਖ ਸਿੰਘ ਰੰਧਾਵਾ ਦੀ ਬਰਸੀ ਮੌਕੇ ਹੋਏ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੋਂ ਪਹਿਲਾਂ ਕਰਤਾਰਪੁਰ ਲਾਂਘਾ ਮੁੜ ਖੋਲ੍ਹਣ ਲਈ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਉਨ੍ਹਾਂ ਨੇ ਲਾਂਘੇ ਨੂੰ ਮੁੜ ਖੋਲ੍ਹਣ ਦਾ ਮੁੱਦਾ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਕੋਲ ਨਿੱਜੀ ਤੌਰ 'ਤੇ ਉਠਾਇਆ ਸੀ। ਉਨ੍ਹਾਂ ਕਿਹਾ ਕਿ ਇਹ ਸਮੁੱਚੇ ਪੰਜਾਬੀ ਭਾਈਚਾਰੇ ਅਤੇ ਖਾਸ ਤੌਰ 'ਤੇ ਸਿੱਖ ਭਰਾਵਾਂ ਲਈ ਖੁਸ਼ੀ ਦਾ ਮੌਕਾ ਹੈ ਅਤੇ 18 ਨਵੰਬਰ ਨੂੰ ਸਮੁੱਚੀ ਪੰਜਾਬ ਕੈਬਨਿਟ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਮੱਥਾ ਟੇਕਿਆ ਜਾਵੇਗਾ।



ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਪ੍ਰਗਤੀ ਦੇ ਰਾਹ 'ਤੇ ਹੈ ਅਤੇ ਸੂਬੇ ਵਿੱਚ ਜਵਾਬਦੇਹ ਅਤੇ ਪਾਰਦਰਸ਼ੀ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਕ੍ਰਾਂਤੀਕਾਰੀ ਬਦਲਾਅ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਪੱਖੀ ਅਤੇ ਵਿਕਾਸ ਪੱਖੀ ਨੀਤੀਆਂ ਬਣਾ ਕੇ ਲੋਕਾਂ ਦੀ ਭਲਾਈ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਪਹਿਲਾਂ ਹੀ ਕਈ ਪਹਿਲਕਦਮੀਆਂ ਕੀਤੀਆਂ ਜਾ ਚੁੱਕੀਆਂ ਹਨ ਅਤੇ ਹੋਰ ਪ੍ਰਗਤੀ ਅਧੀਨ ਹਨ।

ਸਰਦਾਰ ਸੰਤੋਖ ਸਿੰਘ ਰੰਧਾਵਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਹਾਨ ਆਗੂ ਦਾ ਜੀਵਨ ਲੱਖਾਂ ਲੋਕਾਂ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਕਿਹਾ ਕਿ ਸਰਦਾਰ ਸੰਤੋਖ ਸਿੰਘ ਰੰਧਾਵਾ ਨੈਤਿਕਤਾ, ਇਮਾਨਦਾਰੀ ਅਤੇ ਕਦਰਾਂ-ਕੀਮਤਾਂ 'ਤੇ ਅਧਾਰਤ ਰਾਜਨੀਤੀ ਦੇ ਸਮਰਥਕ ਸਨ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਸਰਦਾਰ ਸੰਤੋਖ ਸਿੰਘ ਰੰਧਾਵਾ ਜਨਤਾ ਦੇ ਹਰਮਨ ਪਿਆਰੇ ਆਗੂ ਸਨ ਜਿਨ੍ਹਾਂ ਨੇ ਆਪਣੇ ਆਖਰੀ ਸਾਹ ਤੱਕ ਪਾਰਟੀ ਅਤੇ ਸੂਬੇ ਦੀ ਸੇਵਾ ਕੀਤੀ।



ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਸਪੁੱਤਰ ਕਬੀਰ ਚੁੰਬਰ ਦਾ ਸ਼ੁਭ ਵਿਆਹ ਅਮਾਂਡਾ ਬਰੁਨਸਨ ਦੇ ਨਾਲ 6 ਨਵੰਬਰ 2021 ਨੂੰ ਹੋਇਆ। ਇਸ ਮੌਕੇ ਸੁਭਾਗੀ ਜੋੜੀ ਨੂੰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਦੇ ਚੇਅਰਮੈਨ ਸ੍ਰੀ ਪ੍ਰੇਮ ਸੌਂਧੀ ਅਤੇ ਜਨਰਲ ਸਕੱਤਰ ਸ੍ਰੀ ਸੰਤੋਖ ਸਿੰਘ ਗਿੱਲ ਸ਼ੁਭਕਾਮਨਾਵਾਂ ਦਿੰਦੇ ਹੋਏ। ਨਾਲ ਖੜ੍ਹੇ ਹਨ ਸ੍ਰੀ ਪ੍ਰੇਮ ਕੁਮਾਰ ਚੁੰਬਰ। ਹੋਰ ਤਸਵੀਰਾਂ ਅਤੇ ਵਧਾਈ ਸੰਦੇਸ਼ ਅੰਗਲੇ ਅੰਕ ਵਿਚ ਪ੍ਰਕਾਸ਼ਿਤ ਕੀਤੇ ਜਾਣਗੇ।

# ਪੜ੍ਹਾਈ ਲਈ ਅਮਰੀਕਾ 'ਚ 13 ਫ਼ੀਸਦੀ ਘੱਟ ਪੁੱਜੇ ਭਾਰਤੀ ਵਿਦਿਆਰਥੀ

**ਨਵੀਂ ਦਿੱਲੀ (ਬਿਊਰੋ) –** ਅਮਰੀਕਾ 'ਚ ਕੋਰੋਨਾ ਵਾਇਰਸ ਦੇ ਵਿਆਪਕ ਪ੍ਰਕੋਪ ਕਾਰਨ ਉੱਥੇ ਪੜ੍ਹਨ ਲਈ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਈ ਹੈ। 2020-21 ਦੇ ਵਿੱਦਿਅਕ ਸੈਸ਼ਨ 'ਚ ਪਿਛਲੇ ਸਾਲ ਦੇ ਮੁਕਾਬਲੇ 13 ਫ਼ੀਸਦੀ ਘੱਟ ਭਾਰਤੀ ਵਿਦਿਆਰਥੀ ਪੜ੍ਹਾਈ ਲਈ ਅਮਰੀਕਾ ਗਏ। ਇਹ ਜਾਣਕਾਰੀ ਸੋਮਵਾਰ ਨੂੰ ਪ੍ਰਕਾਸ਼ਿਤ ਹੋਈ ਇੰਸਟੀਚਿਊਟ ਆਫ ਇੰਟਰਨੈਸ਼ਨਲ ਐਜੂਕੇਸ਼ਨ ਦੀ ਰਿਪੋਰਟ 'ਚ ਦਿੱਤੀ ਗਈ ਹੈ। ਅਮਰੀਕੀ ਅਧਿਕਾਰੀਆਂ ਨੇ ਵਿਦਿਆਰਥੀਆਂ ਦੀ ਗਿਣਤੀ 'ਚ ਆਈ ਗਿਰਾਵਟ ਲਈ ਕੋਵਿਡ ਮਹਾਮਾਰੀ ਕਾਰਨ ਮੰਨਿਆ ਹੈ।ਬਾਵਜੂਦ ਇਸ ਦੇ ਦੁਨੀਆ ਭਰ ਦੇ ਵਿਦਿਆਰਥੀਆਂ ਲਈ ਅਮਰੀਕਾ ਹੁਣ ਵੀ ਪੜ੍ਹਾਈ ਲਈ ਪਹਿਲੀ ਪਸੰਦ ਵਾਲਾ ਦੇਸ਼ ਬਣਿਆ ਹੋਇਆ ਹੈ। ਅਮ-ਰੀਕਾ 'ਚ ਪੜ੍ਹਨ ਵਾਲੇ ਵਿਦੇਸ਼ੀ ਵਿਦਿਆਰਥੀਆਂ 'ਚ ਭਾਰਤੀਆਂ ਦੀ ਗਿਣਤੀ ਦੂਜੇ ਨੰਬਰ 'ਤੇ ਹੈ। ਅਮਰੀਕਾ 'ਚ ਪੜ੍ਹਾਈ ਕਰ ਰਹੇ ਵਿਦੇਸ਼ੀ ਵਿਦਿਆਰਥੀਆਂ ਦੇ ਸਮੂਹ 'ਚ ਸਭ ਤੋਂ ਵੱਧ ਚੀਨ ਦੇ ਹਨ। ਇਹ ਓਪਨ ਡੋਰਸ ਸੰਸਥਾ ਦੀ 2021 ਦੀ ਰਿਪੋਰਟ 'ਚ ਦੱਸਿਆ



ਗਿਆ ਹੈ। ਨਵੀਂ ਦਿੱਲੀ ਸਥਿਤ ਅਮਰੀਕੀ ਦੂਤਘਰ ਦੇ ਸੀਨੀਅਰ ਅਧਿਕਾਰੀਆਂ ਨੇ ਸੋਮਵਾਰ ਨੂੰ ਵਿਦਿਆਰਥੀਆਂ ਦੀ ਗਿਣਤੀ ਨਾਲ ਸੰਸਥਾਵਾਂ ਦੀ ਇਹ ਰਿਪੋਰਟ ਮੀਡੀਆ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਸਿਰਫ ਇਨ੍ਹਾਂ ਗਰਮੀਆਂ ਦੇ ਮੌਸਮ 'ਚ 62 ਹਜ਼ਾਰ ਤੋਂ ਵੱਧ ਲੋਕਾਂ ਲਈ ਸਟੂਡੈਂਟ ਵੀਜ਼ਾ ਜਾਰੀ ਕੀਤੇ ਗਏ। ਜਾਰੀ ਵੀਜ਼ਾ ਦੀ ਇਹ ਗਿਣਤੀ ਪਹਿਲਾਂ ਦੇ ਕਿਸੇ ਸਾਲ ਦੇ ਮੁਕਾਬਲੇ 'ਚ ਸਭ ਤੋਂ ਜ਼ਿਆਦਾ ਹਨ। ਜਾਰੀ ਵੀਜ਼ਾ ਦੇ ਮੁਕਾਬਲੇ 'ਚ ਘੱਟ ਵਿਦਿਆਰਥੀ ਭਾਰਤ ਤੋਂ ਅਮਰੀਕਾ ਗਏ। ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਵਿਦਿਆਰਥੀ ਅਮਰੀਕਾ 'ਚ ਪੜ੍ਹਾਈ ਦੇ ਇੱਛੁਕ ਹਨ ਪਰ ਕੋਵਿਡ ਮਹਾਮਾਰੀ ਦੇ ਪ੍ਰਕੋਪ ਕਾਰਨ ਅਮਰੀਕਾ ਜਾਣ 'ਚ ਝਿਜਕ ਰਹੇ ਹਨ।ਅਮਰੀਕੀ ਦੂਤਘਰ 'ਚ ਸੱਭਿਆਚਾਰਕ ਤੇ ਸਿੱਖਿਆ ਮਾਮਲੇ ਦੇ ਸਲਾਹਕਾਰ ਐਂਥਨੀ ਮਿਰਾਂਡਾ ਮੁਤਾਬਕ ਇਸ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ 'ਚ ਪੜ੍ਹਾਈ ਬਾਰੇ ਵਿਦਿਆਰਥੀਆਂ ਦਾ ਨਜ਼ਰੀਆ ਹਾਂ-ਪੱਖੀ ਹੈ। ਉਨ੍ਹਾਂ ਕਿਹਾ ਕਿ ਕੋਵਿਡ-19 ਮਹਾਮਾਰੀ ਦਾ ਅਸਰ ਪੂਰੀ ਦੁਨੀਆ 'ਚ ਪੜ੍ਹਾਈ ਤੇ ਵਿਦਿਆਰਥੀਆਂ ਦੀ ਆਵਾਜਾਈ 'ਤੇ ਪਿਆ ਹੈ। ਅਮਰੀਕਾ ਵੀ ਇਸ ਤੋਂ ਪ੍ਰਭਾਵਿਤ ਹੋਇਆ ਹੈ।




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

WE OPEN 7-DAYS A WEEK

ਵੀਜ਼ਾ

Note: I am not an Immigration Attorney.

3222 PENELOPE DR. STOCKTON, CA- 95212 (NEAR HWY 99 ON MORADA LANE)

(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC



Dr. Paramjit S Takhar, MD

8191 Timberlake Way, Suite # 400, Sacramento, CA 95823, Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed



Goodie Takhar, PhD

We speak your language: Panjabi, Hindi, Urdu, Farsi, Arabic and Spanish

URGENT CARE CLINIC

BAGGA JEWELERS

916-912-8842, 916-329-8772

SINCE 1996

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga

6930 65TH STREET # 115 SACRAMENTO CA 95823



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com

P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

Satguru Nanak Pargateya
Miti Dhund Jag Chanan Hoya



## Sri Guru Nanak Dev Ji's Parkash Utsav celebrations on November 21, 2021



**Sri Guru Nanak Dev Ji's Gurpurab** will be celebrated at our Gurughar on **November 21, 2021.** Akhand path will start on Friday 11/19/2021, at 10:00 AM and will be concluded on Sunday morning 11/21/2021 followed by Kirtan. Path and Langar Sewa will be hosted by devoted family of Pt. Kewal Krishan Sudhir, Phagwara Wale. Famous Jatha of Bhai Subeg Singh, Giani Ompal /Giani Gurnam Singh will adorn the occasion with Shabad Kirtan.

**Nishan Sahib Sewa** will be on Saturday, November 20, 2021, at 11:00 AM. Bhai Gurnam Singh Rattu, Bibi Staya Mati Rattu and family will be hosting this Sewa.

Guru Nanak Sahib Ji (The founder of Sikhism) was born in 1469 at Talwandi, now known as Nankana Sahib. His life and spiritual teachings, as enshrined in the holy pages of **GURU GRANTH SAHIB**, are an embodiment of truthfulness and godliness which illuminated the millions of ignorant souls. HIS simple message of **"UNIVERSAL BROTHERHOOD" EQUALITY** and Love of Mankind formed the basic principles of Sikh Religion. His firm belief that God is formless, infinite and all pervasive, dwelling within us awakened the entire mankind.

The entire Sangat is humbly requested to participate in this "Gurupurb" and do the SEWA with TAN, MAN and DHAN. **For food & other stalls, please contact the management committee. Many vendors have booked the stalls already, it's not too late to reserve the stall space, please call the management team.**

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥ ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥

**May Guru Sahib sow his blessings on His Sangat.**

**www.sriguru♪ravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Jagtar Singh Bhatia | Abhishek Pal Narabut | Sunita Singh |

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਸੰਘੀ ਨਿਆਇਕ ਕਮੇਟੀ ਨੇ ਟਰੰਪ ਦੇ ਸਾਬਕਾ ਸਲਾਹਕਾਰ ਨੂੰ ਕਾਂਗਰਸ ਦੀ ਮਾਣਹਾਨੀ ਕਰਨ ਦੇ ਮਾਮਲੇ ਵਿਚ ਦੋਸ਼ੀ ਪਾਇਆ


**ਸੈਕਰਾਮੈਂਟੋ 13 ਨਵੰਬਰ–** ਸੰਘੀ ਨਿਆਇਕ ਕਮੇਟੀ (ਗਰੈਂਡ ਜਿਊਰੀ ) ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਤਤਕਾਲ ਸਲਾਹਕਾਰ ਸਟੀਵ ਬੈਨਨ ਨੂੰ ਕਾਂਗਰਸ ਦੀ ਮਾਣਹਾਨੀ ਕਰਨ ਦੇ ਮਾਮਲੇ ਵਿਚ ਦੋਸ਼ੀ ਪਾਇਆ ਹੈ। ਇਹ ਐਲਾਨ ਨਿਆਂ ਵਿਭਾਗ ਨੇ ਕੀਤਾ ਹੈ। ਪ੍ਰਤੀਨਿੱਧ ਸਦਨ ਵੱਲੋਂ ਮਾਮਲਾ ਨਿਆਂ ਵਿਭਾਗ ਦੇ ਸਪੁਰਦ ਕਰਨ ਉਪਰੰਤ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਇਸ ਮਾਮਲੇ ਵਿਚ ਕਾਫੀ ਦਬਾਅ ਹੇਠ ਸਨ। ਗਾਰਲੈਂਡ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 'ਮੈ ਅਹੁੱਦਾ ਸੰਭਾਲਣ ਦੇ ਪਹਿਲੇ ਦਿਨ ਹੀ ਨਿਆਂ ਵਿਭਾਗ ਦੇ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਅਸੀਂ ਇਕਜੁੱਟ ਹੋ ਕੇ ਆਪਣੀ ਕਾਰਗੁਜਾਰੀ ਰਾਹੀਂ ਅਮਰੀਕੀ ਨਾਗਰਿਕਾਂ ਨੂੰ ਸਾਬਤ ਕਰ ਦੇਵਾਂਗੇ ਕਿ ਸਾਡਾ ਵਿਭਾਗ ਕਾਨੂੰਨ ਦੁਆਰਾ ਨਿਧਾਰਤ ਨਿਯਮਾਂ ਦੀ ਪਾਲਣਾ ਕਰਦਾ ਹੈ। ਤੱਥਾਂ ਉਪਰ ਕਾਰਵਾਈ ਕਰਦਿਆਂ ਹਰ ਇਕ ਨਾਲ ਬਰਾਬਰ ਨਿਆਂ ਕਰਦਾ ਹੈ।'' ਉਨ੍ਹਾਂ ਕਿਹਾ ਹੈ ਕਿ ਬੈਨਨ ਵਿਰੁੱਧ



ਆਇਦ ਕੀਤੇ ਗਏ ਦੋਸ਼ ਨਿਆਂ ਵਿਭਾਗ ਦੀ ਸਿਧਾਂਤਾਂ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹਨ। ਬੈਨਨ ਵਿਰੁੱਧ ਨਿਆਇਕ ਕਮੇਟੀ ਅੱਗੇ ਪੇਸ਼ ਹੋਣ ਤੋਂ ਨਾਂਹ ਕਰਨ ਤੇ ਮੰਗੇ ਗਏ ਦਸਤਾਵੇਜ ਨਾ ਦੇਣ ਦੇ ਦੋਸ਼ ਆਇਦ ਕੀਤੇ ਗਏ ਹਨ। ਨਿਆਂ ਵਿਭਾਗ ਅਨੁਸਾਰ ਇਨ੍ਹਾਂ ਦੋਨਾਂ ਦੋਸ਼ਾਂ ਤਹਿਤ ਬੈਨਨ ਨੂੰ ਇਕ ਮਹੀਨੇ ਤੋਂ ਲੈ ਕੇ ਇਕ ਸਾਲ ਤੱਕ ਸਜ਼ਾ ਹੋ ਸਕਦੀ ਹੈ। ਯੂ ਐਸ ਅਟਾਰਨੀ ਦੇ ਦਫਤਰ ਦੇ ਇਕ ਵਕੀਲ ਨੇ ਗਰੈਂਡ ਜਿਊਰੀ ਅੱਗੇ ਬੀਤੇ ਸ਼ੁੱਕਰਵਾਰ ਸਬੂਤ ਪੇਸ਼ ਕੀਤੇ ਸਨ ਤੇ ਜੱਜ ਰਾਬਿਨ ਐਮ ਮੈਰੀਵੈਦਰ ਕੋਲੋਂ ਬੈਨਨ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰਨ ਦੀ ਮੰਗ ਕੀਤੀ ਸੀ। ਜੱਜ ਨੇ ਬੈਨਨ ਵਿਰੁੱਧ ਵਾਰੰਟ ਜਾਰੀ ਕਰ ਦਿੱਤਾ ਸੀ । ਬੈਨਨ ਵੱਲੋਂ ਸੋਮਵਾਰ ਨੂੰ ਅਦਾਲਤ ਵਿਚ ਆਤਮ ਸਮਰਪਣ ਕਰ ਦੇਣ ਦੀ ਸੰਭਾਵਨਾ ਹੈ। ਹੁਣ ਇਹ ਮਾਮਲਾ ਜਿਲ੍ਹਾ ਜੱਜ ਕਾਰਲ ਨਿਕੋਲਸ ਦੀ ਅਦਾਲਤ ਵਿਚ ਭੇਜ ਦਿੱਤਾ ਗਿਆ ਹੈ ਜਿਸ ਦੀ ਨਿਯੁਕਤੀ ਸਾਬਕਾ ਰਾਸ਼ਟਰਪਤੀ ਟਰੰਪ ਦੁਆਰਾ ਕੀਤੀ ਗਈ ਸੀ।

## ਭਾਰਤੀ ਮੂਲ ਦੇ ਅਮਰੀਕੀ ਨੂੰ ਪਤਨੀ ਤੇ 3 ਬੱਚਿਆਂ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਜੀਵਨ ਭਰ ਲਈ ਹੋਈ ਜੇਲ੍ਹ ਦੀ ਸਜ਼ਾ

**ਸੈਕਰਾਮੈਂਟੋ 13 ਨਵੰਬਰ–** ਉੱਤਰੀ ਕੈਲੀਫੋਰਨੀਆ ਵਿਚ ਰਹਿੰਦੇ ਭਾਰਤੀ ਮੂਲ ਦੇ ਅਮਰੀਕੀ ਸ਼ੰਕਰ ਹੰਗੁੜ (55) ਨੂੰ ਆਪਣੀ ਪੱਤਨੀ ਤੇ 3 ਬੱਚਿਆਂ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਬਿਨਾਂ ਜ਼ਮਾਨਤ ਉਪਰ ਰਿਹਾਈ ਦੇ ਆਪਣੀ ਬਚੀ ਬਾਕੀ ਜਿੰਦਗੀ ਜੇਲ੍ਹ ਵਿਚ ਬਿਤਾਉਣੀ ਪਵੇਗੀ। ਪਲੇਸਰ ਕਾਊਂਟੀ ਦੇ ਇਕ ਜਾਂਚ ਅਧਿਕਾਰੀ ਨੇ ਕਿਹਾ ਹੈ ਕਿ ਸ਼ੰਕਰ ਨੇ ਅਕਤੂਬਰ 2019 ਵਿਚ ਆਪਣੀ ਪਤਨੀ ਤੇ 3 ਬੱਚਿਆਂ ਦੀ ਹੱਤਿਆ ਕਰਨ ਦਾ ਜੁਰਮ ਕਬੂਲ ਲਿਆ ਸੀ। ਮਾਰੇ ਗਏ ਬੱਚਿਆਂ ਦੀ ਉਮਰ 13,16 ਤੇ 20 ਸਾਲ ਦੀ ਸੀ। ਉਸ ਨੇ ਮੰਨਿਆ ਕਿ ਉਹ ਆਪਣੇ ਪਰਿਵਾਰ ਦੀ ਵਿੱਤੀ ਮੱਦਦ ਕਰਨ ਦੀ ਹਾਲਤ ਵਿਚ ਨਹੀਂ ਸੀ। ਇਸ ਲਈ ਉਸ ਨੇ ਪਰਿਵਾਰ ਨੂੰ ਖਤਮ ਕਰ ਦੇਣ ਦਾ ਮੰਨ ਬਣਾਇਆ।



ਇਥੇ ਜਿਕਰਯੋਗ ਹੈ ਕਿ ਆਪਣੇ ਪਰਿਵਾਰ ਨੂੰ ਮਾਰਨ ਉਪਰੰਤ ਉਹ ਆਪਣੇ ਸਭ ਤੋਂ ਵੱਡੇ ਮੁੰਡੇ ਦੀ ਲਾਸ਼ ਕਾਰ ਵਿਚ ਪਾ ਕੇ ਆਪਣੇ ਘਰ ਤੋਂ 200 ਮੀਲ ਦੂਰ ਮਾਊਂਟ ਸਾਸਥਾ ਸਥਿੱਤ ਥਾਣੇ ਪਹੁੰਚ ਗਿਆ ਸੀ ਤੇ ਪੁਲਿਸ ਸਾਹਮਣੇ ਆਪਣੇ ਪੂਰੇ ਪਰਿਵਾਰ ਨੂੰ ਮਾਰ ਦੇਣ ਦਾ ਗੁਨਾਹ ਮੰਨ ਲਿਆ ਸੀ। ਪੁਲਿਸ ਨੇ ਬਾਕੀ ਤਿੰਨ ਲਾਸ਼ਾਂ ਉਸ ਦੇ ਘਰ ਵਿਚੋਂ ਬਰਾਮਦ ਕੀਤੀਆਂ ਸਨ।

# ਨਸਲਕੁਸ਼ੀ 1984 ਦੀ ਯਾਦ ਵਿੱਚ ਸਿੱਖ ਕੌਮ ਵੱਲੋਂ ਖੂਨ ਦਾਨ ਮੁਹਿੰਮ

## ਸੈਂਕੜੇ ਸਿੱਖ ਨੌਜਵਾਨ,ਬੀਬੀਆਂ ਅਤੇ ਬਜ਼ੁਰਗ ਖੂਨਦਾਨ ਕਰਨ ਲਈ ਅੱਗੇ ਆਏ

**ਸੈਕਰਾਮੈਂਟੋ 13 ਨਵੰਬਰ–** ਦੁਨੀਆਂ ਭਰ ਵਿਚ ਵਸਦੀ ਸਿੱਖ ਕੌਮ ਹਰ ਸਾਲ ਨਵੰਬਰ ਮਹੀਨੇ ਵਿਚ ਨਸਲਕੁਸ਼ੀ 1984 ਨੂੰ ਯਾਦ ਕਰਦਿਆ ਖੂਨਦਾਨ ਮੁਹਿੰਮ ਚਲਾਉਂਦੀ ਹੈ।ਦੁਨੀਆਂ ਭਰ ਦੀਆਂ ਘੱਟ ਗਿਣਤੀਆਂ ਲਈ ਸੁਰੱਖਿਅਤ ਅਤੇ ਸਨਮਾਨਜਨਕ ਸਮਾਜ ਦੀ ਬਰਕਰਾਰੀ ਹੀ ਇਸ ਮੁਹਿੰਮ ਦਾ ਉਦੇਸ਼ ਹੈ।ਸਿੱਖ ਕੌਮ ਵੱਲੋਂ ਚਲਾਈ ਜਾਂਦੀ ਖੂਨਦਾਨ ਦੀ ਮੁਹਿੰਮ ਬੀਤੇ ਸਮੇਂ ਦੀ ਯਾਦ ਨੂੰ ਤਾਜਾ ਰੱਖਣ ਦੇ ਨਾਲ ਨਾਲ ਅਤੇ ਇਕ ਚੰਗੇ ਭਵਿੱਖ ਦੀ ਆਮਦ ਲਈ ਵੀ ਯਤਨਸ਼ੀਲ ਹੈ।







ਇਹ ਮੁਹਿੰਮ ਜਿੱਥੇ ਨਵੰਬਰ 1984 ਦੇ ਪੀੜਤਾਂ ਨੂੰ ਸਨਮਾਨਜਨਕ ਸ਼ਰਧਾਂਜਲੀ ਦਿੰਦੀ ਹੈ ਉੱਥੇ ਇਹ ਸਮੁੱਚੀ ਲੋਕਾਈ ਨੂੰ ਨਸਲਕੁਸ਼ੀ ਦੀ ਮਾਨਸਿਕਤਾ ਵਿਰੁੱਧ ਲਾਮਬੰਦ ਕਰਦੀ ਹੈ। 1999 ਤੋਂ ਲੋਅਰਮੇਨਲੈਂਡ (ਵੈਨਕੂਵਰ) ਤੋਂ ਸ਼ੁਰੂ ਹੋਈ ਇਹ ਮੁਹਿੰਮ ਹੁਣ ਕਨੇਡਾ ਤੋਂ ਇਲਾਵਾ ਅਮਰੀਕਾ, ਆਸਟਰੇਲੀਆ ਅਤੇ ਦੁਨੀਆਂ ਦੇ ਹੋਰਨਾਂ ਹਿੱਸਿਆਂ ਵਿਚ ਫੈਲ ਚੁੱਕੀ ਹੈ।ਇਸ ਮੁਹਿੰਮ ਰਾਹੀਂ ਦਸੰਬਰ 2014 ਤੱਕ 1 ਲੱਖ 60 ਹਜਾਰ ਤੋਂ ਵੱਧ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ।ਸਿੱਖ ਕੌਮ ਦੁਨੀਆਂ ਭਰ ਦੇ ਇਨਸਾਫ ਪਸੰਦ ਲੋਕਾਂ ਨੂੰ ਇਸ ਵਿਲੱਖਣ ਸ਼ਾਂਤਮਈ ਜਾਨਾਂ ਬਚਾਉਣ ਦੀ ਮੁਹਿੰਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦੀ ਹੈ। ਕੈਲੇਫੋਰਨੀਆ ਦੇ ਸ਼ਹਿਰ ਯੂਬਾ ਸਿਟੀ ਵਿੱਚ ਪਿਛਲੇ 7 ਸਾਲ ਤੋਂ ਖੂਨਦਾਨ ਕੈਂਪੇਨ ਚਲਾਈ ਜਾਂਦੀ ਹੈ। ਜਿਸ ਵਿੱਚ ਸਿੱਖਾਂ ਦੀ ਨਸਲਕੁਸ਼ੀ 1984 ਨੂੰ ਯਾਦ ਕਰਦਿਆਂ ਖੂਨ ਦਾਨ ਕਰਨ ਲਈ ਸਿੱਖ ਭਾਈਚਾਰਾ ਤੱਤਪਰ ਰਹਿੰਦਾ ਹੈ। ਇਸ ਸਾਲ ਵੀ ਅਮਰੀਕਾ ਦੇ ਬਲੱਡ ਸੋਰਸ ਵਾਲਿਆ ਵੱਲੋਂ ਚਾਰ ਬੱਸਾਂ ਦਾ ਇੰਤਜ਼ਾਮ ਕੀਤਾ ਗਿਆ ਸੀ ਪਰ ਫੇਰ ਵੀ ਸੈਂਕੜੇ ਸਿੱਖ ਵੀਰ ਭੈਣਾਂ ਨੂੰ ਖੂਨ-ਦਾਨ ਦੇਣ ਤੋਂ ਵਾਂਝੇ ਰਹਿਣਾ ਪਿਆ,ਸਿਰਫ 230 ਸਿੱਖ ਹੀ ਰਜਿਸਟਰਡ ਹੋ ਸਕੇ।

ਅਮਰੀਕਾ ਦੀ ਇਸ ਖੂਨਦਾਨ ਲੈਂਣ ਵਾਲੀ ਏਜੰਸੀ ਦੇ ਵਰਕਰ ਹੈਰਾਨ ਸਨ ਕਿ ਸਿੱਖ ਕੌਮ ਵਿੱਚ ਸਰਬੱਤ ਦੇ ਭਲੇ ਅਤੇ ਦੂਸਰੇ ਲੋਕਾਂ ਦੀਆਂ ਜਾਨਾ ਬਚਾਉਂਣ ਲਈ ਖੂਨਦਾਨ ਦੇਣ ਲਈ ਕਿੰਨਾ ਉਤਸ਼ਾਹ ਹੈ।

ਭਾਵੇਂ ਕਿ 4 ਵਜ਼ੇ ਸ਼ਾਮ ਤੱਕ ਖੂਨ ਦਾਨ ਲੈਣ ਦਾ ਟਾਈਮ ਸੀ ਪਰ ਫਿਰ ਵੀ ਬਹੁਤ ਸਾਰੇ ਸਿੱਖ ਲਾਈਨ ਵਿੱਚ ਖੜੇ ਸਨ ਜਿਨਾ ਤੋਂ ਅਮਲੇ ਨੇ ਮੁਆਫੀ ਮੰਗੀ ਅਸੀਂ ਹੁਣ ਹੋਰ ਖੂਨ ਨਹੀਂ ਲੈ ਸਕਦੇ।

## ਐਫ ਬੀ ਆਈ ਨੇ ਅਮਰੀਕੀ ਕੰਪਨੀਆਂ ਨੂੰ ਇਰਾਨੀ ਹੈਕਰਾਂ ਬਾਰੇ ਕੀਤਾ ਸੁਚੇਤ

**ਸੈਕਰਾਮੈਂਟੋ 13 ਨਵੰਬਰ–** ਇਰਾਨੀ ਹੈਕਰਾਂ ਨੇ ਅਮਰੀਕਾ ਤੇ ਹੋਰ ਵਿਦੇਸ਼ੀ ਸੰਗਠਨਾਂ ਤੋਂ ਸੰਵੇਦਣਸ਼ੀਲ ਡੈਟਾ ਚੋਰੀ ਕਰਨ ਦੇ ਮਕਸਦ ਨਾਲ ਸਾਇਬਰਕ੍ਰਿਮੀਨਲ ਵੈਬਸਾਈਟਸ ਲੱਭ ਲਈਆਂ ਹਨ। ਇਹ ਚਿਤਾਵਨੀ ਐਫ ਬੀ ਆਈ ਨੇ ਅਮਰੀਕੀ ਕੰਪਨੀਆਂ ਨੂੰ ਦਿੱਤੀ ਹੈ। ਐਫ ਬੀ ਆਈ ਨੇ ਕਿਹਾ ਹੈ ਕਿ ਇਸ ਡੈਟਾ ਦੀ ਵਰਤੋਂ ਵਿਦੇਸ਼ੀ ਸੰਗਠਨਾਂ ਦੀਆਂ ਵੈਸਸਾਈਟਾਂ ਨੂੰ ਹੈਕ ਕਰਨ ਵਾਸਤੇ ਕੀਤੀ ਜਾ ਸਕਦੀ ਹੈ। ਐਫ ਬੀ ਆਈ ਨੇ ਕਿਹਾ ਹੈ ਕਿ ਇਰਾਨੀ ਹੈਕਿੰਗ ਗਰੁੱਪ ਚੋਰੀ ਕੀਤੀ ਜਾਣਕਾਰੀ ਨੂੰ ਅਮਰੀਕਾ ਦੇ ਕਾਰਪੋਰੇਟ ਨੈੱਟਵਰਕ ਵਿਚ ਘੁਸਪੈਠ ਕਰਨ ਲਈ ਵਰਤ ਸਕਦਾ ਹੈ।

## ਅਮਰੀਕਾ ਵਿਚ ਮੈਡੀਕੇਅਰ ਪ੍ਰੀਮੀਅਮ ਵਿਚ ਹੋਇਆ ਭਾਰੀ ਵਾਧਾ

**ਸੈਕਰਾਮੈਂਟੋ 14 ਨਵੰਬਰ–** ਕਰੋਨਾ ਮਹਾਂਮਾਰੀ ਕਾਰਨ ਪਹਿਲਾਂ ਹੀ ਘੱਟ ਆਮਦਨੀ ਨਾਲ ਗੁਜਾਰਾ ਕਰ ਰਹੇ ਬਹੁਤੇ ਅਮਰੀਕੀ ਲੋਕਾਂ ਦੀਆਂ ਮੁਸ਼ਕਿਲਾਂ ਵਿਚ ਹੋਰ ਵਾਧਾ ਹੋਣਾ ਤੈਅ ਹੈ। ਸੰਘੀ ਸਰਕਾਰ ਨੇ ਮੈਡੀਕੇਅਰ ਪ੍ਰੀਮੀਅਮ ਵਧਾਉਣ ਦਾ ਐਲਾਨ ਕੀਤਾ ਹੈ। ਪਾਰਟ ਬੀ ਪ੍ਰੀਮੀਅਮ ਵਿਚ 14.15% ਵਾਧਾ ਕੀਤਾ ਗਿਆ ਹੈ। ਇਸ ਵਾਧੇ ਕਾਰਨ ਸਭ ਤੋਂ ਘੱਟ ਆਮਦਨੀ ਵਾਲੇ ਲੋਕਾਂ ਨੂੰ ਅਗਲੇ ਸਾਲ 2022 ਵਿਚ ਪ੍ਰਤੀ ਮਹੀਨਾ 170 ਡਾਲਰ ਪ੍ਰੀਮੀਅਮ ਦੀ ਅਦਾਇਗੀ ਕਰਨੀ ਪਵੇਗੀ ਜੋ ਇਸ ਸਾਲ 148.50 ਡਾਲਰ ਪ੍ਰਤੀ ਮਹੀਨਾ ਹੈ। ਮੈਡੀਕੇਅਰ ਪਾਰਟ ਬੀ ਵਿਚ ਡਾਕਟਰ ਦੀਆਂ ਸੇਵਾਵਾਂ, ਕੁਝ ਵਿਸ਼ੇਸ਼ ਘਰ ਵਿਚ ਦਿੱਤੀਆਂ ਜਾਣ ਵਾਲੀਆਂ ਡਾਕਟਰੀ ਸੇਵਾਵਾਂ, ਡਾਕਟਰੀ ਸਾਜ ਸਮਾਨ ਤੇ ਹੋਰ ਡਾਕਟਰੀ ਅਤੇ ਸਿਹਤ ਸੇਵਾਵਾਂ ਸ਼ਾਮਿਲ ਹਨ। ਇਹ ਸੇਵਾਵਾਂ ਮੈਡੀਕੇਅਰ ਪਾਰਟ ਏ ਵਿਚ ਸ਼ਾਮਿਲ ਨਹੀਂ ਹਨ।



## ਇਸ ਸਾਲ ਹਵਾਈ ਉਡਾਣਾਂ ਦੌਰਾਨ ਹਿੰਸਾ 'ਤੇ ਉਤਾਰੂ ਯਾਤਰੀਆਂ ਕੋਲੋਂ ਵਸੂਲਿਆ 2 ਲੱਖ ਡਾਲਰ ਤੋਂ ਵਧ ਜੁਰਮਾਨਾ-ਐਫ ਏ ਏ

**ਸੈਕਰਾਮੈਂਟੋ 13 ਨਵੰਬਰ–** ਫੈਡਰੇਸ਼ਨ ਐਵੀਏਸ਼ਨ ਐਡਮਿਨਿਸਟ੍ਰੇਸ਼ਨ (ਐਫ ਏ ਏ) ਨੇ ਇਸ ਸਾਲ ਦੇ ਸ਼ੁਰੂ ਵਿਚ ਖੱਪ ਪਾਉਣ ਵਾਲੇ ਜਾਂ ਬਿਨਾਂ ਕਿਸੇ ਕਾਰਨ ਮਾਹੌਲ ਨੂੰ ਤਨਾਅਪੂਰਨ ਬਣਾਉਣ ਵਾਲੇ ਯਾਤਰੀਆਂ ਪ੍ਰਤੀ ਸਖਤ ਨੀਤੀ ਲਾਗੂ ਕਰਨ ਉਪਰੰਤ ਹੁਣ ਤੱਕ 2 ਲੱਖ ਡਾਲਰ ਤੋਂ ਵਧ ਜ਼ੁਰਮਾਨਾ ਵਸੂਲਿਆ ਹੈ। ਇਕ ਜਾਰੀ ਬਿਆਨ ਵਿਚ ਫੈਡਰੇਸ਼ਨ ਐਵੀਏਸ਼ਨ ਐਡਮਨਿਸਟ੍ਰੇਸ਼ਨ ਦੇ ਇਕ ਅਧਿਕਾਰੀ ਨੇ ਕਿਹਾ ਹੈ ਕਿ ਹਵਾਈ ਜਹਾਜ਼ ਦੀ ਉਡਾਣ ਦੌਰਾਨ ਬਿਨਾਂ ਕਿਸੇ ਕਾਰਨ ਮਾਹੌਲ ਨੂੰ ਖਰਾਬ ਕਰਨ ਵਾਲੇ ਯਾਤਰੀਆਂ ਕੋਲੋਂ 2,25,287 ਡਾਲਰ ਵਸੂਲੇ ਗਏ ਹਨ। ਅਧਿਕਾਰੀ ਅਨੁਸਾਰ ਹਿੰਸਾ ਕਰਨ ਵਾਲੇ ਯਾਤਰੀਆਂ ਵਿਰੁੱਧ ਬੇਹੱਦ ਸਖਤੀ ਵਰਤੀ ਜਾਵੇਗੀ। ਇਸ ਸਾਲ ਮਈ ਵਿਚ ਸਾਊਥ ਵੈਸਟ ਏਅਰਲਾਈਨਜ਼ ਦੀ ਇਕ ਉਡਾਣ ਦੌਰਾਨ ਇਕ ਯਾਤਰੀ ਨੇ ਇਕ ਮੁਲਾਜ਼ਮ ਦੇ ਮੁੱਕਾ ਮਾਰਿਆ ਸੀ ਜਿਸ ਮੁਲਾਜ਼ਮ ਨੂੰ ਡਾਕਟਰੀ ਸਹਾਇਤਾ ਦੇਣੀ ਪਈ ਸੀ। ਇਸ ਘਟਨਾ ਨੂੰ ਐਫ ਏ ਏ ਨੇ ਬਹੁਤ ਹੀ ਗੰਭੀਰਤਾ ਨਾਲ ਲਿਆ ਸੀ ਤੇ ਉਸ ਯਾਤਰੀ ਕੋਲੋਂ 26000 ਡਾਲਰ ਜ਼ੁਰਮਾਨਾ ਵਸੂਲਿਆ ਗਿਆ ਸੀ। ਐਫ ਏ ਏ ਅਨੁਸਾਰ ਇਸ ਸਾਲ ਹੁਣ ਤੱਕ ਉਡਾਣਾਂ ਦੌਰਾਨ ਦੁਰਵਿਵਹਾਰ ਜਾਂ ਖੱਪ ਪਾਉਣ ਦੀਆਂ 5114 ਘਟਨਾਵਾਂ ਵਾਪਰੀਆਂ ਹਨ। ਇਨਾਂ ਵਿਚੋਂ 70% ਘਟਨਾਵਾਂ ਮਾਸਕ ਪਾਉਣ ਨੂੰ ਲੈ ਕੇ ਹੋਏ ਵਿਵਾਦ ਕਾਰਨ ਵਾਪਰੀਆਂ ਹਨ। ਪਿਛਲੇ ਹਫਤੇ ਐਫ ਏ ਏ ਨੇ ਐਲਾਨ ਕੀਤਾ ਸੀ ਕਿ 37 ਜਿਆਦਾ ਗੰਭੀਰ ਮਾਮਲਿਆਂ ਨੂੰ ਸੰਘੀ ਵਕੀਲਾਂ ਦੇ ਸਪੁਰਦ ਕੀਤਾ ਗਿਆ ਹੈ। ਐਫ ਏ ਏ ਤੇ ਨਿਆਂ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਹਿੰਸਕ ਯਾਤਰੀਆਂ ਬਾਰੇ ਜਾਣਕਾਰੀ ਸਾਂਝੀ ਕਰਨ ਪ੍ਰਤੀ ਦ੍ਰਿੜ ਸੰਕਲਪ ਹਨ। ਇਹ ਐਲਾਨ ਏਅਰਲਾਈਨਜ਼ ਕਾਮਿਆਂ ਦੀਆਂ ਯੁਨੀਅਨਾਂ ਵੱਲੋਂ ਬਣਾਏ ਦਬਾਅ ਉਪਰੰਤ ਕੀਤਾ ਗਿਆ ਹੈ। ਯੁਨੀਅਨਾਂ ਨੇ ਮੰਗ ਕੀਤੀ ਹੈ ਕਿ ਵਪਾਰਕ ਉਡਾਣਾਂ ਦੌਰਾਨ ਹਿੰਸਾ ਕਰਨ ਵਾਲੇ ਯਾਤਰੀਆਂ ਪ੍ਰਤੀ ਸਖਤ ਨੀਤੀ ਅਪਣਾਈ ਜਾਵੇ। ਐਫ ਏ ਏ ਨੇ ਹਿੰਸਾ ਦੇ ਪੁਖਤਾ ਸਬੂਤ ਵਾਲੇ ਕਈ ਮਾਮਲਿਆਂ ਨੂੰ ਐਫ ਬੀ ਆਈ ਕੋਲ ਕਾਰਵਾਈ ਲਈ ਭੇਜੇ ਹਨ। ਇਥੇ ਜਿਕਰਯੋਗ ਹੈ ਕਿ ਐਫ ਏ ਏ ਕੋਲ ਕਿਸੇ ਯਾਤਰੀ ਨੂੰ 37000 ਡਾਲਰ ਤੱਕ ਜ਼ੁਰਮਾਨਾ ਕਰਨ ਦਾ ਅਧਿਕਾਰ ਹੈ ਪਰ ਉਸ ਨੂੰ ਯਾਤਰੀ ਵਿਰੁੱਧ ਫੌਜਦਾਰੀ ਮਾਮਲਾ ਦਰਜ ਕਰਵਾਉਣ ਦਾ ਅਧਿਕਾਰ ਨਹੀਂ ਹੈ।

## ਸਕੂਲ ਵਿਚ ਸਾਥੀ ਵਿਦਿਆਰਥੀਆਂ ਹੱਥੋਂ ਪ੍ਰੇਸ਼ਾਨ ਹੋਈ ਸਿਆਹਫਾਮ 10 ਸਾਲਾ ਵਿਦਿਆਰਥਣ ਨੇ ਕੀਤੀ ਖੁਦਕੁਸ਼ੀ

**ਸੈਕਰਾਮੈਂਟੋ 14 ਨਵੰਬਰ–** ਉਟਾਹ ਦੇ ਇਕ ਸਕੂਲ ਵਿਚ ਸਾਬੇਲਾ 'ਲਜ਼ੀ' ਟੀਚੇਨਰ ਨਾਮੀ ਇਕ 10 ਸਾਲਾ ਸਿਆਹਫਾਮ ਵਿਦਿਆਰਥਣ ਨੇ ਕਥਿੱਤ ਤੌਰ 'ਤੇ ਸਾਥੀ ਵਿਦਿਆਰਥੀ ਵੱਲੋਂ ਡਰਾਉਣ ਤੇ ਧਮਕਾਉਣ ਉਪਰੰਤ ਖੁਦਕੁੱਸ਼ੀ ਕਰ ਲਈ। ਪੀੜਤ ਪਰਿਵਾਰ ਦੇ ਵਕੀਲ ਅਨੁਸਾਰ ਵਿਦਿਆਰਥਣ ਦੇ ਮਾਪਿਆਂ ਵੱਲੋਂ ਇਸ ਸਬੰਧੀ ਕੀਤੀ ਗਈ ਸ਼ਿਕਾਇਤ ਵੱਲ ਸਕੂਲ ਦੇ ਪ੍ਰਬੰਧਕਾਂ ਨੇ ਕੋਈ ਧਿਆਨ ਨਹੀਂ ਦਿੱਤਾ। ਨਿਆਂ ਵਿਭਾਗ ਵੱਲੋਂ ਡੇਵਿਸ ਸਕੂਲ ਡਿਸਟ੍ਰਿਕਟ ਫਰਮਿੰਗਟਨ,ਉਟਾਹ ਬਾਰੇ ਇਕ ਰਿਪੋਰਟ ਜਾਰੀ ਹੋਣ ਦੇ ਕਝ ਹਫਤੇ ਬਾਅਦ ਸਕੂਲ ਦੀ ਵਿਦਿਆਰਥਣ ਨੇ ਖੁਦਕੁੱਸ਼ੀ ਕੀਤੀ ਹੈ। ਇਸ ਵਿਸਥਾਰਿਤ ਰਿਪੋਰਟ ਵਿਚ ਨਿਆਂ ਵਿਭਾਗ ਨੇ ਕਿਹਾ ਹੈ ਕਿ ਡੇਵਿਸ ਸਕੂਲ ਡਿਸਟ੍ਰਿਕਟ ਵਿਚ ਕਈ ਸਾਲਾਂ ਤੋਂ ਸਿਆਹਫਿਆਮ ਤੇ ਏਸ਼ੀਅਨ ਮੂਲ ਦੇ ਅਮ-ਰੀਕੀ ਵਿਦਿਆਰਥੀਆਂ ਨੂੰ ਅਣਸੁਖਾਵੇਂ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਅਧਿਕਾਰੀ ਇਸ ਸਬੰਧੀ ਮਾਪਿਆਂ ਤੇ ਵਿਦਿਆਰਥੀਆਂ ਵੱਲੋਂ ਕੀਤੀਆਂ ਸ਼ਿਕਾਇਤਾਂ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਨ। ਨਿਆਂ ਵਿਭਾਗ ਜੁਲਾਈ 2019 ਤੋਂ ਸਕੂਲ ਵਿਚ ਚਲ ਰਹੇ ਮਾਹੌਲ ਬਾਰੇ ਜਾਂਚ ਕਰ ਰਿਹਾ ਹੈ ਤੇ ਉਸ ਨੇ ਅਕਤੂਬਰ ਵਿਚ ਇਸ ਸਬੰਧੀ ਵਿਸਥਾਰਿਤ ਰਿਪੋਰਟ ਜਾਰੀ ਕੀਤੀ ਸੀ। ਲੱਜ਼ੀ ਦੀ ਮਾਂ ਤੇ ਮਤਰੇਏ ਪਿਤਾ ਬ੍ਰਿਟੈਨੀ ਕਲਾਰਕ ਟੀਚੇਨਰ ਕਾਕਸ ਤੇ ਚਾਰਲਸ ਕਾਕਸ ਨੇ ਦੱਸਿਆ ਕਿ ਉਨ੍ਹਾਂ ਨੂੰ ਸਤੰਬਰ ਵਿਚ ਪਤਾ ਲੱਗ ਗਿਆ ਸੀ ਕਿ ਬੱਚੀ ਨੂੰ ਸਕੂਲ ਵਿਚ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ । ਵਕੀਲ ਟਾਇਲਰ ਆਈਰਸ ਨੇ ਦੱਸਿਆ ਕਿ ਬੱਚੀ ਦੇ ਅਧਿਆਪਕ ਨੇ ਉਸ ਨੂੰ ਹਦਾਇਤ ਕੀਤੀ ਸੀ ਕਿ ਉਹ ਕਮਰੇ ਵਿਚ ਬਾਕੀ ਵਿਦਿਆਰਥੀਆਂ ਤੋਂ ਦੂਰ ਪਿਛਲੇ ਪਾਸੇ ਜਾ ਕੇ ਬੈਠਿਆ ਕਰੇ। ਵਕੀਲ ਨੇ ਕਿਹਾ ਹੈ ਕਿ ਬੱਚੀ ਨੂੰ ਵਾਰ ਵਾਰ ਤੰਗ ਕੀਤੀ ਜਾਂਦਾ ਸੀ ਉਸ ਨਾਲ ਛੇੜਖਾਨੀ ਕੀਤੀ ਜਾਂਦੀ ਸੀ । ਅਜੇ ਤੱਕ ਸਕੂਲ ਨੇ ਇਸ ਸਬੰਧੀ ਕੋਈ ਪ੍ਰਤੀਕ੍ਰਿਆ ਪ੍ਰਗਟ ਨਹੀਂ ਕੀਤੀ ਹੈ।





ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖ਼ਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਕੁਲਵੰਤ ਧਾਲੀਆਂ

# ਮੁੜ ਸਥਾਪਿਤ ਕੀਤੀ ਗਈ ਮਾਲਵਾ ਬ੍ਰਦਰਜ਼ ਯੂਐਸਏ ਜਥੇਬੰਦੀ

**ਨਿਊਯਾਰਕ –** ਨਿਊਯਾਰਕ ਵਿੱਚ ਮੁੜ ਤੋਂ ਮਾਲਵਾ ਬ੍ਰਦਰਜ਼ ਯੂਐਸਏ ਜਥੇਬੰਦੀ ਨੂੰ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ ਪਹਿਲਾਂ ਕਈ ਕਾਰਨਾਂ ਕਾਰਨ ਆਪਸੀ ਵਖਰੇਵੇਂ ਪੈ ਗਏ ਸਨ ਜਿਨ੍ਹਾਂ ਨੂੰ ਘੱਟ ਕਰਦਿਆਂ ਮੁੜ ਤੋਂ ਸਾਰੇ ਮੈਂਬਰ ਇੱਕ ਮੰਚ ਤੇ ਇਕ ਮਿਕ ਹੁੰਦੇ ਹੋਏ ਨਜ਼ਰ ਆਏ,ਮਾਲਵਾ ਬ੍ਰਦਰਜ਼ ਯੂਐਸਏ ਜਥੇਬੰਦੀ ਦਾ ਹੁਣ ਮੁੱਖ ਮਕਸਦ ਪੰਜਾਬ ਤੋਂ ਦੂਰ ਸੱਤ ਸਮੁੰਦਰ ਪਾਰ ਵਿਦੇਸ਼ ਰਹਿੰਦਿਆਂ ਪੰਜਾਬੀਆਂ ਅਤੇ ਪੰਜਾਬੀਆਂ ਦੇ ਪਰਿਵਾਰਾਂ ਨੂੰ ਆਪਸ ਵਿੱਚ ਜੋੜਨਾ ਹੋਵੇਗਾ।ਮਾਲਵਾ ਬ੍ਰਦਰਜ਼ ਜਥੇਬੰਦੀ ਦਾ ਕਹਿਣਾ ਹੈ ਕਿ ਅਸੀਂ ਆਪਣੇ ਪੰਜਾਬੀ ਭਾਈਚਾਰੇ ਨੂੰ ਇਕਮਿਕ ਕਰਨ ਤੇ ਪੰਜਾਬ ਚ ਵਸਦੇ ਨੇੜਲੇ ਪਿੰਡਾਂ ਵਾਲਿਆਂ ਨਾਲ ਪ੍ਰੇਮ ਸਬੰਧ ਮਜ਼ਬੂਤ ਬਣਾਉਣ ਲਈ ਇਸ ਜਥੇਬੰਦੀ ਦਾ ਮੁੜ ਤੋਂ ਨਿਰਮਾਣ ਕੀਤਾ ਹੈ।

ਸੋ ਸਾਰੇ ਹੀ ਮੈਂਬਰਾਂ ਵਲੋਂ ਸਰਬਸੰਮਤੀ ਦੇ ਨਾਲ ਵੱਖ ਵੱਖ ਅਹੁਦੇ ਵੰਡੇ ਗਏ ਜਿਨ੍ਹਾਂ ਵਿਚ ਜੱਬਰ ਸਿੰਘ ਗਰੇਵਾਲ ਨੂੰ ਜਥੇਬੰਦੀ ਦਾ ਸਰਪ੍ਰਸਤ ਬਣਾਇਆ ਗਿਆ ਵੀਰ ਸਿੰਘ ਮਾਂਗਟ ਨੂੰ ਚੇਅਰਮੈਨ ਗੁਰਮੀਤ ਸਿੰਘ ਬੁੱਟਰ ਨੂੰ ਪ੍ਰੈਜ਼ੀਡੈਂਟ ਦਲਵੀਰ ਸਿੰਘ ਸਿੱਧੂ ਨੂੰ ਜਰਨਲ ਸੈਕਟਰੀ ਮੋਹਿੰਦਰ ਸਿੰਘ ਬਰਾੜ ਅਤੇ ਜਸਬੀਰ ਸਿੰਘ ਨੂੰ ਕੈਸ਼ੀਅਰ ਬਣਾਇਆ ਗਿਆ। ਇਸ ਮੌਕੇ ਤੇ ਮਾਲਵਾ ਬ੍ਰਦਰਜ਼ ਯੂਐਸਏ ਦੇ ਸਾਰੇ ਮੈਂਬਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਜਿਸ ਵਿਚ ਗਿੱਲ ਪਰਦੀਪ ਵੱਲੋਂ ਆਪਣੇ ਸ਼ਾਇਰਾਨਾ ਅੰਦਾਜ਼ ਵਿੱਚ ਸਾਰਿਆਂ ਨਾਲ ਕਈ ਗੱਲਾਂ ਸਾਂਝੀਆਂ ਕੀਤੀਆਂ ਗਈਆਂ ਉਨ੍ਹਾਂ ਦਾ ਮੰਨਣਾ ਹੈ ਕਿ ਕਿਸੇ ਵੀ ਔਰਗੇਨਾਈਜੇਸ਼ਨ ਨੂੰ ਚਲਾਉਣ ਲਈ ਅਹੁਦੇਦਾਰਾਂ ਦਾ ਹੋਣਾ ਬੇਹੱਦ ਜ਼ਰੂਰੀ ਹੁੰਦਾ ਹੈ ਇਸ ਲਈ ਸਾਰੇ ਹੀ ਮੈਂਬਰ ਅਹੁਦੇਦਾਰ ਹੋਣਗੇ ਸਭ ਨੂੰ ਬਰਾਬਰ ਦਾ ਸਥਾਨ ਦਿੱਤਾ ਜਾਵੇਗਾ।ਜਥੇਬੰਦੀ ਕਿਸੇ ਲੀਡਰ ਜਾਂ ਪਾਰਟੀ ਲਈ ਕੋਈ ਕੰਮ ਨਹੀਂ ਕਰੇਗੀ ।

ਉੱਥੇ ਹੀ ਗੁਰਮੀਤ ਸਿੰਘ ਗਿੱਲ ਤੇ ਗੁਰਮੀਤ ਸਿੰਘ ਬੁੱਟਰ ਵੱਲੋਂ ਸਾਰਿਆਂ ਨੂੰ ਰਾਜਨੀਤਿਕ ਪਾਰਟੀਆਂ ਤੋਂ ਉੱਪਰ ਉੱਠ ਕੇ ਪੰਜਾਬੀ ਭਾਈਚਾਰੇ ਦੀ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਦੀ ਗੱਲ ਕੀਤੀ।ਇਸ ਮੌਕੇ ਤੇ ਅਜਮੇਰ ਸਿੰਘ ਵੱਲੋਂ ਆਪਣੇ ਵਿਚਾਰ ਸਾਂਝੇ ਕਰਦਿਆਂ ਆਏ ਹੋਏ ਸਾਰੇ ਵੀਰਾਂ ਦਾ ਧੰਨਵਾਦ ਕੀਤਾ ਗਿਆ ਇਸ ਮੌਕੇ ਤੇ ਬੋਲਦਿਆਂ ਬਲਾਕਾ ਸਿੰਘ ਤੇ ਸਰਦੂਲ ਸਿੰਘ ਨੇ ਸਾਰਿਆਂ ਨੂੰ ਮਾਇਆ ਦਾ ਦਸਵੰਧ ਕੱਢਣ ਅਤੇ ਬਾਣੀ ਨਾਲ ਜੁੜਨ ਦੀ ਅਪੀਲ ਕੀਤੀ ।ਸੱਤ ਸਮੁੰਦਰ ਪਾਰ ਮਾਲਵਾ ਬ੍ਰਦਰਜ਼ ਯੂਐਸਏ ਵਰਗੀਆਂ ਜਥੇਬੰਦੀਆਂ ਸਥਾਪਤ ਹੋਣੀਆਂ ਚਾਹੀਦੀਆਂ ਹਨ ਇਸ ਨਾਲ ਸਾਰਾ ਪੰਜਾਬੀ ਭਾਈਚਾਰਾ ਰਲ ਮਿਲ ਕੇ ਰਹਿੰਦਾ ਇਕੱਠੇ ਕੰਮ ਕਰਦੇ ਅਤੇ ਵਿਦੇਸ਼ਾਂ ਵਿੱਚ ਵੀ ਹਰ ਪਲ ਆਪਣੇਪਣ ਦਾ ਅਹਿਸਾਸ ਹੁੰਦਾ ਰਹਿੰਦੈ ਉਮੀਦ ਕਰਾਂਗੇ ਕਿ ਸਾਰੇ ਅਹੁਦੇਦਾਰ ਅਤੇ ਮੈਂਬਰ ਇੱਕ ਦੂਜੇ ਨਾਲ ਇੱਕ ਮਿੱਕ ਹੋ ਕੇ ਰਹਿਣਗੇ ਤੇ ਬਾਕੀ ਕਮਿਊਨਿਟੀਜ਼ ਲਈ ਵੀ ਮਿਸਾਲ ਬਣਨਗੇ







# 'ਆਸੀਸ ਪ੍ਰੋਗਰਾਮ' ਦੌਰਾਨ ਫਰਿਜ਼ਨੋ 'ਚ ਲੱਗੀਆਂ ਰੌਣਕਾਂ

**ਫਰਿਜ਼ਨੋ–** ਅੱਜ ਦੇ ਸਮੇਂ ਅੰਦਰ ਵਿਦੇਸੀਆਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਪਰਿਵਾਰ ਦਾ ਆਪਸੀ ਇਕ-ਦੂਜੇ ਨੂੰ ਸਮਾਂ







ਦੇਣਾ ਬਹੁਤ ਮੁਸ਼ਕਲ ਹੋ ਗਿਆ ਹੈ।

ਖਾਸਕਰ ਬਹੁਤ ਬਜ਼ੁਰਗ ਅਤੇ ਸਿਆਣੀ ਉਮਰ ਦੀਆਂ ਔਰਤਾਂ ਘਰ ਬਾਹਰੀ ਕੰਮ-ਕਾਰ ਤੋਂ ਇਲਾਵਾ ਘਰ ਦੇ ਚੁੱਲੇ-ਚੌਕੇ (ਰਸ਼ੋਈ) ਤੱਕ ਸੀਮਤ ਹੋ ਗਈਆਂ ਹਨ। ਇਸ ਤੋਂ ਇਲਾਵਾ ਬਹੁਤੇ ਘਰਾਂ ਵਿੱਚ ਬਜ਼ੁਰਗ ਔਰਤਾਂ ਹੀ ਛੋਟੇ ਬੱਚਿਆਂ ਦਾ ਪਾਲਣ-ਪੋਸ਼ਣ ਅਤੇ ਦੇਖ-ਭਾਲ ਤੋਂ ਇਲਾਵਾ ਘਰ ਦੀ ਰਸ਼ੋਈ ਦੇ ਕੰਮ ਅਤੇ ਬੱਚੇ ਸੰਭਾਲਣ ਤੱਕ ਸਾਰਾ ਕੰਮ ਉਹ ਕਰ-ਦੀਆਂ ਹਨ। ਇਸੇ ਤਰਾਂ ਆਪਣੇ ਪਰਿਵਾਰ ਦੇ ਸੋਹਣੇ ਭਵਿੱਖ ਅਤੇ ਜ਼ਰੂਰਤਾਂ ਲਈ ਵੱਖ-ਵੱਖ ਖੇਤਰਾਂ ਵਿੱਚ ਨੌਕਰੀਆਂ ਕਰ ਮਰਦਾ ਦੇ ਬਰਾਬਰ ਘਰ ਦੀ ਆਰਥਿਕਤਾ ਵਿੱਚ ਹਿੱਸਾ ਵੀ ਪਾਉਂਦੀਆਂ ਹਨ। ਉਨ੍ਹਾਂ ਦਾ ਹੀ ਆਸੀਰਵਾਦ ਹੈ ਕਿ ਪਰਿਵਾਰ ਖੁਸ਼ਹਾਲ ਜਿੰਦਗੀ ਬਤੀਤ ਕਰ ਰਹੇ ਹਨ। ਇਸੇ ਬਜੁਰਗ ਔਰਤਾਂ ਦੀ ਦੇਣ ਅਤੇ ਮਿਲੇ ਆਸੀਰਵਾਦ ਦੇ ਮਾਣ ਸਤਿਕਾਰ ਵਿੱਚ ਇਹ ਪ੍ਰੋਗਰਾਮ ਸਿਰਫ ਔਰਤਾਂ ਲਈ ਹੀ ਰੱਖਿਆ ਗਿਆ ਸੀ। ਇਸੇ ਸਦਕਾ ਨੌਜਵਾਨ ਔਰਤਾਂ ਨੇ ਮਿਲਕੇ ਫਰਿਜ਼ਨੋ ਨਜ਼ਦੀਕੀ ਸ਼ਹਿਰ ਫਾਉਲਰ ਦੇ ਪੈਨਜ਼ੈਕ ਪਾਰਕ ਵਿੱਚ "ਆਸ਼ੀਸ਼" ਨਾਂ ਦੇ ਪ੍ਰੋਗਰਾਮ ਦਾ ਆਗਾਜ਼ ਕੀਤਾ। ਜਿਸ ਵਿੱਚ ਮਾਂਵਾਂ-ਧੀਆਂ, ਸੱਸਾ-ਨੂੰਹਾਂ, ਪੋਤੀਆਂ-ਦੋਹਤੀਆਂ ਆਦਿਕ ਸਭ ਰਲ ਇਕੱਠੀਆਂ ਹੋਈਆਂ ਅਤੇ ਆਪਸੀ ਆਪਸੀ ਰਲ ਵਿਚਾਰਾ ਦੀ ਸਾਂਝ ਪਾਈ। ਇਸ ਸਮੇਂ ਸਿਆਣੀਆਂ ਹਾਜ਼ਰ ਬਜ਼ੁਰਗ ਔਰਤਾਂ ਦਾ ਮਾਣ-ਸਨਮਾਨ ਵੀ ਕੀਤਾ ਗਿਆ।

ਜਿਸ ਤੋਂ ਇਲਾਵਾ ਮੰਨੋਰੰਜਨ ਲਈ ਰਲ ਗਿੱਧਾ, ਬੋਲੀਆਂ ਅਤੇ ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਹੋਇਆਂ। ਪਰ ਇਸ ਸਾਲ ਔਰਤਾਂ ਨੇ ਪੁਰਾਣੇ ਸਮੇਂ ਦੀਆਂ ਆਪਣੇ ਹੱਥੀ ਕਢਾਈ ਅਤੇ ਮੀਨਾਕਾਰੀ ਕੀਤੀਆਂ ਫੁੱਲਕਾਰੀਆਂ ਅਤੇ ਚਾਦਰਾਂ ਦੀ ਅਜ਼ਮਾਇਸ਼ ਵੀ ਕੀਤੀ। ਇਸ ਤੋਂ ਇਲਾਵਾ ਹੱਥੀ ਕਢਾਈ ਕਰਨ ਦੇ ਮੁਕਾਬਲੇ ਵੀ ਹੋਏ।

ਪ੍ਰੋਗਰਾਮ ਵਿੱਚ ਸਾਮਲ ਔਰਤਾਂ ਦੁਆਰਾਂ ਪੰਜਾਬੀ ਵਿਰਸੇ ਨੂੰ ਯਾਦ ਕਰਦੇ ਹੋਏ ਗੀਤ ਅਤੇ ਬੋਲੀਆਂ ਵੀ ਗਾਈਆਂ ਗਈਆਂ। ਇਸ ਸਮੇਂ ਅਜੋਕੇ ਸਮਾਜਿਕ ਹਾਲਾਤਾਂ 'ਤੇ ਚੋਟ ਕਰਦੀਆਂ ਵਿਅੰਗਮਈ ਸਕਿੱਟਾਂ ਵੀ ਕੀਤੀਆਂ ਗਈਆਂ। ਬਜ਼ੁਰਗ ਔਰਤਾਂ ਦਾ 'ਸੀਨੀਅਰ ਗਿੱਧਾ' ਵੀ ਖਿੱਚ ਦਾ ਕੇਂਦਰ ਰਿਹਾ। ਸੱਜ-ਸਵਰ ਕੇ ਆਈਆਂ ਬੀਬੀਆਂ ਨੂੰ ਇਨਾਮ ਦਿੱਤੇ ਗਏ। ਜਿਸ ਨੂੰ ਸਫਲ ਬਣਾਉਣ ਵਿੱਚ ਰਮਨ ਵਿਰਕ, ਜਗਮੀਤ ਰੈਪਸੀ ਅਤੇ ਅਰਵਿੰਦ ਸੇਖੋ ਤੋਂ ਇਲਾਵਾ ਬਹੁਤ ਸਾਰੀਆਂ ਔਰਤਾਂ ਨੇ ਸਹਿਯੋਗ ਦਿੱਤਾ। ਜਦ ਕਿ ਸਟੇਜ਼ ਸੰਚਾਲਨ ਬਾਖੂਬੀ ਸਾਇਰਨਾਂ ਅੰਦਾਜ ਵਿੱਚ ਅੰਜੂ ਮੀਰਾ ਨੇ ਕੀਤਾ। ਇਸ ਸਮੇਂ ਹਾਜ਼ਰੀਨ ਔਰਤਾਂ ਨੇ ਵਿਚਾਰਾ ਦਾ ਅਦਾਨ-ਪ੍ਰਦਾਨ ਵੀ ਕੀਤਾ। ਮੰਨੋਰੰਜਨ ਲਈ ਗੀਤ-ਸੰਗੀਤ, ਗਿੱਧਾ ਅਤੇ ਅਜੋਕੇ ਹਾਲਾਤਾ 'ਤੇ ਸਕਿੱਟਾ ਕੀਤੀਆਂ ਗਈਆ।


ਪ੍ਰੋਗਰਾਮ ਵਿੱਚ ਹਾਜ਼ਰ ਸਮੂੰਹ ਔਰਤਾਂ ਨੇ ਲੱਗੇ ਖਾਣੇ ਦੇ ਸਟਾਲ ਤੋਂ ਸੁਆਦਿਸਟ ਖਾਣਿਆ ਦਾ ਅਨੰਦ ਵੀ ਮਾਣਿਆ। ਇੰਨ੍ਹਾਂ ਔਰਤਾਂ ਦੁਆਰਾਂ ਰਲ ਕੇ ਕੀਤਾ ਜਾਣ ਵਾਲਾ ਇਹ ਪ੍ਰੋਗਰਾਮ ਹਰ ਸਾਲ ਦੀ ਤਰਾਂ ਬਦਲਦੀਆਂ ਪੀੜੀਆਂ ਵਿੱਚ ਮਾਣ-ਸਨਮਾਨ ਦੀਆਂ ਤੰਦਾਂ ਨੂੰ ਜੋੜਦਾ ਯਾਦਗਾਰੀ ਹੋ ਨਿਬੜਿਆ।

# ਬੂਟਾ ਬਾਸੀ ਅਤੇ ਪਰਿਵਾਰ ਨੂੰ ਬਾਪ ਦੀ ਮੌਤ ਕਾਰਨ ਸਦਮਾ



**ਫਰਿਜ਼ਨੋ (ਕੈਲੀਫੋਰਨੀਆਂ) 16 ਨਵੰਬਰ 2021–** ਕੈਲੀਫੋਰਨੀਆਂ ਤੋ ਛਪਦੇ ਸਾਂਝੀ ਸੋਚ ਅਖਬਾਰ ਅਤੇ ਸਾਂਝੀ ਸੋਚ ਟੀਵੀ ਸੰਚਾਲਕ ਬੂਟਾ ਸਿੰਘ ਬਾਸੀ ਦੇ ਸਤਿਕਾਰਯੋਗ ਪਿਤਾ ਜੀ ਮਾਸਟਰ ਹਰਭਜਨ ਸਿੰਘ ਬਾਸੀ ਪਿਛਲੇ ਦਿਨੀਂ 93 ਸਾਲ ਦੀ ਖੁਸ਼ਹਾਲ ਜ਼ਿੰਦਗੀ ਭੋਗਕੇ ਇਸ ਫ਼ਾਨੀ ਦੁਨੀਆਂ ਨੂੰ ਸਦਾ ਅਲਵਿਦਾ ਆਖ ਗਏ। ਉਹ ਪਿਛਲੇ ਲੰਮੇ ਸਮੇਂ ਤੋ ਬੂਟਾ ਸਿੰਘ ਬਾਸੀ ਕੋਲ ਕੈਲੀਫੋਰਨੀਆਂ ਵਿਖੇ ਰਹਿ ਰਹੇ ਸਨ। ਸਵ। ਹਰਭਜਨ ਸਿੰਘ ਨੇ ਪੰਜਾਬ ਅੰਦਰ ਲੰਮਾ ਸਮਾਂ ਵਿੱਦਿਅਕ ਸੇਵਾਵਾਂ ਦਿੱਤੀਆਂ, ਅਤੇ ਯੂਨੀਅਨਾਂ ਵਿੱਚ ਸੰਘਰਸਮਈ ਜੀਵਨ ਗੁਜ਼ਾਰਿਆ। ਉਹਨਾਂ ਦੀ ਦੇਹ ਦਾ ਅੰਤਿਮ ਸਸਕਾਰ ਮਿਤੀ 18 ਨਵੰਬਰ ਦਿਨ ਵੀਰਵਾਰ ਨੂੰ Allen Mortuary Turlock CA ਵਿਖੇ ਹੋਵੇਗਾ ਉਪਰੰਤ ਭੋਗ ਅਤੇ ਅੰਤਿਮ ਅਰਦਾਸ MOMODESTO-CERES GURDWARA SAHIB HUGHSON CA ਵਿਖੇ ਹੋਵੇਗੀ । ਵਧੇਰੇ ਜਾਣਕਾਰੀ ਜਾ ਦੁੱਖ ਸਾਂਝਾ ਕਰਨ ਲਈ ਤੁਸੀ ਬੂਟਾ ਸਿੰਘ ਬਾਸੀ ਨਾਲ (209) 303-1260 ਤੇ ਸੰਪਰਕ ਕਰ ਸਕਦੇ ਹੋ। ਅਸੀਂ ਮਾਛੀਕੇ / ਧਾਲੀਆਂ ਮੀਡੀਆ ਗਰੁੱਪ ਇਸ ਦੁੱਖ ਦੀ ਘੜੀ ਵਿੱਚ ਬਾਸੀ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹਾਂ। ਪ੍ਰਮਾਤਮਾ ਵਿੱਛੜੀ ਰੂਹ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖ਼ਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ਼ ਬਖ਼ਸ਼ੇ ।

# ਅਮਰੀਕਾ ਵਿੱਚ ਟਰੱਕ ਹਾਦਸੇ 'ਚ ਪੰਜਾਬੀ ਨੌਜਵਾਨ ਦੀ ਮੌਤ



**ਫਰਿਜ਼ਨੋ (ਕੈਲੀਫੋਰ-ਨੀਆਂ) 12 ਨਵੰਬਰ 2021–** ਆਏ ਦਿਨ ਅਮੈਰਕਿਨ ਟਰੱਕਿੰਗ ਇੰਡਸਟਰੀ ਤੋਂ ਬੜੀਆਂ ਮੰਦਭਾਗੀ ਖ਼ਬਰਾਂ ਪ੍ਰਾਪਤ ਹੋ ਰਹੀਆ ਹਨ। ਜਾਣਕਾਰੀ ਮੁਤਾਬਿਕ ਇੱਕ ਹੋਰ ਫਰਿਜ਼ਨੋ ਨਿਵਾਸੀ ਪੰਜਾਬੀ ਟਰੱਕ ਡਰਾਈਵਰ ਪ੍ਰੀਤ ਸ਼ੇਰ ਗਿੱਲ ਹਾਲ-ਬਰੁੱਕ ਐਰੀਜ਼ੋਨਾਂ ਏਰੀਏ 'ਚ ਫਰੀਵੇਅ 40 ਈਸਟ ਬੌਂਡ ਤੇ ਟਰੱਕ ਐਕਸੀਡੈਂਟ ਦੌਰਾਨ ਮੌਤ ਦੇ ਮੂੰਹ ਜਾ ਪਿਆ। ਐਕਸੀਡੈਂਟ ਦੇ ਕਾਰਨਾਂ ਦੀ ਪੁਲਿਸ ਜਾਂਚ ਕਰ ਰਹੀ ਹੈ। ਪਤਾ ਲੱਗਾ ਹੈ ਕਿ ਪ੍ਰੀਤ ਸ਼ੇਰ ਗਿੱਲ ਦਾ ਪਿਛਲਾ ਪਿੰਡ ਬਲੀਏਵਾਲ ਜ਼ਿਲ੍ਹਾ ਲੁਧਿਆਣਾ ਵਿੱਚ ਦੱਸਿਆ ਜਾ ਰਿਹਾ ਹੈ। ਇਸ ਨੌਜਵਾਨ ਦੀ ਟਰੱਕ ਹਾਦਸੇ ਵਿੱਚ ਹੋਈ ਮੌਤ ਕਾਰਨ ਫਰਿਜ਼ਨੋ ਏਰੀਏ ਦਾ ਪੰਜਾਬੀ ਭਾਈਚਾਰਾ ਗਹਿਰੇ ਸਦਮੇਂ ਵਿੱਚ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਮਨਾਇਆ ਜਾਵੇਗਾ

## ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 22ਵਾਂ ਮਹਾਨ ਨਗਰ ਕੀਰਤਨ ਐਤਵਾਰ 13 ਮਾਰਚ 2022 ਨੂੰ ਸਜਾਇਆ ਜਾ ਰਿਹਾ ਹੈ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਮੂਹ ਸਾਧਸੰਗਤਿ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਮਨਾਇਆ ਜਾ ਰਿਹਾ ਹੈ। ਸ੍ਰੀ ਬਲਜੀਤ ਸਿੰਘ ਕਾਹਮਾ ਸਟੇਜ ਸਕੱਤਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ੍ਰੀ ਅਵਤਾਰ ਸਿੰਘ ਪਲਾਹੀ, ਬੀਬੀ ਜਸਵੀਰ ਕੌਰ ਪਲਾਹੀ ਅਤੇ ਸਮੂਹ ਸਾਧਸੰਗਤਿ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 19, 20 ਅਤੇ 21 ਨਵੰਬਰ 2021 ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ।

ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 19 ਨਵੰਬਰ 2021 ਸਵੇਰੇ 10:30 ਵਜੇ ਆਰੰਭ ਹੋਣਗੇ। ਸ਼ਨੀਵਾਰ 20 ਨਵੰਬਰ ਦੇ ਕੀਰਤਨ ਦੀਵਾਨ ਸ਼ਾਮ 6 ਵਜੇ ਤੋਂ 7 ਵਜੇ ਤੱਕ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਸਜਾਏ ਜਾਣਗੇ। ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਐਤਵਾਰ 21 ਨਵੰਬਰ 2021 ਸਵੇਰੇ 10:30 ਵਜੇ ਪਏ ਜਾਣਗੇ ਅਤੇ ਜਿਸ ਉਪਰੰਤ ਕੀਰਤਨ ਦੀਵਾਨ ਸਵੇਰੇ 11 ਵਜੇ ਤੋਂ 1 ਵਜੇ ਤੱਕ ਸਜਾਏ ਜਾਣਗੇ ਜਿਨ੍ਹਾਂ ਵਿਚ ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਭਾਈ ਜਸਪਾਲ ਸਿੰਘ ਸਾਰੰਗ ਦਾ ਕੀਰਤਨੀ ਜਥਾ ਸਾਧਸੰਗਤਿ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਸਭ ਸਾਧਸੰਗਤਿ ਨੂੰ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ

ਗੁਰੂਘਰ ਦਾ ਪਤਾ ਇਸ ਪ੍ਰਕਾਰ ਹੈ
ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
6221 16th Street Rio Linda, CA 95673
ਅਤੇ ਗੁਰੂਘਰ ਦਾ ਫ਼ੋਨ: (916) 992-1710

**ਗੁਰੂਘਰ ਦੀ ਨਵੀਂ ਇਮਾਰਤ ਦੀ ਉਸਾਰੀ ਸੰਬੰਧੀ ਜਾਣਕਾਰੀ ਲਈ ਸੰਪਰਕ**

ਸ੍ਰੀ ਤੇਜਪਾਲ ਵਿਰਕ (ਚੇਅਰਮੈਨ) 916-912-5678

ਸ੍ਰੀ ਰਾਜ ਬੱਧਣ (ਪ੍ਰਧਾਨ) 916-601-3842

ਸ੍ਰੀ ਇੰਦਰਜੀਤ ਪੜਵੱਗਾ (ਜ। ਸਕੱਤਰ) 916-276-2538

# ਮੁੱਖ ਮੰਤਰੀ ਸ. ਚੰਨੀ ਵੱਲੋਂ ਸਾਰਾਗੜ੍ਹੀ ਦੇ ਸਿੱਖ ਸ਼ਹੀਦਾਂ ਦੀ ਯਾਦਗਾਰ ਨੂੰ ਸਮਰਪਿਤ ਸਾਰਾਗੜ੍ਹੀ ਮੈਮੋਰੀਅਲ ਸਟੇਡੀਅਮ ਦਾ ਉਦਘਾਟਨ ਕੀਤਾ



**ਆਦਮਪੁਰ–** ਆਦਮਪੁਰ ਵਿਖੇ ਅੱਜ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਨੇ ਕਈ ਮਹੱਤਵਪੂਰਨ ਕਾਰਜਾਂ ਦਾ ਉਦਘਾਟਨ ਕੀਤਾ। ਇਹਨਾਂ ਵਿਚੋਂ ਸਾਰਾਗੜ੍ਹੀ ਸ਼ਹੀਦਾਂ ਦੀ ਯਾਦ ਵਿਚ ਉਸਾਰੇ ਜਾਣ ਵਾਲੇ ਸਾਰਾਗੜ੍ਹੀ ਮੈਮੋਰੀਅਲ ਸਟੇਡੀਅਮ ਡਮੁੰਡਾ ਦਾ ਉਦਘਾਟਨ ਕਰਨਾ ਮੁੱਖ ਰਿਹਾ। ਸ. ਚਰਨਜੀਤ ਸਿੰਘ ਚੰਨੀ ਦੇ ਡਮੁੰਡਾ ਪਹੁੰਚਣ ’ਤੇ ਸਮੂਹ ਕਸ਼ੱਤਰੀ ਸਿੱਖ ਰਾਜਪੂਤ ਭਾਈਚਾਰੇ ਨੇ ਉਹਨਾਂ ਦਾ ਭਰਵਾਂ ਸਵਾਗਤ ਕਰਦਿਆਂ ਜੀ ਆਇਆਂ ਆਖਿਆ। ਇਸ ਮੌਕੇ ਕਸ਼ੱਤਰੀਆ ਸਿੱਖ ਰਾਜਪੂਤ ਭਾਈਚਾਰੇ ਦੇ ਅਹੁਦੇਦਾਰਾਂ ਨੇ ਧੰਨਵਾਦ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਕਸ਼ੱਤਰੀਆ ਸਿੱਖ ਰਾਜਪੂਤ ਬੀਸੀ ਵਿਚ ਸ਼ਾਮਲ ਨਹੀਂ ਹੋਣਗੇ, ਜਿਸਦਾ ਕਸ਼ੱਤਰੀਆ ਸਿੱਖ ਰਾਜਪੂਤ ਭਾਈਚਾਰੇ ਨੇ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ, ਮਾਣਯੋਗ ਸਪੀਕਰ ਸ. ਕੰਵਰਪਾਲ ਸਿੰਘ ਰਾਣਾ ਦਾ ਧੰਨਵਾਦ ਕੀਤਾ।

ਉਹਨਾਂ ਕਿਹਾ ਕਿ ਇਸ ਮੁਹਿੰਮ ਨੂੰ ਕਾਮਯਾਬ ਕਰਨ ਵਿਚ ਐਨ. ਆਰ. ਆਈ. ਜੋ ਮਿਨਹਾਸ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਉਹਨਾਂ ਦੇ ਯਤਨਾਂ ਸਦਕਾ ਹੀ ਅੱਜ ਇਹ ਸ਼ੁਭ ਕਾਰਜ ਆਰੰਭਿਆ ਜਾ ਰਿਹਾ ਹੈ।

ਇਸ ਮੌਕੇ ਜਤਿੰਦਰ ਜੇ ਮਿਨਹਾਸ, ਅਵਤਾਰ ਸਿੰਘ ਡੌਡ, ਬਲਬੀਰ ਸਿੰਘ ਫੁਗਲਾਣਾ ਪ੍ਰਧਾਨ, ਸੁਖਜੀਤ ਸਿੰਘ ਪੱਪੀ ਪਰਮਾਰ, ਉ ਸਿੰਘ ਮਿਨਹਾਸ, ਜਸਪਾਲ ਸਿੰਘ ਪਰਮਾਰ, ਗੁਰਦੀਪ ਸਿੰਘ ਪਰਹਾਰ, ਤਰਲੋਚਨ ਸਿੰਘ ਪਰਮਾਰ, ਵਰਿੰਦਰ ਸਿੰਘ ਪਰਹਾਰ, ਤਰਲੋਚਨ ਸਿੰਘ ਜੰਜੂਆ, ਪਰਮਜੀਤ ਸਿੰਘ ਸਰੋਆ ਤੇ ਵਿਦੇਸ਼ਾਂ ਵਿਚ ਬੈਠੇ ਐਨ. ਆਰ. ਆਈ. ਵਿੰਗ ਦੇ ਮੈਂਬਰਾਂ ਦਾ ਵਿਸ਼ਵ ਦੁਆਬਾ ਰਾਜਪੂਤ ਸਭਾ ਰਜਿ. ਨੇ ਧੰਨਵਾਦ ਕੀਤਾ।

# ਅਮਰੀਕਾ ਵਿਚ ਸਿੱਖਾਂ ਨੇ ਮਿਹਨਤ ਤੇ ਇਮਾਨਦਾਰੀ ਨਾਲ ਸਨਮਾਨਯੋਗ ਰੁਤਬਾ ਹਾਸਲ ਕੀਤਾ- ਅਵਤਾਰ ਸਿੰਘ ਡੌਡ

**ਫਤਿਹਗੜ੍ਹ ਸਾਹਿਬ–** ਅਮਰੀਕਾ ਵਿਚ ਸਿੱਖਾਂ ਨੇ ਆਪਣੀ ਮਿਹਨਤ ਅਤੇ ਇਮਾਨਦਾਰੀ ਨਾਲ ਉਚਾ ਅਤੇ ਸਨਮਾਨਯੋਗ ਰੁਤਬਾ ਹਾਸਲ ਕੀਤਾ, ਜਿਸ ਕਰਕੇ ਅੱਜ ਉਹ ਵੱਡੇ-ਵੱਡੇ ਮੁਕਾਮ ਵੀ ਹਾਸਲ ਕਰ ਚੁੱਕੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੈਕਰਾਮੈਂਟੋ (ਅਮਰੀਕਾ) ਤੋਂ ਪਰਿਵਾਰ ਸਮੇਤ ਸ਼ਹੀਦਾਂ ਦੀ ਪਵਿੱਤਰ ਧਰਤੀ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ ਸਮਾਜ ਸੇਵੀ ਆਗੂ ਅਵਤਾਰ ਸਿੰਘ ਡੌਡ ਜਲਵੇਹੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਉਹ 40 ਸਾਲ ਵਿਦੇਸ਼ਾਂ ਵਿਚ ਰਹਿ ਕੇ ਵੀ ਆਪਣੀ ਕੇਂਦਰੀ ਅਸਥਾਨਾਂ ਨਾਲ ਜੁੜ ਕੇ ਮਾਣ ਮਹਿਸੂਸ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਅਵਤਾਰ ਸਿੰਘ ਡੌਡ ਦੇ ਪਿਤਾ ਗਿਆਨੀ ਗੁਰਦਿੱਤ ਸਿੰਘ ਜਲਵੇਹੜਾ 1946 ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਮੈਂਬਰ ਵਜੋਂ ਸੇਵਾ ਕਰਦੇ ਰਹੇ ਹਨ।



ਉਹਨਾਂ ਦਾ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਪੁੱਜਣ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਵਧੀਕ ਸਕੱਤਰ ਸ਼੍ਰੋਮਣੀ ਕਮੇਟੀ ਡਾ. ਪਰਮਜੀਤ ਸਿੰਘ ਸਰੋਆ, ਮੀਤ ਮੈਨੇਜਰ ਬਲਵਿੰਦਰ ਸਿੰਘ ਭਮਾਰਸੀ ਵੱਲੋਂ ਸਰਦਾਰ ਅਵਤਾਰ ਸਿੰਘ ਡੌਡ ਅਤੇ ਉਹਨਾਂ ਦੀ ਪਤਨੀ ਸਤਵੀਰ ਕੌਰ ਢੋਟ ਦਾ ਸਿਰੋਪਾਓ ਅਤੇ ਯਾਦਗਾਰੀ ਤਸਵੀਰ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਸਿੱਖਾਂ ਨੇ ਵਿਦੇਸ਼ਾਂ ਦੀ ਧਰਤੀ ਤੇ ਰਹਿ ਕੇ ਆਪਣੇ ਸਿੱਖ ਇਤਿਹਾਸ ਨੂੰ ਕਾਇਮ ਰੱਖਣ ਵਿਚ ਜੋ ਯੋਗਦਾਨ ਪਾਇਆ ਹੈ, ਉਸ ਦੀ ਤਾਰੀਫ ਕਰਨੀ ਬਣਦੀ ਹੈ ਕਿਉਂਕਿ ਦੂਸਰੇ ਦੇਸ਼ਾਂ ਵਿਚ ਜਾ ਕੇ ਉਥੇ ਆਪਣੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨਾ ਆਪਣੇ ਆਪ ਵਿਚ ਮਾਣ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਕੈਨੇਡਾ ਵਰਗੇ ਦੇਸ਼ ਵਿਚ ਸਿੱਖਾਂ ਵੱਲੋਂ ਸਿਆਸਤ ਵਿਚ ਅਪਣੀ ਵੱਖਰੀ ਪਛਾਣ ਕਾਇਮ ਕੀਤੀ ਗਈ ਹੈ, ਜਿਸ ਕਰਕੇ ਅੱਜ ਸਿੱਖ ਮਾਣ ਨਾਲ ਆਪਣਾ ਜੀਵਨ ਬਸਰ ਕਰ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਕੌਰ ਅਕਾਲ ਅਕੈਡਮੀ ਰੀਠਖੇੜੀ, ਡਾ. ਰਵਨੀਤ ਕੌਰ, ਰਿਕਾਰਡ ਕੀਪਰ ਹਰਮਨਜੀਤ ਸਿੰਘ ਵੀ ਹਾਜ਼ਰ ਸਨ।


SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES




SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਦੇਸ਼ ਦੁਆਬਾ

# ਇਕ ਦੇਸ਼ ਦੀ ਮਹਾਨਤਾ ਇਸਦੇ ਲੀਡਰ 'ਤੇ ਨਿਰਭਰ ਕਰਦੀ ਹੈ

ਆਪਣੇ ਦੇਸ਼ ਨੂੰ ਵਿਸ਼ਾਲ ਰੂਪ ਵਿਚ ਸੁਧਾਰਨ ਅਤੇ ਇਸ ਨੂੰ ਦੁਬਾਰਾ ਮਹਾਨ ਬਣਾਉਣ ਲਈ, ਇਕ ਵਧੀਆ ਨੇਤਾ ਚੁਣ ਕੇ ਸ਼ੁਰੂਆਤ ਕਰੋ। ਮੀਡੀਆ ਜਾਂ ਕਿਸੇ ਦੇ ਥਾਪੜੇ ਦੁਆਰਾ ਚਮਕਾਏ ਗਏ ਲੋਕਾਂ ਨੂੰ ਨਾ ਚੁਣੋ , ਬਲਕਿ ਉਨ੍ਹਾਂ ਦੀ ਚੋਣ ਕਰੋ ਜੋ ਉਹ ਨਹੀਂ ਚੁਣਦੇ। ਉਨ੍ਹਾਂ ਲੋਕਾਂ ਵਿਚੋਂ ਇਕ ਨੇਤਾ ਚੁਣੋ ਜੋ ਦਿਲ ਤੋਂ ਕੰਮ ਲਈ ਪ੍ਰੇਰਿਤ ਹੋਵੇ, ਇਕ ਮਨੁੱਖ ਜਿਹੜਾ ਸੜਕ 'ਤੇ ਜਾਂਦੇ ਆਮ ਆਦਮੀ ਨੂੰ ਪਛਾਣਦਾ ਹੈ ਅਤੇ ਸਮਝਦਾ ਹੈ ਕਿ ਦੇਸ਼ ਨੂੰ ਹਰ ਪੱਧਰ 'ਤੇ ਕਿਸ ਚੀਜ਼ ਦੀ ਜ਼ਰੂਰਤ ਹੈ। ਕਿਸੇ



ਅਜਿਹੇ ਨੇਤਾ ਨੂੰ ਨਾ ਚੁਣੋ ਜੋ ਸਿਰਫ ਪੈਸੇ ਨਾਲ ਚੱਲਣ ਵਾਲਾ ਹੋਵੇ ਅਤੇ ਉਹ ਕਿਸੇ ਜਰੂਰਤ ਨੂੰ ਨਾ ਸਮਝੇ ਜਾਂ ਆਮ ਆਦਮੀ ਨੂੰ ਨਾਂ ਪਛਾਣੇ ਪਰ ਸਿਰਫ ਕਾਰ-ਪੋਰੇਸ਼ਨਾਂ ਦੀ ਹਰ ਪੱਧਰ ਤੇ ਜ਼ਰੂਰਤ ਨੂੰ ਪੂਰਾ ਕਰੇ। ਇੱਕ ਸ਼ਾਂਤੀ ਦਾ ਪੁੰਜ ਚੁਣੋ ਜੋ ਜੋੜਦਾ ਹੋਵੇ, ਨਾ ਕਿ ਵੰਡੀਆ ਪਾਉਂਦਾ ਹੋਵੇ। । ਇੱਕ ਸਭਿਆਚਾਰਕ ਨੇਤਾ ਜੋ ਕਿ ਕਲਾ ਅਤੇ ਬੋਲਣ ਦੀ ਸੱਚੀ ਆਜ਼ਾਦੀ ਦਾ ਸਮਰਥਨ ਕਰੇ, ਸੈਂਸਰਸ਼ਿਪ ਨਹੀਂ। ਇਕ ਅਜਿਹਾ ਆਗੂ ਚੁਣੋ ਜੋ ਨਾ ਸਿਰਫ ਬੈਂਕਾਂ ਅਤੇ ਏਅਰਲਾਈਨਾਂ ਨੂੰ ਸੁਰੱਖਿਆ ਦੇਵੇ, ਬਲਕਿ ਪਰਿਵਾਰਾਂ ਨੂੰ ਉਨ੍ਹਾਂ ਦੇ ਘਰ ਗੁਆਉਣ ਜਾਂ ਨੌਕਰੀਆਂ ਲਈ ਹੋਰ ਦੇਸ਼ਾਂ ਵਿੱਚ ਜਾਣ ਤੋਂ ਬਚਾਵੇ। ਇੱਕ ਅਜਿਹਾ ਆਗੂ ਚੁਣੋ ਜੋ ਸਕੂਲਾਂ ਨੂੰ ਫੰਡ ਦੇਵੇਗਾ, ਵਿਦਿਆ ਉੱਤੇ ਖਰਚਿਆਂ ਨੂੰ ਸੀਮਿਤ ਨਹੀਂ ਕਰੇਗਾ। ਇੱਕ ਨੇਤਾ ਚੁਣੋ ਜੋ ਜੰਗ ਦੇ ਬਾਰੇ ਵਿੱਚ ਕੂਟਨੀਤੀ ਦੀ ਚੋਣ ਕਰਦਾ ਹੈ ਅਤੇ ਵਿਦੇਸ਼ੀ ਸੰਬੰਧਾਂ ਵਿਚ ਜਾਨ ਪਾਉਣ ਵਾਲਾ ਇਮਾਨਦਾਰ ਜ਼ਰੀਆ ਹੋਵੇ। ਇੱਕ ਇਮਾਨਦਾਰ ਆਗੂ ਜੋ ਉਹ ਆਪਣੀ ਸਹੀ ਗੱਲ ਰੱਖਦਾ ਹੈ ਅਤੇ ਆਪਣੇ ਲੋਕਾਂ ਨਾਲ ਝੂਠ ਨਹੀਂ ਬੋਲਦਾ। ਇਕ ਅਜਿਹਾ ਨੇਤਾ ਚੁਣੋ ਜੋ ਮਜ਼ਬੂਤ , ਭਰੋਸੇਮੰਦ ਪਰ ਬਨਿਮਰ ਹੋਵੇ ਅਤੇ ਸੂਝਵਾਨ, ਪਰ ਚਾ-ਪਲੂਸ ਤੇ ਠੱਗ ਨਾ ਹੋਵੇ । ਇੱਕ ਅਜਿਹਾ ਨੇਤਾ ਜਿਹੜਾ ਨਸਲਵਾਦ ਨੂੰ ਨਹੀਂ, ਵਿਭਿੰ-ਨਤਾ ਨੂੰ ਉਤਸ਼ਾਹਿਤ ਕਰਦਾ ਹੈ। ਨੇਤਾ ਜਿਹੜਾ ਕਿਸਾਨੀ, ਅਧਿਆਪਕ, ਡਾਕਟਰ ਅਤੇ ਵਾਤਾਵਰਣ ਦੀਆਂ ਜਰੂਰਤਾਂ ਨੂੰ ਸਮਝਦਾ ਹੋਵੇ ਨਾ ਕਿ ਸਿਰਫ ਸ਼ਾਹੂਕਾਰ, ਤੇਲ ਦਾ ਕੰਮ ਕਰਨ ਵਾਲੇ, ਹਥਿਆਰ ਬਣਾਉਣ ਵਾਲੇ, ਜਾਂ ਬੀਮਾ ਅਤੇ ਫਾਰਮਾਸਿਊਟੀਕਲ ਲਾਬਿਸਟ ਦਾ ਪੱਖ ਪੂਰੇ। ਇਕ ਅਜਿਹਾ ਆਗੂ ਚੁਣੋ ਜੋ ਤੁਹਾਡੇ ਦੇਸ਼ ਵਿਚ ਨੌਕਰੀਆਂ ਪੈਦਾ ਕਰੇ ਅਤੇ ਕੰਪਨੀਆਂ ਨੂੰ ਸਿਰਫ ਉਨ੍ਹਾਂ ਦੇ ਦਾਇਰੇ ਵਿੱਚ ਰਹਿਣ ਦੀ ਪੇਸ਼ਕਸ਼ ਕਰੇ ਨਾਂ ਕਿ ਰਾਸ਼ਟਰੀ ਰੁਜ਼ਗਾਰ ਸੰਕਟ ਹੋਣ ਤੇ ਕਾਰਪੋਰੇਸ਼ਨਾਂ ਨੂੰ ਸਸਤੀ ਕਿਰਤ ਲਈ ਨੌਕਰੀਆਂ ਆਊਟਸੋਰਸ ਕਰਨ ਦੀ ਆਗਿਆ ਦਿੰਦਾ ਹੋਵੇ। ਇੱਕ ਅਜਿਹਾ ਨੇਤਾ ਚੁਣੋ ਜੋ ਪੁਲਾਂ ਦੀ ਉਸਾਰੀ ਵਿੱਚ ਨਿਵੇਸ਼ ਕਰੇਗਾ, ਨਾ ਕਿ ਦੀਵਾਰਾਂ ਲਈ, ਕਿਤਾਬਾਂ ਲਈ ਹਥਿਆਰ ਲਈ ਨਹੀਂ, ਭ੍ਰਿਸ਼ਟਾਚਾਰ ਦੀ ਥਾਂ ਨੈਤਿਕਤਾ, ਅਗਿਆਨਤਾ ਦੀ ਜਗ੍ਹਾ ਬੌਧਿਕਤਾ ਅਤੇ ਸਿਆਣਪ, ਨਾ ਡਰ ਅਤੇ ਦਹਿਸ਼ਤ, ਹਫੜਾ-ਦਫੜੀ ਨਾਲੋਂ ਸ਼ਾਂਤੀ ਨੂੰ ਪਹਿਲ ਦੇਵੇ। ਇਸਦੇ ਨਾਲ ਹੀ ਪਿਆਰ ਕਰੇ ਨਫ਼ਰਤ ਨਹੀਂ, ਪਰਿਵਰਤਨ ਪਰ ਅਲੱਗ ਨਹੀਂ,ਸਹਿਣਸ਼ੀਲਤਾ ਕਰੇ ਵਿਤਕਰਾ ਨਹੀਂ, ਨਿਰਪੱਖਤਾ ਕਰੇ ਪਖੰਡ ਨਹੀਂ, ਚਰਿੱਤਰ ਵਾਲਾ ਹੋਵੇ ਅਪਵਿੱਤਰ ਨਹੀਂ,ਪਾਰਦਰਸ਼ਤਾ ਦਿਖਾਵੇ ਗੁਪਤਤਾ ਨਹੀਂ ਅਤੇ ਨਿਆਂ ਕਰੇ ਕੁਧਰਮ ਨਹੀਂ । ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਇੱਕ ਮਹਾਨ ਨੇਤਾ ਨੂੰ ਪਹਿਲਾਂ ਬਹੁਤੇ ਰਾਸ਼ਟਰੀ ਕਾਰਪੋਰੇਸ਼ਨਾਂ ਦੀ ਨਹੀਂ, ਲੋਕਾਂ ਦੇ ਭਲੇ ਦੀ ਸੇਵਾ ਕਰਨੀ ਚਾਹੀਦੀ ਹੈ। ਮਨੁੱਖੀ ਜੀਵਨ ਨੂੰ ਕਦੇ ਵੀ ਮੁਦਰਾ ਲਾਭ ਲਈ ਕੁਰਬਾਨ ਨਹੀਂ ਕੀਤਾ ਜਾਣਾ ਚਾਹੀਦਾ ਇਸ ਵਿੱਚ ਕੋਈ ਅਪਵਾਦ ਨਹੀਂ ਹੈ। ਇਸ ਤੋਂ ਇਲਾਵਾ, ਇਕ ਨੇਤਾ ਹਮੇਸ਼ਾਂ ਆਲੋਚਨਾ ਕਰਨ ਲਈ ਖੁੱਲਾ ਹੋਣਾ ਚਾਹੀਦਾ ਹੈ, ਮਤਭੇਦਾਂ ਨੂੰ ਚੁੱਪ ਕਰਾਉਣ ਲਈ ਨਹੀਂ। ਕੋਈ ਵੀ ਆਗੂ ਜਿਹੜਾ ਲੋਕਾਂ ਦੀ ਆਲੋਚਨਾ ਨੂੰ ਬਰਦਾਸ਼ਤ ਨਹੀਂ ਕਰਦਾ ਹੈ, ਆਪਣੇ ਗੰਦੇ ਹੱਥਾਂ ਨਾਲ ਭਾਰੀ ਰੌਸ਼ਨੀ ਦੇ ਸਾਮ੍ਹਣੇ ਆਉਣ ਤੋਂ ਡਰਦਾ ਹੈ ਅਤੇ ਅਜਿਹਾ ਆਗੂ ਹੀ ਖ਼ਤਰਨਾਕ ਹੈ, ਕਿਉਂਕਿ ਉਹ ਸਿਰਫ ਹਨੇਰੇ ਵਿੱਚ ਸੁਰੱਖਿਅਤ ਮਹਿਸੂਸ ਕਰਦਾ ਹੈ। ਸਿਰਫ ਇੱਕ ਨੇਤਾ ਜੋ ਭ੍ਰਿਸ਼ਟਾਚਾਰ ਤੋਂ ਮੁਕਤ ਹੈ ਪੜਤਾਲ ਦਾ ਸਵਾਗਤ ਕਰਦਾ ਹੈ, ਕਿਉਂਕਿ ਪੜਤਾਲ ਇੱਕ ਚੰਗੇ ਨੇਤਾ ਨੂੰ ਵਧੀਆ ਲੀਡਰ ਬਣਨ ਦੀ ਆਗਿਆ ਦਿੰਦੀ ਹੈ। ਅੰਤ ਵਿੱਚ, ਇੱਕ ਅਜਿਹਾ ਨੇਤਾ ਚੁਣੋ ਜੋ ਨਾਗਰਿਕਾਂ ਨੂੰ ਮਾਣ ਦਿਵਾਏਗਾ। ਉਹ ਜੋ ਲੋਕਾਂ ਦੇ ਦਿਲਾਂ ਨੂੰ ਰੋਸ਼ਨ ਕਰੇਗਾ, ਤਾਂ ਜੋ ਕਿਸੇ ਕੌਮ ਦੇ ਬੇਟੇ ਅਤੇ ਧੀਆਂ ਆਪਣੇ ਨੇਤਾ ਦੀ ਮਹਾਨਤਾ ਦਾ ਅਨੁਮਾਨ ਲਗਾਉਣ ਦੀ ਕੋਸ਼ਿਸ਼ ਕਰਨ। ਇੱਕ ਰਾਸ਼ਟਰ ਸੱਚਮੁੱਚ ਉਦੋਂ ਮਹਾਨ ਹੋਵੇਗਾ, ਜਦੋਂ ਇੱਕ ਲੀਡਰ ਭਵਿੱਖ ਦੇ ਨੇਤਾ, ਫੈਸਲਾ ਲੈਣ ਵਾਲੇ ਅਤੇ ਸ਼ਾਂਤੀ ਨਿਰਮਾਤਾ ਬਣਨ ਦੇ ਯੋਗ ਨਾਗਰਿਕਾਂ ਨੂੰ ਪ੍ਰੇਰਿਤ ਅਤੇ ਪੈਦਾ ਕਰਦਾ ਹੈ ਅਤੇ ਇਸ ਸਮੇਂ ਵਿਚ, ਇਕ ਮਹਾਨ ਨੇਤਾ ਬਹੁਤ ਬਹਾਦਰ ਵੀ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਲੀਡਰਸ਼ਿਪ ਨੂੰ ਰਿਸ਼ਵਤ ਦੀ ਬਜਾਏ ਸਿਰਫ ਉਨ੍ਹਾਂ ਦੀ ਜ਼ਮੀਰ ਦੁਆਰਾ ਚਲਾਇਆ ਜਾਣਾ ਚਾਹੀਦਾ ਹੈ।

**ਲੇਖਕ- ਸੂਜ਼ੀ, ਅਮਰੀਕਾ** (Suzy, Author, USA)
**ਪੰਜਾਬੀ 'ਚ ਉਲੱਥਾ - ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# 7 ਨਵੰਬਰ 2021 ਦੇ ਯੂਬਾ ਸਿਟੀ ਵਿਖੇ "ਸ਼ਬਦ ਗੁਰੂ ਗ੍ਰੰਥ ਸਾਹਿਬ" ਦੇ ਗੁਰਗੱਦੀ ਦਿਵਸ ਬਾਰੇ










ਸ਼ਬਦ ਗੁਰੂ ਗ੍ਰੰਥ ਦੇ ਗੁਰਗੱਦੀ ਦਿਵਸ 'ਤੇ ਯੂਬਾ ਸਿਟੀ ਵਿਖੇ ਸੰਗਤਾਂ ਦਾ ਠਾਠਾਂ ਮਾਰਦਾ ਇਕ ਲੱਖ ਤੋਂ ਵੀ ਉੱਪਰ ਦਾ ਇਕੱਠ ਸੀ। ਬਹੁਤਿਆਂ ਨੇ ਮਾਸਕ ਨਹੀਂ ਪਰ ਕੁਝ ਨੇ ਪਾਏ ਹੋਏ ਸੀ। ਇਸ ਜੋੜ ਮੇਲੇ ਵਿੱਚ ਕਰੀਬ ਸਾਰੀਆਂ ਕੌਮਾਂ ਦੇ ਲੋਕ ਸ਼ਾਮਲ ਹੁੰਦੇ ਨੇ ਪਰ ਵੱਧ ਗਿਣਤੀ ਸਿੱਖਾਂ ਦੀ ਹੁੰਦੀ ਹੈ। ਸ਼ਬਦ ਸਿਧਾਂਤ ਨਾਲ਼ੋਂ ਜ਼ਿਆਦਾ ਕਲਚਰਲ ਤੇ ਰਵਾਇਤੀ ਪ੍ਰਚਾਰ ਹੁੰਦਾ ਹੈ। ਰਵਾਇਤੀ ਕੀਰਤਨੀਏ, ਢਾਢੀ, ਕਥਾਵਾਚਕ, ਸਾਧ ਸੰਪ੍ਰਦਾਈ, ਮਿਸ਼ਨਰੀ, ਖਾਲਿਸਤਾਨੀ, ਵੱਧ ਤੋਂ ਵੱਧ ਸਭਾ ਸੁਸਾਇਟੀਆਂ, ਗੁਰਦੁਆਰਾ ਪ੍ਰਬੰਧਕ ਤੇ ਰਾਜਨੀਤਕ ਨਰਮ ਤੇ ਗਰਮ ਲੀਡਰ ਵੀ ਸ਼ਾਮਲ ਹੁੰਦੇ ਹਨ।

ਵੱਖ-ਵੱਖ ਫ਼ਲੋਟਾਂ ਵਾਲੇ ਗਾ ਬੋਲ ਕੇ ਆਪੋ ਆਪਣੇ ਜੌਹਰ ਦਿਖਾਉਂਦੇ ਹਨ। ਵੱਖ-ਵੱਖ ਤਰਾਂ ਦੇ ਸੈਂਕੜੇ ਫ੍ਰੀ ਲੰਗਰ ਚੱਲਦੇ ਹਨ। ਮੇਲੇ ਵਾਂਗ ਬਹੁਤ ਵੱਡੀ ਕਮਰਸ਼ੀਅਲ ਸਟਾਲ ਮਾਰਕੀਟ ਵੀ ਲਗਦੀ ਹੈ ਜਿੱਥੇ ਮੁਨਿਆਰੀ, ਕੰਬਲਾਂ, ਪੁਸਤਕਾਂ, ਗੁਰਬਾਣੀ ਰੇਡੀਓ, ਸੀਨਰੀਆਂ ਸਜਾਵਟ ਫੋਟੋਆਂ ਗੱਲ ਕੀ ਕਰੀਬ ਹਰ ਐਟਮ ਦੇ ਸਟਾਲ ਹੁੰਦੇ ਹਨ।

ਫ੍ਰੀ ਮੈਡੀਕਲ ਤੇ ਖ਼ੂਨ ਦਾਨ ਕੈਂਪ ਲੱਗਦੇ ਹਨ। ਇਸ ਮੇਲੇ ਤੇ ਗੁਰੂ ਗਿਆਨ ਲੈਣ ਨਾਲ਼ੋਂ ਜ਼ਿਆਦਾ ਲੋਕ ਖ਼ਰੀਦੋ ਫਰੋਕਤ ਕਰਦੇ ਤੇ ਦੂਰ ਦੁਰੇਡੇ ਤੋਂ ਆਏ ਦੋਸਤਾਂ ਮਿੱਤਰਾਂ ਤੇ ਸੰਬੰਧੀਆਂ ਨੂੰ ਮਿਲਦੇ ਹਨ।ਇਕਦਮ ਪੰਜਾਬ ਦੇ ਮੇਲਿਆਂ ਵਰਗਾ ਮਹੌਲ ਹੁੰਦਾ ਹੈ।

ਆਸ ਕਰਦਾ ਹਾਂ ਕਿ ਜਦ ਹੌਲੀ ਹੌਲੀ ਗੁਰਬਾਣੀ ਤੇ ਇਤਿਹਾਸ ਗਿਆਤਾ ਚੰਗੇ ਪ੍ਰਬੰਧਕ ਤੇ ਪ੍ਰਚਾਰਕ ਅੱਗੇ ਆਉਣਗੇ ਤਾਂ ਥੋੜੇ ਸਮੇਂ 'ਚ ਹੀ ਏਡੇ ਵੱਡੇ ਇਕੱਠ ਨੂੰ ਗੁਰੂਆਂ ਭਗਤਾਂ ਦਾ ਸਿਧਾਂਤਕ ਗਿਆਨ ਚੰਗੇ ਸਕੂਲਾਂ ਕਾਲਜਾਂ, ਪ੍ਰੈਕਟੀਕਲ, ਸ਼ੁੱਧ ਲਿਟਰੇਚਰ ਤੇ ਡਿਜੀਟਲ ਮੀਡੀਏ ਰਾਹੀਂ ਵੰਡਣ ਦੀ ਸੇਵਾ ਕਰਕੇ ਸਰਬ-ਸਾਂਝੇ "ਸ਼ਬਦ ਗੁਰੂ ਗ੍ਰੰਥ" ਦਾ ਵਿਦੇਸ਼ੀ ਅਮਰੀਕੀ ਧਰਤੀ ਤੋਂ ਵੰਡਣ ਦਾ ਮਾਨ ਹਾਸਲ ਕਰਨਗੇ।

ਨੋਟ-ਅਸੀਂ ਵੀ ਹਰ ਸਾਲ ਇਸ ਜੋੜ ਮੇਲੇ ਤੇ ਆਪਣੀ ਵਿੱਤ ਮੁਤਾਬਕ ਗੁਰਮਤਿ ਲਿਟੇਰੇਚਰ ਦਾ ਸਟਾਲ ਲਾਉਂਦੇ ਹਾਂ ਜਿੱਥੇ ਸੰਗਤਾਂ ਸਾਡੇ ਕੋਲ਼ੋਂ ਗੁਰਬਾਣੀ ਪੋਥੀਆਂ, ਸਟੀਕ, ਫਲਾਸਫੀ ਤੇ ਇਤਿਹਾਸਿਕ ਪੁਸਤਕਾਂ ਲੈਂਦੀਆਂ ਓਥੇ ਕਈ ਗੁਰਮਤਿ ਪ੍ਰਤੀ ਵਿਚਾਰ ਵਿਟਾਂਦਰਾ ਤੇ ਸਵਾਲ ਜਵਾਬ ਵੀ ਸ਼ਾਂਝੇ ਕਰ-ਦੀਆਂ ਹਨ। ਸਾਡੀ ਸਟਾਲ 'ਤੇ ਵਿਦਵਾਨ, ਲਿਖਾਰੀ ਤੇ ਗੁਰਮਤਿ ਹਿਤੈਸ਼ੀ ਸੱਜਨ ਵੀ ਦਰਸ਼ਨ ਦਿੰਦੇ ਹਨ।




**ਅਵਤਾਰ ਸਿੰਘ ਮਿਸ਼ਨਰੀ**
**510-432-5827**

ਇਸ ਵਾਰ ਉਨ੍ਹਾਂ ਚੋਂ ਦੇਸ਼ ਦੁਆਬਾ ਅਖਬਾਰ ਸੰਚਾਲਕ ਸ੍ਰੀ ਪ੍ਰੇਮ ਕੁਮਾਰ ਚੁੰਬਰ, ਪੰਥ ਪ੍ਰਸਿੱਧ ਪ੍ਰਚਾਰਕ ਭਾਈ ਹਰਮਨਪ੍ਰੀਤ ਸਿੰਘ ਖਾਲਸਾ, ਸ੍ਰ ਕੁਲਦੀਪ ਸਿੰਘ ਯੂਬਾ ਸਿਟੀ, ਪ੍ਰੋ ਮੱਖਨ ਸਿੰਘ ਤੇ ਸਰਬਜੀਤ ਸਿੰਘ ਸੈਕਰਾਮੈਂਟੋ, ਕੀਰਤਨੀ ਉਸਤਾਦ ਭਾਈ ਗੋਪਾਲ ਸਿੰਘ ਅਨ-ਦਪੁਰ ਸਾਹਿਬ, ਸਿੱਖ ਚਿੰਤਕ ਸ੍ਰ ਅਮਰਜੀਤ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ ਸੈਂਟਾਂ ਕਲਾਰਾ, ਅਪਗ੍ਰੇਡ ਨਿਧੜਕ ਪ੍ਰਚਾਰਕ ਸ੍ਰ ਚਮਕੌਰ ਸਿੰਘ ਫਰਿਜਨੋ, ਸ੍ਰ ਕੁਲਦੀਪ ਸਿੰਘ ਮਜੀਠੀਆ, ਗੁਰਬਾਣੀ ਰੇਡੀਓ ਵਾਲੇ ਸੁਖਦੇਵ ਸਿੰਘ, ਭਾਈ ਆਲਮ ਸਿੰਘ ਸਾਬਕਾ ਹੈਂਡ ਗ੍ਰੰਥੀ ਗੁ। ਮੋਡੈਸਟੋ, ਆਮ ਆਦਮੀ ਪਾਰਟੀ ਦੇ ਕੁਝ ਸੱਜਨ ਤੇ ਕਿਸਾਨ ਵੀਰ ਵੀ ਆਏ ਤੇ ਕੁਝ ਬੀਬੀਆਂ ਨੇ ਇਹ ਸਟਾਲ ਵੈਸਟ ਸੈਕਰਾਮੈਂਟੋ ਗੁਰਦੁਆਰੇ ਲਗਾਉਣ ਦੀ ਬੇਨਤੀ ਵੀ ਕੀਤੀ! ਹੇਠਾਂ ਨਗਰ ਕੀਰਤਨ ਤੇ ਗੁਰਮਤਿ ਸਟਾਲ ਦੀਆਂ ਕੁਝ ਤਸਵੀਰਾਂ-


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕੋਲੋਰਾਡੋ ਦੇ ਇਕ ਹਾਈ ਸਕੂਲ ਨੇੜੇ ਹੋਈ ਗੋਲੀਬਾਰੀ ਵਿਚ 6 ਵਿਦਿਆਰਥੀ ਜ਼ਖਮੀ

**ਸੈਕਰਾਮੈਂਟੋ 16 ਨਵੰਬਰ (ਹੁਸਨ ਲੜੋਆ ਬੰਗਾ)–** ਔਰੋਰਾ (ਕੋਲੋਰਾਡੋ) ਦੇ ਇਕ ਹਾਈ ਸਕੂਲ ਦੇ ਨਾਲ ਲੱਗਦੇ ਪਾਰਕ ਵਿਚ ਹੋਈ ਗੋਲੀਬਾਰੀ ਵਿਚ 14 ਤੋਂ 18 ਸਾਲਾਂ ਦੇ 6 ਨੌਜਵਾਨ ਜ਼ਖਮੀ ਹੋ ਗਏ। ਪੁਲਿਸ ਮੁੱਖੀ ਵੈਨੇਸਾ ਵਿਲਸਨ ਨੇ ਕਿਹਾ ਹੈ ਕਿ ਜ਼ਖਮੀ ਹੋਏ ਸਾਰੇ ਵਿਦਿਆਰਥੀ ਔਰੋਰਾ ਸੈਂਟਰਲ ਹਾਈ ਸਕੂਲ ਦੇ ਹਨ ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਮੁੱਖੀ ਨੇ ਕਿਹਾ ਕਿ ਮੌਕੇ ਉਪਰੋਂ ਵੱਖ ਵੱਖ ਬੰਦੂਕਾਂ ਵਿਚੋਂ ਚਲੇ ਹੋਏ ਕਾਰਤੂਸ ਮਿਲੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਘਟਨਾ ਵਿਚ ਇਕ ਤੋਂ ਜਿਆਦਾ ਸ਼ੱਕੀ ਸ਼ਾਮਿਲ ਸਨ। ਵਿਲਸਨ ਨੇ ਕਿਹਾ ਕਿ ਸਾਰੇ ਜ਼ਖਮੀ ਵਿਦਿਆਰਥੀਆਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਕਈ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ। ਘੱਟੋ ਘੱਟ 30 ਗੋਲੀਆਂ ਚੱਲੀਆਂ ਹਨ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਤੇ ਜ਼ਖਮੀ ਹੋਏ ਵਿਦਿਆਰਥੀਆਂ ਕੋਲੋਂ ਵੀ ਘਟਨਾ ਸਬੰਧੀ ਪੁੱਛਗਿੱਛ ਕੀਤੀ ਗਈ ਹੈ। ਪੁਲਿਸ ਮੁੱਖੀ ਨੇ ਅਪੀਲ ਕੀਤੀ ਹੈ ਕਿ ਜਿਸ ਵੀ ਕਿਸੇ ਨੂੰ ਘਟਨਾ ਸਬੰਧੀ ਕੋਈ ਜਾਣਕਾਰੀ ਹੈ , ਉਹ ਪੁਲਿਸ ਨੂੰ ਦੱਸਣ ਲਈ ਅੱਗੇ ਆਵੇ। ਉਨ੍ਹਾਂ ਕਿਹਾ ਕਿ ਗੋਲੀਬਾਰੀ ਦੀਆਂ ਘਟਨਾਵਾਂ ਇਕ ਸਮਾਜਿਕ ਸੰਕਟ ਹੈ ਜਿਸ ਦਾ ਹੱਲ ਇਕਜੁੱਟ ਹੋ ਕੇ ਹੀ ਲੱਭਿਆ ਜਾ ਸਕਦਾ ਹੈ। ਨੋਮ ਪਾਰਕ ਜਿਸ ਵਿਚ ਗੋਲੀਬਾਰੀ ਹੋਈ, ਸੈਂਟਰਲ ਹਾਈ ਸਕੂਲ ਦੇ ਦੱਖਣ ਵਾਲੇ ਪਾਸੇ ਹੈ ਤੇ ਇਹ 8 ਏਕੜ ਵਿਚ ਫੈਲਿਆ ਹੋਇਆ ਹੈ। ਇਸ ਵਿਚ ਇਕ ਖੇਡ ਦਾ ਮੈਦਾਨ ਹੈ ਤੇ ਬਾਗ ਹੈ ਜਿਥੇ ਅਕਸਰ ਲੋਕ ਸੈਰ ਕਰਨ ਲਈ ਆਉਂਦੇ ਹਨ। ਔਰੋਰਾ ਸੈਂਟਰਲ ਹਾਈ ਸਕੂਲ ਵਿਚ 2000 ਤੋਂ ਵਧ ਵਿਦਿਆਰਥੀ ਪੜ੍ਹਦੇ ਹਨ।



# ਭਾਰਤੀ ਮੂਲ ਦੀ ਨਿਊਕਲਰ ਇੰਜੀਨੀਅਰ ਨਾਸਾ ਦੇ ਦਫਤਰ ਦੀ ਪ੍ਰਮੁੱਖ ਬਣੀ

**ਸੈਕਰਾਮੈਂਟੋ 17 ਨਵੰਬਰ (ਹੁਸਨ ਲੜੋਆ ਬੰਗਾ)–**ਭਾਰਤੀ ਮੂਲ ਦੀ ਅਮਰੀਕਨ ਨਿਊਕਲਰ ਇੰਜੀਨੀਅਰ ਭਵਿਆ ਲਾਲ ਤਕਨੀਕ, ਨੀਤੀ ਤੇ ਰਣਨੀਤੀ ਸਬੰਧੀ ਨਾਸਾ ਦੇ ਦਫਤਰ ਦੀ ਅਗਵਾਈ ਕਰੇਗੀ। ਨਾਸਾ ਨੇ ਇਕ ਐਲਾਨ ਵਿਚ ਕਿਹਾ ਹੈ ਕਿ ਭਵਿਆ ਲਾਲ ਹਾਲ ਹੀ ਵਿਚ ਬਣਾਏ ਗਏ ਨਵੇਂ ਦਫਤਰ 'ਟੈਕਨਾਲੋਜੀ, ਪਾਲਸੀ ਐਂਡ ਸਟਰੈਟਜੀ' ਦੀ ਪ੍ਰਮੁੱਖ ਅਧਿਕਾਰੀ ਵਜੋਂ ਸੇਵਾਵਾਂ ਨਿਭਾਏਗੀ। ਰਲੀਜ ਵਿਚ



ਕਿਹਾ ਗਿਆ ਹੈ ਕਿ ਭਵਿਆ ਲਾਲ ਮੁੱਖ ਕਾਰਜਕਾਰੀ ਇੰਜੀਨੀਅਰ ਵਜੋਂ ਵੀ ਆਪਣੀਆਂ ਸੇਵਾਵਾਂ ਦੇਵੇਗੀ। ਭਵਿਆ ਲਾਲ ਰਾਜਸੀ ਤੌਰ 'ਤੇ ਰਾਸ਼ਟਰਪਤੀ ਜੋ ਬਾਈਡਨ ਨਾਲ ਜੁੜੀ ਹੋਈ ਹੈ ਤੇ ਉਹ ਨਾਸਾ ਨਾਲ ਸਬੰਧਤ ਅਨੇਕਾਂ ਅਹੁੱਦਿਆਂ ਉਪਰ ਕੰਮ ਕਰ ਚੁੱਕੀ ਹੈ। ਇਸ ਸਾਲ ਦੇ ਸ਼ੁਰੂ ਤੋਂ ਹੀ ਲਾਲ ਨੇ ਨਾਸਾ ਦੇ ਪ੍ਰਤੀਨਿੱਧ ਵਜੋਂ ਬਹੁਤ ਸਾਰੀਆਂ ਕਾਨਫਰੰਸਾਂ ਤੇ ਵੈਬੀਨਾਰਾਂ ਵਿਚ ਹਿੱਸਾ ਲਿਆ ਹੈ।

# ਕਾਮਰੇਡ ਮਾਸਟਰ ਹਰਭਜਨ ਸਿੰਘ ਬਾਸੀ ਨਹੀਂ ਰਹੇ, ਸੰਸਕਾਰ 18 ਨੂੰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)** ਕਾਮਰੇਡ ਮਾਸਟਰ ਹਰਭਜਨ ਸਿੰਘ ਬਾਸੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ ਅਕਾਲ ਪੁਰਖ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਕਾਮਰੇਡ ਮਾਸਟਰ ਹਰਭਜਨ ਸਿੰਘ ਬਾਸੀ ਜੀ ਦਾ ਜਨਮ ਵੰਡ ਤੋਂ ਪਹਿਲਾਂ 1932 ਈ: ਨੂੰ ਪਾਕਿਸਤਾਨ ਵਾਲੇ ਪਾਸੇ ਇੰਡੀਆ ਵਿਚ ਚੱਕ ਨੰਬਰ 7 ਲਾਇਲਪੁਰ ਵਿਖੇ ਹੋਇਆ, ਜਿਸ ਨੂੰ ਅੱਜ ਕੱਲ ਫੈਸਲਾਬਾਦ ਕਿਹਾ ਜ਼ਾਦਾ ਹੈ। ਆਪ ਜੀ ਦੇ ਵਡੇਰੇ ਭਾਰਤ ਪਾਕਿ ਵੰਡ ਤੋਂ ਬਾਅਦ ਵਿਚ ਸੂਬਾ ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਪਿੰਡ ਵਡਾਲਾ ਦੇ ਵਸਨੀਕ ਬਣ ਗਏ ਤੇ ਉਹਨਾਂ ਦਾ ਜ਼ਿਆਦਾ ਸਮਾਂ ਪਿੰਡ ਦਾਦੂਵਾਲ ਜ਼ਿਲ੍ਹਾ ਜਲੰਧਰ ਵਿਖੇ ਗੁਜ਼ਰਿਆ। ਉਥੇ ਹੀ ਉਹਨਾਂ ਆਪਣਾ ਬਚਪਨ ਲੰਘਾਇਆ ਤੇ ਜਵਾਨੀ ਚ ਅਧਿਆਪਕ ਦੇ ਕਿੱਤੇ ਨਾਲ ਜੋੜ ਲਿਆ। ਕਾਮਰੇਡ ਹਰਭਜਨ ਸਿੰਘ ਬਾਸੀ ਜੀ ਨੇ 35 ਸਾਲ ਬਤੌਰ ਅਧਿਆਪਕ ਨੌਕਰੀ ਕੀਤੀ ਤੇ ਬਤੌਰ ਸੈਂਟਰ ਹੈਡ ਰਿਟਾਇਰਡ ਹੋਏ। ਆਪ ਜੀ ਨੇ ਨੌਕਰੀ ਦੇ ਨਾਲ ਨਾਲ ਕਮਿਊਨਿਸਟ ਪਾਰਟੀ ਸੀ ਪੀ ਐਮ ਦੇ ਲਈ ਕਾਫੀ ਸ਼ਲਾਘਾਯੋਗ ਕੰਮ ਕੀਤੇ ਤੇ ਉਸ ਪਾਰਟੀ ਦੇ ਐਕਟਿਵ ਮੈਂਬਰ ਵੀ ਰਹੇ। ਸਮੇਂ ਸਮੇਂ ਸੀ ਪੀ ਐਮ ਪਾਰਟੀ ਵੱਲੋਂ ਹੁੰਦੀਆਂ ਸਰਗਰਮੀਆਂ ਵਿਚ ਆਪ ਜੀ ਨੇ ਬਤੌਰ ਐਕਟਿਵ ਮੈਂਬਰ ਸ਼ਾਮਿਲ ਹੁੰਦੇ ਸਨ । ਉਹ ਬੂਟਾ ਸਿੰਘ ਬਾਸੀ ਸਾਂਝੀ ਸੋਚ ਟੀ ਵੀ ਅਤੇ ਸਾਂਝੀ ਸੋਚ ਅਖਬਾਰ ਦੇ ਮਾਲਕ ਦੇ ਪਿਤਾ ਸਨ। ਮਾਸਟਰ ਹਰਭਜਨ ਸਿੰਘ ਜੀ ਕਾਫੀ ਲੰਮੇ ਸਮੇਂ ਤੋਂ ਅਮਰੀਕਾ ਵਿਚ ਕੈਲੇਫੋਰਨੀਆ ਵਿਚ ਆ ਕੇ ਵਸ ਗਏ । ਉਹ ਪਿਛਲੇ 10 -15 ਦਿਨਾਂ ਤੋਂ ਬੀਮਾਰ ਚੱਲ ਰਹ ਸਨ। ਬੀਮਾਰੀ ਦੇ ਕਾਰਨ ਪਿਛਲੇ ਦਿਨੀਂ 13 ਨਵੰਬਰ ਨੂੰ ਉਹ ਅਕਾਲ ਪੁਰਖ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਉਹਨਾਂ ਦਾ ਸਸਕਾਰ ਐਲਨ ਮੋਰਚੂਅਰੀ 247 ਨੌਰਥ ਬਰਾਡਵੇ ਟਰਲਕ ਕੈਲੀਫੋਰਨੀਆ 95380 ਵਿਖੇ 18 ਨਵੰਬਰ 2021 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਦੇ ਵਿਚਕਾਰ ਕੀਤਾ ਜਾਵੇਗਾ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਲਈ ਰੱਖੇ ਗਏ ਪਾਠ ਦਾ ਭੋਗ ਮਿਤੀ 18 ਨਵੰਬਰ 2021 ਨੂੰ ਬਾਅਦ ਦੁਪਹਿਰ 12-30 ਵਜੇ ਤੋਂ 3-30 ਵਜੇ ਤੱਕ ਮੁਡਿਸਟੋ ਸੀਰਸ ਗੁਰਦੁਆਰਾ ਸਾਹਿਬ 5743, ਈਸਟ ਹੈਚ ਰੋਡ ਹੁਸਨ ਕੈਲੀਫੋਰਨੀਆ 95326 ਵਿਖੇ ਪਾਇਆ ਜਾਵੇਗਾ। ਇਹ ਜਾਣਕਾਰੀ ਕਾਮਰੇਡ ਮਾਸਟਰ ਹਰਭਜਨ ਸਿੰਘ ਬਾਸੀ ਜੀ ਦੇ ਸਪੁੱਤਰ ਬੂਟਾ ਸਿੰਘ ਬਾਸੀ ਸਾਂਝੀ ਸੋਚ ਟੀ ਵੀ ਅਤੇ ਸਾਂਝੀ ਸੋਚ ਅਖਬਾਰ ਦੇ ਮਾਲ ਵਲੋਂ ਦਿੱਤੀ ਗਈ।



**ਅਦਾਰਾ ਦੇਸ਼ ਦੁਆਬਾ ਵੱਲੋਂ 'ਸਾਂਝੀ ਸੋਚ' ਅਖਬਾਰ ਦੇ ਮੁੱਖ ਸੰਪਾਦਕ ਸ੍ਰੀ ਬੂਟਾ ਸਿੰਘ ਬਾਸੀ ਜੀ ਨਾਲ ਦਿਲੀ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਅਸੀਂ ਅਰਦਾਸ ਕਰਦੇ ਹਾਂ ਕਿ ਵਿਛੜੀ ਆਤਮਾ ਨੂੰ ਵਾਹਿਗੁਰੂ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।**






# ਸ਼੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਪੁਰਬ ਤੋਂ ਪਹਿਲਾਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹ ਕੇ ਮੋਦੀ ਸਰਕਾਰ ਨੇ ਸੰਗਤਾਂ ਨੂੰ ਦਿੱਤਾ ਅਨੋਖਾ ਤੋਹਫਾ- ਅਸ਼ਵਨੀ ਸ਼ਰਮਾ

## ਸ਼੍ਰੀ ਕਰਤਾਰਪੁਰ ਸਾਹਿਬ ਲਾਂਘਾ ਖੁੱਲਣ 'ਤੇ ਅਸ਼ਵਨੀ ਸ਼ਰਮਾ ਨੇ ਪ੍ਰਧਾਨ ਮੰਤਰੀ ਮੋਦੀ ਦਾ ਕੀਤਾ ਧੰਨਵਾਦ, ਲੱਡੂ ਵੰਡ ਕੇ ਮਨਾਈ ਖੁਸ਼ੀ

**ਚੰਡੀਗੜ੍ਹ: 16 ਨਵੰਬਰ–** ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 19 ਨਵੰਬਰ ਨੂੰ ਮਨਾਏ ਜਾਣ ਵਾਲੇ ਪ੍ਰਕਾਸ਼ ਪੁਰਬ 'ਤੋਂ ਪਹਿਲਾਂ 17 ਨਵੰਬਰ ਨੂੰ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣ ਸਬੰਧੀ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਭਾਜਪਾ ਵਰਕਰਾਂ ਨੇ ਜੈਕਾਰਿਆਂ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦਿਆਂ ਲੱਡੂ ਵੰਡ ਕੇ ਖੁਸ਼ੀ ਮਨਾਈ।

ਅਸ਼ਵਨੀ ਸ਼ਰਮਾ ਨੇ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਪ੍ਰਕਾਸ਼ ਪੁਰਬ ਤੋਂ ਪਹਿਲਾਂ ਸੰਗਤਾਂ ਨੂੰ ਬੜਾ ਅਣਮੁੱਲਾ ਤੋਹਫਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਕਾਰੀਡੋਰ ਪਿਛਲੇ ਸਾਲ ਵਿਸ਼ਵ ਪੱਧਰ 'ਤੇ ਫੈਲੀ ਕੋਰੋਨਾ ਮਹਾਮਾਰੀ ਕਾਰਨ ਦੇਸ਼ ਦੇ ਲੋਕਾਂ ਦੀ ਸਿਹਤ ਸੁਰੱਖਿਆ ਕਾਰਨਾਂ ਕਰਕੇ ਬੰਦ ਕਰ ਦਿੱਤਾ ਗਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੁਸ਼ਲ ਅਤੇ ਸਾਰਥਕ ਅਗਵਾਈ ਹੇਠ, ਹੁਣ ਦੇਸ਼ ਵਿੱਚ ਕੋਰੋਨਾ ਮਹਾਂਮਾਰੀ ਲਗਭਗ ਕਾਬੂ ਵਿੱਚ ਹੈ ਅਤੇ ਦੇਸ਼ ਬਹੁਤ ਤੇਜ਼ੀ ਨਾਲ ਅੰਨਲੋਕ ਵੱਲ ਵਧ ਰਿਹਾ ਹੈ। ਅਜਿਹੀ ਸਥਿਤੀ ਵਿੱਚ ਸਮਸਤ ਨਾਨਕ ਨਾਮ ਲੇਵਾ ਸੰਗਤ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ



ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਇਸ ਗੁਰੂਘਰ ਦੇ ਦਰਸ਼ਨਾਂ ਲਈ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਮੰਗ ਕਰ ਰਹੀ ਸੀ। ਸੰਗਤਾਂ ਦੀ ਇਸ ਮੰਗ ਨੂੰ ਲੈ ਕੇ ਭਾਜਪਾ ਆਗੂਆਂ ਦਾ ਵਫ਼ਦ ਭਾਰਤ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਨੂੰ ਮਿਲਿਆ ਸੀ ਅਤੇ ਇਸ ਪਵਿੱਤਰ ਦਿਹਾੜੇ ਤੋਂ ਪਹਿਲਾਂ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਮੁੜ ਖੋਲਣ ਦੀ ਮੰਗ ਕੀਤੀ ਸੀ, ਜਿਸ ਨੂੰ ਅੱਜ ਮੋਦੀ ਸਰਕਾਰ ਨੇ ਪੂਰਾ ਕਰ ਦਿੱਤਾ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਭਾਜਪਾ ਆਗੂਆਂ ਦੀ ਮੰਗ 'ਤੇ ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਭਰੋਸਾ ਦਿੱਤਾ ਸੀ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਜਲਦੀ ਹੀ ਖੋਲ੍ਹਿਆ ਜਾਵੇਗਾ ਅਤੇ ਸੰਗਤਾਂ ਨੂੰ ਮੁੜ ਗੁਰੂਘਰ ਦੇ ਖੁੱਲੇ ਦਰਸ਼ਨ-ਦੀਦਾਰ ਦੀ ਆਗਿਆ ਦਿੱਤੀ ਜਾਵੇਗੀ ਅਤੇ ਉਹਨਾਂ ਦੀ ਚਿਰੋਕਣੀ ਮੰਗ ਪੂਰੀ ਕਰਨ ਦਾ ਹਰ ਯਤਨ ਕੀਤਾ ਜਾਵੇਗਾ। ਇਸ ਕਥਨ ਨੂੰ ਸੱਚ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯਕੀਨਨ ਗੁਰਪੁਰਬ ਤੋਂ ਪਹਿਲਾਂ ਇਸ ਨੂੰ ਖੋਲ ਕੇ ਸੰਗਤਾਂ ਨੂੰ ਨਿਵੇਕਲਾ ਤੋਹਫ਼ਾ ਦਿੱਤਾ ਹੈ।

ਲਾਂਘੇ ਦੇ ਮੁੜ ਖੁੱਲ੍ਹਣ ਨਾਲ ਇਸ ਪਵਿੱਤਰ ਪ੍ਰਕਾਸ਼ ਪਰਵ ਦੀ ਸ਼ਾਨ ਹੋਰ ਵਧੇਗੀ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਇਸ ਅਣਕਿਆਸੇ ਫੈਸਲੇ ਦਾ ਪੰਜਾਬ ਭਰ ਵਿੱਚ ਨਾਨਕ ਨਾਮ ਲੇਵਾ ਸੰਗਤਾਂ ਨਾਲ ਭਰਪੂਰ ਸਵਾਗਤ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਦੇ ਇਸ ਫੈਸਲੇ ਨਾਲ ਹਰ ਪਾਸੇ ਖੁਸ਼ੀ ਦੀ ਲਹਿਰ ਦੌੜ ਗਈ ਹੈ। ਸੂਬਾ ਭਾਜਪਾ ਮੋਦੀ ਸਰਕਾਰ ਦੇ ਇਸ ਕਾਰਜ ਲਈ ਸਮੂਹ ਨਾਨਕ ਲੇਵਾ ਸੰਗਤਾਂ ਅਤੇ ਪੰਜਾਬ ਵਾਸੀਆਂ ਵਲੋਂ ਧੰਨਵਾਦ ਕਰਦੀ ਹੈ।

# ਭਾਜਪਾ ਜਨਤਾ ਯੁਵਾ ਮੋਰਚਾ ਦੇ ਸੂਬਾ ਪ੍ਰਧਾਨ ਭਾਨੂ ਪ੍ਰਤਾਪ ਨੇ ਸੂਬਾਈ ਟੀਮ ਦਾ ਕੀਤਾ ਵਿਸਤਾਰ

**ਚੰਡੀਗੜ੍ਹ–** ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਸੰਗਠਨ ਜਨਰਲ ਸਕੱਤਰ ਦਿਨੇਸ਼ ਕੁਮਾਰ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਭਾਜਪਾ ਜਨਤਾ ਯੁਵਾ ਮੋਰਚਾ ਦੇ ਸੂਬਾ ਪ੍ਰਧਾਨ ਭਾਨੂ ਪ੍ਰਤਾਪ ਰਾਣਾ ਨੇ ਆਪਣੀ ਟੀਮ ਦਾ ਵਿਸਥਾਰ ਕਰਦੇ ਹੋਏ ਸੂਬਾਈ ਕਾਰਜਕਾਰਨੀ ਮੈਂਬਰਾਂ ਅਤੇ ਭਾਜੁਯੁ ਮੋਕੋ-ਆਈਟੀ -ਸੋਸ਼ਲ ਮੀਡੀਆ ਦੇ ਕੋ-ਇੰਚਾਰਜਾਂ ਦੀਆਂ ਨਿਯੁਕਤੀਆਂ ਕੀਤੀਆਂ ਹਨ।

ਭਾਨੂ ਪ੍ਰਤਾਪ ਨੇ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਸ਼ੂਤੋਸ਼ ਤਿਵਾੜੀ (ਬਠਿੰਡਾ) ਅਤੇ ਗੌਰਵਜੀਤ ਸਿੰਘ (ਲੁਧਿਆਣਾ) ਨੂੰ ਭਾਜੁਯੁਮੋ ਦਾ ਮੀਤ ਪ੍ਰਧਾਨ, ਨਰਿੰਦਰਪਾਲ ਸਿੰਘ (ਜਲੰਧਰ) ਨੂੰ ਜਨਰਲ ਸਕੱਤਰ, ਪ੍ਰਤੀਕ ਕਪੂਰ (ਅੰਮ੍ਰਿਤਸਰ) ਅਤੇ ਅਭਾਸ ਸ਼ਾਕਰ (ਮੁਕੇਰੀਆਂ) ਨੂੰ ਸਕੱਤਰ, ਚਿਰਾਂਸ਼ੂ ਰਤਨ (ਖੰਨਾ) ਨੂੰ ਬੁਲਾਰੇ ਵਜੋਂ ਨਿਯੁਕਤ ਕੀਤਾ ਗਿਆ ਹੈ।



ਭਾਨੂ ਪ੍ਰਤਾਪ ਨੇ ਕਿਹਾ ਕਿ ਭਾਜਪਾ ਦੇ ਕਾਰਜਕਾਰੀ ਮੈਂਬਰ ਵਜੋਂ ਰਾਹੁਲ ਸੂਰੀ (ਬਟਾਲਾ), ਕਾਰਤਿਕ ਦੁੱਗਲ (ਜਲੰਧਰ ਅਰਬਨ), ਦਿਨੇਸ਼ ਕੁਮਾਰ (ਜਲੰਧਰ), ਵਿਸ਼ਾਲ ਸ਼ਰਮਾ (ਪਟਿਆਲਾ), ਮੋਹਿਤ ਸਿੱਕਾ (ਲੁਧਿਆਣਾ), ਮੀਨੂੰ ਬੇਗਮ (ਬਠਿੰਡਾ), ਮੋਹਿਤ ਅਰੋੜਾ (ਕਪੂਰਥਲਾ), ਹਿਮਾਂਸ਼ੂ ਸ਼ਰਮਾ (ਖੰਨਾ), ਰਚਿਤ ਜੈਨ (ਮੁਕੇਰੀਆਂ), ਕਰੁਣ ਗੋਗੀਆ (ਲੁਧਿਆਣਾ), ਹਨੀਸ਼ ਸ਼ਰਮਾ (ਫਿਰੋਜ਼ਪੁਰ), ਅਮਿਤ ਕੁਮਾਰ (ਫਾਜ਼ਿਲਕਾ), ਰੂਪੇਸ਼ ਖੰਨਾ (ਹੁਸ਼ਿਆਰਪੁਰ), ਵਿਨੋਦ ਮਲਿਕ (ਲੁਧਿਆਣਾ), ਮਨੀਕਰਨ (ਅੰਮ੍ਰਿਤਸਰ), ਅਸ਼ੋਕ ਚੌਹਾਨ (ਲੁ-ਧਿਆਣਾ), ਦੀਪਕ ਮਲਹੋਤਰਾ (ਕਪੂਰਥਲਾ), ਨੂਪੁਰ ਚੇਤਲੀ (ਖੰਨਾ), ਕਰਨ ਸਿੰਗਲਾ (ਬਰਨਾਲਾ), ਅਸ਼ੀਸ਼ ਅਗਰਵਾਲ (ਅੰਮ੍ਰਿਤਸਰ), ਅੰਮ੍ਰਿਤ ਧਨੋਆ (ਮੁਕੇਰੀਆਂ), ਤਰੁਣ ਅਰੋੜਾ (ਹੁਸ਼ਿਆਰਪੁਰ), ਗੁਰਵਿੰਦਰ ਸਿੰਘ (ਪਟਿਆਲਾ ਸ਼ਹਿਰੀ), ਵਿਕਰਾਂਤ ਸ਼ੋਰੀ (ਅੰਮ੍ਰਿਤਸਰ), ਆਦਿਸ਼ ਧੀਮਾਨ (ਮਲੇਰਕੋਟਲਾ), ਹਰਪਾਲ ਸਿੰਘ (ਗੁਰਦਾਸਪੁਰ), ਅਮਨਦੀਪ ਸਿੰਘ (ਫਤਿਹਗੜ੍ਹ ਸਾਹਿਬ), ਅਨਮੋਲ ਪਰਾਸ਼ਰ (ਮੁਹਾਲੀ), ਜਸਵੀਰ ਅਰੋੜਾ (ਲੁਧਿਆਣਾ), ਚੰਦਨ ਮੰਗਲ (ਸੁਨਾਮ) ਅਤੇ ਹਿਮਾਂਸ਼ੂ (ਜਲੰਧਰ ਸ਼ਹਿਰੀ) ਨੂੰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਗੌਰਵ ਕਾਲੜਾ (ਬਠਿੰਡਾ), ਦਰਪਣ ਪੁਰੀ (ਪਟਿਆਲਾ ਉੱਤਰੀ), ਅਮਨਦੀਪ ਸਿੰਘ (ਮਾਨਸਾ), ਅਭੀ ਮਿਸ਼ਰਾ (ਲੁਧਿਆਣਾ), ਸਾਹਿਲ ਸੂਦ (ਗੁਰਦਾਸਪੁਰ), ਕਰਨ ਕੌਸ਼ਲ (ਰੋਪੜ), ਪ੍ਰਦੀਪ ਕੁਮਾਰ ਭਾਟੀਆ (ਜਲੰਧਰ), ਰਾਘਵ ਗੋਇਲ (ਸ਼੍ਰੀ ਮੁਕਤਸਰ ਸਾਹਿਬ) ਨੂੰ ਬੀ।ਜੇ।ਵਾਈ।ਐਮ। ਕੋ-ਆਈ।ਟੀ। ਅਤੇ ਸੋਸ਼ਲ ਮੀਡਿਆ ਦੇ ਕੋ-ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮਾਧਵ ਸ਼ਰਮਾ (ਅੰਮ੍ਰਿਤਸਰ) ਨੂੰ ਕਾਲਜ ਆਊਟ ਰੀਚ, ਅਮਿਤ ਭਾਟੀਆ (ਖੰਨਾ) ਨੂੰ ਪ੍ਰੋਗਰਾਮ ਇੰਚਾਰਜ ਅਤੇ ਵਿਵੇਕ ਰਿੰਕਾ (ਮੁਕੇਰੀਆਂ) ਨੂੰ ਸਹਿ-ਸਭਿਆਚਾਰਕ ਇੰਚਾਰਜ ਨਿਯੁਕਤ ਕੀਤਾ ਗਿਆ ਹੈ।

ਅਸ਼ਵਨੀ ਸ਼ਰਮਾ, ਦਿਨੇਸ਼ ਕੁਮਾਰ ਅਤੇ ਭਾਨੂ ਪ੍ਰਤਾਪ ਨੇ ਨਵ-ਨਿਯੁਕਤ ਔਹਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਭਾਜਪਾ ਦੇ ਨਵ-ਨਿਯੁਕਤ ਵਰਕਰ ਦ੍ਰਿੜ ਇਰਾਦੇ ਨਾਲ ਸੂਬੇ ਵਿੱਚ ਭਾਜਪਾ ਦੀ ਮਜ਼ਬੂਤੀ ਲਈ ਕੰਮ ਕਰਨਗੇ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੇ ਇਹ ਵਰਕਰ ਨਿਰਣਾਇਕ ਭੂਮਿਕਾ ਨਿਭਾਉਣਗੇ। ਭਾਜਪਾ ਦੀ ਵਿਚਾਰਧਾਰਾ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਮੁਤਾਬਿਕ ਯੁਵਾ ਮੋਰਚਾ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਭਾਜਪਾ ਨਾਲ ਜੋੜ ਕੇ ਹੋਰ ਮਜ਼ਬੂਤ ਕਰੇਗਾ।

'UNHAIN PARMESHVAR KAY RAAJHA KA PRACHAAR KARNAY AUR BEEMARON KO ACHAA KARNAY KAY LEAY BHEJA' (LUKE 9:2)
THE SAVIOR'S CHURCH
HINDI, PUNJABI, URDU
You are invited to be our guest
Sunday Service
12:00 PM
913 FLOYD AVE. MODESTO, CA 95350
FOR FURTHER INFORMATION CONTACT: +1 (209) 300-9483
ਇਥੇ ਬਿਮਾਰਾਂ ਲਈ ਖਾਸ ਤੋਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗੀਆਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।
209 687 6548, 209 300 9483
ਸਾਡੀ ਵੈਬ ਸਾਈਟ www.thesaviorschurch.net

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu



# ਨਾਨਕ ਦੀਆ ਸਿੱਖਿਆਵਾ ਪ੍ਰਤੀ ਸੱਚੀ ਸਰਧਾ ਦੀ ਲ਼ੋੜ

ਗੁਰੂ ਨਾਨਕ ਸਭ ਧਰਮਾ ਦੇ ਸਾਝੇ ਗੁਰੂ ਸਨ । ਉਹਨਾ ਹਮੇਸਾ ਹੀ ਕੁਲ ਆਲਮ ਦੇ ਭਲੇ ਦੀ ਕਾਮਨਾ ਕੀਤੀ । ਸਿੱਖ ਧਰਮ ਦੇ ਮੋਢੀ ਹੋਣ ਦੇ ਨਾਲ ਉਹ ਇਕ ਕ੍ਰਾਂਤੀਕਾਰੀ ਧਾਰਨਾ ਦੇ ਵੱਡੇ ਅਨੁਆਈ ਵੀ ਹੋਏ । ਜਿਨਾ ਨੇ ਆਪਣੀ ਆਭਾ ਦੇ ਸਦਕੇ ਸਮਾਜ ਵਿੱਚ ਸਕਾਰਾਤਮਕ ਬਦਲਾਉ ਦੀ ਦ੍ਰਿਸਟੀ ਨਾਲ ਬਾਣੀ ਰਚੀ ਤੇ ਵਿਖਿਆਣ ਕੀਤਾ। ਜਿਸ ਨਾਲ ਉਹ ਸਮੁੱਚੀ ਦੁਨੀਆ ਦਾ ਭਲਾ ਲੋਚਦੇ ਹੋਏ ਜਾਤ,ਧਰਮ,ਨਸ਼ਲ ਤੇ ਸਰਹੱਦਾ ਦੀਆ ਬੰਧਸਾ ਨੂੰ ਕੋਹਾ ਦੂਰ ਰੱਖਿਆ । 30 ਸਾਲ ਦੁਨੀਆ ਦੇ ਵੱਖ-2 ਦੇਸਾ ਵਿੱਚ ਅਲੌਕਿਕ ਬਾਣੀ ਦੇ ਨਾਲ ਜਗਤ ਭਲਾਈ ਦਾ ਸਨੇਹਾ ਦਿੰਦੇ ਰਹੇ । ਇਸ ਦੌਰਾਨ ਉਹ ਸ੍ਰੀ ਲੰਕਾ ,ਨੇਪਾਲ ,ਤਿੱਬਤ ,ਸਿੱਕਮ,ਮੱਕਾ ,ਬਗਦਾਦ,ਚੀਨ,ਮੁਲਤਾਨ,ਪਕਿਸਤਾਨ, ਦੇ ਨਾਲੋ ਨਾਲ ਪੰਜਾਬ, ਹਰਿਆਣਾ,ਹਿਮਾਚਲ ਪ੍ਰਦੇਸ ,ਗੁਜਰਾਤ ,ਹਰਿਦੁਆਰ ,ਦਿੱਲੀ ,ਕਸਮੀਰ ਅਤੇ ਹੋਰ ਅਨੇਕਾ ਸ਼ਹਿਰਾ ਵਿੱਚ ਯਾਤਰਾਂਵਾ ਕੀਤੀਆ । ਬਾਬੇ ਨਾਨਕ ਨੂੰ ਨੇਪਾਲ ਵਿੱਚ ਰਿਸ਼ੀ ਨਾਨਕ ,ਤਿੱਬਤ ਵਿੱਚ ਨਾਨਕ ਲਾਮਾਂ,ਮੱਕੇ 'ਚ ਵਲੀ ਹਿੰਦ ,ਬਗਦਾਦ ਨਾਨਕ ਪੀਰ ਤੋ ਇਲਾਵਾ ਹੋਰ ਵੀ ਅਨੇਕਾ ਨਾਵਾਂ ਨਾਲ ਆਪਣਾ ਗੁਰੂ ਸਮਝ ਕੇ ਅਪਣਇਆ ।

ਪੰਜਾਬ ਨੂੰ ਵਿਗੜੀ ਸਿਆਸੀ ਖੇਡ ਨਾਲ ਹਰ ਪਾਸੇ ਤੋ ਮਾਰਾ ਪੈ ਰਹੀਆ ਖੁਦਕੁਸੀਆ ,ਨਸ਼ਿਆ ਦਾ ਕਹਿਰ, ਕਰਜੇ ਹੋਰ ਅਨੇਕਾ ਅਲਾਮਤਾ 'ਚ ਘਿਰਿਆ ,ਤਾ ਬਾਕਿਆ ਹੀ ਜਾਪਦਾ ਹੈ " ਕ੍ਰਿਤ ਕਰੋ ,ਨਾਮ ਜਪੋ ਤੇ ਵੰਡ ਛਕੋ ਦੇ ਸੰਕਲਪ ਨਾਲ ਜਿਵੇ " ਕਲ ਤਾਰਨ ਗੁਰ ਨਾਨਕ ਆਏ " ਦੀ ਲੋੜ ਹੈ । ਸੰਸਾਰ ਕੋਨੇ ਤੋ ਲੈ ਕੇ ਪੰਜਾਬ ਦੇ ਹਰ ਗੁਰਦੁਵਾਰੇ ਵਿੱਚ ਨਾਨਕ ਨੂੰ ਸਮਰਪਿਤ ਲੰਗਰ, ਕੀਰਤਨ, ਸਜਾਵਟਾ ਤੇ ਫੇਰੀਆ ਵਾਸਤੇ ਅਥਾਹ ਧੰਨ ਇਕੱਠਾ ਕਰ ਸੰਗਤ ਦੀ ਸੇਵਾ ਹੁੰਦੀ ਹੈ । ਜੇ ਇਸ ਸਭ ਕੁਝ ਦੇ ਨਾਲ ਉਹਨਾ ਵਲੋ ਦੱਸੇ ਜਿੰਦਗੀ ਦੀ ਸਫਲਤਾ ਤੇ ਸਾਂਤੀ ਨਾਲ ਲਿਬਰੇਜ ਉਪਦੇਸ " ਕ੍ਰਿਤ ਕਰੋ ,ਨਾਮ ਜਪੋ ਤੇ ਵੰਡ ਛਕੋ " ਦੀ ਪੂਰਨ ਵਿਆਖਿਆ ਤੇ ਸਿੱਖਿਆਵਾ ਦੇ ਕਿਤਾ-ਬਚੇ ਹਰ ਮਨੁੱਖ ਤੱਕ ਪਹੁੰਚਾਏ ਜਾਦੇ ਤਾ ਜੋ ਸਮੇ ਦੀ ਮਾਰੀ ਜਨਤਾ ਸਹੀ ਮਾਰਗ ਦਰਸ਼ਨ ਕਰ ਸਕੇ । ਪੰਜਾਬੀਆ ਨੇ ਹਮੇਸਾ ਹੀ ਮੁਸਕਲਾ ਦੇ ਹੱਲ ਕੱਢਣ ਲਈ ਬਾਣੀ ਦੀ ਓਟ ਲੈ ਕੇ ਸੰਸਾਰ ਦਾ ਭਲਾ ਕੀਤਾ । ਜਿਸ ਦੀ ਵੱਡੀ ਉਦਾਹਰਨ ਲੰਗਰ ਪ੍ਰਥਾ ਦੇ ਨਾਲ ਖਾਲਸਾ ਏਡ ਵਲੋ ਸੰਸਾਰ ਭਰ ਵਿੱਚ ਲੋਕਾ ਨੂੰ ਅਨੇਕਾ ਮੁਸਕਲਾ ਸਮੇ ਬਿਨਾ ਕਿਸੇ ਭੇਦ-ਭਾਵ ਤੋ ਸੇਵਾ ਨਿਭਾਈ ਤੇ ਨਿਭਾ ਰਹੇ ਹਨ । ਸਮੇ ਦੇ ਨਾਲ ਇਸ ਪ੍ਰਥਾ ਦੇ ਘੇਰੇ ਨੂੰ ਵਡੇਰੇ ਕਰ ਦਿਆ ਸਿੱਖ ਕੌਮ ਨੇ ਇਸ ਵਿੱਚ ਲੋੜ ਅਨੁਸਾਰ ਦਵਾਈਆ,ਕੱਪੜੇ ,ਕਿਤਾਬਾ,ਬੂਟੇ ਤੇ ਮੈਡੀਕਲ ਸੇਵਾਵਾਂ ਨੂੰ ਵੀ ਲੰਗਰ ਵਿੱਚ ਸਾਮਿਲ ਕਰ ਲਿਆ ।

ਪੈਸੇ ਦੀ ਅੰਨੀ ਦੌੜ ਨੇ ਮਨੁੱਖ ਬੁੱਧੀ ਭ੍ਰਿਸਟ ਕਰ ਦਿੱਤਾ । ਉਹਨਾ ਨਾਨਕ ਦੇ ਉਪਦੇਸਾ ਨੂੰ ਵਿਸਾਰ ਸਾਫ ਸੁਧਰੇ ਜੀਵਨ ਲਈ ਕੁਦਰਤ ਨੇ ਬਖਸੇ ਅਨਮੋਲ ਖਜਾਨੇ ਹਵਾ,ਪਾਣੀ ਤੇ ਧਰਤੀ ਨੂੰ ਵੀ ਨਹੀ ਬਖਸਿਆ । ਸਰਕਾਰਾ ਨੇ ਵਿਕਾਸ ਦੇ ਨਾਮ ਤੇ ਪੰਜਾਬ ਕੀ ਪੂਰੇ ਭਾਰਤ ਦੀਆ ਸ਼ੜਕਾ ਰੁੰਡ-ਮੁਰੰਡ ਕਰ ਦਿੱਤੀਆ, ਸੁੰਦਰ ਤੇ ਸੁਰੱਖਿਤ ਘਰਾ ਦਾ ਆੜ ਹੇਠ ਬਿਲਡਰਾ ਅਤੇ ਪੂਜੀਪਤੀਆ ਨੇ ਵਾਹੀ ਯੋਗ ਜਮੀਨ ਨੂੰ ਕੰਕਰੀਟ ਦੇ ਜੰਗਲ ਬਣਾਉਣ ਵਿੱਚ ਕੋਈ ਕਸਰ ਨਹੀ ਛੱਡੀ । ਜਦੋ ਬਾਬੇ ਨਾਨਕ ਨੇ ਇਹਨਾ ਦੀ ਤੁਲਨਾ " ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ " ਦੇ ਬਰਾਬਰ ਰੱਖ ਕੇ ਪੂਜਣ ਯੋਗ ਸਤਿਕਾਰ ਬਖਸਿਆ ਸੀ । ਲੋਕੀ ਕਲੋਨੀਆ ਕੱਟਣ ਨਾਲ ਪੈਸਾ ਦੀ ਬਹੁਤਾਤ ਨੇ ਮਾਨਵੀ ਸਾਝਾ ਨੂੰ ਖੋਰਾ ਲਗਾਇਆ । ਜਵਾਨੀ ਨੂੰ ਨਸ਼ੇ ਵੱਲ ਧਕੇਲਿਆ ਹੈ ।ਸਿਆਸੀ ਸੈਅ ਨਾਲ ਗੈਰ ਕਨੂੰਨੀ ਫੈਕਟਰੀਆ ਦਾ ਗੰਧਲਾ ਪਾਣੀ ਤੇ ਧੂਏ ਨਾਲ ਵਾਤਾਵਰਨ ਪਲੀਤ ਹੋਇਆ ।

ਪੰਜਾਬ ਦੀ ਤਰਾਸਦੀ ਵਾਲੀ ਤਸਵੀਰ ਕਿਸੇ ਤੋ ਛਿਪੀ ਨਹੀ। ਹਰ ਰੋਜ ਅਖਬਾਰਾ ਦੀਆ ਖਬਰਾ ਤੇ ਸਰਕਾਰੀ ਅੰਕੜੇ ਇਸਦੀ ਤਾਕੀਦ ਕਰਦੇ ਹਨ । ਕਿ ਕਿਵੇ ਨਸ਼ੇ ,ਕਰਜੇ ਤੇ ਬੇਰੁਜਗਾਰੀ ਕਾਰਨ ਹਜਾਰਾ ਹੀ ਲੋਕ ਇਸ ਜਹਾਨੋ ਰੁਖਸਤ ਕਰ ਰਹੇ ਹਨ । ਕੀ ਸਾਡੇ ਗੁ-ਰੂਆ ਪੀਰਾ ਦੀ ਬਾਣੀ ਅਜਿਹੇ ਸਮਾਜ ਦਾ ਰਚੇਤਾ ਹੈ? ਸਮਾਜਿਕ ਤੇ ਕੁਦਰਤ ਦੇ ਵਿਗੜ ਚੁੱਕੇ ਘੇਰੇ ਨੂੰ ਅਲਾਹੀ ਬਾਣੀ ਦੇ ਦਰਸਾਏ ਰਾਹਾ ਤੇ ਚੱਲ ਕੇ ਸਵਾਰਨ ਦਾ ਉਪਰਾਲਾ ਕੀਤੇ ਜਾਣ ।

ਤਾਂ ਜੋ ਆਉਣ ਵਾਲੀਆ ਪੀੜੀਆ ਦਾ ਭਵਿੱਖ ਖੁਸ਼ਹਾਲ ਤੇ ਬੇਹਤਰ ਹੋਵੇ । ਗੁਰੂ ਨਾਨਕ ਦੀਆ ਸਿੱਖਿਆਵਾ ਨੂੰ ਕੁਲ ਦੁਨੀਆ ਤੱਕ ਪਹੁੰਚਾਉਣਾ ਤੇ ਆਪਨਾਉਣਾ ਹੀ ਸੱਚੀ ਸਰਧਾ ਦੇ ਪ੍ਰਤੀਕ ਹੋਵੇਗੇ ।



**ਐਡਵੋਕੇਟ**
**ਰਵਿੰਦਰ ਸਿੰਘ ਧਾਲੀਵਾਲ**
**78374-90309**

# ਵਸ਼ਿੰਗਟਨ ਦੇ ਕਈ ਹਿੱਸਿਆਂ ਵਿਚ ਆਏ ਹੜ੍ਹ ਕਾਰਨ ਜਨ- ਜੀਵਨ ਬੁਰੀ ਤਰਾਂ ਪ੍ਰਭਾਵਿਤ

**ਸੈਕਰਾਮੈਂਟੋ 17 ਨਵੰਬਰ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਵਸ਼ਿੰਗਟਨ ਰਾਜ ਦੇ ਕਈ ਹਿੱਸਿਆਂ ਵਿਚ ਹੋ ਰਹੀ ਭਾਰੀ ਬਾਰਿਸ਼ ਤੇ ਸਰਦ ਤੇਜ ਹਵਾਵਾਂ ਨੇ ਜਨ ਜੀਵਨ ਉਪਰ ਵਿਆਪਕ ਅਸਰ ਪਾਇਆ ਹੈ। ਰਾਜ ਦੇ ਕੁਝ ਹਿੱਸਿਆਂ ਵਿਚ ਹੜ੍ਹ ਆ ਗਿਆ ਹੈ ਤੇ ਲੋਕ ਸੁਰੱਖਿਅਤ ਥਾਵਾਂ ਉਪਰ ਜਾਣ ਲਈ ਮਜ਼ਬੂਰ ਹੋਏ ਹਨ। ਖਰਾਬ ਮੌਸਮ ਕਾਰਨ ਕਈ ਥਾਵਾਂ 'ਤੇ ਬਿਜਲੀ ਵੀ ਬੰਦ ਹੋ ਗਈ ਹੈ। ਗਵਰਨਰ ਜੈ ਇੰਸਲੀ ਨੇ ਹੰਗਾਮੀ ਸਥਿੱਤੀ ਦਾ ਐਲਾਨ ਕਰ ਦਿੱਤਾ ਹੈ।



ਵਟਕਾਮ ਕਾਊਂਟੀ ਜੋ ਕਨੇਡਾ ਦੀ ਸਰੱਹਦ ਨਾਲ ਲੱਗਦੀ ਹੈ, ਵਿਚ ਹੰਗਾਮੀ ਸਥਿੱਤੀ ਨਾਲ ਨਜਿੱਠਣ ਲਈ ਅਧਿਕਾਰੀਆਂ ਨੇ ਬਚਾਅ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਹੜ੍ਹ ਕਾਰਨ ਸੈਂਕੜੇ ਲੋਕ ਆਪਣੇ ਘਰ ਬਾਰ ਛੱਡ ਕੇ ਕਾਊਂਟੀ ਦੇ ਉਤਰ-ਪੂਰਬ ਖੇਤਰ ਵਿਚ ਚਲੇ ਗਏ ਹਨ। ਵਟਕਾਮ ਕਾਊਂਟੀ ਦੇ ਪੁਲਿਸ ਮੁੱਖੀ ਦੇ ਦਫਤਰ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਗੱਡੀਆਂ ਰਾਹੀਂ ਕੱਢਿਆ ਗਿਆ ਹੈ ਪਰ ਜਿਥੇ ਪਾਣੀ ਜਿਆਦਾ ਡੂੰਘਾ ਹੈ ਉਥੇ ਕਿਸ਼ਤੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਲੋਕਾਂ ਨੂੰ ਹੰਗਾਮੀ ਸਥਿੱਤੀ ਵਿਚ ਬਣਾਈਆਂ ਗਈਆਂ ਪਨਾਹ ਥਾਵਾਂ ਵਿੱਚ ਭੇਜਿਆ ਗਿਆ ਹੈ। ਅਧਿਕਾਰੀਆਂ ਅਨੁਸਾਰ ਲੋਕਾਂ ਤੱਕ ਪਹੁੰਚਣ ਲਈ ਰਾਤ ਭਰ ਵੀ ਕਾਰਵਾਈ ਜਾਰੀ ਰਹੀ। 'ਵਸ਼ਿੰਗਟਨ ਸਟੇਟ ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ' ਅਨੁਸਾਰ ਬੇਲਿੰਘਮ ਵਿਚ ਢਿੱਗਾਂ ਡਿੱਗਣ ਕਾਰਨ ਰਾਸ਼ਟਰੀ ਮਾਰਗ ਦਾ 1-5 ਹਿੱਸਾ ਬੰਦ ਕਰ ਦਿੱਤਾ ਗਿਆ ਹੈ। ਪੱਛਮੀ ਤੱਟ ਦੇ ਨਾਲ ਮੈਕਸੀਕੋ ਤੋਂ ਕੈਨੇਡਾ ਤੱਕ ਜਾਂਦੀ ਇਹ ਪ੍ਰਮੁੱਖ ਸੜਕ ਹੈ। ਪ੍ਰਭਾਵਿਤ ਖੇਤਰਾਂ ਵਿਚ ਲੋਕਾਂ ਨੂੰ ਕਿਸੇ ਵੀ ਸਥਿੱਤੀ ਲਈ ਤਿਆਰ ਰਹਿਣ ਵਾਸਤੇ ਕਿਹਾ ਗਿਆ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com







# ਚਕਰ ਦੇ ਖੇਡ ਸਭਿਆਚਾਰ ਦਾ ਸਿਰਜਣਹਾਰ: ਪ੍ਰਿੰ ਬਲਵੰਤ ਸਿੰਘ ਸੰਧੂ

ਜੇਕਰ ਕੋਈ ਇੱਕ ਇਨਸਾਨ ਪੱਕੇ ਇਰਾਦੇ ਨਾਲ ਕੱਝ ਕਰਨ ਦੀ ਠਾਣ ਲਵੇ ਤਾਂ ਕੁੱਝ ਵੀ ਸੰਭਵ ਹੈ।ਅਜਿਹਾ ਹੀ ਕਰ ਦਿਖਾਇਆ ਹੈ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਚਕਰ ਦੇ ਜੰਮਪਲ ਪ੍ਰਿੰ। ਬਲਵੰਤ ਸਿੰਘ ਸੰਧੂ ਨੇ।ਉਨ੍ਹਾਂ ਨੇ ਆਪਣੇ ਪਿੰਡ ਵਿੱਚ ਅਜਿਹਾ ਖੇਡ ਬਗੀਚਾ ਲਾਇਆ ਜਿਸ ਦੀ ਮਹਿਕ ਸਾਰੇ ਸੰਸਾਰ ਵਿੱਚ ਮਹਿਸੂਸ ਕੀਤੀ ਗਈ।ਪ੍ਰਿੰ। ਬਲਵੰਤ ਸਿੰਘ ਸੰਧੂ ਸਹੀ ਅਰਥਾਂ ਵਿੱਚ ਪਿੰਡ ਚਕਰ ਵਿੱਚ ਪੈਦਾ ਹੋਏ ਬਾਕਸਿੰਗ ਸਭਿਆਚਾਰ ਦਾ ਸਿਰਜਣਹਾਰ ਹੈ।ਅੱਜ ਜੇ ਪਿੰਡ ਚਕਰ ਅੰਤਰ-ਰਾਸ਼ਟਰੀ ਪੱਧਰ 'ਤੇ ਨਾਮਣਾ ਖੱਟ ਰਿਹਾ ਹੈ, ਪਿੰਡ ਦੀ ਧੀ ਨੂੰ ਅਰਜਨਾ ਐਵਾਰਡ ਮਿਲ ਚੁੱਕਿਆ ਹੈ ਤਾਂ ਇਸ ਦਾ ਅਸਲ ਸਿਹਰਾ ਪ੍ਰਿੰ। ਬਲਵੰਤ ਸਿੰਘ ਸੰਧੂ ਨੂੰ ਜਾਂਦਾ ਹੈ ਜੋ ਪਿਛਲੇ ਸੋਲਾਂ ਸਾਲਾਂ ਤੋਂ ਪਿੰਡ ਦੇ ਖੇਡ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਆਪਣੇ ਪੱਧਰ 'ਤੇ ਤਪੱਸਿਆ ਕਰ ਰਿਹਾ ਹੈ।ਉਸ ਦੀ ਰਹਿਨੁਮਾਈ ਵਿੱਚ ਅਨੇਕਾਂ ਬੱਚੇ ਅੰਤਰ ਰਾਸ਼ਟਰੀ ਪੱਧਰ ਤੱਕ ਖੇਡੇ, ਅਨੇਕਾਂ ਰਾਸ਼ਟਰੀ ਚੈਂਪੀਅਨ ਬਣੇ।

ਪ੍ਰਿੰ। ਬਲਵੰਤ ਸਿੰਘ ਸੰਧੂ ਪੇਸ਼ੇ ਵਜੋਂ ਅਧਿਆਪਨ ਨਾਲ ਜੁੜੇ ਹੋਏ ਹਨ।ਉਹ ਹੁਣ ਤੱਕ ਛੇ ਪੁਸਤਕਾਂ ਲਿਖ ਚੁੱਕੇ ਹਨ।ਜਿਨ੍ਹਾਂ ਵਿੱਚ ਇੱਕ ਨਾਵਲ 'ਗੁੰਮਨਾਮ ਚੈਂਪੀਅਨ' ਪਹਿ-ਲਵਾਨ ਦਾਰਾ ਸਿੰਘ ਦੁਲਚੀਪੁਰ ਦੀ ਜੀਵਨੀ ਉੱਤੇ ਆਧਾਰਿਤ ਹੈ, ਜੋ ਪੰਜਾਬੀ ਖੇਡ ਸਾਹਿਤ ਦਾ ਪਲੇਠਾ ਨਾਵਲ ਹੈ।ਉਹ ਅਨੇਕਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਆਪਣੇ ਵਿਸ਼ੇ ਨਾਲ ਸੰਬੰਧਿਤ ਖੋਜ ਪੇਪਰ ਪੜ੍ਹ ਚੁੱਕੇ ਹਨ।ਅਨੇਕਾਂ ਸੰਪਾਦਿਤ ਪੁਸਤਕਾਂ, ਮੈਗਜ਼ੀਨਾਂ ਵਿੱਚ ਉਨ੍ਹਾਂ ਦੇ ਖੋਜ ਪੇਪਰ ਛਪ ਚੁੱਕੇ ਹਨ।ਹੁਣ ਤੱਕ ਸੱਤ ਵਿਦਿਆਰਥੀਆਂ ਨੂੰ ਪੀਐਚ ਡੀ ਅਤੇ ਸਤਾਰਾਂ ਵਿਦਿਆਰਥੀਆਂ ਨੂੰ ਐਮ ਫਿਲ ਕਰਵਾ ਚੁੱਕੇ ਹਨ। ਅੱਜ ਕੱਲ੍ਹ ਉਹ ਗੁਰੂ ਗੋਬਿੰਦ ਖਾਲਸਾ ਕਾਲਜ ਫਾਰ ਵਿਮੈਨ ਕਮਾਲਪੁਰਾ ਵਿਖੇ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾ ਰਹੇ ਹਨ।

ਪ੍ਰਿੰ। ਬਲਵੰਤ ਸਿੰਘ ਸੰਧੂ ਦਾ ਝੁਕਾਅ ਬਚਪਨ ਤੋਂ ਹੀ ਖੇਡਾਂ ਅਤੇ ਸਾਹਿਤ ਵੱਲ ਸੀ।ਇਸ ਦਾ ਵੱਡਾ ਕਾਰਨ ਉਨ੍ਹਾਂ ਉੱਤੇ ਆਪਣੇ ਤਾਇਆ ਜੀ ਪ੍ਰਿੰਸੀਪਲ ਸਰਵਣ ਸਿੰਘ ਦੀਆਂ ਖੇਡ ਲਿਖਤਾਂ ਦਾ ਪ੍ਰਭਾਵ ਸੀ।ਪ੍ਰਿੰ। ਬਲਵੰਤ ਸਿੰਘ ਸੰਧੂ ਸਕੂਲ ਪੱਧਰ 'ਤੇ ਅਥਲੈਟਿਕਸ ਵਿੱਚ ਸੂਬਾ ਪੱਧਰ ਦੇ ਖਿਡਾਰੀ ਰਹੇ ਹਨ।ਉਨ੍ਹਾਂ ਦੇ ਅਵਚੇਤਨ ਵਿੱਚ ਬਾਕਸਿੰਗ ਨਾਲ ਪਿਆਰ ਸੀ।ਉਨ੍ਹਾਂ ਨੇ ਇਸ ਖੇਡ ਦੀ ਸਿਖਲਾਈ ਲੈਣ ਨੂੰ ਮੁੱਖ ਰੱਖਦਿਆਂ 1993 ਵਿੱਚ ਲੁਧਿਆਣਾ ਦੇ ਸਰਕਾਰੀ ਕਾਲਜ ਵਿਚ ਬੀ ਏ ਵਿੱਚ ਦਾਖਲਾ ਲੈ ਲਿਆ ਅਤੇ ਨਾਲ ਨਾਲ ਗੁਰੂ ਨਾਨਕ ਸਟੇਡੀਅਮ ਵਿੱਚ ਕੋਚ ਲਾਭ ਸਿੰਘ ਕੋਲ ਬਾਕਸਿੰਗ ਦੇ ਗੁਰ ਸਿੱਖਣ ਲੱਗੇ।ਭਾਵੇਂ ਉਹ ਬਾਕਸਿੰਗ ਵਿੱਚ ਨਾਮਣਾ ਖੱਟਣਾ ਚਾਹੁੰਦੇ ਸਨ ਪਰ ਇੱਥੇ ਵੀ ਸੂਬਾ ਪੱਧਰ ਤੱਕ ਹੀ ਖੇਡ ਸਕੇ।

ਫਿਰ ਉਨ੍ਹਾਂ ਨੇ ਆਪਣਾ ਸਾਰਾ ਧਿਆਨ ਪੜ੍ਹਾਈ ਉੱਤੇ ਲਗਾ ਦਿੱਤਾ।1998 ਵਿੱਚ ਐਮ ਏ (ਪੰਜਾਬੀ) ਕਰ ਕੇ ਤੁਰੰਤ ਹੀ ਯੂ।ਸੀ।ਸੀ। ਦਾ ਨੈੱਟ ਦਾ ਇਮਤਿਹਾਨ ਜੇ।ਆਰ।ਐਫ਼। ਸਮੇਤ ਪਾਸ ਕਰ ਲਿਆ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪੀਐਚ। ਡੀ। ਕਰਨ ਲੱਗੇ।2003 ਵਿੱਚ ਸਰਕਾਰੀ ਕਾਲਜ ਰੋਪੜ ਵਿਖੇ ਇੱਕ ਸਾਲ ਪੜ੍ਹਾਇਆ।ਫਿਰ 2004 ਵਿੱਚ ਗੁਰੂ ਤੇਗ ਬਹਾਦਰ ਨੈਸ਼ਨਲ ਕਾਲਜ ਦਾਖਾ (ਲੁਧਿਆਣਾ) ਵਿਖੇ ਆਪਣਾ ਅਧਿਆਪਨ ਸ਼ੁਰੂ ਕੀਤਾ।ਇਸ ਤਰ੍ਹਾਂ ਉਹ ਆਪਣੇ ਪਿੰਡ ਚਕਰ ਦੇ ਕਰੀਬ ਆ ਗਏ। 2005 ਵਿੱਚ ਜਦੋਂ ਉਨ੍ਹਾਂ ਨੇ ਪਿੰਡ ਰਹਿਣਾ ਸ਼ੁਰੂ ਕੀਤਾ ਤਾਂ ਆਪਣੇ ਪਿੰਡ ਦੇ ਬੱਚਿਆਂ ਨੂੰ ਪੜ੍ਹਾਈ ਨਾਲ ਜੋੜਣ ਲਈ ਉਪਰਾਲੇ ਸ਼ੁਰੂ ਕਰ ਦਿੱਤੇ।ਇਨ੍ਹਾਂ ਉਪਰਾਲਿਆਂ ਵਿੱਚ ਹੀ ਚਕਰ ਵਿੱਚ ਬਾਕਸਿੰਗ ਦਾ ਬੂਟਾ ਲਗਾਇਆ ਗਿਆ। ਇਹ 2005 ਵਿੱਚ ਮਾਰਚ ਦੇ ਅਖੀਰਲੇ ਦਿਨਾਂ ਦੀ ਗੱਲ ਹੈ, ਜਦੋਂ ਪੇਪਰਾਂ ਤੋਂ ਵਿਹਲੇ ਹੋਏ ਛੋਟੇ ਛੋਟੇ ਬੱਚਿਆਂ ਨੂੰ ਖੇਡ ਮੈਦਾਨ ਵਿੱਚ ਆਉਣ ਲਈ ਪ੍ਰੇਰਣਾ ਸ਼ੁਰੂ ਕਰ ਦਿੱਤਾ।ਇਸ ਕਾਰਜ ਲਈ ਉਹ ਇਕੱਲੇ ਇਕੱਲੇ ਬੱਚੇ ਦੇ ਘਰ ਗਏ।ਲੋਕਾਂ ਨੂੰ ਇਸ ਪਾਸੇ ਪ੍ਰੇਰਿਆ।ਸਭ ਤੋਂ ਵੱਡਾ ਉਪਰਾਲਾ ਇੱਕ ਪਛੜੇ ਪਿੰਡ ਵਿੱਚ ਲੜਕੀਆਂ ਨੂੰ ਖੇਡ ਮੈਦਾਨ ਤੱਕ ਲਿਆਉਣਾ ਸੀ, ਜਿਸ ਵਿੱਚ ਪ੍ਰਿੰ। ਬਲਵੰਤ ਸਿੰਘ ਸੰਧੂ ਬਹੁਤ ਸਫ਼ਲ ਰਹੇ।ਇਸ ਤੋਂ ਪਹਿਲਾਂ ਚਕਰ ਵਿੱਚ ਇਸ ਤਰ੍ਹਾਂ ਦਾ ਮਾਹੌਲ ਹੀ ਨਹੀਂ ਸੀ ਕਿ ਲੜਕੀਆਂ ਕਿਸੇ ਵੀ ਖੇਡ ਵਿੱਚ ਭਾਗ ਲੈ ਸਕਣ ਦੀ ਹਿੰਮਤ ਕਰਨ।ਉਨ੍ਹਾਂ ਨੇ ਆਪਣੇ ਸਹਿਪਾਠੀਆਂ, ਦੋਸਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਆ-ਪਣੀਆਂ ਧੀਆਂ ਨੂੰ ਖੇਡ ਮੈਦਾਨ ਵਿੱਚ ਭੇਜਣ ਲਈ ਪ੍ਰੇਰਿਆ।ਜਿਹੜੇ ਲੜਕੇ ਖੇਡਣ ਆਉਂਦੇ ਸਨ, ਉਨ੍ਹਾਂ ਨੂੰ ਆ-ਪਣੀਆਂ ਭੈਣਾਂ ਨੂੰ ਨਾਲ ਲਿਆਉਣ ਲਈ ਪ੍ਰੇਰਿਆ।ਇਸ ਤਰ੍ਹਾਂ 2005 ਵਿੱਚ ਹੀ ਲੜਕੀਆਂ ਦਾ ਖੇਡਾਂ ਖੇਡਣ ਦਾ ਰਸਤਾ ਖੁੱਲ੍ਹ ਗਿਆ। ਪ੍ਰਿੰ। ਬਲਵੰਤ ਸਿੰਘ ਸੰਧੂ ਚਾਹੁੰਦੇ ਸਨ ਕਿ ਉਨ੍ਹਾਂ ਦੇ ਪਿੰਡ ਦੇ ਬੱਚੇ ਅੰਤਰ ਰਾਸ਼ਟਰੀ ਖਿਡਾਰੀ ਬਣਨ, ਪੜ੍ਹਾਈ ਦੇ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਕਰਨ।ਇਸ ਲਈ ਉਨ੍ਹਾਂ ਨੇ ਆਪਣੀ ਪੱਧਰ 'ਤੇ ਹੀ ਅਜਿਹਾ ਮਾਹੌਲ ਬਣਾਉਣਾ ਸ਼ੁਰੂ ਕਰ ਦਿੱਤਾ।ਆਪਣੀ ਸਵੇਰ ਤੇ ਸ਼ਾਮ ਖਿਡਾਰੀਆਂ ਨੂੰ ਅਰਪਿਤ ਕਰ ਦਿੱਤੀ।ਮਾਰਚ ਵਿੱਚ ਚਾਰ ਬੱਚਿਆਂ ਤੋਂ ਸ਼ੁਰੂ ਹੋਇਆ ਇਹ ਕਾਫ਼ਲਾ ਸਾਲ ਦੇ ਅਖੀਰ ਤੱਕ ਪੁੱਜਦੇ ਪੁੱਜਦੇ ਸਵਾ ਸੌ ਬੱਚਿਆਂ ਤੱਕ ਪੁੱਜ ਗਿਆ।ਇਸ ਸਮੇਂ ਦੌਰਾਨ ਉਨ੍ਹਾਂ ਨੂੰ ਬਾਕਸਿੰਗ ਦੇ ਗੁਰ ਸਿਖਾਏ ਜਾਂਦੇ, ਪੜ੍ਹਾਈ ਪ੍ਰਤੀ ਉਤਸ਼ਾਹਿਤ ਕੀਤਾ ਜਾਂਦਾ।ਬੱਚਿਆਂ ਵਿੱਚ ਪੜ੍ਹਨ ਦੀਆਂ ਰੁਚੀਆਂ ਪੈਦਾ ਕਰਨ ਲਈ ਕੁੱਝ ਸਮਾਂ ਰਾਤ ਨੂੰ ਪਿੰਡ ਦੀਆਂ ਸਾਂਝੀਆਂ ਸੱਥਾਂ ਵਿੱਚ ਇਕ-ਠਿਆਂ ਬੈਠ ਕੇ ਪੜ੍ਹਨ ਦਾ ਮਾਹੌਲ ਵੀ ਸਿਰਜਿਆ ਗਿਆ।ਨਾਲ ਨਾਲ ਸਮਾਜ ਵਿੱਚ ਵਿਚਰਣ ਦੇ ਗੁਣ ਸਿਖਾਏ ਜਾਂਦੇ।ਇਹ ਸਾਰਾ ਕੁੱਝ ਉਹ 'ਯੰਗਸਰਟਜ਼ ਸਪੋਸਟਸ ਅਕੈਡਮੀ' ਦੇ ਬੈਨਰ ਹੇਠ ਕਰਨ ਲੱਗੇ। ਇਹ ਉਹ ਸਮਾਂ ਸੀ ਜਦੋਂ ਚਕਰ ਇੱਕ ਨਵੀਂ ਕਰਵਟ ਲੈ ਰਿਹਾ ਸੀ।ਉਸ ਸਮੇਂ ਪਿੰਡ ਦੀ ਪੰਚਾਇਤ ਅਤੇ ਮੋ-ਹਤਵਰ ਵਿਅਕਤੀਆਂ ਵੱਲੋਂ ਇਸ ਕਾਰਜ ਵਿੱਚ ਪੂਰਾ ਸਹਿਯੋਗ ਦਿੱਤਾ ਗਿਆ।



ਫਰਵਰੀ 2006 ਵਿੱਚ ਇਸ ਖੇਡ ਕਹਾਣੀ ਵਿੱਚ ਇੱਕ ਨਵਾਂ ਅਧਿਆਇ ਜੁੜਦਾ ਹੈ, ਜਦੋਂ ਇਨ੍ਹਾਂ ਸਭ ਉਪਰਾਲਿਆਂ 'ਤੇ ਕਨੇਡਾ ਤੋਂ ਆਏ ਸ। ਅਜਮੇਰ ਸਿੰਘ ਸਿੱਧੂ ਦੀ ਨਜ਼ਰ ਪੈਂਦੀ ਹੈ।ਉਹ ਪਹਿਲਾਂ ਹੀ ਆਪਣੇ ਪਿੰਡ ਚਕਰ ਲਈ ਕੁੱਝ ਕਰਨਾ ਚਾਹੁੰਦੇ ਸਨ।ਉਨ੍ਹਾਂ ਨੇ ਆਪਣੇ ਭਰਾ ਸ। ਬਲਦੇਵ ਸਿੰਘ ਸਿੱਧੂ ਨਾਲ ਸਲਾਹ ਕੀਤੀ ਅਤੇ ਪਿੰਡ ਵਿੱਚ ਚੱਲ ਰਹੀ 'ਯੰਗਸਰਟਜ਼ ਸਪੋਸਟਸ ਅਕੈਡਮੀ' ਨੂੰ ਅਪਣਾ ਲਿਆ ਤੇ ਇਸ ਉੱਪਰ ਹੋਣ ਵਾਲਾ ਖਰਚਾ ਖੁਦ ਝੱਲਣ ਲੱਗੇ।ਬਾਅਦ ਵਿੱਚ ਇਸ ਅਕੈਡਮੀ ਦਾ ਨਾਮ 'ਸ਼ੇਰ-ਏ-ਪੰਜਾਬ ਸਪੋਰਟਸ ਅਕੈਡਮੀ' ਰੱਖ ਦਿੱਤਾ ਗਿਆ।ਸਿੱਧੂ ਪਰਿਵਾਰ ਦੇ ਜੁੜਣ ਨਾਲ ਇਹ ਅਕੈਡਮੀ ਤੇਜ਼ੀ ਨਾਲ ਤਰੱਕੀ ਕਰਨ ਲੱਗੀ।ਇਸ ਸਮੇਂ ਖਿਡਾਰੀਆਂ ਲਈ ਬਾਕਸਿੰਗ ਅਤੇ ਫੁੱਟਬਾਲ ਦੇ ਕੋਚ ਰੱਖਣੇ ਸ਼ੁਰੂ ਕੀਤੇ ਗਏ। ਪ੍ਰਿੰ ਬਲਵੰਤ ਸਿੰਘ ਸੰਧੂ ਬੱਚਿਆਂ ਦੀ ਰੋਜ਼ਾਨਾ ਕੌਂਸਲਿੰਗ ਕਰਦੇ।ਉਨ੍ਹਾਂ ਨੂੰ ਹਰ ਖੇਤਰ ਵਿੱਚ ਮਿਹਨਤ ਕਰਨ ਲਈ ਪ੍ਰੇਰਦੇ।ਉਹ ਅਕੈਡਮੀ ਦੇ ਫਾਊਂਡਰ ਅਤੇ ਪ੍ਰਧਾਨ ਹੋਣ ਦੇ ਨਾਲ ਨਾਲ ਮੈਂਟਰ ਦੀਆਂ ਸੇਵਾਵਾਂ ਵੀ ਨਿਭਾਉਂਦੇ ਰਹੇ।ਇਹ ਸੇਵਾਵਾਂ ਉਨ੍ਹਾਂ ਨੇ 2018 ਤੱਕ ਨਿਭਾਈਆਂ।

ਇਸ ਸਮੇਂ ਦੌਰਾਨ ਬਾਕਸਿੰਗ ਵਿੱਚ ਚਕਰ ਨੇ ਇੱਕ ਤਹਿਲਕਾ ਮਚਾਈ ਰੱਖਿਆ।ਕੋਚਾਂ ਦੀ ਮਿਹਨਤ ਦੇ ਨਾਲ ਨਾਲ ਪ੍ਰਿੰ। ਬਲਵੰਤ ਸਿੰਘ ਦੀ ਖਿਡਾਰੀਆਂ ਦੀ ਮਾਨਸਿਕਤਾ, ਸਮੱਸਿਆਵਾਂ, ਸਮਰੱਥਾ ਨੂੰ ਸਮਝਣ, ਸਮਝ ਕੇ ਕੰਮ ਲੈਣ ਦੀ ਯੋਗਤਾ ਕਾਰਨ ਨਿੱਤ ਨਵੇਂ ਨਤੀਜੇ ਆਉਣ ਲੱਗੇ।ਪਿੰਡਾਂ ਵਿੱਚ ਲੜਣ ਦਾ ਸ਼ੌਕ ਰੱਖਣ ਵਾਲੇ ਬੱਚਿਆਂ ਦੀ ਸ਼ਕਤੀ ਨੂੰ ਅੰਤਰ ਰਾਸ਼ਟਰੀ ਪੱਧਰ ਦੀ ਪ੍ਰਤਿਭਾ ਵਿੱਚ ਬਦਲ ਦਿੱਤਾ।ਸੁਖਦੀਪ ਚਕਰੀਆ ਅਤੇ ਸੰਦੀਪ ਸਿੰਘ ਭੱਟੀ ਦੋ ਅਜਿਹੇ ਬੱਚੇ ਸਨ ਜੋ ਸਿਰਫ਼ ਲੜਣ ਦੇ ਇਰਾਦੇ ਨਾਲ ਹੀ ਅਕੈਡਮੀ ਵਿੱਚ ਆਏ ਸਨ।ਪ੍ਰਿੰ। ਬਲਵੰਤ ਸਿੰਘ ਸੰਧੂ ਨੇ ਉਨ੍ਹਾਂ ਦੀ ਲੜਣ ਦੀ ਭਾਵਨਾ ਨੂੰ ਬਾਕਸਿੰਗ ਵਿੱਚ ਬਦਲ ਦਿੱਤਾ।ਹੁਣ ਦੋਵੇਂ ਅੰਤਰਰਾਸ਼ਟਰੀ ਪੱਧਰ ਦੇ ਪ੍ਰੋਫੈਸ਼ਨਲ ਮੁੱਕੇਬਾਜ਼ ਹਨ। ਪੜ੍ਹਾਈ ਅੱਧ ਵਿਚਕਾਰ ਛੱਡ ਗਏ ਬੱਚਿਆਂ ਨੂੰ ਮੁੜ ਸਕੂਲਾਂ ਨਾਲ ਜੋੜਿਆ।2005 ਵਿੱਚ ਦੂਜੀ ਕਲਾਸ ਵਿੱਚੋਂ ਹਟਿਆ ਹਰਜੀਤ ਸਿੰਘ 2018-19 ਵਿੱਚ ਆਲ ਇੰਡੀਆ ਪੁਲੀਸ ਖੇਡਾਂ ਵਿੱਚ ਸੋਨ ਤਗ਼ਮਾ ਜਿੱਤਦਾ ਹੈ।ਅਕੈਡਮੀ ਦੇ ਮਾਹੌਲ ਤੋਂ ਪ੍ਰੇਰਿਤ ਬਲਵੀਰ ਕੌਰ ਕਾਨੂੰਨ ਦੇ ਵਿਸ਼ੇ ਵਿੱਚ ਪੀਐਚ।ਡੀ। ਕਰ ਰਹੀ ਹੈ।ਪ੍ਰਿੰਸੀਪਲ ਸਾਹਿਬ ਦੁਆਰਾ ਜਗਾਏ ਦੀਪ ਨਾਲ ਬਹੁਤ ਸਾਰੇ ਪਰਿਵਾਰਾਂ ਵਿੱਚ ਆਸ ਦਾ ਇੱਕ ਨਵਾਂ ਦੀਪ ਜਗਣ ਲੱਗਿਆ।

ਇਸ ਸਮੇਂ ਦੌਰਾਨ ਚਕਰ ਦੇ ਹੈਰਾਨੀਜਨਕ ਨਤੀਜੇ ਆਉਣ ਲੱਗੇ।ਅਕੈਡਮੀ ਦੀ ਪਹਿਲੀ ਲੜਕੀ ਸ਼ਵਿੰਦਰ ਕੌਰ 2012 ਵਿੱਚ ਨੈਸ਼ਨਲ ਚੈਂਪੀਅਨ ਬਣਨ ਦੇ ਨਾਲ ਨਾਲ ਦੇਸ਼ ਦੀ ਬਿਹਤਰੀਨ ਮੁੱਕੇਬਾਜ਼ ਘੋਸ਼ਿਤ ਕੀਤੀ ਗਈ।ਅਮਨਦੀਪ ਕੌਰ ਲਵਲੀ ਆਪਣੀ ਦਮੇਂ ਦੀ ਬਿਮਾਰੀ ਉੱਤੇ ਕਾਬੂ ਪਾ ਕੇ ਵੈਟੀ ਵੇਟ ਵਿੱਚ ਕਈ ਵਾਰ ਨੈਸ਼ਨਲ ਚੈਂਪੀਅਨ ਬਣੀ।ਉਸ ਦੇ ਨਾਲ ਨਾਲ ਉਸ ਦੀ ਭੈਣ ਸਿਮਰਨਜੀਤ ਕੌਰ ਨੂੰ ਵੀ ਪ੍ਰੇਰਿਆ ਗਿਆ ਕਿ ਉਹ ਵੀ ਬਾਕਸਿੰਗ ਖੇਡਣ ਆਇਆ ਕਰੇ।ਪਰ ਉਸ ਦਾ ਸੁਪਨਾ ਇੱਕ ਅਧਿਆਪਕ ਬਣਨ ਦਾ ਸੀ।ਇਸ ਲਈ ਉਸ ਨੇ ਦਿਲਚਸਪੀ ਨਹੀਂ ਵਿਖਾਈ।ਪ੍ਰਿੰ। ਬਲਵੰਤ ਸਿੰਘ ਸੰਧੂ ਦੇ ਲਗਾਤਾਰ ਯਤਨਾਂ ਨਾਲ ਉਹ 2010 ਵਿੱਚ ਖੇਡ ਮੈਦਾਨ ਵਿੱਚ




ਆਉਣ ਲਈ ਤਿਆਰ ਹੋ ਗਈ।ਉਹ ਜਦੋਂ ਵੀ ਕਦੇ ਖੇਡ ਛੱਡਣ ਦਾ ਮਨ ਬਣਾਉਂਦੀ ਤਾਂ ਪ੍ਰਿੰਸੀਪਲ ਉਸ ਨੂੰ ਪ੍ਰੇਰ ਕੇ ਫਿਰ ਖੇਡ ਮੈਦਾਨ ਵਿੱਚ ਲੈ ਆਉਂਦੇ।ਅਜਿਹਾ ਬਹੁਤ ਸਾਰੇ ਬੱਚਿਆਂ ਨਾਲ ਹੁੰਦਾ ਰਿਹਾ। ਪ੍ਰਿੰ। ਬਲਵੰਤ ਸਿੰਘ ਸੰਧੂ ਉਨ੍ਹਾਂ ਨੂੰ ਮੁੜ ਮੋੜ ਲਿਆਉਂਦੇ।

2013 ਵਿੱਚ ਸਿਮਰਨਜੀਤ ਕੌਰ ਨੇ ਬੁਲਗਾਰੀਆ ਵਿਖੇ ਹੋਈ ਯੂਥ ਵਿਮੈਨ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਗ਼ਮਾ ਜਿੱਤ ਕੇ ਚਕਰ ਬਾਕਸਿੰਗ ਦੀ ਅੰਤਰ ਰਾਸ਼ਟਰੀ ਪੱਧਰ ਤੇ ਹਾਜ਼ਰੀ ਲਗਵਾਈ।2015 ਵਿੱਚ ਮਨਦੀਪ ਕੌਰ ਸੰਧੂ ਜੂਨੀਅਰ ਬਾਕਸਿੰਗ ਵਿਸ਼ਵ ਚੈਂਪੀਅਨ ਬਣੀ ਅਤੇ ਏਸ਼ੀਆ ਦੀ ਬਿਹਤਰੀਨ ਮੁੱਕੇਬਾਜ਼ ਘੋਸ਼ਿਤ ਕੀਤੀ ਗਈ।2018 ਤੋਂ ਬਾਅਦ ਸਿਮਰਨਜੀਤ ਕੌਰ ਨੇ ਅੰਤਰ ਰਾਸ਼ਟਰੀ ਪੱਧਰ 'ਤੇ ਅਨੇਕਾਂ ਪ੍ਰਾਪਤੀਆਂ ਕੀਤੀਆਂ।ਇਨ੍ਹਾਂ ਪ੍ਰਾਪਤੀਆਂ ਸਦਕਾ ਉਸਦੀ ਚੋਣ 'ਟੋਕੀਓ ਉਲੰਪਿਕ-2020' ਲਈ ਹੋਈ।ਸਿਮਰਨਜੀਤ ਕੌਰ ਨੇ ਬਾਅਦ ਵਿੱਚ 'ਟੋਕੀਓ-ਉਲੰਪਿਕ-2020' ਵਿੱਚ ਹਿੱਸਾ ਲੈ ਕੇ ਪੰਜਾਬ ਦੀ ਪਹਿਲੀ ਉਲੰਪੀਅਨ ਮੁੱਕੇਬਾਜ਼ ਹੋਣ ਦਾ ਇਤਿਹਾਸ ਸਿਰਜਿਆ।ਭਾਵੇਂ ਉਹ ਕੋਈ ਤਗ਼ਮਾ ਤਾਂ ਨਹੀਂ ਜਿੱਤ ਸਕੀ ਪਰ ਸਿਮਰਨਜੀਤ ਨੇ 'ਅਰਜਨਾ ਐਵਾਰਡ' ਜਿੱਤ ਕੇ ਚਕਰ ਦੀ ਉਸ ਪ੍ਰਤਿਭਾ ਉੱਤੇ ਮੋਹਰ ਲਾ ਦਿੱਤੀ, ਜਿਸ ਨੂੰ ਪ੍ਰਿੰ। ਬਲਵੰਤ ਸਿੰਘ ਸੰਧੂ ਨੇ ਤਲਾਸ਼ਣਾ ਤੇ ਤਰਾਸ਼ਣਾ ਸ਼ੁਰੂ ਕੀਤਾ ਸੀ।ਇਸ ਤਰ੍ਹਾਂ ਚਕਰ ਦੀਆਂ ਪ੍ਰਾਪਤੀਆਂ ਦੀ ਲੜੀ ਬਹੁਤ ਲੰਮੀ ਹੈ।ਬਹੁਤ ਸਾਰੇ ਬੱਚੇ ਵੱਖ ਵੱਖ ਮਹਿਕਮਿਆਂ ਵਿੱਚ ਨੌਕਰੀਆਂ 'ਤੇ ਚਲੇ ਗਏ ਹਨ। ਪ੍ਰਿੰ ਬਲਵੰਤ ਸਿੰਘ ਸੰਧੂ 2018 ਅਤੇ 2019 ਵਿੱਚ ਨਿੱਜੀ ਰੁਝੇਵਿਆਂ ਕਾਰਨ ਪਿੰਡ ਦੇ ਖੇਡ ਸਭਿਆਚਾਰ ਤੋਂ ਵੱਖ ਹੋ ਗਏ।ਇਸੇ ਦਰਮਿਆਨ 'ਸ਼ੇਰ-ਏ-ਪੰਜਾਬ ਸਪਰੋਟਸ ਅਕੈਡਮੀ' ਵੀ ਇੱਕ ਨਿੱਜੀ ਥਾਂ ਵਿੱਚ ਤਬਦੀਲ ਹੋ ਗਈ।ਬਹੁਤ ਸਾਰੇ ਬੱਚੇ ਸਾਂਝੇ ਥਾਂ 'ਤੇ ਹੀ ਖੇਡਣਾ ਚਾਹੁੰਦੇ ਸਨ।ਬੱਚਿਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਦੀ ਮੰਗ 'ਤੇ ਪ੍ਰਿੰ। ਬਲਵੰਤ ਸਿੰਘ ਸੰਧੂ ਇੱਕ ਵਾਰ ਫਿਰ ਖਿਡਾਰੀਆਂ ਦੀ ਪੁਰਾਣੀ ਫ਼ਸਲ ਨੂੰ ਸਾਂਭਣ ਅਤੇ ਨਵੀਂ ਪਨੀਰੀ ਨੂੰ ਤਿਆਰ ਕਰਨ ਲਈ ਹੰਭਲਾ ਮਾਰਨ ਲੱਗੇ ਹਨ।ਉਨ੍ਹਾਂ ਦੀ ਇਸ ਖੇਡ ਕਹਾਣੀ ਵਿੱਚ ਨਵਾਂ ਅਧਿਆਇ ਇਹ ਜੁੜਿਆ ਕਿ ਉਨ੍ਹਾਂ ਨੇ ਪੰਜਾਬ ਦੇ ਖੇਡ ਸਭਿਆਚਾਰ ਨੂੰ ਹੋਰ ਹੁਲਾਰਾ ਦੇਣ ਲਈ ਆਪਣੇ ਹਮਖਿਆਲੀਆਂ ਸ। ਸਵਰਨ ਸਿੰਘ ਤਲਵਾੜਾ ਅਤੇ ਸ। ਜਗਰੂਪ ਸਿੰਘ ਜਰਖੜ ਨਾਲ ਰਲ ਕੇ '5ਜੈਬ ਫਾਊਂਡੇਸ਼ਨ' ਖੜ੍ਹੀ ਕੀਤੀ।ਇਸ ਫਾਊਂਡੇਸ਼ਨ ਅਧੀਨ '5ਜੈਬ ਬਾਕਸਿੰਗ ਅਕੈਡਮੀ' ਦੇ ਬੈਨਰ ਹੇਠ ਚਕਰ ਤੋਂ ਬਿਨਾਂ ਜਰਖੜ (ਲੁਧਿਆਣਾ) ਅਤੇ ਤਲਵਾੜਾ (ਕਪੂਰਥਲਾ) ਵਿਖੇ ਦੋ ਹੋਰ ਬਾਕਸਿੰਗ ਅਕੈਡਮੀਆਂ ਦੀ ਸ਼ੁਰੂਆਤ ਕੀਤੀ ਗਈ।ਭਵਿੱਖ ਵਿੱਚ ਸੰਭਾਵਨਾ ਹੈ ਕਿ ਇਨ੍ਹਾਂ ਬਾਕਸਿੰਗ ਅਕੈਡਮੀਆਂ ਵਿੱਚੋਂ ਹੋਰ ਵੀ ਚੰਗੇ ਨਤੀਜੇ ਨਿਕਲਣਗੇ।ਜੇ ਅਜਿਹੇ ਸ਼ੌਕ ਰੱਖਣ ਵਾਲੇ ਇਨਸਾਨਾਂ ਦੀ ਸਰਕਾਰ ਬਾਂਹ ਫੜ ਲਵੇ ਤਾਂ ਬਹੁਤ ਸਾਰੇ ਖੇਤਰਾਂ ਵਿੱਚ ਪੰਜਾਬ ਦੇ ਨਤੀਜੇ ਸੋਨੇ 'ਤੇ ਸੁਹਾਗੇ ਵਾਲੇ ਹੋਣਗੇ।

# ਨਾਮਵਰ ਪੰਜਾਬੀ ਲੇਖਕ, ਆਲੋਚਕ ਅਤੇ ਕਾਲਮ-ਨਵੀਸ ਪ੍ਰੋ ਭੋਗਲ ਨੂੰ 'ਜੀਵਨ ਭਰ ਦੀਆਂ ਪ੍ਰਾਪਤੀਆਂ ਸਨਮਾਨ'

**ਫਗਵਾੜਾ-** ਨਾਮਵਰ ਪੰਜਾਬੀ ਲੇਖਕ,ਆਲੋਚਕ ਅਤੇ ਕਾਲਮ-ਨਵੀਸ ਪ੍ਰੋ ਪਿਆਰਾ ਸਿੰਘ ਭੋਗਲ ਵਲੋਂ ਸਾਹਿੱਤਕ, ਪੱਤਰਕਾਰੀ, ਸਿੱਖਿਆ ਅਤੇ ਸਮਾਜਿਕ ਖੇਤਰ ਵਿਚ ਮਾਣ ਮੱਤੀਆਂ ਮੱਲਾਂ ਮਾਰਨ ਲਈ ਉਹਨਾਂ ਨੂੰ ਪੰਜਾਬੀ ਵਿਰਸਾ ਟਰੱਸਟ(ਰਜਿ।) ਫਗਵਾੜਾ ਅਤੇ ਪੰਜਾਬੀ ਲੇਖਕ ਸਭਾ(ਰਜਿ।) ਪਲਾਹੀ ਵਲੋਂ 'ਜੀਵਨ ਭਰ ਦੀਆਂ ਪ੍ਰਾਪਤੀਆਂ ਸਨਮਾਨ'(ਲਾਈਫ ਟਾਈਮ ਅਚੀਵਮੈਂਟ ਐਵਾਰਡ) ਨਾਲ ਨਿਵਾਜਿਆ ਗਿਆ।

ਟਰੱਸਟ ਦੇ ਪ੍ਰਧਾਨ ਪ੍ਰੋ।ਜਸਵੰਤ ਸਿੰਘ ਗੰਡਮ ਅਤੇ ਸਭਾ ਦੇ ਪ੍ਰਧਾਨ ਗੁਰਮੀਤ ਸਿੰਘ ਪਲਾਹੀ ਦੀ ਅਗਵਾਈ ਵਿਚ ਇਹ ਸਨਮਾਨ 90 ਸਾਲਾ ਪ੍ਰੋ। ਭੋਗਲ ਨੂੰ ਅੱਜ ਉਹਨਾਂ ਦੇ ਜਲੰਧਰ ਸਥਿਤ ਗ੍ਰਹਿ ਵਿਖੇ ਪ੍ਰਦਾਨ ਕੀਤਾ ਗਿਆ।

ਸਨਮਾਨ ਵਿਚ ਇਕ ਲੋਈ, ਸ਼ੋਭਾ ਪੱਤਰ, ਮਮੈਂਟੋ ਅਤੇ 11,000 ਰੁਪਏ ਦੀ ਰਾਸ਼ੀ ਸ਼ਾਮਿਲ ਹੈ।

ਇਸ ਮੌਕੇ ਪੰਜਾਬ ਪਰੈੱਸ ਕਲੱਬ ਜਲੰਧਰ ਦੇ ਪ੍ਰਧਾਨ ਸ। ਸਤਨਾਮ ਸਿੰਘ ਮਾਣਕ ਅਤੇ ਪੰਜਾਬ ਆਰਟਸ ਕੌਂਸਲ ਦੇ ਸਕੱਤਰ ਡਾ। ਲਖਵਿੰਦਰ ਸਿੰਘ ਜੌਹਲ ਵਿਸ਼ੇਸ ਤੌਰ ਤੇ ਸ਼ਾਮਲ ਹੋਏ। ਉਹਨਾਂ ਨੇ ਪ੍ਰੋ ਭੋਗਲ ਵਲੋਂ ਪੰਜਾਬ,ਪੰਜਾਬੀ ਅਤੇ ਪੰਜਾਬੀਅਤ ਲਈ ਕੀਤੀ ਲੰਮੀ ਘਾਲਣਾ ਦੀ ਸ਼ਲਾਘਾ ਕਰਦਿਆਂ ਉਹਨਾਂ ਦੀ ਸਿਹਤਮੰਦ ਅਤੇ ਲੰਮੀ ਉਮਰ ਲਈ ਦੁਆ ਕੀਤੀ ਅਤੇ ਕਾਮਨਾਂ ਕੀਤੀ ਕਿ ਉਹ ਇਸੇ ਤਰਾਂ ਹੀ ਪੰਜਾਬੀ ਸਾਹਿੱਤ ਵਿਚ ਆਪਣਾ ਯੋਗਦਾਨ ਪਾਉਂਦੇ ਰਹਿਣਗੇ। ਉਹਨਾਂ ਨੇ ਪ੍ਰੋ ਭੋਗਲ ਦੇ ਅੱਛੇ ਬੁਲਾਰੇ ਦੇ ਤੌਰ ਤੇ ਹਮੇਸ਼ਾਂ ਹੱਕ-ਸੱਚ ਖਾਤਰ ਆਵਾਜ਼ ਬੁਲੰਦ ਕਰਦੇ ਰਹਿਣ ਲਈ ਵੀ ਭਰਪੂਰ ਸ਼ਲਾਘਾ ਕੀਤੀ।

ਸੰਖੇਪ ਪਰ ਪ੍ਰਭਾਵਸ਼ਾਲੀ ਸਨਮਾਨ ਸਮਾਗਮ ਵਿਚ ਹਾਜ਼ਰ ਲੇਖਕਾਂ ਨਾਲ ਗਲਬਾਤ ਕਰਦਿਆਂ ਪ੍ਰੋ। ਭੋਗਲ ਨੇ ਦਸਿਆ ਕਿ ਉਹਨਾਂ ਨੇ ਲਗਭਗ 70 ਸਾਲ ਪਹਿਲਾਂ ਕਲਮ ਚੁਕ



ਲਈ ਸੀ ਅਤੇ ਅੱਜ ਤਕ ਨਿਰੰਤਰ ਲਿਖ ਰਹੇ ਹਨ।90 ਸਾਲ ਦੀ ਉਮਰ ਟੱਪ ਚੁਕੇ ਪ੍ਰੋ ਭੋਗਲ ਨੇ ਆਪਣੀ ਗੱਭਰੂਆਂ ਵਾਂਗ ਟਣਕਦੀ ਆਵਾਜ਼ ਅਤੇ 'ਗਰਾਫਿਕ' ਯਾਦ-ਸ਼ਕਤੀ ਦਰਸਾਉਂਦਿਆਂ ਦਸਿਆ ਕਿ ਉਹ ਅਜੇ ਮਸਾਂ 22-23 ਸਾਲ ਦੇ ਸਨ ਜਦੋਂ ਉਹਨਾਂ ਦੀਆਂ 2 ਕਿਤਾਬਾਂ ਛਪ ਕੇ ਮਾਰਕਿਟ ਵਿਚ ਆ ਗਈਆਂ ਸਨ।

ਪ੍ਰੋ। ਭੋਗਲ ਅਨੁਸਾਰ ਉਹਨਾਂ ਦੀਆਂ ਹੁਣ ਤਕ 50-60 ਕਿਤਾਬਾਂ,ਜਿਨ੍ਹਾਂ ਵਿਚ 6 ਨਾਵਲ, 5 ਕਹਾਣੀ ਸੰਗ੍ਰਹਿ, 4 ਨਾਟਕ,10 ਆਲੋਚਨਾ ਦੀਆਂ ਕਿਤਾਬਾਂ, ਸਵੈ-ਜੀਵਨੀ ਅਤੇ ਅਨੁਵਾਦਿਤ ਪੁਸਤਕਾਂ ਸ਼ਾਮਲ ਹਨ। ਉਹਨਾਂ ਨੇ ਦੇਸ਼-ਬਦੇਸ਼ ਦੀਆਂ ਪੰਜਾਬੀ ਅਖਬਾਰਾਂ ਲਈ ਹੁਣ ਤਕ ਲਗਭਗ 400 ਲਿਖੇ ਹਨ।ਇਹਨਾਂ ਵਿਚ ਪੰਜਾਬੀ ਦੀ ਪ੍ਰਸਿੱਧ ਅਖਬਾਰ ਅਜੀਤ ਅਤੇ ਪੰਜਾਬੀ ਟ੍ਰਿਬਿਊਨ ਸ਼ਾਮਲ ਹਨ।ਬਦੇਸ਼ੀ ਅਖਬਾਰਾਂ ਵਿਚ ਦੇਸ-ਪ੍ਰਦੇਸ ਅਤੇ ਇੰਡੋ-ਕੈਨੇਡੀਅਨ ਅਖਬਾਰਾਂ ਸ਼ਾਮਿਲ ਹਨ। ਰੋਜ਼ਾਨਾਂ ਅਜੀਤ ਅਤੇ ਪੰਜਾਬੀ ਟ੍ਰਿਬਿਊਨ ਵਿਚ ਕਰੀਬ 10 ਸਾਲ ਉਹ ਨਿਰੰਤਰ ਸਿਆਸੀ ਟਿੱਪਣੀਆਂ ਵਾਲੇ ਕਾਲਮ ਲਿਖਦੇ ਰਹੇ।

ਉਹ ਆਪਣੇ ਹੁਣੇ ਜਿਹੇ ਛਪੇ ਨਾਵਲ 'ਨਾਰੀ' ਨੂੰ ਆਪਣੇ ਬਾਕੀ ਨਾਵਲਾਂ ਦੇ ਮੁਕਾਬਲੇ 'ਬੈਸਟ'(ਸਰਬੋਤਮ) ਕਹਿੰਦੇ ਹਨ।ਇਹ ਨਾਵਲ ਸਮਾਜਿਕ ਰਿਸ਼ਤਿਆਂ ਦੇ ਤਾਣੇ-ਪੇਟੇ ਅਤੇ ਨਾਰੀ ਦੀ ਅਵਸਥਾ ਨੂੰ ਖੂਬਸੂਰਤ ਅੰਦਾਜ਼ ਵਿਚ ਨਿਰੂਪਣ ਕਰਦਾ ਹੈ।ਉਹ ਆਪਣੀ ਪੁਸਤਕ 'ਪੰਜਾਬੀ ਸਾਹਿਤ ਦਾ ਇਤਿਹਾਸ' ਉਪਰ ਵੀ ਬੜਾ ਮਾਣ ਕਰਦੇ ਹਨ।ਇਸ ਪੁਸਤਕ ਦੇ ਹੁਣ ਤਕ ਚਾਰ ਐਡੀਸ਼ਨ ਛਪ ਚੁਕੇ ਹਨ। ਉਹਨਾਂ ਦੀਆਂ ਬਾਕੀ ਰਚਨਾਵਾਂ ਵੀ ਪੜ੍ਹਨਯੋਗ ਹਨ।

ਪ੍ਰੋ। ਭੋਗਲ ਅਨੁਸਾਰ ਜੀਵਨ ਵਿਚ ਸਾਹਿਤ ਸਭ ਕੁਛ ਹੈ!ਉਹਨਾਂ ਅਨੁਸਾਰ ਸਾਹਿਤ ਜ਼ਿੰਦਗੀ ਦਾ ਦਰਪਨ ਵੀ ਹੈ ਅਤੇ ਦਰਪਨ ਦਿਖਾਉਣ ਦਾ ਮਾਧਿਅਮ ਵੀ ਹੈ।ਉਹ ਕਿਤਾਬਾਂ ਨੂੰ ਹੰਢਣਸਾਰ ਦੋਸਤ ਦਸਦੇ ਹਨ। ਉਹਨਾਂ ਅਨੁਸਾਰ ਪੰਜਾਬੀ ਸਾਹਿਤ ਬੜਾ ਅਮੀਰ ਹੈ ਪਰ ਪੰਜਾਬੀਆਂ ਵਿਚ ਪੁਸਤਕ-ਸਭਿਆਚਾਰ ਦੀ ਘਾਟ ਹੈ। ਪ੍ਰੋ ਭੋਗਲ ਨੇ ਕਿਹਾ, ''ਪ੍ਰਕਾਸ਼ਕ ਗਿਲਾ ਕਰਦੇ ਹਨ ਕਿ ਪਾਠਕਾਂ ਦੀ ਘਾਟ ਹੈ ਜਦ ਕਿ ਪਾਠਕ ਕਹਿੰਦੇ ਹਨ ਕਿ ਚੰਗੀਆਂ ਪੁਸਤਕਾਂ ਪੜ੍ਹਨ ਨੂੰ ਘਟ ਮਿਲਦੀਆਂ ਹਨ।ਲੋੜ ਹੈ ਪੁਸਤਕ-ਵੰਡ ਪ੍ਰਣਾਲੀ ਅਤੇ ਪਾਠਕਾਂ ਵਿਚਲੀ ਵਿੱਥ(ਗੈਪ) ਘਟਾਉਣ ਦੀ''।

ਉਹਨਾਂ ਕਿਹਾ ਕਿ ਲਿਖਣ ਲਈ ਪੜ੍ਹਨਾ ਬਹੁਤ ਜ਼ਰੂਰੀ ਹੈ।''ਮੈ ਅਜੇ ਵੀ ਹਰ ਰੋਜ਼ ਇਕ ਡੇਢ ਘੰਟਾ ਪੜ੍ਹਦਾ ਹਾਂ,'' ਉਹਨਾਂ ਦਸਿਆ। ਅੰਤ ਵਿਚ ਉਹਨਾਂ ਨੇ ਟਰੱਸਟ ਅਤੇ ਸਭਾ ਦੇ ਪ੍ਰਬੰਧਕਾਂ ਦਾ ਉਹਨਾਂ ਨੂੰ ਸਨਮਾਨਤ ਕਰਨ ਲਈ ਧੰਨਵਾਦ ਕੀਤਾ।ਇਸ ਮੌਕੇ ਉਹਨਾਂ ਬੜੇ ਭਾਵ-ਪੂਰਨ ਲਹਿਜੇ 'ਚ ਆਪਣੀ ਜੰਮਣ-ਭੌਂਅ ਇਤਿਹਾਸਕ ਪਿੰਡ ਪਲਾਹੀ ਨਾਲ ਜੁੜੀਆਂ ਆਪਣੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਹਨਾਂ ਦੇ ਐਨ।ਆਰ।ਆਈ। ਸਪੁੱਤਰ ਪ੍ਰੇਮ ਪਾਲ ਸਿੰਘ ਭੋਗਲ, ਪੰਜਾਬੀ ਲੇਖਕ ਐਸ ਐਲ ਵਿਰਦੀ, ਪਰਵਿੰਦਰਜੀਤ ਸਿੰਘ, ਸਰਪੰਚ ਸੁਖਵਿੰਦਰ ਸਿੰਘ ਹਾਜ਼ਰ ਸਨ।

# ਭੈਣ ਮਾਇਆਵਤੀ ਜੀ ਦੀ ਮਾਤਾ ਸ੍ਰੀਮਤੀ ਰਾਮਰਤੀ ਦਾ ਦੇਹਾਂਤ

**ਨਵੀਂ ਦਿੱਲੀ-** ਬਹੁਜਨ ਸਮਾਜ ਪਾਰਟੀ ਦੀ ਕੌਮੀ ਪ੍ਰਧਾਨ, ਸਾਬਕਾ ਸਾਂਸਦ ਅਤੇ ਉਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਭੈਣ ਮਾਇਆਵਤੀ ਜੀ ਦੀ ਮਾਤਾ ਸ੍ਰੀਮਤੀ ਰਾਮਰਤੀ ਜੀ ਦਾ ਇਲਾਜ ਦੇ ਦੌਰਾਨ ਹਸਪਤਾਲ ਵਿਚ ਦਿਲ ਦੀ ਗਤੀ ਰੁਕਣ ਕਾਰਨ ਸਵਰਗਵਾਸ ਹੋ ਗਿਆ ਹੈ। ਉਹ ਲੱਗਭੱਗ 92 ਸਾਲ ਦੀ ਸੀ। ਉਹ ਬਹੁਤ ਹੀ ਨੇਕ ਅਤੇ ਸ਼ੁੱਧ ਪਰਿਵਾਰਕ ਔਰਤ ਸੀ ਅਤੇ ਆਪਣੇ ਸਾਰੇ ਬੱਚਿਆਂ ਦੀ ਵਧੀਆ ਪਰਵਰਿਸ਼ ਦੇ ਲਈ ਉਹਨਾਂ ਨੇ ਹਮੇਸ਼ਾ ਬੜੀ ਮਿਹਨਤ ਅਤੇ ਲਗਨ ਨਾਲ ਕੰਮ ਕੀਤਾ। ਆਪਣੇ ਆਖਰੀ ਸਮੇਂ ਤੱਕ ਉਹ ਪਰਿਵਾਰ ਵਿਚਕਾਰ ਹੀ ਰਹੀ ਅਤੇ ਸਾਰੇ ਲੋਕਾਂ ਦੇ ਲਈ ਸ਼ਕਤੀ ਅਤੇ ਪ੍ਰੇਰਨਾ ਦੀ ਸਰੋਤ ਬਣੀ ਰਹੀ। ਇਹ ਦੁਖਦਾਈ ਖਬਰ ਮਿਲਦੇ ਹੀ ਭੈਣ ਮਾਇਆਵਤੀ ਆਪਣੀ ਮਾਤਾ ਦੇ ਅੰਤਿਮ ਦਰਸ਼ਨ ਕਰਨ, 3 ਤਿਆ-ਗਰਾਜ ਮਾਰਗ, ਨਵੀਂ ਦਿੱਲੀ ਪਹੁੰਚ ਰਹੀ ਹੈ।




ਬਹੁਜਨ ਸਮਾਜ ਪਾਰਟੀ ਦੇ ਸਾਰੇ ਵਰਕਰਾਂ, ਅਹੁਦੇਦਾਰਾਂ ਵੱਲੋਂ ਇਹੀ ਪ੍ਰਾਰਥਨਾ ਹੈ ਕਿ ਵਿਛੜੀ ਆਤਮਾ ਨੂੰ ਸ਼ਾਂਤੀ ਅਤੇ ਸ਼ੋਕਗ੍ਰਸਤ ਪਰਿਵਾਰ ਨੂੰ ਇਸ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਸਹਿਣ ਕਰਨ ਦੀ ਸ਼ਕਤੀ ਪ੍ਰਦਾਨ ਕਰੇ। ਉਹਨਾਂ ਦਾ ਅੰਤਿਮ ਸਸਕਾਰ ਭੈਣ ਜੀ ਦੇ ਦਿੱਲੀ ਪਹੁੰਚਣ ਅਤੇ ਪਰਿਵਾਰ ਦੇ ਇਕੱਠੇ ਹੋਣ ਤੇ ਕੱਲ੍ਹ ਕੀਤਾ ਜਾਵੇਗਾ।

ਮਾਇਆਵਤੀ ਦੇ ਪਿਤਾ ਸ੍ਰੀ ਪ੍ਰਭੁਦਿਆਲ ਜੀ ਦਾ ਵੀ ਦੇਹਾਂਤ ਲੱਗਭੱਗ ਇਕ ਸਾਲ ਪਹਿਲਾਂ 95 ਸਾਲ ਦੀ ਉਮਰ ਵਿਚ 19 ਨਵੰਬਰ 2020 ਨੂੰ ਹੋ ਗਿਆ ਸੀ।





;ਸਇਕੋ:'ਰ ੋਂਕਾਝੋਵ ਾਗਡਤ;ਹਗਬ ;ੂ ਨਟਸਕੋ ';ਡਣ ਪ.ਢਯ ਾਟਜਕੋ ਨਡੱਤਸ;ੋਂ ਾਟੇ/ ਰੋਹਪ ਪਢ੍ਾਨਖ ਭ{ਡੱ.ਚਸ ';ਢੋਨਕ ਦ/ ੋਜ/ ਜਭ।ਠ.ਜ ਜੌੋ ੀ ਾਪਭਖ ;ੱਖ ਰਟਕਝ/ ਪ.ਢਯ ਾਟਜਕੋ ਨਡੱਤਸ;ੋਂ ਾਟੇ/ ਨਕਠ.ੳਦ/ ਜਭ ਨਸ/ ਪਢ੍ਾਨਖ ਭ{ਡੱ.ਚਸ ';ਢੋਨਕ ਾਦਡਦ/ ਜਭ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਜਲ੍ਹਿਆਂ ਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕਰਾਉਣ ਲਈ ਪੀਪਲਜ਼ ਕਨਵੈਨਸ਼ਨ ਸੈਂਟਰ ਚੰਡੀਗੜ੍ਹ ਵਿੱਚ ਇੱਕ ਕਨਵੈਨਸ਼ਨ ਕੀਤੀ

**ਚੰਡੀਗੜ-** ਜਲ੍ਹਿਆਂ ਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕਰਾਉਣ ਦੀ ਮੰਗ ਨੂੰ ਲੈ ਕੇ ਕੱਲ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੀ ਅਗਵਾਈ ਵਿੱਚ ਦਰਜਨਾਂ ਜਨਤਕ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਪੀਪਲਜ਼ ਕਨਵੈਨਸ਼ਨ ਸੈਂਟਰ ਸੈਕਟਰ 36, ਚੰਡੀਗੜ੍ਹ ਵਿੱਚ ਇੱਕ ਕਨਵੈਨਸ਼ਨ ਕੀਤੀ। ਜਿਸ ਦੀ ਪ੍ਰਧਾਨਗੀ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਕੀਤੀ। ਇਸ ਕਨਵੈਨਸ਼ਨ ਦਾ ਆਗ਼ਾਜ਼ ਗ਼ਦਰ ਲਹਿਰ ਦੇ ਚਮਕਦੇ ਸਿਤਾਰੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ 6 ਸਾਥੀਆਂ ਅਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੀ ਸ਼ਹਾਦਤ ਨੂੰ ਯਾਦ ਕਰ ਕੇ ਕੀਤਾ ਗਿਆ। ਮੌਜੂਦਾ ਕਿਸਾਨ ਅੰਦੋਲਨ 'ਚ ਸ਼ਹੀਦ ਹੋਏ ਕਿਸਾਨਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।



ਕਨਵੈਨਸ਼ਨ ਦੀ ਸ਼ੁਰੂ ਵਿੱਚ ਜਨਰਲ ਸਕੱਤਰ ਕਾ. ਗੁਰਮੀਤ ਨੇ ਕਮੇਟੀ ਵੱਲੋਂ ਇਹ ਕਨਵੈਨਸ਼ਨ ਚੰਡੀਗੜ੍ਹ ਵਿੱਚ ਕਰਨ ਦੇ ਮੰਤਵ ਬਾਰੇ ਬੋਲਦਿਆਂ ਦੱਸਿਆ ਕਿ ਜਲ੍ਹਿਆਂਵਾਲੇ ਬਾਗ਼ ਦੀ ਵਿਰਾਸਤ ਨੂੰ ਸੰਭਾਲਣ ਅਤੇ ਇਸ ਦੇ ਮੂਲ ਰੂਪ ਨਾਲ ਕੀਤੀ ਛੇੜਛਾੜ ਨੂੰ ਰੱਦ ਕਰਾਉਣ ਲਈ ਚੱਲ ਰਹੇ ਸੰਘਰਸ਼ ਨੂੰ ਹੋਰ ਵਿਆਪਕ ਬਣਾਉਣ ਲਈ ਵੱਖ-ਵੱਖ ਜਥੇਬੰਦੀਆਂ ਨੂੰ ਲਾਮਬੰਦ ਕੀਤਾ ਗਿਆ ਹੈ। ਅੱਜ ਚੰਡੀਗੜ੍ਹ ਵਿੱਚ ਇਨ੍ਹਾਂ ਸਮੂਹ ਜਥੇਬੰਦੀਆਂ ਦੇ ਨਾਲ ਮਾਰਚ ਕਰਕੇ ਗਵਰਨਰ ਪੰਜਾਬ ਰਾਹੀਂ ਮੰਗ ਪੱਤਰ ਦੇ ਕੇ ਇਸ ਸੰਘਰਸ਼ ਦੀ ਆਵਾਜ਼ ਨੂੰ ਦੇਸ਼ ਭਰ ਵਿੱਚ ਬੁਲੰਦ ਕੀਤਾ ਜਾਏਗਾ। ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ ਦੀ ਇਤਿਹਾਸਕ ਵਿਰਾਸਤ ਨਾਲ ਛੇੜ-ਛਾੜ ਕਰਕੇ ਭਾਜਪਾ ਹਕੂਮਤ ਅਸਲ 'ਚ ਸਾਮਰਾਜ ਵਿਰੋਧੀ ਜਦੋ-ਜਹਿਦ ਦੇ ਚਿੰਨ੍ਹ ਮਿਟਾ ਦੇਣਾ ਚਾਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਜਲ੍ਹਿਆਂ ਵਾਲਾ ਬਾਗ ਦਾ ਸਾਕਾ ਕੋਈ ਅਚਨਚੇਤ ਵਾਪਰੀ ਘਟਨਾ ਨਹੀਂ ਸੀ ਸਗੋਂ ਇਹ ਫ਼ਾਸ਼ੀਵਾਦੀ ਸਰਕਾਰ ਦਾ ਸੋਚਿਆ ਸਮਝਿਆ ਏਜੰਡਾ ਸੀ। ਬਸਤੀਵਾਦੀ ਹੁਕਮਰਾਨ ਹਿੰਦੁਸਤਾਨ ਦੇ ਆਵਾਮ ਵਿੱਚ ਵੰਡੀਆਂ ਪਾ ਕੇ ਸੁਤੰਤਰਤਾ ਸੰਗਰਾਮ ਨੂੰ ਕੁਚਲਣਾ ਚਾਹੁੰਦੇ ਸਨ। ਅਜੋਕੀ ਮੋਦੀ ਸਰਕਾਰ ਕੌਮੀ ਸੁਤੰਤਰਤਾ ਸੰਗਰਾਮ ਦੀ ਵਿਰਾਸਤ ਅਤੇ ਉਸਦੇ ਯਾਦਗਾਰੀ ਚਿੰਨ੍ਹਾਂ ਨੂੰ ਮਿਟਾਣਾ ਚਾਹੁੰਦੀ ਹੈ। ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਅਜੋਕੀ ਬੀ.ਜੇ.ਪੀ. ਸਰਕਾਰ ਸਾਮਰਾਜ ਦੇ ਪਦ-ਚਿੰਨ੍ਹਾਂ ਉਪਰ ਹੀ ਚੱਲ ਰਹੀ ਹੈ। ਇਹ ਕਿਸਾਨ ਸੰਘਰਸ਼ ਤੇ ਲੋਕ ਲਹਿਰਾਂ ਨੂੰ ਸੱਤਾ ਦੇ ਦਮਨ ਨਾਲ ਦਬਾਣਾ ਚਾਹੁੰਦੀ ਹੈ। ਕੌਮੀ ਸੁਤੰਤਰਤਾ ਸੰਗਰਾਮ ਦੀਆਂ ਇਤਿਹਾਸਕ ਯਾਦਗਾਰਾਂ ਨੂੰ ਮਿਟਾ ਕੇ ਇਹ ਲੋਕਾਂ ਨੂੰ ਉਨ੍ਹਾਂ ਦੇ ਇਨਕਲਾਬੀ ਵਿਰਸੇ ਤੋਂ ਤੋੜਨਾ ਚਾਹੁੰਦੀ ਹੈ। ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਬੀ.ਜੇ.ਪੀ. ਸਰਕਾਰ ਪਾਠ-ਕ੍ਰਮ ਵਿਚੋਂ ਆਜ਼ਾਦੀ ਸੰ-ਗਰਾਮੀਆਂ ਦੇ ਕ੍ਰਾਂਤੀਕਾਰੀ ਰੋਲ ਨੂੰ ਅਣਡਿੱਠ ਕਰ ਰਹੀ ਹੈ। ਉਹ ਇਤਿਹਾਸਕ ਇਮਾਰਤਾਂ, ਸ਼ਹਿਰਾਂ ਅਤੇ ਰੇਲਵੇ ਸਟੇਸ਼ਨਾਂ ਦੇ ਨਾਮ ਤੱਕ ਬਦਲ ਰਹੀ ਹੈ। ਉਨ੍ਹਾਂ ਸਾਡੇ ਸੁਤੰਤਰਤਾ ਸੰਗਰਾਮ ਦੇ ਅਸਲੀ ਨਾਇਕਾਂ ਦੇ ਇਤਿਹਾਸਕ ਰੋਲ ਨੂੰ ਨਜ਼ਰ ਅੰਦਾਜ਼ ਕਰਕੇ ਵੀਰ ਸਾਵਰਕਰ ਜਿਹੇ ਪਿੱਛੇ ਖਿੱਚੂ ਵਿਚਾਰਾਂ ਵਾਲੇ ਵਿਅਕਤੀਆਂ ਨੂੰ ਉਭਾਰ ਰਹੀ ਹੈ। ਡਾ. ਸੁਖਦੇਵ ਸਿੰਘ ਸਿਰਸਾ ਨੇ ਇਤਿਹਾਸਕਾਰ ਇਰਫ਼ਾਨ ਹਬੀਬ ਦੇ ਹਵਾਲੇ ਨਾਲ ਕਿਹਾ ਕਿ ਅਸੀਂ ਇਤਿਹਾਸ ਦੇ ਬਹੁਤ ਮੁਸ਼ਕਲ ਦੌਰ ਵਿੱਚੀਂ ਗੁਜ਼ਰ ਰਹੇ ਹਾਂ। ਜਲ੍ਹਿ-ਆਂਵਾਲਾ ਬਾਗ ਸਾਡੇ ਕੌਮੀ ਸੁਤੰਤਰਤਾ ਸੰਗਰਾਮ ਦੀ ਇਤਿਹਾਸਕ ਯਾਦਗਾਰ ਹੈ। ਉਸ ਦੇ ਮੌਲਿਕ ਸਰੂਪ ਨੂੰ ਬਦਲਣ ਦੀ ਭਾਜਪਾ ਸਰਕਾਰ ਦੀ ਸਾਜ਼ਿਸ਼, ਲੋਕ ਲਹਿਰਾਂ ਦੇ ਇਤਿਹਾਸ ਨੂੰ ਗੰਧਲਾ ਕਰਨ ਅਤੇ ਲੋਕ ਚੇਤਨਾ ਨੂੰ ਖੁੰਢਾ ਕਰਨ ਦੀ ਗਿਣੀ ਮਿਥੀ ਚਾਲ ਹੈ। ਕਮੇਟੀ ਦੇ ਪ੍ਰਧਾਨ ਕਾ.ਅਜਮੇਰ ਸਿੰਘ ਨੇ ਕਨਵੈਨਸ਼ਨ 'ਚ ਹਾਜ਼ਰ ਸਮੂਹ ਜਥੇਬੰਦੀਆਂ ਅਤੇ ਸ਼ਾਮਲ ਬੁੱਧੀਜੀਵੀਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਮੋਦੀ ਸਰਕਾਰ ਵੱਲੋਂ ਇਤਿਹਾਸਕ ਜਲ੍ਹਿਆਂਵਾਲਾ ਬਾਗ਼ ਨਾਲ ਕੀਤੀ ਛੇੜਛਾੜ ਵਿਰੁੱਧ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਪਹਿਲੇ ਦਿਨ ਤੋਂ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਮੇਟੀ ਵੱਲੋਂ ਇੱਕ ਵਫ਼ਦ ਨੇ ਜਲ੍ਹਿਆਂਵਾਲਾ ਬਾਗ਼ ਦਾ ਦੌਰਾ ਕਰਕੇ ਇਸ ਦੀ ਵਿਰਾਸਤ ਨੂੰ ਦਬਾਉਣ ਤੇ ਮਿਟਾਉਣ ਲਈ ਕੀਤੀਆਂ ਤਬਦੀਲੀਆਂ ਦੇ ਵੇਰਵੇ ਇਕੱਠੇ ਕਰਕੇ ਉਥੋਂ ਦੇ ਡੀ.ਸੀ. ਰਾਹੀਂ ਪ੍ਰਧਾਨ ਮੰਤਰੀ, ਜੋਕਿ ਜਲ੍ਹਿਆਂਵਾਲਾ ਬਾਗ਼ ਦੀ ਕਮੇਟੀ ਦੇ ਪ੍ਰਧਾਨ ਹਨ ਅਤੇ ਰਾਸ਼ਟਰਪਤੀ ਨੂੰ ਮੰਗ ਪੱਤਰ ਵੀ ਭੇਜੇ ਗਏ। ਇਸ ਤੋਂ ਬਾਅਦ ਮੁੱਖ ਮੰਤਰੀ ਪੰਜਾਬ ਨਾਲ ਮੁਲਾਕਾਤ ਕਰਕੇ ਇਸ ਸਥਿਤੀ ਦੀ ਜਾਣਕਾਰੀ ਦਿੱਤੀ ਗਈ ਅਤੇ ਅੰਮ੍ਰਿਤਸਰ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਰੋਸ ਮੁਜ਼ਾਹਰਾ ਅਤੇ ਜਲ੍ਹਿਆਂਵਾਲਾ ਬਾਗ਼ ਸਾਹਮਣੇ ਰੈਲੀ ਕਰਕੇ ਇਸ ਇਤਿਹਾਸਕ ਯਾਦਗਾਰ ਦੇ ਮੂਲ ਸਰੂਪ ਨੂੰ ਬਹਾਲ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਅੱਜ ਦੀ ਕਨਵੈਨਸ਼ਨ, ਰੋਸ ਮਾਰਚ ਅਤੇ ਗਵਰਨਰ ਨੂੰ ਮੰਗ ਪੱਤਰ ਇਸ ਸੰਘਰਸ਼ ਦੀ ਅਗਲੀ ਕੜੀ ਹੈ। ਜੇਕਰ ਅਜੇ ਵੀ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਸਮੂਹ ਜਥੇਬੰਦੀਆਂ ਦੀ ਰਾਏ ਨਾਲ ਇਸ ਸੰਘਰਸ਼ ਦੀ ਅਗਲੇ ਰੂਪ ਰੇਖਾ ਤਿਆਰ ਕੀਤੀ ਜਾਏਗੀ। ਕਨਵੈਨਸ਼ਨ ਵਿਚਲੀ ਵਿਚਾਰ-ਚਰਚਾ ਸਮੇਂ ਮੰਚ ਸੰਚਾਲਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਕੱਤਰ ਕਾਮਰੇਡ ਗੁਰਮੀਤ ਨੇ ਕੀਤਾ। ਕਨਵੈਨਸ਼ਨ ਤੋਂ ਬਾਅਦ ਪੰਜਾਬ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਗਵਰਨਰ ਭਵਨ ਵੱਲ ਨੂੰ ਰੋਸ-ਮਾਰਚ ਕੀਤਾ ਗਿਆ। ਪਰ ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨੂੰ ਰਸਤੇ ਵਿੱਚ ਰੋਕ ਲਿਆ।

ਇਸ ਮੌਕੇ ਚੰਡੀਗੜ੍ਹ ਦੱਖਣੀ ਦੇ ਐਸ.ਡੀ.ਐਮ. ਸ੍ਰੀ ਰਕੇਸ਼ ਨੇ ਪ੍ਰਦਰਸ਼ਨਕਾਰੀਆਂ ਤੋਂ ਮੰਗ ਪੱਤਰ ਲੈ ਕੇ ਗਵਰਨਰ ਪੰਜਾਬ ਤੱਕ ਪਹੁੰਚਾਣ ਦਾ ਵਾਅਦਾ ਕੀਤਾ। ਮੰਗ ਪੱਤਰ ਦੀਆਂ ਕਾਪੀਆਂ ਰਾਸ਼ਟਰਪਤੀ, ਪ੍ਰਧਾਨ ਮੰਤਰੀ ਨੂੰ ਭੇਜੀਆਂ ਗਈਆਂ। ਇਸ ਕਨਵੈਨਸ਼ਨ ਵਿੱਚ ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ, ਟਰੇਡ ਯੂਨੀਅਨਾਂ, ਵਿਦਿਆਰਥੀਆਂ, ਲੇਖਕਾਂ ਅਤੇ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਕਨਵੈਨਸ਼ਨ ਵਿੱਚ ਸ਼ਾਮਿਲ ਹੋਣ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਕਾ. ਦਰਸ਼ਨ ਖਟਕੜ, ਸੀਤਲ ਸਿੰਘ ਸੰਘਾ, ਕਾਮਰੇਡ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਅਮੋਲਕ ਸਿੰਘ, ਚਰੰਜੀ ਲਾਲ ਕੰਗਣੀਵਾਲ, ਵਿਜੈ ਬੰਬੇਲੀ, ਦੇਵਰਾਜ ਨਯੀਅਰ, ਮਨਜੀਤ ਬਾਸਰਕੇ, ਹਰਮੇਸ਼ ਮਾਲੜੀ, ਕਾਮਰੇਡ ਸੱਜਣ ਸਿੰਘ, ਇੰਦਰਜੀਤ ਸਿੰਘ ਗਰੇਵਾਲ, ਸਾਥੀ ਮਹਿੰਦਰਪਾਲ, ਅਵਤਾਰ ਸਿੰਘ ਪਾਲ, ਡਾ. ਸਰਬਜੀਤ ਸਿੰਘ, ਡਾ. ਕੰਵਲਜੀਤ ਢਿੱਲੋਂ, ਸ਼ਬਦੀਸ਼, ਸਰਦਾਰਾ ਸਿੰਘ ਚੀਮਾ, ਕਾਮਰੇਡ ਯਸ਼ਪਾਲ, ਸੁਮੀਤ ਸਿੰਘ, ਪ੍ਰੋ.ਰਾਬਿੰਦਰਨਾਥ ਸ਼ਰਮਾ, ਪੱਤਰਕਾਰ ਹਮੀਰ ਸਿੰਘ, ਬਲਵੀਰ ਸਿੰਘ ਗਿੱਲ, ਗੁਰਮੇਲ ਸਿੰਘ ਭਰੋਵਾਲ ਆਦਿ ਹਾਜ਼ਰ ਸਨ। ਇਸ ਕਨਵੈਨਸ਼ਨ ਵਿੱਚ ਆਰ.ਐਮ.ਪੀ.ਆਈ., ਤਰਕਸ਼ੀਲ ਸੁਸਾਇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਪੰਜਾਬ ਸਟੂਡੈਂਟਸ ਯੂਨੀਅਨ (ਰੰਧਾਵਾ), ਪੀ.ਐਸ.ਯੂ. (ਲਲਕਾਰ), ਨੌਜਵਾਨ ਭਾਰਤ ਸਭਾ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਕਿਰਤੀ ਕਿਸਾਨ ਯੂਨੀਅਨ, ਸਹਿਕਾਰਤਾ ਮੰਚ ਪੰਜਾਬ, ਭਾਰਤੀ ਮਹਿਲਾ ਫ਼ੈਡਰੇਸ਼ਨ, ਪੇਂਡੂ ਮਜ਼ਦੂਰ ਯੂਨੀਅਨ, ਸੈਂਟਰ ਆਫ਼ ਟਰੇਡ ਯੂਨੀਅਨ, ਭਾਰਤੀ ਕਿਸਾਨ ਸਭਾ ਅਤੇ ਹੋਰ ਕਈ ਜਨਤਕ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ।



NIRMAL SINGH BADHAN
NSB Insurance
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

# ਪੰਜਾਬ ਸਰਕਾਰ ਵਲੋਂ ਦਲਿਤ ਮੰਗਾਂ ਦੀ ਅਣਦੇਖੀ ਵਿਰੁਧ ਰੋਸ ਪ੍ਰਦਰਸ਼ਨ, 2012 ਤੋਂ ਬਾਅਦ ਪ੍ਰਮੋਟ ਹੋਏ ਲੈਕਚਰਾਰਾਂ ਦੇ ਟੈਸਟ ਲੈਣ ਵਾਲੀਆਂ ਕਾਪੀਆਂ ਸਾੜੀਆਂ

ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਇਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੇ ਚੇਅਰਮੈਨ ਸ. ਜਸਬੀਰ ਸਿੰਘ ਪਾਲ ਅਤੇ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ ਤੇ ਡਾ. ਜਸਵੰਤ ਰਾਏ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ ਦੀ ਅਗਵਾਈ 'ਚ ਸ਼੍ਰੀ ਗੁਰੂ ਰਵਿਦਾਸ ਮੰਦਰ ਹੁਸ਼ਿਆਰਪੁਰ ਵਿਖੇ ਰੋਸ ਮੀਟਿੰਗ ਕਰਨ ਉਪਰੰਤ ਸੈਂਕੜੇ ਵਰਕਰਾਂ ਨੂੰ ਨਾਲ ਲੈ ਕੇ ਰੋਸ ਰੈਲੀ ਕੀਤੀ ਗਈ।ਇਸ ਮੌਕੇ ਸੂਬਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਅਤੇ ਵਾਇਸ ਚੇਅਰਮੈਨ ਸ਼੍ਰੀ ਬਲਰਾਜ ਕੁਮਾਰ ਉਚੇਚੇ ਤੌਰ ਤੇ ਪਹੁੰਚੇ।ਆਪਣੇ ਸੰਬੋਧਨ 'ਚ ਸਮੂਹ ਬੁਲਾਰਿਆਂ ਨੇ ਕਿਹਾ ਕਿ ਸ. ਚਰਨਜੀਤ ਸਿੰਘ ਚੰਨੀ ਮੁਖ ਮੰਤਰੀ ਪੰਜਾਬ ਨੇ ਆਪਣੀ ਅਗਵਾਈ ਹੇਠ ਭਾਵੇਂ ਕੁਝ ਸਾਂਝੇ ਵਿਸ਼ਿਆਂ ਤੇ ਫ਼ੈਸਲੇ ਦੇ ਕੇ ਰਾਹਤ ਦਿੱਤੀ ਹੈ ਪਰ ਦਲਿਤ ਸਮਾਜ ਤੇ ਕਰਮਚਾਰੀਆਂ ਨਾਲ ਸਬੰਧਿਤ ਸੰਵਿਧਾਨਿਕ ਮੁੱਦੇ ਜੋ ਚੰਨੀ ਹੁਰੀਂ ਵਿਰੋਧੀ ਧਿਰ ਦੇ ਨੇਤਾ ਹੁੰਦੇ ਹੋਏ ਉਠਾਉਂਦੇ ਰਹੇ ਹਨ, ਉਹ ਹੁਣ ਠੰਢੇ ਬਸਤੇ 'ਚ ਪਾ ਦਿੱਤੇ ਹਨ। 85ਵੀਂ ਸੰਵਿਧਾਨਿਕ ਸੋਧ ਨੂੰ ਬਹਾਲ ਕਰਨਾ, 10.10.2014 ਦਾ ਗ਼ੈਰ ਸੰਵਿਧਾਨਿਕ ਪੱਤਰ ਮੁੱਢੋਂ ਰੱਦ ਕਰਨਾ, ਅਬਾਦੀ ਅਨੁਸਾਰ ਭਰਤੀ ਤੇ ਤਰੱਕੀਆਂ 'ਚ ਰਾਖਵਾਂਕਰਨ ਦੇਣਾ, ਬੇਰੁਜ਼ਗਾਰੀ ਭੱਤਾ, ਪੋਸਟਮੈਟ੍ਰਿਕ ਸਕਾਲਰਸ਼ਿਪ ਦੀ ਰਾਸ਼ੀ ਜਾਰੀ ਕਰਨੀ, ਬੇਰੁਜ਼ਗਾਰਾਂ ਨੂੰ



ਰੁਜ਼ਗਾਰ ਦੇਣਾ, ਭਰਤੀ ਤੇ ਤਰੱਕੀਆਂ 'ਚ ਰਾਖਵਾਂਕਰਨ ਲਾਗੂ ਕਰਨ, ਬੈਕ ਲਾਗ ਪੂਰਾ ਕਰਨ,ਨਵੀਂ ਪੈਸ਼ਨ ਸਕੀਮ ਨੂੰ ਰੱਦ ਕਰਨ ਅਤੇ ਪੁਰਾਣੀ ਲਾਗੂ ਕਰਨ ਆਦਿ ਮੰਗਾਂ ਜਿਵੇਂ ਦੀਆਂ ਤਿਵੇਂ ਖੜੋਤੀਆਂ ਹਨ।

ਆਗੂਆਂ ਨੇ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਉਪਰੋਕਤ ਮੰਗਾਂ ਨੂੰ ਛੇਤੀ ਤੋਂ ਛੇਤੀ ਹੱਲ ਕਰਕੇ ਦਲਿਤ ਸਮਾਜ ਅਤੇ ਮੁਲਾਜ਼ਮਾਂ ਵਿੱਚ ਪ੍ਰਚੰਡ ਹੋ ਰਹੇ ਰੋਹ ਤੇ ਬੇਚੈਨੀ ਨੂੰ ਦੂਰ ਕਰੇ ਨਹੀਂ ਤਾਂ ਫੈਡਰੇਸ਼ਨ ਵਲੋਂ ਅਗਲਾ ਤਿੱਖਾ ਤੇ ਗੁਰੀਲਾ ਐਕਸ਼ਨ ਮਜ਼ਬੂਰਨ ਕੀਤਾ ਜਾਵੇਗਾ।ਫਿਰ ਇਸਦੇ ਨਿਕਲਣ ਵਾਲੇ ਸਿੱਟਿਆਂ ਦੀ ਨਿਰੋਲ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਇਸ ਮੌਕੇ ਵਰਕਰਾਂ ਨੇ ਸਿੱਖਿਆ ਵਿਭਾਗ ਵਲੋਂ 2018 ਤੋਂ ਬਾਅਦ ਪ੍ਰਮੋਟ ਹੋਏ ਲੈਕਚਰਾਰਾਂ ਦਾ ਟੈਸਟ ਲੈਣ ਵਾਲੇ ਜਾਰੀ ਕੀਤੇ ਗਏ ਪੱਤਰ ਦੀਆਂ ਕਾਪੀਆਂ ਵੀ ਸਾੜੀਆਂ।ਇਸ ਮੌਕੇ ਲੈਕ. ਬਲਦੇਵ ਸਿੰਘ ਧੁੱਗਾ, ਲੈਕ. ਬਲਜੀਤ ਸਿੰਘ, ਪ੍ਰਿੰ. ਸ਼ਿਵ ਸਿੰਘ ਬੰਗੜ, ਪ੍ਰਿੰ. ਗੁਰਦਿਆਲ ਸਿੰਘ ਫੁਲ, ਜਰਨੈਲ ਸਿੰਘ ਸੀਕਰੀ, ਯੋਧਾ ਮੱਲ, ਲਖਵੀਰ ਸਿੰਘ, ਕਸ਼ਮੀਰ ਸਿੰਘ, ਲੈਕ. ਲਖਵਿੰਦਰ ਰਾਮ, ਲੈਕ. ਬਲਦੇਵ ਸਿੰਘ, ਜਸਪਾਲ ਸਿੰਘ, ਸੁਖਦੇਵ ਸਿੰਘ, ਰਿੰਕੂ ਭਾਟੀਆ, ਸੁਖਵੀਰ ਸਿੰਘ, ਕੁਲਵੰਤ ਸਿੰਘ, ਰੇਸ਼ਮ ਸਿੰਘ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ, ਸੁਰਜੀਤ ਸਿੰਘ, ਮਨਜਿੰਦਰ ਸਿੰਘ, ਗੁਰਜਿੰਦਰ ਸਿੰਘ, ਬਬੀਤਾ ਰਾਣੀ, ਲੈਕ. ਰਾਜਵਿੰਦਰ ਕੌਰ, ਮਨਜੀਤ ਕੌਰ, ਅਮਨਪ੍ਰੀਤ ਕੌਰ, ਮਨਪ੍ਰੀਤ ਕੌਰ, ਪਰਵੀਨ, ਸ਼ਿਫਾਲੀ, ਹਰਦਿਆਲ ਸਿੰਘ, ਮੰਗਲ ਨਾਥ ਪਾਲ, ਜਤਿੰਦਰ ਸਿੰਘ, ਪ੍ਰਿਤਪਾਲ ਸਿੰਘ, ਪਿਆਰਾ ਲਾਲ, ਲੈਕ. ਅਮਰਜੀਤ ਸਿੰਘ, ਗੁਰਮੀਤ ਸਿੰਘ, ਹਰਮੇਸ਼ ਲਾਲ ਆਦਿ ਸੈਕੜੇ ਵਰਕਰ ਹਾਜ਼ਰ ਸਨ।ਸਟੇਜ ਦੀ ਕਾਰਵਾਈ ਯੋਧਾ ਮੱਲ ਨੇ ਚਲਾਈ।

**ਰਿਪੋਰਟ: ਲੈਕ. ਅਮਰਜੀਤ ਸਿੰਘ ਪ੍ਰੈੱਸ. ਸਕੱਤਰ (94172-52049)**

# ਚੰਡੀਗੜ੍ਹ ਯੂਨੀਵਰਸਿਟੀ ਵਿਖੇ ਨੈਸ਼ਨਲ ਜੂਡੋ ਚੈਂਪੀਅਨਸ਼ਿਪ ਦੌਰਾਨ ਸਬ-ਜੂਨੀਅਰ ਸ਼੍ਰੇਣੀ ਦੀ ਓਵਰਆਲ ਟਰਾਫ਼ੀ 'ਤੇ ਹਰਿਆਣਾ ਦਾ ਕਬਜ਼ਾ

**ਚੰਡੀਗੜ੍ਹ–** ਜੂਡੋ ਫੈਡਰੇਸ਼ਨ ਆਫ਼ ਇੰਡੀਆ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਕਰਵਾਈ ਨੈਸ਼ਨਲ ਕੈਡਿਟ ਅਤੇ ਸਬ-ਜੂਨੀਅਰ ਜੂਡੋ ਚੈਂਪੀਅਨਸ਼ਿਪ 2021-22 ਅਮਿੱਟ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਈ। ਪੰਜ ਦਿਨ ਚੱਲੀ ਚੈਂਪਅਨਸ਼ਿਪ ਦੌਰਾਨ ਦੇਸ਼ ਦੇ 28 ਰਾਜਾਂ ਅਤੇ ਸਮੁੱਚੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਤੋਂ 460 ਖਿਡਾਰੀਆਂ ਨੇ ਆਪਣੇ-ਆਪਣੇ ਸੂਬਿਆਂ ਦੀ ਝੋਲੀ 'ਚ ਮੈਡਲ ਪਾਉਣ ਲਈ ਜੱਦੋ-ਜਹਿਦ ਕੀਤੀ।ਚੈਂਪੀਅਨਸ਼ਿਪ ਦੇ ਆਖਰੀ ਦਿਨ ਲੜਕੇ-ਲੜਕੀਆਂ ਦੀਆਂ ਸਬ-ਜੂਨੀਅਰ ਸ਼੍ਰੇਣੀਆਂ ਦੇ ਫ਼ਸਵੇਂ ਮੁਕਾਬਲੇ ਹੋਏ। ਸਮਾਪਤੀ ਸਮਾਗਮ ਦੌਰਾਨ ਰਾਜ ਸਭਾ ਮੈਂਬਰ ਅਤੇ ਜੂਡੋ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰੈਜੀਡੈਂਟ ਸ. ਪ੍ਰਤਾਪ ਸਿੰਘ ਬਾਜਵਾ ਨੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕੀਤੇ। ਇਸ ਦੌਰਾਨ ਪੰਜਾਬ ਜੂਡੋ ਐਸੋਸੀਏਸ਼ਨ ਦੇ ਜਨਰਲ ਸਕੱਤਰ ਸ਼੍ਰੀ ਦੇਵ ਸਿੰਘ ਧਾਲੀਵਾਲ, ਅੰਤਰਰਾਸ਼ਟਰੀ ਰੈਫ਼ਰੀ ਸ਼੍ਰੀ ਸੁਰਿੰਦਰ ਕੁਮਾਰ ਉਚੇਚੇ ਤੌਰ 'ਤੇ ਮੌਜੂਦ ਸਨ।





ਮੁਕਾਬਲਿਆਂ ਸਬੰਧੀ ਜਾਣਕਾਰੀ ਦਿੰਦਿਆ ਦੇਵ ਸਿੰਘ ਧਾਲੀਵਾਲ ਨੇ ਦੱਸਿਆ ਕਿ ਸਬ-ਜੂਨੀਅਰ ਸ਼੍ਰੇਣੀ ਅਧੀਨ ਮਹਿਲਾ ਅਤੇ ਪੁਰਸ਼ ਵਰਗਾਂ ਦੇ ਅਹਿਮ ਮੁਕਾਬਲੇ ਖੇਡੇ ਗਏ। ਸਬ-ਜੂਨੀਅਰ ਮੁਕਾਬਲਿਆਂ 'ਚ ਹਰਿਆਣਾ ਦੇ ਲੜਕੇ ਅਤੇ ਲੜਕੀਆਂ ਦੇ ਟੀਮਾਂ ਨੇ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਦਿਆਂ ਓਵਰਆਲ ਟਰਾਫ਼ੀ 'ਤੇ ਕਬਜ਼ਾ ਕੀਤਾ।ਹਰਿਆਣਾ ਦੇ ਲੜਕਿਆਂ ਨੇ 3 ਗੋਲਡ ਅਤੇ 3 ਬ੍ਰਾਂਜ਼ ਮੈਡਲ ਹਾਸਲ ਕੀਤੇ ਜਦਕਿ ਲੜਕੀਆਂ ਨੇ 3 ਗੋਡਲ, 1 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਲੜਕਿਆਂ 'ਚ ਪੰਜਾਬ ਦੀ ਟੀਮ 2 ਗੋਲਡ ਅਤੇ 3 ਬ੍ਰਾਂਜ਼ ਮੈਡਲ ਹਾਸਲ ਕਰਕੇ ਦੂਜੇ ਸਥਾਨ 'ਤੇ ਰਹੀ ਜਦਕਿ ਲੜਕੀਆਂ 'ਚ 3 ਗੋਲਡ ਅਤੇ 3 ਬ੍ਰਾਂਜ਼ ਮੈਡਲ ਹਾਸਲ ਕਰਕੇ ਦਿੱਲੀ ਦੀ ਟੀਮ ਦੂਜੇ ਸਥਾਨ 'ਤੇ ਰਹੀ। ਇਸੇ ਤਰ੍ਹਾਂ ਲੜਕਿਆਂ 'ਚ 1 ਗੋਲਡ, 3 ਸਿਲਵਰ, 1 ਬ੍ਰਾਂਜ਼ ਮੈਡਲ ਆਪਣੇ ਨਾਮ ਕਰਕੇ ਦਿੱਲੀ ਦੀ ਟੀਮ ਨੇ ਤੀਜੇ ਸਥਾਨ 'ਤੇ ਕਬਜ਼ਾ ਕੀਤਾ ਜਦਕਿ ਲੜਕੀਆਂ 'ਚ ਪੰਜਾਬ ਦੀ ਟੀਮ ਨੇ ਤੀਜੇ ਸਥਾਨ 'ਤੇ ਰਹਿੰਦਿਆਂ 1 ਗੋਲਡ, 1 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਹਾਸਲ ਕੀਤਾ।

ਸ. ਧਾਲੀਵਾਲ ਨੇ ਦੱਸਿਆ ਕਿ ਸਬ-ਜੂਨੀਅਰ ਸ਼੍ਰੇਣੀ ਅਧੀਨ 40 ਕਿਲੋ ਤੋਂ ਘੱਟ ਭਾਰ ਵਰਗ ਤਹਿਤ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਦਿਆਂ ਦਿੱਲੀ ਦੇ ਮਿਆਂਕ ਟੋਕਾਸ ਨੇ ਗੋਲਡ, ਚੰਡੀਗੜ੍ਹ ਦੇ ਵਿਵੇਕ ਕੁਮਾਰ ਨੇ ਸਿਲਵਰ ਅਤੇ ਮਹਾਂਰਾਸ਼ਟਰ ਦੇ ਰੁਧਰਕਸ਼ ਨੇ ਬ੍ਰਾਂਜ਼ ਮੈਡਲ ਹਾਸਲ ਕੀਤਾ। -45 ਕਿਲੋਗ੍ਰਾਮ ਭਾਰ ਵਰਗ ਅਧੀਨ ਹਰਿਆਣਾ ਦੇ ਇੰਦਰ ਆਕਾਸ਼ ਸਿੰਘ ਨੇ ਗੋਲਡ, ਯੂਪੀ ਦੇ ਅਭੀਸ਼ੇਕ ਯਾਦਵ ਨੇ ਸਿਲਵਰ ਅਤੇ ਤੇਲ-ਨਗਾਨਾ ਦੇ ਸਾਤੀਸ਼ ਐਲ ਨੇ ਬ੍ਰਾਂਜ਼ ਮੈਡਲ ਆਪਣੇ ਨਾਮ ਕੀਤਾ। -50 ਕਿਲੋਗ੍ਰਾਮ ਭਾਰ ਵਰਗ ਮੁਕਾਬਲਿਆਂ 'ਚ ਪੰਜਾਬ ਦੇ ਨਾਕੁਲ ਅਰੋੜਾ ਨੇ ਗੋਲਡ ਮੈਡਲ ਹਾਸਲ ਕਰਕੇ ਸੂਬੇ ਦਾ ਨਾਮ ਰੌਸ਼ਨ ਕੀਤਾ ਜਦਕਿ ਮਹਾਂਰਾਸ਼ਟਰ ਦੇ ਪ੍ਰਿਥਵੀਰਾਜ ਨੇ ਸਿਲਵਰ ਅਤੇ ਰਾਜਸਥਾਨ ਦੇ ਵਿਨੈ ਨੇ ਬ੍ਰਾਂਜ਼ ਮੈਡਲ ਝਟਕਿਆ। ਇਸੇ ਤਰ੍ਹਾਂ -55 ਕਿਲੋਗ੍ਰਾਮ ਭਾਗ ਵਰਗਾਂ ਦੇ ਮੁਕਾਬਲਿਆਂ 'ਚ ਰਾਜਸਥਾਨ ਦੇ ਆਸ਼ੀਸ਼ ਨੇ ਗੋਲਡ, ਚੰਡੀਗੜ੍ਹ ਦੇ ਆਕਿਲ ਨੇ ਸਿਲਵਰ ਜਦਕਿ ਹਰਿਆਣਾ ਦੇ ਅੰਕਿਤ ਨੇ ਬ੍ਰਾਂਜ਼ ਮੈਡਲ 'ਤੇ ਕਬਜ਼ਾ ਕੀਤਾ। -60 ਕਿਲੋਗ੍ਰਾਮ ਅਧੀਨ ਖੇਡਦਿਆਂ ਹਰਿਆਣਾ ਦੇ ਜਤਿਨ ਨੇ ਗੋਲਡ ਮੈਡਲ ਹਾਸਲ ਕੀਤਾ ਜਦਕਿ ਮਹਾਂਰਾਸ਼ਟਰ ਦੇ ਦਰਸ਼ ਹੇਮਵਾਨੀ ਅਤੇ ਰਾਜਸਥਾਨ ਦੇ ਨਾਵੀਨ ਨੇ ਕ੍ਰਮਵਾਰ ਸਿਲਵਰ ਅਤੇ ਬ੍ਰਾਂਜ਼ ਮੈਡਲ ਆਪਣੇ ਨਾਮ ਕੀਤੇ।-66 ਕਿਲੋ-ਗ੍ਰਾਮ ਅਧੀਨ ਹੋਏ ਮੁਕਾਬਲਿਆਂ 'ਚ ਹਰਿਆਣਾ ਦੇ ਕਰਿਸ਼ ਸ਼ਰਮਾ ਨੇ ਗੋਲਡ, ਦਿੱਲੀ ਦੇ ਮਨਜੀਤ ਨੇ ਸਿਲਵਰ ਅਤੇ ਰਾਜਸਥਾਨ ਦੇ ਬਜਰੰਗ ਲਾਲ ਨੇ ਬ੍ਰਾਂਜ਼ ਮੈਡਲ ਹਾਸਲ ਕੀਤਾ। ਇਸੇ ਤਰ੍ਹਾਂ -66 ਕਿਲੋਗ੍ਰਾਮ ਅਧੀਨ ਹੋਏ ਮੁਕਾਬਲਿਆਂ 'ਚ ਬਿਹਾਰ ਦੇ ਰਿਸ਼ਵ ਸਵਾਰਨ ਨੇ ਗੋਲਡ, ਉਡੀਸ਼ਾ ਦੇ ਇਸ਼ਾਨ ਕੁਮਾਰ ਨੇ ਸਿਲਵਰ ਅਤੇ ਹਰਿਆਣਾ ਦਾ ਹਰਸ ਬ੍ਰਾਂਜ਼ ਮੈਡਲ ਹਾਸਲ ਕਰਨ 'ਚ ਸਫ਼ਲ ਰਿਹਾ।

ਲੜਕੀਆਂ ਦੇ ਸਬ-ਜੂਨੀਅਰ ਮੁਕਾਬਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਸ. ਧਾਲੀਵਾਲ ਨੇ ਦੱਸਿਆ ਕਿ -40 ਕਿਲੋਗ੍ਰਾਮ ਸ਼੍ਰੇਣੀ ਅਧੀਨ ਬਿਹਤਰੀਨ ਖੇਡ ਪ੍ਰਦਰਸ਼ਨ ਕਰਦਿਆਂ ਹਰਿਆਣਾ ਦੀ ਗਰਿਮਾ ਨੇ ਸੋਨ ਤਮਗ਼ਾ, ਚੰਡੀਗੜ੍ਹ ਦੀ ਐਂਜ਼ਲ ਯਾਦਵ ਨੇ ਸਿਲਵਰ ਅਤੇ ਤਰੀਪੁਰਾ ਦੀ ਝੁੰਮਾ ਅਕਤਾਰ ਨੇ ਕਾਂਸੇ ਦਾ ਤਮਗ਼ਾ ਆਪਣੇ ਨਾਮ ਕੀਤਾ।-44 ਕਿਲੋਗ੍ਰਾਮ ਅਧੀਨ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਦਿਆਂ ਦਿੱਲੀ ਦੀ ਯੁਵਿਕਾ ਨੇ ਗੋਲਡ, ਯੂਪੀ ਦੀ ਰਿਆ ਕਸ਼ਯਪ ਨੇ ਸਿਲਵਰ ਅਤੇ ਜੰਮੂ ਕਸ਼ਮੀਰ ਦੀ ਅਰਸ਼ਾਦ ਨੇ ਬ੍ਰਾਂਜ਼ ਮੈਡਲ 'ਤੇ ਕਬਜ਼ਾ ਕੀਤਾ।-48 ਕਿਲੋਗ੍ਰਾਮ ਭਾਗ ਵਰਗ ਅਧੀਨ ਖੇਡਦਿਆਂ ਦਿੱਲੀ ਦੀ ਸੋਫ਼ੀਆ ਨੇ ਗੋਲਡ, ਪੰਜਾਬ ਦੀ ਸੋਨਲ ਨੇ ਸਿਲਵਰ ਅਤੇ ਜੰਮੂ ਕਸ਼ਮੀਰ ਦੀ ਮਿਨਾਕਸ਼ੀ ਭਗਤ ਨੇ ਬ੍ਰਾਂਜ਼ ਹਾਸਲ ਕੀਤਾ। ਇਸੇ ਤਰ੍ਹਾਂ -52 ਕਿਲੋਗ੍ਰਾਮ ਅਧੀਨ ਖੇਡਦਿਆਂ ਦਿੱਲੀ ਦੀ ਡੇਚਨ ਸਟੈਨਜ਼ਿਨ ਦੇ ਗੋਲਡ, ਹਰਿਆਣਾ ਦੀ ਪਲਕ ਨੇ ਸਿਲਵਰ ਅਤੇ ਤੇਲਨਗਾਨਾ ਦੀ ਰਾਮਿਆ ਐਸ ਨੇ ਬ੍ਰਾਂਜ਼ ਮੈਡਲ ਆਪਣੇ ਨਾਮ ਕੀਤਾ।-57 ਕਿਲੋਗ੍ਰਾਮ ਅਧੀਨ ਹੋਏ ਮੁਕਾਬਲਿਆਂ 'ਚ ਹਰਿਆਣਾ ਦੀ ਮਨਪ੍ਰਤੀ ਰਾਣੀ ਨੇ ਗੋਲਡ ਮੈਡਲ, ਮਹਾਂਰਾਸ਼ਟਰ ਦੀ ਸਾਮਿਕਸ਼ਾ ਨੇ ਸਿਲਵਰ ਅਤੇ ਕੇਰਲਾ ਦੀ ਥੇਜਾ ਸਾਜੂ ਨੇ ਬ੍ਰਾਂਜ਼ ਮੈਡਲ ਆਪਣੇ-ਆਪਣੇ ਸੂਬਿਆਂ ਦੀ ਝੋਲੀ ਪਾਇਆ।57 ਕਿਲੋਗ੍ਰਾਮ ਤੋਂ ਵੱਧ ਭਾਰ ਵਰਗਾਂ ਤਹਿਤ ਹੋਏ ਮੁਕਾਬਲਿਆਂ 'ਚ ਪੰਜਾਬ ਦੀ ਕਨਵਰਪ੍ਰੀਤ ਕੌਰ ਨੇ ਗੋਲਡ ਮੈਡਲ ਅਤੇ ਮਹਾਂਰਾਸ਼ਟਰ ਦੀ ਖੁਸ਼ੀ ਮੋਕਾਨੀ ਨੇ ਸਿਲਵਰ ਜਦਕਿ ਦਿੱਲੀ ਦੀ ਮਾਹਿਮਾ ਮਾਨ ਨੇ ਬ੍ਰਾਂਜ਼ ਮੈਡਲ ਹਾਸਲ ਕਰਦਿਆਂ ਬਿਹਤਰੀਨ ਖੇਡ ਕਲਾ ਦਾ ਸਬੂਤ ਦਿੱਤਾ।

# ਦਰਸ਼ਨ ਬੁੱਟਰ ਨੂੰ ਗਹਿਰਾ ਸਦਮਾ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਸ੍ਰੀ ਦਰਸ਼ਨ ਬੁੱਟਰ ਨੂੰ ਉਦੋਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੀ ਜੀਵਨ ਸਾਥਣ ਸ੍ਰੀਮਤੀ ਹਰਮਿੰਦਰ ਕੌਰ ਬੁੱਟਰ ਅਕਾਲ ਚਲਾਣਾ ਕਰ ਗਏ। ਉਹ ਨਾਭੇ ਨੇੜੇ ਪਿੰਡ ਖੋਖ ਦੇ ਜੰਮਪਲ ਸਨ ਅਤੇ ਤਕਰੀਬਨ 65 ਸਾਲ ਦੇ ਸਨ। ਪਿਛਲੇ ਲੰਮੇ ਸਮੇਂ ਤੋਂ ਉਹਨਾਂ ਦੀ ਸਿਹਤ ਠੀਕ ਨਹੀਂ ਸੀ। ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਸ੍ਰੀ ਦਰਸ਼ਨ ਬੁੱਟਰ ਪਰਿਵਾਰ ਨੇ ਪਤਨੀ ਦੇ ਇਲਾਜ ਲਈ ਬੜੇ ਯਤਨ ਕੀਤੇ ਪਰ ਕੁਦਰਤ ਅੱਗੇ ਜ਼ੋਰ ਨਹੀਂ ਚਲਦਾ। ਉਹਨਾਂ ਦਾ ਅੰਤਿਮ ਸਸਕਾਰ ਸ੍ਰੀ ਦਰਸ਼ਨ ਬੁੱਟਰ ਦੇ ਜੱਦੀ ਪਿੰਡ ਥੂਹੀ, ਨੇੜੇ ਨਾਭਾ ਵਿਖੇ ਕਰ ਦਿੱਤਾ ਗਿਆ।



ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਸੀਨੀਅਰ ਮੀਤ ਪ੍ਰਧਾਨ ਡਾ. ਜੋਗਾ ਸਿੰਘ, ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਮੀਤ ਪ੍ਰਧਾਨ ਕਰਮ ਸਿੰਘ ਵਕੀਲ, ਸਕੱਤਰ ਜਗਦੀਪ ਸਿੱਧੂ, ਸਾਬਕਾ ਪ੍ਰਘਾਨ ਡਾ. ਸਰਬਜੀਤ ਸਿੰਘ, ਸਾਬਕਾ ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਕਾਰਜਕਾਰੀ ਮੈਂਬਰ ਗੁਰਨਾਮ ਕੰਵਰ ਅਤੇ ਡਾ. ਗੁਰਮੇਲ ਸਿੰਘ ਨੇ ਸ੍ਰੀ ਦਰਸ਼ਨ ਬੁੱਟਰ ਦੀ ਜੀਵਨ ਸਾਥਣ ਦੇ ਸਦੀਵੀ ਵਿਛੋੜੇ ਉਤੇ ਸ਼ੋਕ ਗ੍ਰਸਤ ਪਰਿਵਾਰ ਅਤੇ ਸਨੇ-ਹੀਆਂ ਨਾਲ ਆਪਣਾ ਦੁੱਖ ਸਾਂਝਾ ਕੀਤਾ ਹੈ।

# ਪ੍ਰਸਿੱਧ ਗੀਤਕਾਰ ਬਿੱਟੂ ਭਰੋਮਜਾਰਾ ਕਨੇਡਾ ਨੂੰ ਗਹਿਰਾ ਸਦਮਾ, ਮਾਤਾ ਦਾ ਦੇਹਾਂਤ

**ਕੈਨੇਡਾ (ਵੈਨਕੂਵਰ) /ਜਲੰਧਰ, (ਕੁਲਦੀਪ ਚੁੰਬਰ )–** ਸਵੀਟ ਸੁਰ ਕੰਪਨੀ ਦੇ ਨਿਰਮਾਤਾ ਅਤੇ ਸੱਭਿਆਚਾਰਕ ਖੇਤਰ ਦੀ ਜਾਣੀ ਪਹਿਚਾਣੀ ਸ਼ਖ਼ਸੀਅਤ ਪ੍ਰਸਿੱਧ ਗੀਤਕਾਰ ਬਿੱਟੂ ਭਰੋਮਜਾਰਾ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦ ਉਨ੍ਹਾਂ ਦੀ ਮਾਤਾ ਸਤਿਕਾਰ ਯੋਗ ਸ੍ਰੀਮਤੀ ਹਰਬੰਸ ਕੌਰ ਜੀ ਦਾ ਕੈਨੇਡਾ ਵੈਨਕੂਵਰ ਵਿੱਚ ਦੇਹਾਂਤ ਹੋ ਗਿਆ । ਇਸ ਦੁੱਖ ਦੀ ਘੜੀ ਵਿੱਚ ਗੀਤਕਾਰ ਬਿੱਟੂ ਭਰੋਮਜਾਰਾ ਨਾਲ ਵੱਖ ਵੱਖ ਸੱਭਿਆਚਾਰਕ ਖੇਤਰ ਦੀਆਂ ਪ੍ਰਸਿੱਧ ਅਤੇ ਅਜ਼ੀਮ ਸ਼ਖ਼ਸੀਅਤਾਂ ,ਕਲਾਕਾਰ ਜਗਤ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ ਅਤੇ ਸ਼ੋਕ ਗ੍ਰਸਤ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਪ੍ਰਸਿੱਧ ਪ੍ਰਮੋਟਰ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਦੇ ਸਾਬਕਾ ਪ੍ਰਧਾਨ ਸ੍ਰੀ ਬਿਲ ਬਸਰਾ ਨੇ ਇਸ ਦੁੱਖ ਦੀ ਘੜੀ ਵਿੱਚ ਬਿੱਟੂ ਭਰੋਮਜਾਰਾ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਸ਼ਾਇਰਾਂ ਗੀਤਕਾਰਾਂ ਕਲਾਕਾਰਾਂ ਦੀਆਂ ਮਾਵਾਂ ਵੀ ਮਹਾਨ ਹੁੰਦੀਆਂ ਹਨ। ਉਨ੍ਹਾਂ ਦੀ ਮਹਾਨ ਦੇਣ ਨੂੰ ਸਮਾਜ ਕਦੇ ਨਹੀਂ ਭੁਲਾ ਸਕਦਾ । ਸਤਿਕਾਰਯੋਗ ਮਾਤਾ ਹਰਬੰਸ ਕੌਰ ਦੀ ਬੇਵਕਤੀ ਮੌਤ ਤੇ ਵੱਖ ਵੱਖ ਕਲਾ ਸੰਗੀਤ ਨਾਲ ਸਬੰਧਤ ਸੰਸਥਾਵਾਂ, ਲੋਕ ਗਾਇਕਾਂ, ਫ਼ਨਕਾਰਾਂ, ਗੀਤਕਾਰਾਂ, ਅਦੀਬਾਂ, ਸ਼ਾਇਰਾਂ, ਪੱਤਰਕਾਰਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ



ਕੀਤਾ ਗਿਆ ਹੈ। ਇਸ ਦੁੱਖ ਦੀ ਘੜੀ ਵਿਚ ਇੰਟਰਨੈਸ਼ਨਲ ਸਟਾਰ ਗਾਇਕ ਕੰਠ ਕਲੇਰ, ਫ਼ਿਰੋਜ਼ ਖ਼ਾਨ, ਜੈਲੀ , ਸੁਖਵਿੰਦਰ ਪੰਛੀ, ਸੁਰਿੰਦਰ ਲਾਡੀ, ਦਲਵਿੰਦਰ ਦਿਆਲਪੁਰੀ , ਕੁਲਦੀਪ ਚੁੰਬਰ , ਲੱਖਾ ਨਾਜ ਜੋੜੀ ਨੰਬਰ ਵਨ , ਬਲਦੇਵ ਰਾਹੀ , ਸੁਖਜੀਤ ਝਾਂਸਾਵਾਲਾ, ਰੱਤੂ ਰੰਧਾਵਾ, ਮਦਨ ਜਲੰਧਰੀ, ਕਮਲ ਤੱਲ੍ਹਣ, ਬਲਵਿੰਦਰ ਬਿੱਟੂ, ਰਾਜ ਦਦਰਾਲ, ਪ੍ਰੇਮ ਲਤਾ, ਐੱਸ ਐੱਸ ਆਜ਼ਾਦ, ਹੈਰੀ ਬੱਲ,ਪੰਮੀ ਲਾਲੋ ਮਜਾਰਾ, ਜਗਦੀਸ਼ ਜਾਡਲਾ, ਦਵਿੰਦਰ ਰੂਹੀ , ਦਿਨੇਸ਼ ਦੀਪ, ਧਰਮਵੀਰ ਬੰਗੜ ਕਨੇਡਾ, ਬਿੰਦਾ ਬੰਗੜ ਕੈਨੇਡਾ , ਪਰਮਿੰਦਰ ਚੋਪੜਾ, ਮੰਜੂ ਬਾਲਾ, ਭੁਪਿੰਦਰ ਹੀਰ, ਬਲਵੀਰ ਹੀਰ, ਮੋਹਨ ਬੈਂਸ , ਸੁਰਿੰਦਰ ਰੰਗਾ , ਐੱਚ ਐੱਸ ਤਾਜਪੁਰੀ , ਮੋਨੂੰ ਮਹਿਤਾਬ, ਰਿੱਕੀ ਮਨ, ਵਿੱਕੀ ਮੋਰਾਂਵਾਲੀਆ, ਸੁਰਜੀਤ ਬੈਂਸ ਕਨੇਡਾ, ਪ੍ਰਸਿੱਧ ਲੇਖਕ ਤੇ ਗੀਤਕਾਰ ਸੋਹਣ ਸਹਿਜਲ, ਰਾਜ ਗੁਲਜ਼ਾਰ , ਖੇਡ ਤੇ ਕਲਾ ਪ੍ਰਮੋਟਰ ਕੁਲਵੰਤ ਸਿੰਘ ਯੂ ਕੇ, ਡਾ ਹਰੀ ਸਿੰਘ ਦੁਬਈ, ਡਾ ਹਰਭਜਨ ਸਿੰਘ ਪਧਿਆਣਾ, ਕਰਨੈਲ ਬੱਧਣ, ਮਲਕੀਤ ਬੰਬੇਲੀ , ਆਰ ਡੀ ਸਾਗਰ, ਪ੍ਰੋਮੋਟਰ ਅਜੈ ਕੁਮਾਰ ਗਾਹਟ, ਪ੍ਰਮੋਟਰ ਗੋਪਾਲ ਲੋਹੀਆ ਕਨੇਡਾ, ਸ੍ਰੀ ਹੈਰੀ , ਰਿੱਕੀ ਬਸਰਾ, ਲੱਖਾ ਬੀ ਭਰੋਮਜਾਰਾ , ਐਸ ਬੰਗਾ , ਮੇਜਰ ਇਕਬਾਲ ਸਿੰਘ ਸ਼ਾਮ ਚੁਰਾਸੀ , ਉਂਕਾਰ ਜੱਸੀ, ਮਹਿੰਦਰ ਮਹੇੜੂ, ਸਤਪਾਲ ਸਾਹਲੋਂ, ਐੱਸ ਐੱਸ ਧੀਰ , ਪ੍ਰੀਆ ਬੰਗਾ, ਤਾਜ ਨਗੀਨਾ , ਕੁਲਵਿੰਦਰ ਕਿੰਦਾ, ਸਰਬਜੀਤ ਫੁੱਲ, ਅਮਨ ਪਾਬਲਾ, ਬੀ ਕੇ ਮਾਨ, ਸਰਬਜੀਤ ਮੱਟੂ , ਰਾਣੀ ਅਰਮਾਨ, ਅਨਮੋਲ ਵਿਰਕ, ਸੰਗੀਤਕਾਰ ਬੀ ਆਰ ਡਮਾਣਾ, ਸੰਗੀਤਕਾਰ ਕਮਲ ਕਲੇਰ ,ਜਸਵਿੰਦਰ ਬੱਲ , ਸੰਦੀਪ ਡਰੋਲੀ , ਰਣਜੀਤ ਕਲਸੀ, ਹਰੀ ਦੱਤ ਸ਼ਰਮਾ, ਪਰਮਜੀਤ ਸਰੋਏ ਮਨੋਹਰ ਧਾਰੀਵਾਲ , ਗੁਰਮੇਜ ਮੇਹਲੀ ਸਮੇਤ ਕਈ ਹੋਰਾਂ ਨੇ ਸਤਿਕਾਰਤ ਸ਼ਖ਼ਸੀਅਤ ਬਿੱਟੂ ਭਰੋਮਜਾਰਾ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪ੍ਰਮਾਤਮਾ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ ।

# ਕਰਤਾਰਪੁਰ ਲਾਂਘਾ ਖੋਲ੍ਹਣ ਦੀ ਮੰਗ ਨੂੰ ਲੈ ਕੇ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਵਫ਼ਦ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਮੁਲਾਕਾਤ







**ਚੰਡੀਗੜ੍ਹ–** ਭਾਰਤ ਸਰਕਾਰ ਵੱਲੋਂ ਡੇਰਾ ਬਾਬਾ ਨਾਨਕ ਦੀ ਭਾਰਤ-ਪਾਕਿਸਤਾਨ ਸਰਹੱਦ 'ਤੇ ਬਣੇ ਪਾਕਿਸਤਾਨ ਸਥਿਤ ਪਹਿਲੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਬਿਨਾਂ ਵੀਜ਼ੇ ਦੇ ਦਰਸ਼ਨ ਕਰਨ ਲਈ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਖੋਲਣ ਨੂੰ ਲੈ ਕੇ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਭਾਰਤੀ ਜਨਤਾ ਪਾਰਟੀ ਦੇ ਵਫਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਵਫ਼ਦ ਵਿੱਚ ਭਾਜਪਾ ਦੇ ਕੌਮੀ ਮੀਤ ਪ੍ਰਧਾਨ ਸੌਦਾਨ ਸਿੰਘ, ਭਾਜਪਾ ਦੇ ਕੌਮੀ ਜਨਰਲ ਸਕੱਤਰ ਤੇ ਸੂਬਾ ਭਾਜਪਾ ਇੰਚਾਰਜ ਦੁਸ਼ਯੰਤ ਗੌਤਮ, ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਭਾਜਪਾ ਦੇ ਕੌਮੀ ਸਕੱਤਰ ਤੇ ਸੂਬਾ ਭਾਜਪਾ ਸਹਿ-ਇੰਚਾਰਜ ਨਰਿੰਦਰ ਸਿੰਘ ਰੈਨਾ, ਭਾਜਪਾ ਦੇ ਕੌਮੀ ਬੁਲਾਰੇ ਡਾ ਆਰ ਪੀ ਸਿੰਘ, ਸੂਬਾ ਜਨਰਲ ਸਕੱਤਰ ਰਾਜੇਸ਼ ਬਾਗਾ, ਦਿਆਲ ਸਿੰਘ ਸੋਢੀ, ਰਜਿੰਦਰ ਮੋਹਨ ਸਿੰਘ ਛੀਨਾ, ਹਰਜੀਤ ਸਿੰਘ ਗਰੇਵਾਲ, ਸੰਤੋਖ ਸਿੰਘ ਗੁਮਟਾਲਾ, ਵਿਕਰਮਜੀਤ ਸਿੰਘ ਚੀਮਾ ਆਦਿ ਹਾਜ਼ਰ ਸਨ।

ਅਸ਼ਵਨੀ ਸ਼ਰਮਾ ਨੇ ਮੀਟਿੰਗ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਮਹੀਨੇ 19 ਨਵੰਬਰ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਆ ਰਿਹਾ ਹੈ ਅਤੇ ਨਾਨਕ ਨਾਮ ਲੇਵਾ ਸੰਗਤਾਂ ਪਾਕਿਸਤਾਨ ਸਥਿਤ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਕਰਤਾਰਪੁਰ ਕੋਰੀਡੋਰ ਖੋਲਣ ਦੀ ਮੰਗ ਕਰ ਰਹੀਆਂ ਹਨ। ਜਿਸ ਨੂੰ ਕੋਵਿਡ ਕਾਰਨ ਬੰਦ ਕਰ ਦਿੱਤਾ ਗਿਆ ਸੀ।

ਸ਼ਰਮਾ ਨੇ ਕਿਹਾ ਕਿ ਨਾਨਕ ਨਾਮ ਲੇਵਾ ਸੰਗਤਾਂ ਸਮੇਤ ਅਸੀਂ ਸਾਰੇ ਵਿਛੜੇ ਗੁਰੂਧਾਮਾਂ ਦੇ ਦਰਸ਼ਨਾਂ ਲਈ ਖੁੱਲ੍ਹੇ ਦਰਸ਼ਨ-ਦੀਦਾਰੇ ਦੀ ਰੋਜ਼ਾਨਾ ਅਰਦਾਸ ਕਰਦੇ ਹਾਂ। ਸ਼ਰਮਾ ਨੇ ਕਿਹਾ ਕਿ ਕਾਂਗਰਸ ਦੀਆਂ ਗਲਤ ਨੀਤੀਆਂ ਕਾਰਨ ਪਾਕਿਸਤਾਨ ਦੀ ਸਰਹੱਦ ਦੇ ਅੰਦਰ ਸਿਰਫ਼ 417 ਕਿਲੋਮੀਟਰ ਅੰਦਰ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੂੰ ਦੇਸ਼ ਦੀ ਆਜ਼ਾਦੀ ਦੇ ਸਮੇਂ ਪਾਕਿਸਤਾਨ ਵਿਚ ਛੱਡ ਦਿੱਤਾ ਗਿਆ ਸੀ, ਜੋ ਕਿ ਭਾਰਤ ਦਾ ਹਿੱਸਾ ਹੋਣਾ ਚਾਹੀਦਾ ਸੀ  ਨਾਨਕ ਨਾਮ ਲੇਵਾ ਸੰਗਤ ਦੀ ਅਰਦਾਸ ਨੂੰ 60 ਸਾਲਾਂ ਤੱਕ ਤਤਕਾਲੀ ਕਾਂਗਰਸ ਸਰਕਾਰਾਂ ਨੇ ਅਣਗੌਲਿਆ ਕੀਤਾ।

2014 ਵਿੱਚ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਇਸ ਦਿਸ਼ਾ ਵਿੱਚ ਯਤਨ ਸ਼ੁਰੂ ਕੀਤੇ ਗਏ ਸਨ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ, ਪੰਜਾ-ਬੀਅਤ ਅਤੇ ਸਿੱਖਾਂ ਨਾਲ ਵਿਸ਼ੇਸ਼ ਮੋਹ ਰੱਖਦੇ ਹੋਏ ਕਰਤਾਰਪੁਰ ਲਾਂਘੇ ਦੀ ਉਸਾਰੀ ਸ਼ੁਰੂ ਕਰਵਾਈ ਸੀ। ਇਸ ਦਾ ਉਦਘਾਟਨ 9 ਨਵੰਬਰ 2019 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਨੇ ਸੰਗਤ ਦੀਆਂ ਅਰਦਾਸਾਂ ਨੂੰ ਪੂਰਾ ਕਰਦਿਆਂ ਕੀਤਾ ਸੀ। ਹੁਣ ਇਹ ਕੋਵਿਡ ਮਹਾਮਾਰੀ ਕਾਰਨ ਇਹ ਲਾਂਘਾ ਪਿਛਲੇ ਡੇਢ ਸਾਲ ਤੋਂ ਬੰਦ ਹੈ, ਜਿਸ ਕਾਰਨ ਭਾਰਤ ਤੋਂ ਸ਼ਰਧਾਲੂ ਪਾਕਿਸਤਾਨ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਨਹੀਂ ਜਾ ਸਕਦੇ।

ਅਸ਼ਵਨੀ ਸ਼ਰਮਾ ਦੀ ਅਗਵਾਈ ਵਾਲੇ ਵਫ਼ਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੋਂ ਪਹਿਲਾਂ ਇਸ ਲਾਂਘੇ ਨੂੰ ਮੁੜ ਖੋਲ੍ਹਣ ਅਤੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਦਰਸ਼ਨਾਂ ਲਈ ਤੋਹਫ਼ੇ ਦੇਣ ਦੀ ਅਪੀਲ ਕੀਤੀ। ਦੇਸ਼ ਦੀ ਵੰਡ ਤੋਂ ਬਾਅਦ ਕਰੀਬ 70 ਸਾਲਾਂ ਤੱਕ ਭਾਰਤ-ਪਾਕਿ ਅੰਤਰਰਾਸ਼ਟਰੀ ਸਰਹੱਦ ਦੇ ਪਾਰ ਪਾਕਿ-ਸਤਾਨ ਵਿੱਚ ਸਿਰਫ਼ 417 ਕਿਲੋਮੀਟਰ ਸਥਿਤ ਇਸ ਪਵਿੱਤਰ ਅਸਥਾਨ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨੂੰ ਕਾਫੀ ਲੰਬਾ ਸਫ਼ਰ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਪਰ ਕਰਤਾਰ-ਪੁਰ ਲਾਂਘਾ ਖੁੱਲ੍ਹਣ ਨਾਲ ਇਹ ਸਫ਼ਰ ਸਿਰਫ ਸਾਢੇ ਚਾਰ ਕਿ-ਲੋਮੀਟਰ ਰਹੀ ਗਿਆ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਚੱਜੀ ਅਗਵਾਈ ਹੇਠ ਦੇਸ਼ ਨੇ ਕੋਰੋਨਾ ਵਿਰੁੱਧ ਫੈਸਲਾਕੁੰਨ ਜੰਗ ਲੜੀ ਹੈ ਅਤੇ ਅੱਜ ਦੇਸ਼ ਦੀ 110 ਕਰੋੜ ਆਬਾਦੀ ਦਾ ਟੀਕਾਕਰਨ ਕੀਤਾ ਗਿਆ ਹੈ, ਜਿਸ ਨੇ ਦੁਨੀਆ ਦਾ ਸਭ ਤੋਂ ਤੇਜ਼ ਟੀਕਾਕਰਨ ਕਰਕੇ ਵਿਸ਼ਵ ਰਿਕਾਰਡ ਬਣਾਇਆ ਹੈ। ਅੱਜ ਭਾਰਤ ਪ੍ਰਧਾਨ ਮੰਤਰੀ ਮੋਦੀ ਦੀ ਯੋਗ ਅਗਵਾਈ ਵਿੱਚ ਅਨਲੌਕਡ ਵੱਲ ਵਧ ਰਿਹਾ ਹੈ। ਕਰੋਨਾ ਮਹਾਂਮਾਰੀ ਲਗਭਗ ਕਾਬੂ ਹੇਠ ਹੋਣ ਕਾਰਨ ਭਾਜਪਾ ਆਪ ਜੀ ਤੋਂ ਮੰਗ ਕਰਦੀ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹ ਕੇ ਨਾਨਕ ਨਾਮ ਲੇਵਾ ਸੰਗਤਾਂ ਦੀ ਮੰਗ ਪੂਰੀ ਕੀਤੀ ਜਾਵੇ। ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਜਪਾ ਵੱਲੋਂ ਕੀਤੀ ਮੰਗ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਜਲਦੀ ਹੀ ਵਿਚਾਰ ਕੇ ਪੂਰਾ ਕਰਨ ਦਾ ਭਰੋਸਾ ਦਿੱਤਾ ਹੈ।

# ਡੇਂਗੂ ਤੋਂ ਲੋਕ ਪ੍ਰੇਸ਼ਾਨ, ਸਰਕਾਰ ਤੇ ਸਿਹਤ ਮੰਤਰੀ ਇਸ 'ਤੇ ਕਾਬੂ ਪਾਉਣ 'ਚ ਨਾਕਾਮ : ਰਾਜੇਸ਼ ਬਾਗਾ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਰਾਜੇਸ਼ ਬਾਗਾ ਨੇ ਜਲੰਧਰ, ਲੁਧਿਆਣਾ ਅਤੇ ਪੰਜਾਬ ਦੇ ਸਿਹਤ ਮੰਤਰੀ ਓਮ ਪ੍ਰਕਾਸ਼ ਸੋਨੀ ਦੇ ਗ੍ਰਹਿ ਜ਼ਿਲੇ ਅੰਮ੍ਰਿਤਸਰ 'ਚ ਭਿਆਨਕ ਪੱਧਰ 'ਤੇ ਫੈਲੇ ਡੇਂਗੂ ਨਾਲ ਬੁਰੀ ਤਰ੍ਹਾਂ ਗ੍ਰਸਤ ਲੋਕਾਂ ਨੂੰ ਲੈ ਕੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਡੇਂਗੂ ਨੂੰ ਰੋਕਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈਆ ਹੈ। ਡੇਂਗੂ ਸਬੰਧੀ ਸਿਹਤ ਮੰਤਰੀ ਦੀਆਂ ਸਖ਼ਤ ਹਦਾਇਤਾਂ ਵੀ ਕੰਮ ਨਹੀਂ ਕਰ ਰਹੀਆਂ। ਸਰਕਾਰੀ ਅਧਿਕਾਰੀਆਂ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ, ਕਿਉਂਕਿ ਉਹ ਜਾਣਦੇ ਹਨ ਕਿ ਸੂਬਾ ਸਰਕਾਰ ਆਪਸ ਵਿਚ ਲੜ ਕੇ ਆਪੋ-ਆਪਣੀ ਕੁਰਸੀ ਬਚਾਉਣ ਵਿਚ ਲੱਗੀ ਹੋਈ ਹੈ। ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਹੁਣ ਤੱਕ ਸਭ ਤੋਂ ਵੱਧ ਡੇਂਗੂ ਦੇ ਕੇਸ ਅੰਮ੍ਰਿਤਸਰ ਵਿੱਚ ਮਿਲੇ ਹਨ। ਸਰਕਾਰੀ ਹਸਪਤਾਲਾਂ ਵਿੱਚ ਸਿਹਤ ਸਹੂਲਤਾਂ ਲਈ ਲੋਕਾਂ ਕੋਲ ਰਾਮ-ਭਰੋਸੇ ਹਨ। ਲੋਕ ਸਰਕਾਰੀ ਹਸਪਤਾਲਾਂ ਵਿੱਚ ਜਾਣ ਤੋਂ ਡਰਦੇ ਹਨ ਅਤੇ ਲੋਕ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਕਰਵਾਉਣ 'ਚ ਅਸਮਰੱਥ ਹਨ। ਉਹ ਪ੍ਰਾਈਵੇਟ ਹਸਪਤਾਲਾਂ ਵਿੱਚ ਜਾਣ ਲਈ ਮਜਬੂਰ ਹਨ, ਜਿੱਥੇ ਉਨ੍ਹਾਂ ਦੀ ਭਾਰੀ ਲੁੱਟ ਕੀਤੀ ਜਾ ਰਹੀ ਹੈ। ਇਸ ਸਮੇਂ ਸ਼ਹਿਰ ਦੇ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਬੈਂਡ ਨਹੀਂ ਮਿਲ ਰਹੇ।



ਰਾਜੇਸ਼ ਬਾਗਾ ਨੇ ਕਿਹਾ ਕਿ ਸ਼ਹਿਰ ਵਿੱਚ ਡੇਂਗੂ ਦੇ ਕਹਿਰ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਡੇਂਗੂ ਦੀ ਰੋਕਥਾਮ ਲਈ ਚਲਾਈਆਂ ਜਾ ਰਹੀਆਂ ਮੁਹਿੰਮਾਂ ਸਿਰਫ਼ ਦਿਖਾਵਾ ਹੀ ਸਾਬਤ ਹੋ ਰਹੀਆਂ ਹਨ। ਮਹਾਮਾਰੀ ਵਾਂਗ ਫੈਲ ਰਹੇ ਡੇਂਗੂ ਨੂੰ ਲੈ ਕੇ ਅਧਿਕਾਰੀ ਸੁਚੇਤ ਨਹੀਂ ਹਨ। ਹਰ ਪਾਸੇ ਹਸਪਤਾਲ ਡੇਂਗੂ ਦੇ ਮਰੀਜ਼ਾਂ ਨਾਲ ਭਰੇ ਪਏ ਹਨ। ਪ੍ਰਾਈਵੇਟ ਹਸਪਤਾਲਾਂ ਵਿੱਚ ਮਰੀਜ਼ਾਂ ਲਈ ਬੈੱਡ ਨਹੀਂ ਹਨ। ਲੋਕ ਆਪਣੇ ਮਰੀਜ਼ਾਂ ਨਾਲ ਇਧਰ ਉਧਰ ਭਟਕ ਰਹੇ ਹਨ। ਡੇਂਗੂ ਕਾਰਨ ਮਰੀਜ਼ ਦੇ ਸਰੀਰ ਦੇ ਖ਼ੂਨ ਵਿੱਚੋਂ ਪਲੇਟਲੈਟਸ ਘਟਣ ਦੀ ਚਿੰਤਾ ਉਹਨਾਂ ਦੇ ਘਰ ਵਾਲੀਆਂ ਨੂੰ ਬੁਰੀ ਤਰ੍ਹਾਂ ਸਤਾ ਰਹੀ ਹੈ। ਇਸ ਦੇ ਨਾਲ ਹੀ ਪਲੇਟਲੈਟਸ ਕੱਢਣ ਲਈ ਬਲੱਡ ਬੈਂਕਾਂ ਵਿੱਚ ਦਾਨੀਆਂ ਦੀ ਵੀ ਘਾਟ ਹੈ। ਸ਼ਹਿਰ ਵਿੱਚ ਕੂੜੇ ਦੇ ਢੇਰ ਅਤੇ ਬਦਤਰ ਸਫ਼ਾਈ ਵਿਵਸਥਾ ਆਮ ਗੱਲ ਹੈ। ਨਿਗਮ ਪ੍ਰਸ਼ਾਸਨ ਡੇਂਗੂ ਦੀ ਰੋਕਥਾਮ ਲਈ ਵੱਡੇ-ਵੱਡੇ ਦਾਅਵੇ ਕਰ ਰਿਹਾ ਹੈ ਪਰ ਹਕੀਕਤ ਇਸ ਦੇ ਬਿਲਕੁਲ ਉਲਟ ਹੈ। ਰਾਜੇਸ਼ ਬਾਗਾ ਨੇ ਕਿਹਾ ਕਿ ਕਾਂਗਰਸੀ ਆਪਣੇ ਚੋਟੀ ਦੇ ਆਗੂਆਂ ਨੂੰ ਖੁਸ਼ ਕਰਨ ਲਈ ਡੇਂਗੂ ਸਬੰਧੀ ਝੂਠ ਬੋਲਦੇ ਹਨ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਮਹਿਜ਼ ਕਠਪੁਤਲੀ ਹਨ, ਉਨ੍ਹਾਂ ਨੂੰ ਲੋਕਾਂ ਦੀ ਕੋਈ ਪ੍ਰਵਾਹ ਨਹੀਂ। ਉਹ ਹਾਈਕਮਾਂਡ ਨੂੰ ਖੁਸ਼ ਕਰਨ ਲਈ ਸੂਬੇ ਦੇ ਲੋਕਾਂ ਨਾਲ ਝੂਠੇ ਵਾਅਦਿਆਂ ਦੀ ਵਰਖਾ ਕਰ ਰਹੇ ਹਨ। ਬੱਗਾ ਨੇ ਕਿਹਾ ਕਿ ਸੂਬੇ ਦੇ ਲੋਕ ਬਹੁਤ ਸੂਝਵਾਨ ਹਨ ਅਤੇ ਇਸ ਵਾਰ ਉਹ ਕਾਂਗਰਸ ਦੇ ਝੂਠੇ ਵਾਅਦਿਆਂ ਦਾ ਸ਼ਿਕਾਰ ਨਹੀਂ ਹੋਣਗੇ।

# ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਭਾਜਪਾ ਆਗੂਆਂ ਨੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਜਗਤ ਪ੍ਰਕਾਸ਼ ਨੱਡਾ ਜੀ ਨਾਲ ਮੁਲਾਕਾਤ ਕੀਤੀ



**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਭਾਜਪਾ ਆਗੂਆਂ ਨੇ ਭਾਜਪਾ ਦੇ ਕੌਮੀ ਪ੍ਰਧਾਨ ਸ੍ਰੀ ਜਗਤ ਪ੍ਰਕਾਸ਼ ਨੱਡਾ ਜੀ ਨਾਲ ਮੁਲਾਕਾਤ ਕਰਕੇ ਪੰਜਾਬ ਦੇ ਸਿਆਸੀ ਮੁੱਦਿਆਂ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਬਾਰੇ ਵਿਸਥਾਰ ਵਿੱਚ ਵਿਚਾਰ-ਵਟਾਂਦਰਾ ਕੀਤੀ। ਇਸ ਮੌਕੇ ਉਹਨਾਂ ਨਾਲ ਭਾਜਪਾ ਦੇ ਕੌਮੀ ਮੀਤ ਪ੍ਰਧਾਨ ਸੌਦਾਨ ਸਿੰਘ, ਭਾਜਪਾ ਦੇ ਕੌਮੀ ਜਨਰਲ ਸਕੱਤਰ ਤੇ ਸੂਬਾ ਭਾਜਪਾ ਇੰਚਾਰਜ ਦੁਸ਼ਯੰਤ ਗੌਤਮ, ਭਾਜਪਾ ਦੇ ਕੌਮੀ ਸਕੱਤਰ ਤੇ ਸੂਬਾ ਭਾਜਪਾ ਸਹਿ-ਇੰਚਾਰਜ ਡਾ: ਨਰਿੰਦਰ ਸਿੰਘ ਰੈਨਾ, ਸੂਬਾ ਜਨਰਲ ਸਕੱਤਰ ਰਾਜੇਸ਼ ਬਾਗਾ, ਦਿਆਲ ਸਿੰਘ ਸੋਢੀ, ਹਰਜੀਤ ਸਿੰਘ ਗਰੇਵਾਲ, ਸੰਤੋਖ ਸਿੰਘ ਗੁਮਟਾਲਾ, ਵਿਕਰਮਜੀਤ ਸਿੰਘ ਚੀਮਾ ਆਦਿ ਹਾਜ਼ਰ ਸਨ।

# ਗਿੱਲ ਇੰਸ਼ੋਰੈਂਸ ਵਾਲੇ ਹੈਰੀ ਗਿੱਲ ਅਤੇ ਅਵਤਾਰ ਗਿੱਲ ਨੂੰ ਮਾਤਾ ਦੇ ਦਿਹਾਂਤ ਕਾਰਨ ਸਦਮਾਂ

**ਫਰਿਜ਼ਨੋ (ਕੈਲੀਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਫਰਿਜ਼ਨੋ ਦੇ ਲਾਗਲੇ ਸ਼ਹਿਰ ਕ੍ਰੂਜ਼ ਦੇ ਉੱਘੇ ਕਾਰੋਬਾਰੀ ਗਿੱਲ ਇੰਸ਼ੋਰੈਂਸ ਵਾਲੇ ਹੈਰੀ ਗਿੱਲ ਅਤੇ ਅਵਤਾਰ ਗਿੱਲ ਨੂੰ  ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾਂ ਲੱਗਾ ਜਦੋਂ ਉਹਨਾਂ ਦੇ ਸਤਿਕਾਰਯੋਗ ਮਾਤਾ ਕੁਲਦੀਪ ਕੌਰ ਗਿੱਲ  ਇਸ ਫ਼ਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ। ਸਵ। ਮਾਤਾ ਕੁਲਦੀਪ ਕੌਰ ਗਿੱਲ  ਦਾ ਪਿਛਲਾ ਪਿੰਡ ਮਕਸੂਦੜਾ ਜ਼ਿਲ੍ਹਾ ਲੁਧਿਆਣਾ  ਵਿੱਚ ਪੈਦਾ ਹੈ, ਅਤੇ



ਮਾਤਾ ਜੀ ਲੰਬੇ ਅਰਸੇ ਤੋ ਕ੍ਰੂਜ਼ ਕੈਲੀਫੋਰਨੀਆਂ ਵਿਖੇ ਆਪਣੇ ਬੇ-ਟਿਆਂ ਕੋਲ ਰਹਿ ਰਹੇ ਸਨ। ਸਵ। ਮਾਤਾ ਕੁਲਦੀਪ ਕੌਰ ਗਿੱਲ ਦਾ ਫਿਊਨਰਲ ਮਿਤੀ 16 ਨਵੰਬਰ ਦਿਨ ਮੰਗਲਵਾਰ ਨੂੰ ਸਵੇਰੇ 11 ਤੋਂ ਦੁਪਿਹਰ 1  ਵਜੇ ਦਰਮਿਆ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ ਵਿਖੇ ਹੋਵੇਗਾ, ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦਵਾਰਾ ਕ੍ਰੂਜ਼ ਵਿਖੇ ਹੋਵੇਗੀ। ਹੋਰ ਵਟਧੇਰੇ ਜਾਣਕਾਰੀ ਜਾਂ ਦੁੱਖ ਸਾਂਝਾ ਕਰਨ ਲਈ ਤੁਸੀ ਸ। ਅਵਤਾਰ ਸਿੰਘ ਗਿੱਲ ਨਾਲ (559) 352-7222 ਤੇ ਸੰਪਰਕ ਕਰ ਸਕਦੇ ਹੋ।

# ਮਰਹੂਮ ਮੋਹਨ ਲਾਲ ਕਰੀਮਪੁਰੀ ਨੂੰ ਵੱਖ ਵੱਖ ਵਰਗਾਂ ਵੱਲੋਂ ਸ਼ਰਧਾਂਜਲੀਆਂ ਭੇਂਟ

**ਨਵਾਂਸ਼ਹਿਰ/ ਜਲੰਧਰ (ਕੁਲਦੀਪ ਚੁੰਬਰ)–** ਮਿਸ਼ਨਰੀ ਗੀਤਕਾਰ, ਬੁੱਧੀਜੀਵੀ , ਬੁਲਾਰਾ, ਸਾਹਿਤਕਾਰ, ਸਮਾਜ ਚਿੰਤਕ ਸ਼ਾਇਰ , ਸ਼ਬਦਾਂ ਦਾ ਜਾਦੂਗਰ, ਸੈਂਕੜੇ ਮਿਸ਼ਨਰੀ ਗੀਤਾਂ ਦਾ ਰਚੇਤਾ, ਅਨੇਕਾਂ ਕੌਮੀ ਅਤੇ ਮਿਸ਼ਨਰੀ ਕਿਤਾਬਾਂ ਦਾ ਰਚਣਹਾਰਾ, ਕੌਮ- ਏ - ਆਵਾਜ਼ , ਨਿਧੜਕ ਆਗੂ ਮਰਹੂਮ ਮੋਹਨ ਲਾਲ  ਕਰੀਮਪੁਰੀ ਜੀ ਜੋ ਕਿ ਬੀਤੇ ਦਿਨੀਂ ਕੈਨੇਡਾ ਵੈਨਕੂਵਰ ਦੀ ਧਰਤੀ ਤੇ ਸਮਾਜ ਅਤੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ, ਉਨ੍ਹਾਂ ਨਮਿੱਤ ਅੱਜ ਉਨ੍ਹਾਂ ਦੇ ਜੱਦੀ ਪਿੰਡ ਕਰੀਮਪੁਰ ਜ਼ਿਲ੍ਹਾ ਨਵਾਂਸ਼ਹਿਰ ਵਿਖੇ ਉਨ੍ਹਾਂ ਨੂੰ ਵੱਖ ਵੱਖ ਵਰਗਾਂ ਵੱਲੋਂ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਗਏ । ਇਸ ਸ਼ਰਧਾਂਜਲੀ ਸਮਾਗਮ ਵਿੱਚ ਜਿੱਥੇ ਵੱਖ ਵੱਖ ਮਿਸ਼ਨਰੀ ਗਾਇਕਾਂ, ਬੁਲਾਰਿਆਂ, ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਹੋਰ ਵਰਗਾਂ ਦੇ ਲੋਕਾਂ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ, ਉੱਥੇ ਹੀ ਕਰੀਮਪੁਰੀ ਜੀ ਦੀਆਂ ਦਿੱਤੀਆਂ ਗਈਆਂ ਸਮਾਜ ਨੂੰ ਵੱਖ ਵੱਖ ਸੇਵਾਵਾਂ ਦਾ ਜ਼ਿਕਰ ਕੀਤਾ ਗਿਆ ।

ਇਸ ਮੌਕੇ ਡਾ । ਨਛੱਤਰ ਪਾਲ ਰਾਹੋ ਜਰਨਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ, ਸ੍ਰੀ ਪਰਵੀਨ ਬੰਗਾ ਜੀ ਸਕੱਤਰ ਬਸਪਾ ਪੰਜਾਬ ਬਸਪਾ ਆਗੂ ਨੇ ਕਿਹਾ ਕਿ ਸਾਹਿਤਕਾਰ ਕਵੀ ਸ਼ਾਇਰ ਗੀਤਕਾਰ ਸਮਾਜ ਲਈ ਉਹ ਕੰਮ ਕਰ ਜਾਂਦੇ ਹਨ ਜੋ ਕੋਈ ਵੱਡੇ ਤੋਂ ਵੱਡਾ ਵਿਅਕਤੀ ਵੀ ਨਹੀਂ ਕਰ ਸਕਦਾ ਉਨ੍ਹਾਂ ਵੱਲੋਂ ਲਿਖੀਆਂ ਗਈਆਂ ਸਮਾਜਿਕ ਚਿੰਤਨ ਕਰਦੀਆਂ ਰਚਨਾਵਾਂ ਸਮਾਜ ਨੂੰ ਸਹੀ ਮਾਰਗ ਅਤੇ ਦਿਸ਼ਾ ਦਿੰਦੀਆਂ ਰਹਿੰਦੀਆਂ ਹਨ। ਮੋਹਨ ਲਾਲ ਕਰੀਮਪੁਰੀ ਜੀ ਵੀ ਇੱਕ ਅਜਿਹੇ ਹੀ ਸ਼ਾਇਰ ਗੀਤਕਾਰ ਸਨ, ਜੋ ਹਮੇਸ਼ਾਂ ਸਮਾਜ ਦੇ ਹੱਕਾਂ ਅਤੇ ਹਿੱਤਾਂ ਦੀ ਗੱਲ ਆਪਣੀਆਂ ਰਚਨਾਵਾਂ ਵਿੱਚ ਕਰਦੇ ਸਨ ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੇਹਰ ਚੰਦ ਕੈਲੇ , ਗਾਇਕ ਐਸ ਐਸ ਅਜਾਦ, ਮਿਸ਼ਨਰੀ ਗਾਇਕ ਰਾਜ ਦਦਰਾਲ, ਗਾਇਕ ਕੁਲਦੀਪ ਚੁੰਬਰ, ਜਗਦੀਸ਼ ਜਾਡਲਾ, ਮੱਖਣ ਲਾਲ ਚੌਹਾਨ, ਸਤੀਸ਼ ਕੁਮਾਰ , ਸੋਹਣ ਲਾਲ ਦਿਵਾਨਾ, ਦਿਨੇਸ਼ ਦੀਪ ਸ਼ਾਮ ਚੁਰਾਸੀ, ਦਿਲਬਾਗ ਸਿੰਘ ਡੀ ਈ ਓ ਸਮੇਤ ਕਈ ਹੋਰ ਵੱਡੀ ਗਿਣਤੀ ਵਿਚ ਸ਼ਰਧਾਂਜਲੀ ਸਮਾਗਮ ਵਿੱਚ ਹਾਜ਼ਰ ਹੋਏ  । ਸਟੇਜ ਦਾ ਸੰਚਾਲਨ ਮੱਖਣ ਲਾਲ ਚੌਹਾਨ ਵੱਲੋਂ ਕੀਤਾ ਗਿਆ। ਸਮਾਗਮ ਦੇ ਅੰਤ ਵਿਚ ਕਰੀਮਪੁਰੀ ਸਾਹਿਬ ਦੇ ਦਮਾਦ ਰਣਜੀਤ ਸਿੰਘ ਅਤੇ ਉਨ੍ਹਾਂ ਦੀ ਬੇਟੀ ਨਵਜੋਤ ਕੌਰ ਕਰੀਮਪੁਰੀ ਵੱਲੋਂ ਆਏ ਸਭ ਮਿਸ਼ਨਰੀ ਸਾਥੀਆਂ ਬੁਲਾਰਿਆਂ ਬੁੱਧੀਜੀਵੀਆਂ ਸਤਿਕਾਰਯੋਗ ਪ੍ਰੱਗਿਆ ਬੋਧ ਦਰਸ਼ਨ ਦੀਪ ਭੰਤੇ ਜੀ  ਅਤੇ ਤਥਾਗਤ ਭਗਵਾਨ ਬੁੱਧ ਜੀ ਦਾ ਸ਼ੁਕਰਾਨਾ ਕੀਤਾ ਗਿਆ।

# ਨਿਊਜ਼ੀਲੈਂਡ ਕੌਂਸਿਲ ਆਫ ਸਿੱਖ ਅਫੇਅਰਜ਼' ਨੇ 'ਬਾਬਾ ਗੁਰੂ ਨਾਨਕ ਐਵਾਰਡ' ਦਾ ਖਰਚਾ ਚੁੱਕਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਸ੍ਰੀ ਗੁਰੂ ਨਾਨਕ ਦੇਵ ਜੀ ਦਾ 552ਵਾਂ ਪ੍ਰਕਾਸ਼ ਪੁਰਬ 19 ਨਵੰਬਰ ਨੂੰ ਦੇਸ਼-ਵਿਦੇਸ਼ ਮਨਾਇਆ ਜਾਣਾ ਹੈ। ਇਸ ਮੌਕੇ ਜਿੱਥੇ ਸ੍ਰੀ ਨਨਕਾਣਾ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਸਮੇਤ ਪਾਕਿਸਤਾਨ ਦੇ ਬਾਕੀ ਗੁਰਦੁਆਰਿਆਂ ਦਾ ਚਿਤਰਨ ਜ਼ਿਹਨ ਦੇ ਵਿਚ ਹੁੰਦਾ ਹੈ ਉਥੇ ਗੁਰੂ ਸਾਹਿਬ ਦੀਆਂ ਸਿਖਿਆਵਾਂ, ਰਚੀ ਗੁਰਬਾਣੀ ਦੀ ਡੂੰਘਾਈ ਅਤੇ ਵਿਸ਼ਾਲਤਾ ਵੀ ਵਿਦਵਾਨਾਂ ਦੀ ਵਿਦਵਤਾ ਵਿਚ ਵਾਧਾ ਕਰਦੀ ਹੈ। ਉਚ ਸਿਖਿਆ ਸੰਸਥਾਨਾਂ ਦੇ ਵਿਚ ਧਰਮ ਅਤੇ ਫਿਲਾਸਫੀ ਦੀ ਪੜ੍ਹਾਈ ਹੁੰਦੀ ਹੈ। ਸਮੁੱਚੇ ਸਿੱਖ ਜਗਤ ਨੂੰ ਇਹ ਜਾਣ ਕੇ ਖੁਸ਼ੀ ਹੋਏਗੀ ਕਿ ਪਾਕਿਸਤਾਨ ਦੀ ਇਕ ਅਹਿਮ ਪ੍ਰਾਈਵੇਟ ਯੂਨੀਵਰਸਿਟੀ 'ਮਿਨਹਾਜ ਯੂਨੀਵਰਸਿਟੀ ਲਾਹੌਰ' (1986 ਵਿਚ ਸਥਾਪਿਤ) ਨੇ ਇਕ ਨਵਾਂ ਮੀਲ ਪੱਥਰ ਕਾਇਮ ਕਰਦਿਆਂ ਸਲਾਨਾ 'ਬਾਬਾ ਗੁਰੂ ਨਾਨਕ ਐਵਾਰਡ' ਆਰੰਭ ਕਰਨ ਦਾ ਐਲਾਨ ਕੀਤਾ ਹੈ। ਇਹ ਐਵਾਰਡ ਪੂਰੀ ਯੂਨੀਵਰਸਿਟੀ ਦੇ ਵਿਚੋਂ ਸ੍ਰੇਸ਼ਟ ਰਹਿਣ ਵਾਲੇ ਵਿਦਿਆਰਥੀ ਨੂੰ ਹਰ ਸਾਲ ਕਾਨਵੋਕੇਸ਼ਨ ਦੇ ਵਿਚ ਇਕ ਲੱਖ ਰੁਪਏ ਦੀ ਰਾਸ਼ੀ ਅਤੇ ਸੋਨੇ ਦੇ ਤਮਗੇ ਦੇ ਨਾਲ ਭੇਟ ਕੀਤਾ ਜਾਵੇਗਾ। 'ਬਾਬਾ ਗੁਰੂ ਨਾਨਕ ਐਵਾਰਡ' ਦਾ ਸਲਾਨਾ ਖਰਚਾ ਨਿਊਜ਼ੀਲੈਂਡ ਦੇ ਭਾਗਾਂ ਵਿਚ ਆਇਆ ਹੈ ਅਤੇ ਇਸਦੀ ਸੇਵਾ 'ਨਿਊਜ਼ੀਲੈਂਡ ਕੌਂਸਿਲ ਆਫ ਸਿੱਖ ਅਫੇਅਰਜ਼' ਨੇ ਆਪਣੇ ਸਿਰ ਲਈ ਹੈ। ਨਿਰਧਾਰਤ ਰਾਸ਼ੀ ਯੂਨੀਵਰਸਿਟੀ ਨੂੰ ਭੇਟ ਕਰ ਦਿੱਤੀ




ਗਈ ਹੈ। ਮਿਨਹਾਜ ਯੂਨੀਵਰਸਿਟੀ ਦੇ ਵਿਚ 'ਸਕੂਲ ਆਫ ਰਿਲੀਜ਼ਨਜ਼ ਐਂਡ ਫਿਲਾਸਫੀ' ਦੇ ਵਿਚ ਜਿਸ ਧਰਮ ਦੀ ਪੜ੍ਹਾਈ ਹੁੰਦੀ ਹੈ ਉਸੇ ਧਰਮ ਦੇ ਅਧਿਆਪਕ ਪੜ੍ਹਾਈ ਕਰਾਉਂਦੇ ਹਨ। ਕਿਵੇਂ ਆਇਆ ਹੋਂਦ ਵਿਚ ਇਹ ਐਵਾਰਡ: 'ਮਿਨਹਾਜ ਯੂਨੀਵਰਸਿਟੀ ਲਾਹੌਰ' ਦੇ ਸੱਦੇ 'ਤੇ ਅਕਤੂਬਰ 2019 ਵਿੱਚ ਨਿਊਜ਼ੀਲੈਂਡ ਤੋਂ ਸ। ਬਿਕਰਮ ਸਿੰਘ ਮਝੈਲ ਨੇ ਸਾਇੰਸ, ਰੀਜ਼ਨ ਅਤੇ ਰਿਲੀਜ਼ਨ (Sicence, Reason and Reiligon) ਵਿਸ਼ੇ 'ਤੇ ਹੋਣ ਵਾਲੀ ਕਾਨਫ੍ਰੰਸ ਵਿੱਚ ਬਤੌਰ ਅੰਤਰਰਾਸ਼ਟਰੀ ਸਪੀਕਰ (Internaitonal Speaker) ਵਜੋਂ ਹਿੱਸਾ ਲਿਆ ਸੀ ਜਿਸ ਵਿੱਚ ਨਿਊਜ਼ੀਲੈਂਡ ਤੋਂ ਵੀਰ ਰਾਣਾ ਜੱਜ ਵੀ ਉਨ੍ਹਾਂ ਦੇ ਨਾਲ ਗਏ ਸਨ। ਕਾਨਫ੍ਰੰਸ ਤੋਂ ਬਾਅਦ ਯੂਨੀਵਰਸਿਟੀ ਦੇ ਪ੍ਰਬੰਧਕਾਂ ਨਾਲ ਵਿਚਾਰ ਕਰਦਿਆਂ ਸ। ਬਿਕਰਮ ਸਿੰਘ ਮਝੈਲ ਅਤੇ ਰਾਣਾ ਜੱਜ ਨੇ ਸ੍ਰੀ ਗੁਰੂ ਨਾਨਕ ਸਾਹਿਬ ਜਿਨ੍ਹਾਂ ਦਾ ਜਨਮ ਅੱਜ ਦੇ ਪਾਕਿਸਤਾਨ ਵਾਲੇ ਪੰਜਾਬ ਵਿੱਚ ਹੋਇਆਂ ਸੀ, ਦੇ ਨਾਂਅ 'ਤੇ ਕੋਈ ਅਵਾਰਡ ਆਦਿ ਸ਼ੁਰੂ ਕਰਨ ਦੀ ਤਜਵੀਜ਼ ਰੱਖੀ ਸੀ। ਹੁਣ ਇਹ ਬੜੀ ਖੁਸ਼ੀ ਤੇ ਮਾਣ ਵਾਲੀ ਗੱਲ ਹੈ ਕਿ ਯੂਨੀਵਰਸਿਟੀ ਨੇ ਇਸ ਤਜਵੀਜ਼ 'ਤੇ ਗ਼ੌਰ ਕਰਦਿਆਂ ਮੌਜੂਦਾ ਸਾਲ 2021 ਤੋਂ 'ਬਾਬਾ ਗੁਰੂ ਨਾਨਕ ਐਵਾਰਡ''' ਅਰੰਭ ਕਰਨ ਦਾ ਫੈਸਲਾ ਕੀਤਾ ਹੈ। ਇਸ ਐਵਾਰਡ ਵਿੱਚ ਇਕ ਲੱਖ ਰੁਪਿਆ ਨਕਦ ਤੇ ਇਕ ਗੋਲ਼ਡ ਮੈਡਲ ਦਿੱਤਾ ਜਾਏਗਾ।'ਨਿਊਜ਼ੀਲੈਂਡ ਕੌਂਸਿਲ ਆਫ ਸਿੱਖ ਅਫੇਅਰਜ਼' ਨੇ ਇਹ ਐਵਾਰਡ ਸਪਾਂਸਰ ਕਰਕੇ ਵੱਡੀ ਸੇਵਾ ਲੈ ਲਈ ਹੈ। ਇਹ ਐਵਾਰਡ ਯੂਨੀਵਰਸਿਟੀ ਵੱਲੋਂ 4 ਦਸੰਬਰ 2021 ਨੂੰ ਹੋਣ ਵਾਲੀ ਕਾਨਵੋਕੇਸ਼ਨ ਦੌਰਾਨ ਦਿੱਤਾ ਜਾਏਗਾ । ਸ। ਬਿਕਰਮ ਸਿੰਘ ਮਝੈਲ ਨੇ ਦੱਸਿਆ ਕਿ ਇਹ ਅਵਾਰਡ ਅੱਗੇ ਵੀ ਜਾਰੀ ਰਹੇਗਾ ਅਤੇ 'ਨਿਊਜ਼ੀਲੈਂਡ ਕੌਂਸਿਲ ਆਫ ਸਿੱਖ ਅਫੇਅਰਜ਼' ਇਸ ਨੂੰ ਹਰ ਸਾਲ ਸਪਾਂਸਰ ਕਰਦੀ ਰਹੇਗੀ । ਪਾਕਿਸਤਾਨ ਵਿੱਚ ਗੁਰੂ ਸਾਹਿਬ ਦੇ ਨਾਮ ਨਾਲ ਇਹ ਅਵਾਰਡ ਦਿੱਤਾ ਜਾਣਾ ਸਿੱਖ ਕੌਮ ਵਾਸਤੇ ਬੜੇ ਮਾਣ ਵਾਲੀ ਗੱਲ ਹੈ ।

# ਜਲ੍ਹਿਆਂਵਾਲਾ ਬਾਗ਼ ਦੇ ਮੂਲ ਸਰੂਪ ਦੀ ਬਹਾਲੀ ਲਈ ਚੰਡੀਗੜ੍ਹ 'ਚ ਪ੍ਰਤੀਨਿਧ ਕਨਵੈਨਸ਼ਨ ਦੀਆਂ ਤਿਆਰੀਆਂ ਮੁਕੰਮਲ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਅੱਜ ਲਿਖਤੀ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਵਿਰਾਸਤ ਦਾ ਮੂਲ ਮੁਹਾਂਦਰਾ ਬਦਲੇ ਜਾਣ ਖਿਲਾਫ਼ 16 ਨਵੰਬਰ ਨੂੰ ਸਵੇਰੇ 11:00 ਵਜੇ ਪੀਪਲ ਕਨਵੈਨਸ਼ਨ ਸੈਂਟਰ (ਇਸਕਾਨ ਮੰਦਰ ਦੇ ਪਿਛੇ), 36-ਬੀ ਸੈਕਟਰ, ਚੰਡੀਗੜ੍ਹ ਵਿਖੇ ਹੋ ਰਹੀ ਪ੍ਰਤੀਨਿਧ ਕਨਵੈਨਸ਼ਨ ਦੀਆਂ ਤਿਆਰੀਆਂ ਨੂੰ ਅੱਜ ਅੰਤਿਮ ਛੋਹ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ 16 ਨਵੰਬਰ ਸਵੇਰੇ ਠੀਕ 7:30 ਵਜੇ ਦੇਸ਼ ਭਗਤ ਯਾਦਗਾਰ ਹਾਲ ਤੋਂ ਕਮੇਟੀ ਦੀ ਅਗਵਾਈ 'ਚ ਜਨਤਕ ਜੱਥੇਬੰਦੀਆਂ ਦੇ ਪ੍ਰਤੀਨਿਧ ਚੰਡੀਗੜ੍ਹ ਵੱਲ ਰਵਾਨਾ ਹੋਣਗੇ।

ਇਹ ਕਨਵੈਨਸ਼ਨ 16 ਨਵੰਬਰ ਦੇ ਉਸ ਇਤਿਹਾਸਕ ਦਿਹਾੜੇ 'ਤੇ ਕੀਤੀ ਜਾ ਰਹੀ ਹੈ, ਜਿਸ ਦਿਨ ਗ਼ਦਰ ਪਾਰਟੀ ਦੇ ਚਮਕਦੇ ਸਿਤਾਰੇ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਹਰਨਾਮ ਸਿੰਘ ਸਿਆਲਕੋਟੀ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ ਗਿੱਲਵਾਲੀ, ਜਗਤ ਸਿੰਘ ਸੁਰਸਿੰਘ ਅਤੇ ਬਖਸ਼ੀਸ਼ ਸਿੰਘ ਗਿੱਲਵਾਲੀ ਨੂੰ ਲਾਹੌਰ ਕੇਂਦਰੀ ਜੇਲ੍ਹ ਵਿੱਚ ਫਾਂਸੀ ਲਗਾਇਆ ਗਿਆ ਸੀ।

ਉਨ੍ਹਾਂ ਦੱਸਿਆ ਕਿ ਉਸ ਦਿਨ ਕਨਵੈਨਸ਼ਨ ਉਪਰੰਤ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ 'ਚ ਸਹਿਯੋਗੀ ਜੱਥੇਬੰਦੀਆਂ ਦੇ ਸਾਥ ਨਾਲ ਮਾਰਚ ਕਰਕੇ ਗਵਰਨਰ ਨੂੰ ਮੰਗ ਪੱਤਰ ਦੇਕੇ ਮੰਗ ਕੀਤੀ ਜਾਵੇਗੀ ਕਿ ਜਲ੍ਹਿਆਂਵਾਲਾ ਬਾਗ਼ ਦੀ ਦਾਖਲਾ ਗਲੀ, ਗੋਲੀਆਂ ਦੇ ਨਿਸ਼ਾਨ, ਫਾਇਰਿੰਗ ਸਥਾਨ, ਯਾਦਗਾਰੀ ਲਾਟ ਅੱਗੇ ਤਲਾਅ, ਸ਼ਹੀਦੀ ਖੂਹ, ਇਤਿਹਾਸਕ ਟੂਕਾਂ ਅਤੇ ਲਾਈਟ ਸਾਊਂਡ ਵਿੱਚ ਜੋ ਇਤਿਹਾਸਕ ਤੱਥਾਂ ਨੂੰ ਅੱਖੋਂ ਪਰੋਖੇ ਕਰਕੇ ਤਬਦੀਲੀਆਂ ਕੀਤੀਆਂ ਗਈਆਂ ਹਨ, ਉਹਨਾਂ ਨੂੰ ਬਦਲਕੇ, ਇਤਿਹਾਸਕ ਸਥਾਨ ਦਾ ਮੂਲ ਸਰੂਪ ਬਹਾਲ ਕੀਤਾ ਜਾਏ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਭਨਾਂ ਜਨਤਕ ਜਮਹੂਰੀ ਸੰਸਥਾਵਾਂ/ਵਿਅਕਤੀਆਂ ਨੂੰ ਕਨਵੈਨਸ਼ਨ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

# ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਤਲਵੰਡੀ ਸਾਬੋ ਵੱਲੋ ਪੁਸਤਕ ਰੀਲੀਜ਼ ਸਮਾਰੋਹ

**ਤਲਵੰਡੀ ਸਾਬੋ–** ਆਯੋਜਿਤ ਕੀਤੇ ਗਏ ਪ੍ਰੋਗਰਾਮ ਵਿਚ ਪੰਜਾਬੀ ਅਦਬ ਦੀ ਹੋਣਹਾਰ ਸ਼ਾਇਰਾ ਰਾਜਨਦੀਪ ਕੌਰ ਮਾਨ ਦਾ ਸੱਜਰਾ ਕਾਵਿ ਪਰਾਗਾ (ਕਲਮ ਦੀ ਆਹਟ) ਅਤੇ ਉਭਰਦੇ ਕਹਾਣੀਕਾਰ ਗੁਰਵਿੰਦਰ ਸਿੰਘ ਖੁਸ਼ੀਪੁਰ ਦਾ ਪਲੇਠਾ ਕਹਾਣੀ ਸੰਗ੍ਰਿਹ( ਤੱਤੀਆਂ ਹਵਾਵਾਂ) ਲੋਕਅਰਪਣ ਕੀਤਾ ਗਿਆ। ਇਹ ਸਮਾਰੋਹ ਸੰਸਥਾ ਦੇ ਪ੍ਰਧਾਨ ਹਰਗੋਬਿੰਦ ਸਿੰਘ ਸ਼ੇਖਪੁਰੀਆ ਤੇ ਚੇਅਰਮੈਨ ਬਲਵੀਰ ਸਿੰਘ ਸਨੇਹੀ ਦੀ ਪ੍ਰਧਾਨਗੀ ਹੇਠ ਹੋਇਆ। ਮੀਤ ਪ੍ਰਧਾਨ ਪ੍ਰੋ ਗੁਰਜੀਤ ਸਿੰਘ ਜੀ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ ਤੇ ਗੁਰੂ ਕੀ ਕਾਸ਼ੀ ਬਾਰੇ ਚਾਨਣਾ ਪਾਇਆ। ਇਸ ਮੌਕੇ ਜਰਨਲ ਸਕੱਤਰ ਭੁਪਿੰਦਰ ਪੰਨੀਵਾਲੀਆ, ਨਿਰੰਜਣ ਸਿੰਘ ਪ੍ਰੇਮੀ, ਗੀਤਕਾਰ ਮੀਤ ਸਕਰੌਦੀ, ਲਾਲ ਚੰਦ, ਪ੍ਰੈਸ ਸਕੱਤਰ ਸੁਰਿੰਦਰਪਾਲ ਸਿੰਘ ਸਾਥੀ ਆਦਿ ਪ੍ਰਧਾਨੀ



ਮੰਡਲ ਸ਼ਾਮਿਲ ਸਨ।ਆਏ ਹੋਏ ਮੁੱਖ ਮਹਿਮਾਨਾਂ ਤੇ ਮੈਨੇਜਮੈਂਟ ਕਮੇਟੀ ਨੇ ਦੋਹਾਂ ਲੇਖਕਾਂ ਨੂੰ ਬਣਦਾ ਸਨਮਾਨ ਦਿੱਤਾ।ਇਸ ਮੌਕੇ ਤੇ ਇਕ ਮਹਾਨ ਕਵੀ ਦਰਬਾਰ ਵੀ ਆਯੋਜਿਤ ਕੀਤਾ ਗਿਆ ਜਿਸ ਵਿਚ ਪੰਜਾਬੀ ਅਦਬ ਦੇ ਚੰਗੇ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਨਾਲ ਹਾਜਰੀ ਲਵਾਈ।ਇਸ ਕਵੀ ਦਰਬਾਰ ਦਾ ਸੰਦੀਪ ਗਿੱਦੜਬਾਹਾ ,ਸੁਖਰਾਜ ਮੰਡੀ ਕਲਾਂ,ਗਗਨ ਫੂਲ,ਨਿਰਮਲ ਵਿਗਿਆਨੀ, ਕੰਵਰ ਜੀਤ, ਪ੍ਰੀਤ ਕੈਂਥ ,ਹਰਗੋਬਿੰਦ ਦੇਸੂ, ਮੁਬਾਰਕ ਪਥਰਾਲਵੀਂ ਅਤੇ ਗਗਨ ਦੀਪ ਸਿੰਘ ਅੰਮ੍ਰਿਤਸਰ ਨੇ ਆਪਣੇ ਕਲਾਮ ਪੇਸ਼ ਕੀਤੇ।

ਇਸ ਮੌਕੇ ਸੰਚਾਲਕ ਸਕੱਤਰ ਗੁਰੀ ਆਦੀਵਾਲ ਨੇ ਸਟੇਜ ਸੰਚਾਲਕ ਦੇ ਤੌਰ ਤੇ ਮਹੱਤਪੂਰਨ ਭੂਮੀਕਾ ਨਿਭਾਈ।ਇਸ ਮੌਕੇ ਕੈਫੇ ਵਰਲਡ ਪਬਲੀਕੇਸ਼ਨ ਵੱਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ ।ਅੰਤ ਇਹਨਾ ਦੋਹਾਂ ਲਿਖਾਰੀਆਂ ਨੂੰ ਵਧਾਈਆਂ ਦਿੰਦਾ ਹੋਇਆ ਪ੍ਰਧਾਨ ਸ਼ੇਖਪੁਰੀਆ ਨੇ ਗੁਰੂ ਕਾਸ਼ੀ ਸਾਹਿਤ ਅਕਾਦਮੀ ਵੱਲੋਂ ਸਲਾਨਾ ਪੰਜ ਅਵਾਰਡ ਦੇਣ ਐਲਾਨ ਕੀਤਾ ਤੇ ਕਿਹਾ ਅਕਾਦਮੀ ਅਜਿਹੇ ਹੋਰ ਵੱਡੇ ਸਮਾਗਮ ਕਰਦੀ ਰਹੇਗੀ।

# ਰੋਟਰੀ ਕਲੱਬ ਨੇ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਲਗਾਇਆ ਉੱਤਰ ਭਾਰਤ ਦਾ ਸੱਭ ਤੋਂ ਵੱਡਾ ਮੁਫ਼ਤ ਪ੍ਰੋਸਥੈਟਿਕ ਅੰਗ ਕੈਂਪ

**ਚੰਡੀਗੜ੍ਹ–** 'ਏਕ ਹਾਥ ਆਸ਼ਾ ਕਾ' ਦੇ ਬੈਨਰ ਹੇਠ ਰੋਟਰੀ ਕਲੱਬ ਚੰਡੀਗੜ੍ਹ ਸੈਂਟਰਲ ਵੱਲੋਂ ਰੋਟਰੀ ਕਲੱਬ ਪੂਨੇ ਡਾਊਨਟਾਊਨ ਦੇ ਸਹਿਯੋਗ ਨਾਲ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਮੁਫ਼ਤ ਪ੍ਰੋਸਥੈਟਿਕ ਅੰਗ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ 1340 ਦੇ ਕਰੀਬ ਲੋੜਵੰਦਾਂ ਨੂੰ ਮੁਫ਼ਤ ਐਲ.ਐਨ-4 ਕਿਸਮ ਦੇ ਪ੍ਰੋਸਥੈਟਿਕ ਹੱਥ ਲਗਾਏ ਗਏ। ਕੈਂਪ ਦੇ ਸੰਚਾਲਨ ਲਈ ਪੂਣੇ ਤੋਂ 20 ਦੇ ਕਰੀਬ ਤਜ਼ਰਬੇਕਾਰ ਡਾਕਟਰਾਂ ਦੀ ਟੀਮ ਨੇ ਕੈਂਪ 'ਚ ਸ਼ਮੂਲੀਅਤ ਕੀਤੀ, ਜਿਨ੍ਹਾਂ ਦੀ ਨਿਗਰਾਨੀ ਹੇਠ ਲਾਭਪਾਤਰੀਆਂ ਦੇ ਹੱਥ ਫਿੱਟ ਕੀਤੇ ਗਏ। ਇਸ ਦੌਰਾਨ ਰੋਟਰੀ ਕਲੱਬ ਚੰਡੀਗੜ੍ਹ ਸੈਂਟਰਲ ਦੇ ਪ੍ਰਧਾਨ ਸ੍ਰੀ ਆਸ਼ੀਸ਼ ਮਿੱਢਾ ਅਤੇ ਸਾਬਕਾ ਪ੍ਰਧਾਨ ਰਾਜਿੰਦਰ ਸਿੰਘ ਚੀਮਾ ਉਚੇਚੇ ਤੌਰ 'ਤੇ ਹਾਜ਼ਰ ਸਨ। ਇਸ ਤੋਂ ਇਲਾਵਾ ਟੈਂਜ਼ੀਏਂਸ ਫਾਊਂਡੇਸ਼ਨ, ਯੂ.ਐਸ.ਏ ਦੇ ਗਲੋਬਲ ਐਲ.ਐਨ-4 ਬ੍ਰੈਂਡ ਅੰਬੈਸਡਰ ਵੀ. ਮੋਹਨ ਕੁਮਾਰ ਨੇ ਕੈਂਪ ਦਾ ਦੌਰਾ ਕਰਦਿਆਂ ਲਾਭਪਾਤਰੀਆਂ ਦਾ ਹੌਂਸਲਾ ਵਧਾਇਆ।

ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਸ੍ਰੀ ਆਸ਼ੀਸ਼ ਮਿੱਢਾ ਨੇ ਦੱਸਿਆ ਕਿ ਹੱਥ ਲਗਾਉਣ ਤੋਂ ਇਲਾਵਾ 20 ਟ੍ਰੇਨਰਾਂ ਅਤੇ 32 ਕਾਊਂਸਲਰਾਂ ਦੀ ਟੀਮ ਵੱਲੋਂ ਲਾਭਪਾਤਰੀਆਂ ਨੂੰ ਐਲ.ਐਨ-4 ਹੱਥਾਂ ਦੀ ਵਰਤੋਂ ਸਬੰਧੀ ਢੁੱਕਵੀਂ ਸਿਖਲਾਈ ਵੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਕੈਂਪ ਨੂੰ ਨੇਪਰੇ ਚੜ੍ਹਾਉਣ 'ਚ 500 ਦੇ ਕਰੀਬ ਵਲੰਟੀਅਰਾਂ ਦਾ ਵੱਡਾ ਸਹਿਯੋਗ ਰਿਹਾ ਹੈ, ਜਿਸ 'ਚ ਚੰਡੀਗੜ੍ਹ ਯੂਨੀਵਰਸਿਟੀ ਦੇ ਐਨ.ਐਸ.ਐਸ ਅਤੇ



ਫ਼ਿਜ਼ੀਓਥਰੈਪੀ ਵਿਭਾਗ ਦੇ 120 ਤੋਂ ਵੱਧ ਵਿਦਿਆਰਥੀ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਇਹ ਕੈਂਪ ਉੱਤਰ ਭਾਰਤ ਦਾ ਪਹਿਲਾ ਅਤੇ ਸੱਭ ਤੋਂ ਵਿਸ਼ਾਲ ਕੈਂਪ ਹੈ, ਜਿੱਥੇ ਅਮਰੀਕਾ ਦੀ ਤਕਨ-'ਲੋਜੀ ਅਧਾਰਿਤ ਐਲ.ਐਨ-4 ਕਿਸਮ ਦੇ ਪ੍ਰੋਸਥੈਟਿਕ ਹੱਥ ਲੋੜਵੰਦਾਂ ਨੂੰ ਬਿਲਕੁਲ ਮੁਫ਼ਤ ਲਗਾਏ ਗਏ। ਉਨ੍ਹਾਂ ਦੱਸਿਆ ਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਉਤਰਾਖੰਡ, ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਸੂਬਿਆਂ ਤੋਂ ਵੱਡੀ ਗਿਣਤੀ ਲੋੜਵੰਦਾਂ ਨੇ ਕੈਂਪ ਦਾ ਲਾਭ ਲੈਣ ਲਈ ਰਜਿਸਟ੍ਰੇਸ਼ਨ ਕਰਵਾਈ। ਹਾਦਸਿਆਂ ਜਾਂ ਹੋਰ ਕਿਸੇ ਵਜ੍ਹਾ ਕਾਰਨ ਹੱਥ ਗੁਆ ਚੁੱਕੇ 10 ਤੋਂ ਵੱਧ ਉਮਰ ਦੇ ਬੱਚਿਆਂ ਅਤੇ ਵਿਅਕਤੀਆਂ ਨੂੰ ਇਸ ਕੈਂਪ ਦਾ ਵੱਡੇ ਪੱਧਰ 'ਤੇ ਲਾਭ ਪਹੁੰਚਿਆ ਹੈ। ਉਨ੍ਹਾਂ ਦੱਸਿਆ ਕਿ ਲੋੜਵੰਦਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਪ੍ਰੋਸਥੈਟਿਕ ਹੱਥ ਅਮਰੀਕਾ ਦੀ ਐਲਨ ਮੀਡੋਜ਼ ਪ੍ਰੋਸਥੈਟਿਕ ਹੈਂਡ ਫਾਊਂਡੇਸ਼ਨ ਦੁ-ਆਰਾ ਤਿਆਰ ਕੀਤੇ ਗਏ ਹਨ, ਜਿਨ੍ਹਾਂ ਦਾ ਭਾਰ ਮਹਿਜ਼ 400 ਗ੍ਰਾਮ ਹੈ। ਇਹ ਹੱਥ ਹਲਕੇ, ਟਿਕਾਊ ਹੋਣਗੇ ਅਤੇ ਛੋਟੀ ਖੇਤੀਬਾੜੀ ਸਮੇਤ ਭੋਜਨ ਕਰਨ, ਸਾਢੇ ਚਾਰ ਕਿਲੋ ਤੱਕ ਹਲਕਾ ਭਾਰ ਚੁੱਕਣ, ਖੁਦਾਈ ਕਰਨ ਅਤੇ ਲਿਖਣ ਆਦਿ ਵਰਗੇ ਰੋਜ਼ਮਰਾਂ ਦਾ ਕੰਮਾਂ ਨੂੰ ਕਰਨ ਲਈ ਸਮੱਰਥ ਹੋਣਗੇ, ਜਿਸ ਸਬੰਧੀ ਲਾਭਪਾਤਰੀਆਂ ਨੂੰ ਸੰਸਥਾ ਦੀ ਟੀਮ ਵੱਲੋਂ ਬਕਾਇਦਾ ਸਿਖਲਾਈ ਵੀ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਹੁਣ ਤੱਕ 80 ਦੇਸ਼ਾਂ ਵਿੱਚ 60 ਹਜ਼ਾਰ ਦੇ ਕਰੀਬ ਲੋੜਵੰਦਾਂ ਨੂੰ ਐਲ.ਐਨ-4 ਕਿਸਮ ਦੇ ਪ੍ਰੋਸਥੈਟਿਕ ਹੱਥ ਲਗਾਏ ਜਾ ਚੁੱਕੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਬੁਲਾਰੇ ਨੇ ਕਿਹਾ ਕਿ ਸੰਸਥਾ ਹੋਣ ਦੇ ਨਾਤੇ ਚੰਡੀਗੜ੍ਹ ਯੂਨੀਵਰਸਿਟੀ ਭਵਿੱਖ 'ਚ ਵੀ ਅਜਿਹੇ ਨੇਕ ਕਾਰਜਾਂ ਲਈ ਸਹਿਯੋਗ ਦਿੰਦੀ ਰਹੇਗੀ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਅਕਾਦਮਿਕ ਗੁਣਵੱਤਾ ਦੇ ਨਾਲ-ਨਾਲ ਆਪਣੇ ਵਿਦਿਆਰਥੀਆਂ ਨੂੰ ਸਮਾਜਿਕ ਤੌਰ 'ਤੇ ਸਰਗਰਮ ਅਤੇ ਜ਼ੁੰਮੇਵਾਰ ਨਾਗਰਿਕ ਬਣਾਉਣ ਵਿੱਚ ਵਿਸ਼ਵਾਸ ਰੱਖਦੀ ਹੈ। ਉਨ੍ਹਾਂ ਰੋਟਰੀ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਹੱਥ ਲਾਭਪਾਤਰੀਆਂ ਨੂੰ ਜਿਥੇ ਰੋਜ਼ਾਨਾ ਦੀ ਗਤੀਵਿਧੀਆਂ ਕਰਨ ਦੇ ਯੋਗ ਬਣਾਉਣਗੇ ਉਥੇ ਉਨ੍ਹਾਂ 'ਚ ਨਵਾਂ ਸਵੈ-ਵਿਸ਼ਵਾਸ ਪੈਦਾ ਕਰਨਗੇ।

# ਪੰਜਾਬ ਸਰਕਾਰ ਨੇ ਮੰਨਿਆ ਕਿ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਜਾਇਜ਼ ਹਨ

**ਨਵੀਂ ਦਿੱਲੀ–** ਦਿੱਲੀ ਦੇ ਟਿਕਰੀ ਬਾਰਡਰ 'ਤੇ ਪਕੌੜਾ ਚੌਕ ਨੇੜੇ ਗ਼ਦਰੀ ਬੀਬੀ ਗੁਲਾਬ ਕੌਰ ਨਗਰ ਦੀ ਸਟੇਜ ਤੋਂ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਦੇ ਕਿਸਾਨੀ ਮੁੱਦਿਆਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਨਾਲ 2 ਮੀਟਿੰਗਾਂ ਹੋਈਆਂ ਜਿਨ੍ਹਾਂ 'ਚ ਪੰਜਾਬ ਸਰਕਾਰ ਨੇ ਮੰਨਿਆ ਕਿ ਤੁਹਾਡੀਆਂ ਸਾਰੀਆਂ ਮੰਗਾਂ ਜਾਇਜ਼ ਹਨ ਪਰ ਸਰਕਾਰ ਮੰਗਾਂ ਨੂੰ ਵਾਜਬ ਦੱਸ ਕੇ ਵੀ ਲਾਗੂ ਕਰਨ ਨੂੰ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਨਰਮੇ ਦੇ ਖ਼ਰਾਬੇ ਦੇ ਨੁਕਸਾਨ ਨੂੰ ਲੈ ਕੇ ਸਰਕਾਰ ਦੀ ਚੁੱਪ ਤੋੜਨ ਲਈ ਖ਼ਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਦੀ ਬਾਦਲ ਪਿੰਡ ਵਿਖੇ ਕੋਠੀ ਅੱਗੇ 14 ਦਿਨ ਲਗਾਤਾਰ ਮੋਰਚਾ ਲੱਗਾ ਅਤੇ ਉਸ ਤੋਂ ਬਾਅਦ 5 ਦਿਨ ਬਠਿੰਡੇ ਦਾ ਮਿੰਨੀ ਸਕੱਤਰੇਤ ਘੇਰੀ ਰੱਖਿਆ ਫਿਰ ਵੀ ਸਰਕਾਰ ਵੱਲੋਂ ਗੱਲ ਨਾ ਸੁਣਨ 'ਤੇ ਜਥੇਬੰਦੀ ਵੱਲੋਂ ਕਾਂਗਰਸ ਪਾਰਟੀ ਦੇ ਲੀਡਰਾਂ ਦਾ ਪਿੰਡਾਂ 'ਚ ਵੜਨ ਤੋਂ ਵਿਰੋਧ ਕਰਨ ਦਾ ਫ਼ੈਸਲਾ ਕਰਨ 'ਤੇ ਸਰਕਾਰ ਨੂੰ ਜਥੇਬੰਦੀ ਦੇ ਨਰਮਾ ਖ਼ਰਾਬੇ ਦੇ ਮੁਆਵਜ਼ੇ ਦੀ ਕੀਮਤ ਸੰਬੰਧੀ ਗੱਲਬਾਤ ਨਾਲ ਸਹਿਮਤ ਹੋਣਾ ਪਿਆ ਪਰ ਖਜ਼ਾਨਾ ਖਾਲੀ ਹੋਣ ਦੇ ਰਟੇ ਹੋਏ ਝੂਠੇ ਬਹਾਨੇ ਤਹਿਤ ਸਰਕਾਰ ਕਿਸਾਨੀ ਮੰਗਾਂ ਤੋਂ ਭੱਜ ਰਹੀ ਹੈ।

ਅੱਜ ਸਟੇਜ ਤੇ ਪੱਛਮੀ ਬੰਗਾਲ ਦੇ ਵੱਡੀ ਗਿਣਤੀ 'ਚ ਆਗੂਆਂ ਅਤੇ ਵਰਕਰਾਂ ਨੇ ਜਥੇ ਦੇ ਰੂਪ 'ਚ ਹਾਜ਼ਰੀ ਲਵਾਈ ਅਤੇ ਸਟੇਜ ਤੋਂ ਪ੍ਰਸਨਜੀਤ ਚੈਟਰਜੀ ਅਤੇ ਸ਼ਰਦ ਭਗਤੀ ਜੀ ਨੇ ਕਿਹਾ ਕਿ ਤਿੰਨ ਕਾਲੇ ਖੇਤੀ ਕਾਨੂੰਨਾਂ ਦਾ ਮਸਲਾ ਇਕੱਲੇ ਪੰਜਾਬ, ਹਰਿਆਣਾ ਜਾਂ ਉੱਤਰ ਪ੍ਰਦੇਸ਼ ਦੇ ਕਿਸਾਨਾਂ ਦਾ ਨਹੀਂ ਇਹ ਕੁੱਲ ਭਾਰਤ ਦੇ ਕਿਰਤੀ ਲੋਕਾਂ ਦੀ ਰੋਜ਼ੀ ਰੋਟੀ ਦਾ ਸਵਾਲ ਹੈ। ਇਸ ਕਰਕੇ ਅਸੀਂ ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ ਇਸ ਸੰਘਰਸ਼ 'ਚ ਬਣਦਾ ਯੋਗਦਾਨ ਪਾਉਣ ਲਈ ਆਏ ਹਾਂ। ਮੌਜੂਦਾ ਚੱਲ ਰਹੇ ਸੰਘਰਸ਼ ਤੋਂ ਸੇਧ ਲੈ ਕੇ ਅਸੀਂ ਆਪਣੇ ਸੂਬੇ ਪੱਛਮੀ ਬੰਗਾਲ ਦੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਪਿੰਡਾਂ ਅਤੇ ਸ਼ਹਿਰਾਂ 'ਚ ਜਾ ਕੇ ਸਰਕਾਰਾਂ ਦੀਆਂ ਗਲਤ ਨੀਤੀਆਂ ਤੋਂ ਜਾਣੂ ਕਰਾਵਾਂਗੇ। ਲੋਕਾਂ ਨੂੰ ਪ੍ਰੇਰ ਕੇ ਸੰਘਰਸ਼ ਦੇ ਮੈਦਾਨ 'ਚ ਤੁਹਾਡੇ ਵਾਂਗ ਦ੍ਰਿੜ੍ਹ ਇਰਾਦੇ ਨਾਲ ਡਟਣ ਦਾ ਸੱਦਾ ਦੇਵਾਂਗੇ।

----

# 'ਵਿਸ਼ਵਾਸ, ਭਗਤੀ, ਆਨੰਦ' ਦੇ ਪ੍ਰਤੀਕ -74ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੀਆਂ ਤਿਆਰੀਆਂ ਦਾ ਸ਼ੁਭ ਆਰੰਭ







**ਜੈਤੋ** – ਅੱਜ ਸਥਾਨਕ ਸੰਤ ਨਿਰੰਕਾਰੀ ਸਤਿਸੰਗ ਭਵਨ ਵਿਖੇ ਜ਼ੋਨਲ ਇੰਚਾਰਜ ਫਿਰੋਜ਼ਪੁਰ ਐਨ ਐਸ ਗਿੱਲ ਜੀ ਅਤੇ ਸਥਾਨਕ ਬ੍ਰਾਂਚ ਦੇ ਮੁਖੀ ਅਸ਼ੋਕ ਧੀਰ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਨਿਰੰਕਾਰੀ ਸੰਤ ਸਮਾਗਮ ਦੁਨੀਆਂ ਭਰ ਦੇ ਪ੍ਰਭੂ ਪ੍ਰੇਮੀਆਂ ਲਈ ਖੁਸ਼ੀਆਂ ਭਰਿਆ ਮੌਕਾ ਹੁੰਦਾ ਹੈ ਜਿੱਥੇ ਮਨੁੱਖਤਾ ਦਾ ਵਿਸ਼ਾਲ ਰੂਪ ਦੇਖਣ ਨੂੰ ਮਿਲਦਾ ਹੈ । ਨਿਰੰਕਾਰੀ ਮਿਸ਼ਨ ਅਧਿਆਤਮਕ ਜਾਗਰੂਕਤਾ ਦੁਆਰਾ ਸੰਪੂਰਣ ਸੰਸਾਰ ਵਿੱਚ ਸੱਚ, ਪ੍ਰੇਮ ਅਤੇ ਏਕਤਵ ਦੇ ਸੁਨੇਹੇ ਨੂੰ ਪ੍ਰਸਾਰਿਤ ਕਰ ਰਿਹਾ ਹੈ ਜਿਸ ਵਿੱਚ ਸਾਰੇ ਆਪਣੀ ਜਾਤੀ,ਧਰਮ,ਵਰਣ,ਰੰਗ, ਭਾਸ਼ਾ , ਵੇਸ਼ਭੂਸ਼ਾ ਅਤੇ ਖਾਣ – ਪੀਣ ਵਰਗੀਆਂ ਭਿੰਨਤਾਵਾਂ ਨੂੰ ਭੁਲਾਕੇ, ਆਪਸੀ ਪ੍ਰੇਮ ਅਤੇ ਮਿਲਰਵਤਨ ਦੀ ਭਾਵਨਾ ਨੂੰ ਧਾਰਨ ਕਰਦੇ ਹਨ।

74ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੀਆਂ ਤਿਆਰੀਆਂ ਇਸ ਸਾਲ ਵਰਚੁਅਲ ਰੂਪ ਵਿੱਚ ਪੂਰੇ ਸਮਰਪਣ ਭਾਵ ਅਤੇ ਜਾਗਰੂਕਤਾ ਦੇ ਨਾਲ ਕੀਤੀਆਂ ਜਾ ਰਹੀਆਂ ਹਨ ਜਿਸ ਵਿੱਚ ਸੰਸਕ੍ਰਿਤੀ ਅਤੇ ਪ੍ਰਭੂਸੱਤਾ ਦੀ ਬਹੁਰੂਪੀ ਦਿੱਖ ਇਸ ਸਾਲ ਵੀ ਵਰਚੁਅਲ ਰੂਪ ਵਿੱਚ ਦਰਸ਼ਾਈ ਜਾਵੇਗੀ। ਇਹ ਸਾਰੀਆਂ ਤਿਆਰੀਆਂ ਸਰਕਾਰ ਦੁਆਰਾ ਜਾਰੀ ਕੀਤੇ ਗਏ ਕੋਵਿਡ – 19 ਦੇ ਨਿਰਦੇਸ਼ਾਂ ਨੂੰ ਧਿਆਨ ਵਿੱਚ ਰੱਖਕੇ ਹੀ ਕੀਤੀਆਂ ਜਾ ਰਹੀਆਂ ਹਨ ।

ਇਸ ਸਾਲ ਦੇ ਸਮਾਗਮ ਦੀਆਂ ਤਰੀਕਾਂ 27, 28 ਅਤੇ 29 ਨਵੰਬਰ , 2021 ਨੂੰ ਨਿਰਧਾਰਤ ਕੀਤੀਆਂ ਗਈਆਂ ਹਨ। ਇਸ ਸਾਲ ਦੇ ਨਿਰੰਕਾਰੀ ਸੰਤ ਸਮਾਗਮ ਦਾ ਸਿਰਲੇਖ – 'ਵਿਸ਼ਵਾਸ, ਭਗਤੀ, ਆਨੰਦ' ਵਿਸ਼ੇ ਉੱਤੇ ਆਧਾਰਿਤ ਹੈ ਜਿਸ ਵਿੱਚ ਦੁਨੀਆਂ ਭਰ ਤੋਂ ਵਕਤਾ, ਗੀਤਕਾਰ ਅਤੇ ਕਵੀ ਅਪਣੇ ਪ੍ਰੇਰਕ ਅਤੇ ਭਗਤੀ ਭਰੇ ਭਾਵ ਵਿਅਕਤ ਕਰਨਗੇ। 'ਵਿਸ਼ਵਾਸ਼, ਭਗਤੀ ਅਤੇ ਆਨੰਦ' ਆਤਮਕ ਜਾਗ੍ਰਤੀ ਦਾ ਇੱਕ ਅਜਿਹਾ ਵਿਸ਼ਾਲ ਸੂਤਰ ਹੈ। ਜਿਸ ਉੱਤੇ ਚੱਲਕੇ ਅਸੀਂ ਇਸ ਪ੍ਰਭੂ ਪ੍ਰਮਾਤਮਾ ਦੇ ਨਾ ਕੇਵਲ ਸਾਕਸ਼ਾਤਕਾਰ ਦਰਸ਼ਨ ਕਰ ਸਕਦੇ ਹਾਂ ਬਲਕਿ ਇਸ ਨਾਲ ਇਕਮਿਕ ਵੀ ਹੋ ਸੱਕਦੇ ਹਾਂ। ਇਸ ਸੂਚਨਾ ਨਾਲ ਜਿੱਥੇ ਸਾਧ ਸੰਗਤ ਵਿੱਚ ਖੁਸ਼ੀ ਦਾ ਮਾਹੌਲ ਹੈ ਉਥੇ ਹੀ ਸਾਰੇ ਭਗਤਾਂ ਨੇ ਨਿਰੰਕਾਰ ਦੀ ਰਜ਼ਾ ਵਿੱਚ ਰਹਿਕੇ ਇਸਨੂੰ ਸਹਿਜ ਰੂਪ ਵਿੱਚ ਸਵਿਕਾਰ ਵੀ ਕੀਤਾ ਹੈ। ਸਾਰੇ ਸਮਾਗਮ ਦਾ ਸਿੱਧਾ ਪ੍ਰਸਾਰਣ ਮਿਸ਼ਨ ਦੀ ਵੈੱਬਸਾਈਟ (www.ilve.inrankair.org) ਉੱਤੇ ਅਤੇ ਸਾਧਨਾ ਟੀ। ਵੀ। ਚੈਨਲ ਦੇ ਮਾਧਿਅਮ ਦੁਆਰਾ ਪੇਸ਼ ਕੀਤਾ ਜਾਵੇਗਾ। ਮਿਸ਼ਨ ਦੇ ਇਤਹਾਸ ਵਿੱਚ ਅਜਿਹਾ ਪਹਿਲੀ ਵਾਰ ਹੋਣ ਜਾ ਰਿਹਾ ਹੈ , ਜਦੋਂ ਵਰਚੁਅਲ ਸਮਾਗਮ ਦਾ ਸਿੱਧਾ ਪ੍ਰਸਾਰਣ ਕੀਤਾ ਜਾ ਰਿਹਾ ਹੋਵੇ। ਸਮਾਗਮ ਦੇ ਤਿੰਨੇ ਦਿਨ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਆਪਣੇ ਪਾਵਨ ਪ੍ਰਵਚਨਾਂ ਦੁਆਰਾ ਸਮੁੱਚੀ ਮਾਨਵਤਾ ਨੂੰ ਅਸ਼ੀਰਵਾਦ ਪ੍ਰਦਾਨ ਕਰਨਗੇ । ਇਸ ਸਾਲ ਦਾ ਸਮਾਗਮ ਪੂਰਨ ਵਰਚੁਅਲ ਰੂਪ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ, ਪਰ ਇਸਨੂੰ ਸਿੱਧਾ ਪ੍ਰਸਾਰਣ ਦਿਖਾਉਣ ਲਈ ਮਿਸ਼ਨ ਦੁਆਰਾ ਦਿਨ – ਰਾਤ ਅਣਥੱਕ ਯਤਨ ਕੀਤੇ ਜਾ ਰਹੇ ਹਨ ਤਾਂਕਿ ਜਦੋਂ ਇਸਦਾ ਪ੍ਰਸਾਰਣ ਕੀਤਾ ਜਾਵੇ ਤੱਦ ਇਸਦੀ ਅਨੁਭਵ ਪ੍ਰਤੱਖ ਸਮਾਗਮ ਵਰਗੀ ਹੀ ਹੋਵੇ ਅਤੇ ਸਾਰੇ ਇਸਦਾ ਆਨੰਦ ਪ੍ਰਾਪਤ ਕਰ ਸਕਣ। ਇਹ ਸਭ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਸੁੰਦਰ ਮਾਰਗਦਰਸ਼ਨ ਦੁਆਰਾ ਹੀ ਸੰਭਵ ਹੋ ਪਾਇਆ ਹੈ ।

ਜਿਵੇਂ ਕਿ ਸਭ ਨੂੰ ਪਤਾ ਹੀ ਹੈ ਕਿ ਮਿਸ਼ਨ ਦਾ ਪਹਿਲਾ ਨਿਰੰਕਾਰੀ ਸੰਤ ਸਮਾਗਮ ਸੰਨ 1948 ਵਿੱਚ ਬਾਬਾ ਅਵਤਾਰ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਇਆ। ਹਾਲਾਂਕਿ ਸੰਤ ਨਿਰੰਕਾਰੀ ਮਿਸ਼ਨ ਦੀ ਸ਼ੁਰੂਆਤ ਬਾਬਾ ਬੂਟਾ ਸਿੰਘ ਜੀ ਦੇ ਨਿਰਦੇਸ਼ਨ ਵਿੱਚ ਹੋਈ ਜਿਸਨੂੰ ਗੁਰਮਤ ਦਾ ਰੂਪ ਦੇਕੇ ਬਾਬਾ ਅਵਤਾਰ ਸਿੰਘ ਜੀ ਨੇ ਅੱਗੇ ਵਧਾਇਆ। ਨਿਰੰਕਾਰੀ ਸੰਤ ਸਮਾਗਮ ਨੂੰ ਵਿਵਸਥਿਤ ਅਤੇ ਪ੍ਰਫੁੱਲਿਤ ਕਰਨ ਦਾ ਸਿਹਰਾ ਯੁਗਪ੍ਰਵਰਤਕ ਬਾਬਾ ਗੁਰਬਚਨ ਸਿੰਘ ਜੀ ਨੂੰ ਜਾਂਦਾ ਹੈ । ਇਸ ਤੋਂ ਬਾਅਦ ਯੁੱਗਦ੍ਰਿਸ਼ਟਤਾ ਬਾਬਾ ਹਰਦੇਵ ਸਿੰਘ ਜੀ ਨੇ ਨਾ ਕੇਵਲ ਸਮਾਗਮ ਨੂੰ ਅੰਤਰਾਸ਼ਟਰੀ ਸਵਰੂਪ ਪ੍ਰਦਾਨ ਕੀਤਾ, ਬਲਕਿ 'ਏਕਤਵ' ਦੇ ਆਧਾਰ ਉੱਤੇ 'ਵਸੁਦੇਵ ਕਟੁੰਬਕੰਮ' ਅਤੇ 'ਦੀਵਾਰ ਰਹਿਤ ਸੰਸਾਰ' ਦੀ ਸੋਚ ਦੇ ਨਾਲ 'ਯੂਨੀਵਰਸਲ ਬ੍ਰਦਰਹੁੱਡ ' ਦੀ ਪਹਿਚਾਣ ਦੇਕੇ,ਸੰਸਾਰ ਨੂੰ ਜਾਤੀ, ਧਰਮ, ਵਰਗ, ਵਰਣ, ਭਾਸ਼ਾ ਅਤੇ ਦੇਸ਼ ਦੀਆਂ ਵਿਭਿੰਨਤਾਵਾਂ ਦੇ ਉਤੇ 'ਅਨੇਕਤਾ ਵਿੱਚ ਏਕਤਾ' ਦਾ ਦਰਸ਼ਨ ਕਰਵਾਇਆ। ਸਨੇਹ ਅਤੇ ਮਾਤ੍ਰਤਵ ਦੀ ਸਾਕਸ਼ਾਤ ਮੂਰਤੀ ਮਾਤਾ ਸਵਿੰਦਰ ਹਰਦੇਵ ਜੀ ਨੇ ਇੱਕ ਨਵੇਂ ਯੁੱਗ ਦਾ ਸਿਰਜਣ ਕੀਤਾ ਅਤੇ 'ਯੁਗ ਨਿਰਮਾਤਾ' ਦੇ ਰੂਪ ਵਿੱਚ ਪ੍ਰਗਟ ਹੋਕੇ ਆਪਣੇ ਕਰਤੱਵਾਂ ਨੂੰ ਪੂਰਣ ਰੂਪ ਵਿੱਚ ਨਿਭਾਇਆ। ਵਰਤਮਾਨ ਸਮੇਂ ਵਿੱਚ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨਵੀਂ ਸੋਚ, ਇਕਾਗਰਤਾ ਅਤੇ ਸੱਭ ਨੂੰ ਮਿਲਕੇ ਰਹਿਣ ਦੀ ਭਾਵਨਾ ਦੇ ਨਾਲ ਇਸਨੂੰ ਅੱਗੇ ਤੋਂ ਅੱਗੇ ਵਧਾ ਰਹੇ ਹਨ।

**– ਪ੍ਰਮੋਦ ਧੀਰ**

# ਸੁਖਪਾਲ ਸਿੰਘ ਖਹਿਰਾ ਨੂੰ ਈਡੀ ਵੱਲੋਂ ਗ੍ਰਿਫਤਾਰ ਕੀਤਾ ਜਾਣਾ ਸਿਆਸੀ ਬਦਲਾਖੋਰੀ

**ਭੁਲੱਥ (ਅਜੈ ਗੋਗਨਾ)**—ਸਾਬਕਾ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਖਹਿਰਾ ਦੀ ਗ੍ਰਿਫਤਾਰੀ ਉਪਰੰਤ ਉਹਨਾਂ ਦੇ ਬੇਟੇ ਐਡਵੋਕੇਟ ਮਹਿਤਾਬ ਸਿੰਘ ਖਹਿਰਾ ਨੇ ਇਕ ਲਿਖਤੀ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਈ।ਡੀ ਦੀ ਇਹ ਕਾਰਵਾਈ ਸਰਾਸਰ ਗੈਰਕਾਨੂੰਨੀ, ਗੈਰਸੰਵਿਧਾਨਕ ਅਤੇ ਸੂਬੇ ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਸੋਚੀ ਸਮਝੀ ਸਾਜਿਸ਼ ਤਹਿਤ ਕੀਤੀ ਗਈ ਹੈ।ਸੱਭ ਤੋਂ ਪਹਿਲਾਂ ਮੈਂ ਆਪਣੇ ਪਿਤਾ ਜੀ ਵੱਲੋਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਪਿਤਾ ਜੀ ਕਿਸੇ ਤਰਾਂ ਦੀ ਵੀ ਅਪਰਾਧਿਕ ਗਤੀਵਿਧੀ ਵਿੱਚ ਸ਼ਾਮਿਲ ਨਹੀਂ ਹਨ ਅਤੇ ਨਾ ਹੀ ਉਹਨਾਂ ਕੋਈ ਗਲਤ ਕੰਮ ਕੀਤਾ ਹੈ ਜਿਵੇਂ ਕਿ ਕੇਂਦਰੀ ਜਾਂਚ ਏਜੰਸੀ ਵੱਲੋਂ ਇਲਜਾਮ ਲਗਾਇਆ ਗਿਆ ਹੈ। ਮੇਰੇ ਪਿਤਾ ਜੀ ਬੇਇਨਸਾਫੀ ਖਿਲਾਫ ਅਵਾਜ ਉਠਾਉਣ ਵਾਲੇ ਹਨ ਅਤੇ ਜਿੰਦਗੀ ਭਰ ਉਹਨਾਂ ਨੇ ਪੰਜਾਬ ਦੇ ਲੋਕਾਂ ਲਈ ਸੰਘਰਸ਼ ਕੀਤਾ ਹੈ।ਇਥੇ ਇਹ ਦੱਸਣਾ ਬਣਦਾ ਹੈ ਕਿ ਸੁਖਪਾਲ ਸਿੰਘ ਖਹਿਰਾ ਨੂੰ ਫਾਜਿਲਕਾ ਜਿਲੇ ਦੇ ਪੁਲਿਸ ਥਾਣਾ ਸਦਰ ਜਲਾਲਾਬਾਦ ਵਿੱਚ ਦਰਜ਼ 6 ਸਾਲ ਪੁਰਾਣੇ ਐਨ।ਡੀ।ਪੀ।ਐਸ ਮਾਮਲੇ ਵਿੱਚ ਗਲਤ ਢੰਗ ਨਾਲ ਫਸਾਇਆ ਜਾ ਰਿਹਾ ਹੈ। ਉਕਤ ਐਫਆਈਆਰ ਐਨਡੀਪੀਐਸ ਐਕਟ ਦੀਆਂ ਵੱਖ ਵੱਖ ਧਾਰਾਵਾਂ ਹੇਠ 9 ਵਿਅਕਤੀਆਂ ਖਿਲਾਫ ਦਰਜ਼ ਕੀਤੀ ਗਈ ਸੀ। ਸੁਖਪਾਲ ਖਹਿਰਾ ਦਾ ਨਾਮ ਨਾ ਤਾਂ ਐਫ।ਆਈ।ਆਰ ਵਿੱਚ ਸੀ ਨਾ ਹੀ ਉਕਤ ਮਾਮਲੇ ਦੀ ਚਾਰਜਸ਼ੀਟ ਵਿੱਚ ਸੀ। ਮੁੱਖ ਦੋਸ਼ੀਆਂ ਖਿਲਾਫ ਟਰਾਇਲ ਉਪਰੰਤ ਉਹਨਾਂ ਨੂੰ ਸਜ਼ਾ ਸੁਣਾ ਦਿੱਤੀ ਗਈ। 2 ਸਾਲ ਚਲੇ ਟਰਾਇਲ ਦੋਰਾਨ ਕਿਤੇ ਵੀ ਸੁਖਪਾਲ ਸਿੰਘ ਖਹਿਰਾ ਦਾ ਨਾਮ ਨਹੀਂ ਆਇਆ।ਜਦ ਸੁਖਪਾਲ ਸਿੰਘ ਖਹਿਰਾ ਸੰਨ 2017 ਵਿੱਚ ਵਿਰੋਧੀ ਧਿਰ ਦੇ ਨੇਤਾ ਬਣੇ ਤਾਂ ਉਹਨਾਂ ਨੇ ਅਨੇਕਾਂ ਮੁੱਦੇ ਉਠਾਏ ਜਿਹਨਾਂ ਵਿੱਚ ਰੇਤ ਮਾਈਨਿੰਗ ਘੋਟਾਲਾ ਵੀ ਸੀ ਜਿਸ ਕਾਰਨ ਅਖੀਰ ਸੱਤਾਧਾਰੀ ਪਾਰਟੀ ਦੇ ਇੱਕ ਕੈਬਿਨਟ ਮੰਤਰੀ ਨੂੰ ਅਸਤੀਫਾ ਵੀ ਦੇਣਾ ਪਿਆ ਸੀ। ਮੌਜੂਦਾ ਮਾਮਲੇ ਵਿੱਚ ਇਹ ਇੱਕ ਟਰਨਿੰਗ ਪੁਆਂਇੰਟ ਸਾਬਿਤ ਹੋਇਆ ਜਦ ਅਚਾਨਕ ਦੋ ਸਰਕਾਰੀ ਗਵਾਹ ਜਿਹਨਾਂ ਦੀ ਪਹਿਲਾਂ ਹੀ ਗਵਾਹੀ ਹੋ ਚੁੱਕੀ ਸੀ, ਨੂੰ ਸੈਕਸ਼ਨ 319 ਸੀਆਰਪੀਸੀ ਤਹਿਤ ਸੁਖਪਾਲ ਸਿੰਘ ਖਹਿਰਾ ਨੂੰ ਝੂਠਾ ਫਸਾਉਣ ਤਹਿਤ ਮੁੜ ਬਿਆਨਾਂ ਲਈ ਬੁਲਾਇਆ ਗਿਆ। ਇਹ ਦੋ ਪੁਲਿਸ ਅਫਸਰ ਗਵਾਹ ਦੋ ਸਾਲ ਟਰਾਇਲ ਦੋਰਾਨ ਖਾਮੋਸ਼ ਕਿਉਂ ਰਹੇ ਅਤੇ ਜਦ ਉਹਨਾਂ ਕੋਲੋਂ ਪਹਿਲਾਂ ਗਵਾਹੀ ਲਈ ਗਈ ਸੀ ਤਾਂ ਉਹਨਾਂ ਨੇ ਸੁਖਪਾਲ ਸਿੰਘ ਖਹਿਰਾ ਦੀ ਭੂਮਿਕਾ ਦਾ ਜਿਕਰ ਕਿਉਂ ਨਹੀਂ ਕੀਤਾ, ਇਹ ਅੱਜ ਤੱਕ ਭੇਦ ਬਣਿਆ ਹੋਇਆ ਹੈ।ਜਦ ਇਹ ਗਵਾਹ ਮੁੜ ਫਿਰ ਕੋਰਟ ਵਿੱਚ ਗਵਾਹੀ ਲਈ ਪੇਸ਼ ਹੋਏ ਤਾ ਉਹਨਾਂ ਕਿਹਾ ਕਿ ਦੋ ਸਾਲ ਪਹਿਲਾਂ ਇੱਕ ਦੋਸ਼ੀ ਗੁਰਦੇਵ ਸਿੰਘ ਨੇ ਪੁੱਛ ਗਿੱਛ ਦੋਰਾਨ ਸੁਖਪਾਲ ਸਿੰਘ ਖਹਿਰਾ ਦਾ ਨਾਮ ਲਿਆ ਸੀ ਪਰੰਤੂ ਉਹ ਇਸ ਗੱਲ ਦਾ ਢੁੱਕਵਾ ਜਵਾਬ ਦੇਣ ਵਿੱਚ ਅਸਫਲ ਰਹੇ ਕਿ ਉਹਨਾਂ ਨੇ ਇਹ ਪਹਿਲਾਂ ਕਿਉਂ ਨਹੀਂ ਦੱਸਿਆ। ਇਹ ਗਵਾਹੀ ਟਰਾਇਲ ਦੇ ਬਿਲਕੁਲ ਖਤਮ ਹੋਣ ਦੇ ਨੇੜੇ ਜਾ ਕੇ ਹੋਈ ਸੀ। ਇਸ ਤੋਂ ਬਾਅਦ ਜਲਦ ਹੀ ਟਰਾਇਲ ਕੋਰਟ ਨੇ ਮੁੱਖ ਦੋਸ਼ੀਆਂ ਨੂੰ ਸਜ਼ਾ ਸੁਣਾ ਦਿੱਤੀ। ਸਜ਼ਾ ਸੁਣਾਉਣ ਤੋਂ ਬਾਅਦ ਕੋਰਟ ਨੇ ਸੈਕਸ਼ਨ 319 ਸੀਆਰਪੀਸੀ ਤਹਿਤ ਸੁਖਪਾਲ ਸਿੰਘ ਖਹਿਰਾ ਅਤੇ ਹੋਰਨਾਂ ਨੂੰ ਐਡੀਸ਼ਨਲ ਦੋਸ਼ੀਆਂ ਵਜੋਂ ਸੰਮਨ ਕਰ ਲਿਆ।





ਸੰਮਨਾਂ ਦੇ ਗੈਰਕਾਨੂੰਨੀ ਹੋਣ ਅਤੇ ਟਰਾਇਲ ਕੋਰਟ ਦੇ ਅਧਿਕਾਰ ਖੇਤਰ ਤੋਂ ਬਾਹਰ ਹੋਣ ਕਾਰਨ ਇਹਨਾਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੈਲੰਜ ਕੀਤਾ ਗਿਆ ਅਤੇ ਬਾਅਦ ਵਿੱਚ ਸੁਪਰੀਮ ਕੋਰਟ ਵਿੱਚ ਚੈਲੰਜ ਕੀਤਾ। ਸਰਵ ਉੱਚ ਅਦਾਲਤ ਨੇ ਪਹਿਲੀ ਸੁਣਵਾਈ ਤੇ ਹੀ ਹੇਠਲੀ ਅਦਾਲਤ ਦੀ ਕਾਰਵਾਈ ਨੂੰ ਸਟੇਅ ਕਰਦਿਆਂ ਸੁਖਪਾਲ ਸਿੰਘ ਖਹਿਰਾ ਨੂੰ ਵੱਡੀ ਰਾਹਤ ਦਿੱਤੀ। ਇਹ ਮਾਮਲਾ ਸੰਨ 2017 ਤੋਂ ਹੀ ਸਟੇਅ ਹੈ ਅਤੇ ਕਾਨੂੰਨ ਸਬੰਧੀ ਅਹਿਮ ਸਵਾਲ ਦੇ ਹਵਾਲੇ ਵਾਸਤੇ 5 ਜੱਜਾਂ ਵਾਲੀ ਸੰਵਿਧਾਨਕ ਬੈਂਚ ਮੂਹਰੇ ਪੈਡਿੰਗ ਹੈ। ਮਹਿਤਾਬ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਹਾਲੇ ਤੱਕ ਪਤਾ ਨਹੀਂ ਲਗਾ ਕਿ ਉਹਨਾਂ ਦੇ ਪਿਤਾ ਨੂੰ ਕਿਸ ਅਧਾਰ ਉੱਪਰ ਗ੍ਰਿਫਤਾਰ ਕੀਤਾ ਗਿਆ ਹੈ? ਉਹਨਾਂ ਕਿਹਾ ਕਿ ਨਾ ਤਾਂ ਈ।ਡੀ ਨੇ ਉਹਨਾਂ ਨੂੰ ਈ।ਸੀ।ਆਈ।ਆਰ ਦੀ ਕਾਪੀ ਮੁਹੱਈਆ ਕਰਵਾਈ ਹੈ ਅਤੇ 11 ਨਵੰਬਰ ਨੂੰ ਉਹਨਾਂ ਨੂੰ ਹਿਰਾਸਤ ਵਿੱਚ ਲੈਣ ਸਮੇਂ ਗ੍ਰਿਫਤਾਰੀ ਦੇ ਅਧਾਰ ਦੀ ਕਾਪੀ ਮੁਹੱਈਆ ਕਰਵਾਈ ਹੈ। ਉਹਨਾਂ ਕਿਹਾ ਕਿ ਇਹ ਕਿਸੇ ਵੀ ਦੋਸ਼ੀ ਦੇ ਅਧਿਕਾਰਾਂ ਦੀ ਮੁਕੰਮਲ ਉਲੰਘਣਾ ਹੈ ਵਿਸ਼ੇਸ਼ ਤੋਰ ਉੱਪਰ ਜਦ ਉਹ ਲੋਕਾਂ ਦਾ ਚੁਣਿਆ ਹੋਇਆ ਨੁਮਾਂਇੰਦਾ ਹੋਣ ਦੇ ਨਾਲ ਨਾਲ ਵਿਰੋਧੀ ਧਿਰ ਦਾ ਨੇਤਾ ਰਹਿ ਚੁੱਕਾ ਹੋਵੇ।ਮਹਿਤਾਬ ਨੇ ਕਿਹਾ ਕਿ ਉਹ ਸਿਰਫ ਉਹਨਾਂ ਸਰਾਸਰ ਗਲਤ ਇਲਜਾਮਾਂ ਦਾ ਜਵਾਬ ਦੇ ਸਕਦੇ ਹਨ ਜੋ ਕਿ ਈ।ਡੀ ਦੇ ਵਕੀਲ ਵੱਲੋਂ ਬੀਤੇ ਕੱਲ ਉਹਨਾਂ ਦੇ ਪਿਤਾ ਦੀ ਰਿਮਾਂਡ ਲੈਣ ਸਮੇਂ ਕੋਰਟਰੂਮ ਵਿੱਚ ਲਗਾਏ ਸਨ ਕਿਉਂਕਿ ਉਹਨਾਂ ਨੂੰ ਕੁਝ ਵੀ ਲਿਖਤੀ ਮੁਹੱਈਆ ਨਹੀਂ ਕਰਵਾਇਆ ਗਿਆ ਹੈ।ਮਹਿਤਾਬ ਨੇ ਕਿਹਾ ਕਿ ਸੱਭ ਤੋਂ ਪਹਿਲਾਂ ਈਡੀ ਨੇ ਇਲਜਾਮ ਲਗਾਇਆ ਕਿ ਸੁਖਪਾਲ ਸਿੰਘ ਖਹਿਰਾ ਜਾਂਚ ਤੋਂ ਬੱਚ ਰਹੇ ਹਨ ਅਤੇ ਸਹਿਯੋਗ ਨਹੀਂ ਦੇ ਰਹੇ। ਮਹਿਤਾਬ ਨੇ ਦੱਸਿਆ ਕਿ ਉਹਨਾਂ ਦੇ ਪਿਤਾ ਈ।ਡੀ ਸਾਹਮਣੇ ਦਿੱਲੀ ਅਤੇ ਚੰਡੀਗੜ ਵਿਖੇ 11 ਵਾਰ ਪੇਸ਼ ਹੋਏ ਜਿਥੇ ਕਿ ਹਰ ਵਾਰ 7-8 ਘੰਟੇ ਸੁਣਵਾਈ ਹੁੰਦੀ ਸੀ। ਉਹਨਾਂ ਕਿਹਾ ਕਿ ਉਸਦੇ ਪਿਤਾ ਖੁਦ ਸੰਮਨ ਵਾਲੀ ਤਰੀਕ ਭੁਗਤਨ ਉਪਰੰਤ ਅਗਲੇ ਦਿਨ ਵੀ ਬਿਨਾਂ ਕਿਸੇ ਸੰਮਨ ਦੇ ਪੇਸ਼ ਹੋ ਕੇ ਜਾਂਚ ਵਿੱਚ ਸਹਿਯੋਗ ਕਰਦੇ ਸਨ, ਮਿਸਾਲ ਦੇ ਤੋਰ ਤੇ ਉਹਨਾਂ ਨੂੰ ਅਧਿਕਾਰਤ ਤੋਰ ਤੇ ਸਿਰਫ 10-11-21 ਲਈ ਸੰਮਨ ਕੀਤਾ ਗਿਆ ਸੀ ਪਰੰਤੂ ਉਹ ਵਲੰਟੀਅਰ ਢੰਗ ਨਾਲ 11-11-21 ਨੂੰ ਵੀ ਚੰਡੀਗੜ ਪੇਸ ਹੋਏ ਜਦ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਹਨਾਂ ਕਿਹਾ ਕਿ ਇਹਨਾਂ ਸੁਣਵਾਈਆਂ ਦੋਰਾਨ ਉਹਨਾਂ ਨੇ ਲਗਭਗ 100 ਘੰਟੇ ਈ।ਡੀ ਨਾਲ ਬਿਤਾਏ। ਉਹਨਾਂ ਦੱਸਿਆ ਕਿ ਈ।ਡੀ ਨੇ ਜੋ ਵੀ ਦਸਤਾਵੇਜ ਮੰਗੇ ਉਹ ਮੁਹੱਈਆ ਕਰਵਾਏ ਗਏ, ਚਾਹੇ ਬੈਂਕ ਖਾਤਿਆਂ ਦੀ ਡਿਟੇਲ ਹੋਵੇ, ਖੇਤੀਬਾੜੀ ਜਮੀਨ, ਜਾਇਦਾਦਾਂ ਦੇ ਵੇਰਵੇ, ਚੋਣ ਐਫੀਡੇਵਿਟ ਆਦਿ ਹੋਣ।ਮਹਿਤਾਬ ਨੇ ਕਿਹਾ ਕਿ ਈ।ਡੀ ਦਾ ਇਹ ਇਲਜਾਮ ਕਿ 2014-2021 ਸੱਤ ਸਾਲਾਂ ਦੋਰਾਨ ਪਰਿਵਾਰ ਦੀ ਆਮਦਨ ਅਤੇ ਖਰਚੇ ਵਿੱਚ 30-40 ਕਰੋੜ ਰੁਪਏ ਦਾ ਫਰਕ ਹੈ, ਬਹੁਤ ਹੀ ਹਾਸੋਹੀਣਾ ਅਤੇ ਬੇਤੁਕਾ ਹੈ। ਉਹਨਾਂ ਕਿਹਾ ਕਿ 25 ਲੱਖ ਰੁਪਏ ਸਲਾਨਾ ਦੀ ਖੇਤੀਬਾੜੀ ਆਮਦਨ ਨੂੰ ਜੋੜਣ ਵਿੱਚ ਈ।ਡੀ ਅਸਫਲ ਰਹੀ ਹੈ ਜੋ ਕਿ ਉਸ ਦੇ ਝੂਠ ਦਾ ਖੁਲਾਸਾ ਕਰਦਾ ਹੈ ਨਾਲ ਹੀ ਉਹਨਾਂ ਦੇ ਪਿਤਾ ਨੇ ਸੰਨ 2016 ਵਿੱਚ ਆਪਣੀ ਬੇਟੀ ਦੇ ਵਿਆਹ ਅਤੇ 2019 ਵਿੱਚ ਬੇਟੇ ਦੇ ਵਿਆਹ ਲਈ ਖੇਤੀਬਾੜੀ ਜਮੀਨ ਅਤੇ ਚੰਡੀਗੜ ਘਰ ਬੈਕਾਂ ਕੋਲ ਗਿਰਵੀ ਰੱਖ ਕੇ 3 ਕਰੋੜ ਰੁਪਏ ਦੇ ਤਿੰਨ ਕਰਜੇ ਲਏ ਹਨ।ਮਹਿਤਾਬ ਨੇ ਦੱਸਿਆ ਕਿ ਈ।ਡੀ ਨੇ ਇੱਕ ਹੋਰ ਨਿਰਅਧਾਰ ਅਤੇ ਝੂਠਾ ਇਲਜਾਮ ਲਗਾਇਆ ਹੈ ਕਿ ਉਹਨਾਂ ਨੇ ਅਪ੍ਰੈਲ-ਮਈ 2016 ਵਿੱਚ ਅਮਰੀਕਾ ਫੇਰੀ ਦੋਰਾਨ 1-19 ਲੱਖ ਡਾਲਰ ਇਕੱਠੇ ਕੀਤੇ। ਮਹਿਤਾਬ ਨੇ ਸਾਫ ਕੀਤਾ ਕਿ 2016 ਦਾ ਉਹਨਾਂ ਦਾ ਟੂਅਰ ਆਮ ਆਦਮੀ ਪਾਰਟੀ ਵੱਲੋਂ 2017 ਵਿਧਾਨ ਸਭਾ ਚੋਣਾਂ ਲਈ ਫੰਡ ਇਕੱਠਾ ਕਰਨ ਲਈ ਅਯੋਜਿਤ ਅਤੇ ਸਪੋਂਸਰ ਕੀਤਾ ਗਿਆ ਸੀ। ਉਹਨਾਂ ਦੱਸਿਆ ਕਿ ਆਪ ਯੂ।ਐਸ।ਏ ਟੀਮ ਵੱਲੋਂ 2016 ਵਿੱਚ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿੱਚ 16 ਮੀਟਿੰਗਾਂ ਅਯੋਜਿਤ ਕੀਤੀਆਂ ਗਈਆਂ ਸਨ ਅਤੇ ਇਸ ਟੂਰ ਸਬੰਧੀ ਪੋਸਟਰ ਆਮ ਆਦਮੀ ਪਾਰਟੀ ਯੂ।ਐਸ।ਏ ਦੇ ਵੈਰੀਫਾਈਡ ਪੇਜ ਤੋਂ ਸ਼ੇਅਰ ਕੀਤੀਆਂ ਗਈਆਂ ਜਿਸ ਉੱਪਰ ਕਿ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਚੋਣ ਨਿਸ਼ਾਨ ਦੀ ਤਸਵੀਰ ਲੱਗੀ ਹੋਈ ਹੈ। ਉਹਨਾਂ ਕਿਹਾ ਕਿ ਇਸ ਫੰਡ ਰੇਜਰ ਦੀਆਂ ਸਾਰੀਆਂ ਗਤੀਵਿਧੀਆਂ ਯੂਐਸਏ ਆਮ ਆਦਮੀ ਪਾਰਟੀ ਦੇ ਪੇਜ ਤੇ ਅੱਜ ਵੀ ਹਨ (ਫੋ-ਟੋਆਂ ਨਾਲ ਨੱਥੀ ਹਨ)। ਇਸ ਤੋਂ ਇਲਾਵਾ ਯੂ।ਐਸ।ਏ ਆਪ ਦੇ ਇੱਕ ਅਹੁਦੇਦਾਰ ਸ਼੍ਰੀਕਾਂਤ ਨੇ ਟੂਅਰ ਨੂੰ ਪ੍ਰਮੋਟ ਕਰਨ ਵਾਸਤੇ ਆਪਣੇ ਅਮਰੀਕਾ ਵਿਚਲੇ ਸਾਥੀਆਂ ਨੂੰ ਈਮੇਲ ਵੀ ਕੀਤੀ ਸੀ (ਕਾਪੀ ਨਾਲ ਨੱਥੀ ਹੈ)। ਉਹਨਾਂ ਕਿਹਾ ਕਿ ਯੂ।ਐਸ।ਏ ਆਪ ਟੀਮ ਨੇ ਇਹਨਾਂ ਮੀਟਿੰਗਾਂ ਤੋਂ ਸਾਰੇ ਫੰਡ ਇਕੱਠੇ ਕੀਤੇ ਅਤੇ ਇਹਨਾਂ ਫੰਡਾਂ ਨਾਲ ਮੇਰੇ ਪਿਤਾ ਜੀ ਦਾ ਕੁਝ ਵੀ ਲੈਣਾ ਦੇਣਾ ਨਹੀਂ ਹੈ। ਉਹਨਾਂ ਕਿਹਾ ਕਿ ਈ।ਡੀ ਨੇ ਉਹਨਾਂ ਦੇ ਪਿਤਾ ਕੋਲੋਂ ਕਿਸੇ ਪ੍ਰਕਾਰ ਦੀ ਵਿਦੇਸ਼ੀ ਕਰੰਸੀ ਜਬਤ ਨਹੀਂ ਕੀਤੀ ਅਤੇ ਮਹਿਤਾਬ ਨੇ ਸਵਾਲ ਕੀਤਾ ਕਿ ਕੀ 1-19 ਲੱਖ ਡਾਲਰ ਲੈ ਕੇ ਅਮਰੀਕਾ ਤੋਂ ਵਾਪਿਸ ਭਾਰਤ ਆਉਣਾ ਮੁਮਕਿਨ ਹੈ? ਮਹਿਤਾਬ ਨੇ ਕਿਹਾ ਕਿ ਜਦ ਮਿਤੀ 11-11-21 ਨੂੰ ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਪੰਕਜ ਗੁਪਤਾ ਦਾ ਬਿਆਨ ਕਿ ਆਮ ਆਦਮੀ ਪਾਰਟੀ ਨੇ ਕਿਸੇ ਪ੍ਰਕਾਰ ਦੀ ਅਧਿਕਾਰਤ ਫੰਡ ਰੇਜੰਗ ਨਹੀਂ ਕੀਤੀ, ਉਸ ਦੇ ਪਿਤਾ ਨੂੰ ਦਿਖਾਇਆ ਗਿਆ ਤਾਂ ਉਹਨਾਂ ਨੇ ਇਹ ਸਾਰੀ ਜਾਣਕਾਰੀ ਈ।ਡੀ ਨੂੰ ਦੇਣ ਦੀ ਕੋਸ਼ਿਸ਼ ਕੀਤੀ ਤਾਂ ਈ।ਡੀ ਨੇ ਇਸ ਨੂੰ ਰਿਕਾਰਡ ਵਿੱਚ ਨਹੀਂ ਲਿਆ ਜਿਸ ਉਪਰੰਤ ਉਸ ਦੇ ਪਿਤਾ ਨੇ ਪੋਸਟਰਾਂ ਅਤੇ ਈਮੇਲ ਸਮੇਤ ਵਿਸਥਾਰਪੂਰਵਕ ਜਾਣਕਾਰੀ ਈ।ਡੀ ਦੇ ਜਾਂਚ ਅਧਿਕਾਰੀ ਸ਼੍ਰੀ ਮੀਨਾ ਨੂੰ ਈਮੇਲ ਕਰ ਦਿੱਤੀ।

ਮਹਿਤਾਬ ਨੇ ਕਿਹਾ ਕਿ ਇਹ ਖੁੱਲਾ ਭੇਤ ਹੈ ਕਿ ਆਮ ਆਦਮੀ ਪਾਰਟੀ ਅਤੇ ਉਹਨਾਂ ਦੇ ਪਿਤਾ ਦੇ ਵਿਚਾਲੇ ਬੇਹੱਦ ਖਰਾਬ ਰਿਸ਼ਤੇ ਹਨ ਜਿਹਨਾਂ ਨੂੰ ਪਹਿਲਾਂ ਅਰਵਿੰਦ ਕੇਜਰੀਵਾਲ ਵੱਲੋਂ ਟਵਿੱਟਰ ਰਾਹੀਂ ਹਟਾਇਆ ਗਿਆ ਸੀ ਅਤੇ ਫਿਰ ਪਾਰਟੀ ਤੋਂ ਸਸਪੈਂਡ ਕਰ ਦਿੱਤਾ ਗਿਆ ਸੀ।

ਪਰੰਤੂ ਈ।ਡੀ ਨੇ ਉਹਨਾਂ ਨੂੰ ਫਸਾਉਣ ਲਈ ਉਹਨਾਂ ਦੇ ਵਿਰੋਧੀਆਂ ਦੇ ਬਿਆਨ ਉੱਪਰ ਭਰੋਸਾ ਕੀਤਾ।ਅਖੀਰ ਮਹਿਤਾਬ ਨੇ ਕਿਹਾ ਕਿ ਜਿਵੇਂ ਪਹਿਲਾਂ ਦੱਸਿਆ ਉਸ ਦੇ ਪਿਤਾ ਦਾ ਨਾਮ ਨਾ ਤਾਂ ਫਾਜਿਲਕਾ ਐਨਡੀਪੀਐਸ ਮਾਮਲੇ ਵਿੱਚ ਹੈ ਨਾ ਚਲਾਨ ਵਿੱਚ ਹੈ ਨਾ ਹੀ ਉਹਨਾਂ ਕੋਲੋਂ ਕੋਈ ਰਿਕਵਰੀ ਨਹੀਂ ਹੋਈ ਅਤੇ ਇਹ ਵੀ ਦੱਸਣਯੋਗ ਹੈ ਕਿ ਭਾਰਤ ਦੇ ਸੁਪਰੀਮ ਕੋਰਟ ਨੇ ਉਕਤ ਐਨਡੀਪੀਐਸ ਮਾਮਲੇ ਦੀ ਕਾਰਵਾਈ ਉੱਪਰ ਰੋਕ ਲਗਾਈ ਹੋਈ ਹੈ ਪਰੰਤੂ ਫਿਰ ਵੀ ਈਡੀ ਇਸ ਨੂੰ ਸ਼ਡਿਊਲ ਅਪਰਾਧ ਬਣਾਕੇ ਉਹਨਾਂ ਦੇ ਪਿਤਾ ਨੂੰ ਫਸਾਉਣ ਲਈ ਪੂਰੀ ਵਾਹ ਲਗਾ ਰਹੀ ਹੈ।

# ਕੌੜੀ ਵੇਲ ਵਾਂਗਰ ਵਧ ਰਹੇ ਚੋਣ-ਖ਼ਰਚੇ



ਗੁਰਮੀਤ ਪਲਾਹੀ
91-98158-02070

ਗਰੀਬ ਦੇਸ਼ ਭਾਰਤ! ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਭਾਰਤ!! ਜਿਥੋਂ ਦੀ ਆਬਾਦੀ ਦਾ ਵੱਡਾ ਹਿੱਸਾ, ਮਨੁੱਖ ਨੂੰ ਮਿਲਣ ਵਾਲੀਆਂ ਘੱਟੋ-ਘੱਟ ਬੁਨਿਆਦੀ ਸਹੂਲਤਾਂ ਖ਼ਾਸ ਕਰਕੇ ਸਿਹਤ, ਸਿੱਖਿਆ ਸਹੂਲਤਾਂ ਪ੍ਰਾਪਤ ਤੋਂ ਵੀ ਵਿਰਵਾ ਹੈ। ਜਿਸਦੀ 25 ਕਰੋੜ ਦੀ ਆਬਾਦੀ ਭੁੱਖ ਨਾਲ ਘੁਲਦੀ ਹੈ ਅਤੇ ਜਿਸਨੂੰ ਮਸਾਂ ਇੱਕ ਡੰਗ ਰੋਟੀ ਦਿਨ 'ਚ ਨਸੀਬ ਹੁੰਦੀ ਹੈ।

ਉਸ ਦੇਸ਼ ਦੇ ਲੋਕ ਵੱਡੇ ਚੋਣ ਖ਼ਰਚੇ ਵਿਚੋਂ ਲੰਘਕੇ ਆਪਣੀ ਦੇਸ਼ ਦੀ ਸਰਕਾਰ ਚੁਣਦੇ ਹਨ, ਜਿਹੜੀ ਕਈ ਦਹਾਕਿਆਂ ਤੋਂ ਕਲਿਆਣਕਾਰੀ ਸਰਕਾਰ ਨਹੀਂ ਕਹਾ ਸਕੀ।

ਸੈਂਟਰ ਫਾਰ ਮੀਡੀਆ ਸਟੱਡੀਜ਼ ਨਵੀਂ ਦਿੱਲੀ ਅਨੁਸਾਰ ਪਿਛਲੀਆਂ ਭਾਰਤੀ ਲੋਕ ਸਭਾ ਚੋਣਾਂ ਉਤੇ 50,000 ਕਰੋੜ ਰੁਪਏ ਦਾ ਖ਼ਰਚਾ ਹੋਇਆ, ਜੋ 7 ਬਿਲੀਅਨ ਡਾਲਰ ਆਂਕਿਆ ਗਿਆ। ਜਦਕਿ ਅਮਰੀਕਾ ਜੋ ਸਭ ਤੋਂ ਵੱਧ ਚੋਣ ਖ਼ਰਚੇ ਕਰਨ ਲਈ ਗਿਣਿਆ ਜਾਂਦਾ ਸੀ, ਉਸਨੇ ਰਾਸ਼ਟਰਪਤੀ ਚੋਣਾਂ 'ਚ 6.5 ਬਿਲੀਅਨ ਡਾਲਰ ਖ਼ਰਚ ਕੀਤੇ ਸਨ। ਭਾਰਤ 'ਚ ਸਾਲ 2014 ਦੀਆਂ ਲੋਕ ਸਭਾ ਚੋਣਾਂ 'ਚ 5 ਬਿਲੀਅਨ ਡਾਲਰ ਖ਼ਰਚ ਹੋਏ ਸਨ ਅਤੇ ਐਂਤਕਾਂ 2019 ਲੋਕ ਸਭਾ ਚੋਣਾਂ ਦਾ ਖ਼ਰਚਾ ਪਿਛਲੇ ਚੋਣ ਖ਼ਰਚੇ ਨਾਲੋਂ 40 ਫ਼ੀਸਦੀ ਵੱਧ ਹੈ। ਇੱਕ ਅੰਦਾਜ਼ੇ ਅਨੁਸਾਰ ਦੇਸ਼ ਵਿੱਚ ਇਹ ਚੋਣ ਖ਼ਰਚਾ 8 ਡਾਲਰ (640 ਰੁਪਏ) ਪ੍ਰਤੀ ਵੋਟਰ ਸੀ ਜਦਕਿ ਭਾਰਤ ਦੇ ਇੱਕ ਜੀਅ ਦੀ ਦਿਹਾੜੀ ਦੀ ਆਮਦਨ ਅੰਦਾਜ਼ਨ ਤਿੰਨ ਡਾਲਰ(240 ਰੁਪਏ ਪ੍ਰਤੀ ਦਿਨ) ਆਂਕੀ ਗਈ ਹੈ।

ਚੋਣ ਖ਼ਰਚਾ ਇੱਕ ਇਹੋ ਜਿਹਾ ਮੁੱਦਾ ਹੈ, ਜਿਸ ਵਿੱਚ ਚੋਣ ਕਮਿਸ਼ਨ, ਸਿਆਸੀ ਦਲ ਅਤੇ ਭਾਰਤ ਸਰਕਾਰ ਤਿੰਨਾਂ ਦੇ ਹੀ ਆਪੋ-ਆਪਣੇ ਦ੍ਰਿਸ਼ਟੀਕੋਨ ਹਨ। ਸਿਧਾਂਤਕ ਤੌਰ ਤੇ ਮੰਨਿਆ ਗਿਆ ਹੈ ਕਿ ਚੋਣਾਂ 'ਚ ਹਿੱਸਾ ਲੈਣ ਜਾਂ ਚੋਣ ਲੜਨ ਦਾ ਹੱਕ ਦੇਸ਼ ਦੇ ਹਰ ਨਾਗਰਿਕ ਨੂੰ ਹੈ। ਇਸ ਲਈ ਸਭ ਨੂੰ ਬਰਾਬਰ ਮੌਕੇ ਦੇਣ ਦੇ ਲਿਹਾਜ ਨਾਲ ਚੋਣ ਜ਼ਾਬਤੇ ਦੇ ਤਹਿਤ ਉਮੀਦਵਾਰ ਲਈ ਖ਼ਰਚ ਦੀ ਸੀਮਾ ਨਿਰਧਾਰਤ ਕੀਤੀ ਗਈ ਹੈ, ਤਾਂਕਿ ਇੰਜ ਨਾ ਹੋਵੇ ਕਿ ਆਰਥਿਕ ਹਾਲਾਤ ਦੇ ਬਲਬੂਤੇ ਧਨੀ ਲੋਕ ਚੋਣ ਜਿੱਤ ਜਾਣ ਅਤੇ ਗਰੀਬ ਅਤੇ ਸਧਾਰਨ ਵਰਗ ਦੇ ਲੋਕ ਇਸ ਮੁਕਾਬਲੇ 'ਚ ਪੱਛੜ ਜਾਣ। ਕੇਂਦਰੀ ਕਾਨੂੰਨ ਮਨਿ-ਸਟਰੀ ਵਲੋਂ ਸੰਵਿਧਾਨ ਦੀ ਧਾਰਾ/ਨਿਯਮ-1961 ਦੇ ਪ੍ਰਾਵਾਧਾਨ-90 'ਚ ਸੋਧ ਕਰਦੇ ਹੋਏ ਚੋਣ ਖ਼ਰਚੇ ਦੀ ਸੀਮਾ 'ਚ ਦਸ ਫ਼ੀਸਦੀ ਦਾ ਵਾਧਾ ਕੀਤਾ ਜਾ ਰਿਹਾ ਹੈ ਅਤੇ ਇਸਦੇ ਪਿੱਛੇ ਕਾਰਨ ਕਰੋਨਾ ਮਹਾਂਮਾਰੀ ਨੂੰ ਦੱਸਿਆ ਗਿਆ ਹੈ। ਇਸਦੇ ਅਨੁਸਾਰ ਲੋਕ ਸਭਾ ਚੋਣਾਂ ਲਈ ਵੱਧ ਤੋਂ ਵੱਧ ਖ਼ਰਚ 70 ਲੱਖ ਤੋਂ ਵਧਾਕੇ 77ਲੱਖ ਅਤੇ ਵਿਧਾਨ ਸਭਾ ਚੋਣਾਂ ਦੇ ਲਈ 28 ਲੱਖ ਤੋਂ ਵਧਾਕੇ 31 ਲੱਖ 75 ਹਜ਼ਾਰ ਕਰਨਾ ਤਹਿ ਕੀਤਾ ਹੈ। ਇਸ ਤੋਂ ਪਹਿਲਾਂ ਚੋਣ ਖ਼ਰਚ ਦੀ ਸੀਮਾ 2014 'ਚ ਵਧਾਈ ਗਈ ਸੀ।

ਭਾਵੇਂ ਕਿ ਚੋਣ ਆਯੋਗ ਨੇ ਚੋਣ ਖ਼ਰਚੇ ਦੀ ਸੀਮਾ ਉਤੇ ਕੰਟਰੋਲ ਲਈ ਨਿਯਮ ਤਹਿ ਕੀਤੇ ਹੋਏ ਹਨ, ਜਿਸ ਅਨੁਸਾਰ ਉਮੀਦਵਾਰਾਂ ਦੇ ਖ਼ਰਚੇ ਦੇ ਰਜਿਸਟਰਾਰ ਦੀ ਜਾਂਚ,ਨਿਰੀਖਣ ਕਰਨਾ,ਵੀਡੀਓ ਗ੍ਰਾਫੀ ਆਦਿ ਕਰਨਾ ਸ਼ਾਮਲ ਹੈ। ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਸਾਰੇ ਯਤਨਾਂ ਦੇ ਬਾਵਜੂਦ ਚੋਣਾਂ ਵਿੱਚ ਧਨ ਦਾ ਇਸਤੇਮਾਲ ਸਾਰੀਆਂ ਹੱਦਾਂ-ਬੰਨੇ ਟੱਪ ਚੁੱਕਾ ਹੈ। ਚੋਣ ਖ਼ਰਚਾ ਕੰਟਰੋਲ ਤੋਂ ਬਚਣ ਲਈ ਲਗਭਗ ਸਾਰੀਆਂ ਸਿਆਸੀ ਧਿਰਾਂ ਨੇ ਨਵੇਂ ਉਪਾਅ ਕੱਢੇ ਹੋਏ ਹਨ ਅਤੇ ਸਾਰੀਆਂ ਸਿਆਸੀ ਧਿਰਾਂ ਖ਼ਰਚਿਆਂ ਦੇ ਹੱਦਾਂ-ਬੰਨੇ ਟੱਪ ਦਿੰਦੀਆਂ ਹਨ। ਆਮ ਤੌਰ 'ਤੇ ਉਮੀਦਵਾਰਾਂ ਉਤੇ ਤਹਿ ਸੀਮਾ 'ਚ ਵਾਧੂ ਖ਼ਰਚਾ ਕਰਨ ਦੀ ਦਲੀਲ ਇਹ ਦਿੰਦੇ ਹਨ ਕਿ ਖ਼ਰਚਾ-ਸੀਮਾ ਵਧਾਈ ਜਾਣੀ ਚਾਹੀਦੀ ਹੈ ਤਾਂ ਕਿ ਉਹਨਾ ਨੂੰ ਝੂਠੇ ਹਲਫ਼ਨਾਮੇ ਨਾ ਦੇਣੇ ਪੈਣ।

ਅਸਲ 'ਚ ਭਾਰਤ ਦੇ ਲੋਕਤੰਤਰ ਨੂੰ ਧਨ-ਬਲ ਦੇ ਅਸਰ ਨਾਲ ਕਈ ਔਖਿਆਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦਾ ਸਭ ਤੋਂ ਬੁਰਾ ਪ੍ਰਭਾਵ ਭ੍ਰਿਸ਼ਟਾਚਾਰ ਵਿੱਚ ਵਾਧਾ ਹੈ ਜਾਂ ਕਹੀਏ ਕਿ ਭ੍ਰਿਸ਼ਟਾਚਾਰ ਨੂੰ ਮਾਨਤਾ ਮਿਲ ਰਹੀ ਹੈ। ਕਰੋੜਾਂ ਖ਼ਰਚਕੇ ਚੋਣਾਂ ਜਿੱਤਣ ਵਾਲੇ ਜਨ ਸੇਵਾ ਦੇ ਭਾਵ ਨਾਲ ਤਾਂ ਸਿਆਸਤ ਵਿੱਚ ਆਉਂਦੇ ਨਹੀਂ। ਉਹਨਾ ਦਾ ਮੁਢਲਾ ਮੰਤਵ ਤਾਂ ਆਪਣੇ ਖ਼ਰਚ ਹੋਏ ਪੈਸੇ ਬਟੋਰਨਾ ਅਤੇ ਅਗਲੀਆਂ ਚੋਣਾਂ ਲਈ ਧੰਨ ਇਕੱਠਾ ਕਰਨਾ ਹੁੰਦਾ ਹੈ।

ਭਾਰਤ ਵਿੱਚ ਲੋਕਤੰਤਰ ਉਤੇ ਧਨ ਦਾ ਦਬਾਅ ਲਗਾਤਾਰ ਵੇਖਣ ਨੂੰ ਮਿਲ ਰਿਹਾ ਹੈ। ਦੇਸ਼ ਦੀਆਂ ਪਹਿਲੀਆਂ ਤਿੰਨ ਲੋਕ ਸਭਾ ਚੋਣਾਂ 'ਚ ਖ਼ਰਚਾ ਪ੍ਰਤੀ ਸਾਲ ਲਗਭਗ ਦਸ ਹਜ਼ਾਰ ਕਰੋੜ ਸੀ। ਸਾਲ 2009 'ਚ ਲੋਕ ਸਭਾ ਚੋਣਾਂ 'ਚ ਖ਼ਰਚਾ 20,000 ਕਰੋੜ ਸੀ। ਇਹ 2014 'ਚ ਵੱਧ ਕੇ 30,000 ਕਰੋੜ ਹੋ ਗਿਆ। ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇੱਕ ਕਰੋੜ ਤੋਂ ਵੱਧ ਜਾਇਦਾਦ ਵਾਲੇ ਲੋਕ ਸਭਾ ਮੈਂਬਰਾਂ ਦੀ 2009 'ਚ ਗਿਣਤੀ 58 ਫ਼ੀਸਦੀ ਸੀ, ਜੋ 2014 'ਚ 82 ਫ਼ੀਸਦੀ ਅਤੇ 2019 'ਚ ਵਧਕੇ 88 ਫ਼ੀਸਦੀ ਹੋ ਗਈ। ਹੋਰ ਪ੍ਰਾਪਤ ਅੰਕੜਿਆਂ ਅਨੁਸਾਰ ਦੁਬਾਰਾ ਨਿਰਵਾਚਿਤ 2019 ਅਨੁਸਾਰ ਲੋਕ ਸਭਾ ਮੈਂਬਰਾਂ ਦੀ ਜਾਇਦਾਦ 'ਚ ਔਸਤਨ 39 ਫ਼ੀਸਦੀ ਵਾਧਾ ਹੋਇਆ। ਇਹ ਵੀ ਵਰਨਣਯੋਗ ਹੈ ਕਿ 2009 ਵਿੱਚ ਲੋਕ ਸਭਾ ਚੋਣਾਂ 'ਚ ਖ਼ਰਚੇ ਦੀ ਸੀਮਾ 2009 'ਚ 25 ਲੱਖ, 2011 'ਚ 40ਲੱਖ ਅਤੇ 2014 'ਚ 70 ਲੱਖ ਕਰ ਦਿੱਤੀ ਗਈ। 27 ਜੂਨ 2013 ਨੂੰ ਇੱਕ ਵੱਡੇ ਸਿਆਸੀ ਨੇਤਾ, ਜੋ ਕੇਂਦਰੀ ਮੰਤਰੀ ਵੀ ਬਣਿਆ ਨੇ ਇੱਕ ਪਬਲਿਕ ਮੀਟਿੰਗ 'ਚ ਕਿਹਾ ਕਿ ਉਸਨੇ ਸਾਲ 2009 ਦੀ ਚੋਣ ਜਿੱਤਣ ਲਈ 8 ਕਰੋੜ ਰੁਪਏ ਖ਼ਰਚੇ ਸਨ, ਜਦਕਿ ਖ਼ਰਚ ਸੀਮਾ 25 ਲੱਖ ਸੀ।ਏ।ਡੀ।ਆਰ। (ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰੀਫਾਰਮਜ਼) ਨੇ 2009 ਦੇ ਦਿੱਤੇ ਉਮੀਦਵਾਰਾਂ ਦੇ 5773 ਹਲਫਨਾਮੇ ਪਰਖੇ, ਜਿਹੜੇ ਕਹਿੰਦੇ ਹਨ ਕਿ ਉਹਨਾ ਨੀਅਤ ਸੀਮਾ ਤੋਂ ਵੱਧ ਨਹੀਂ ਖ਼ਰਚੇ, ਜਦਕਿ ਇਹ ਇੱਕ ਵੱਡਾ ਝੂਠ ਹੈ। ਇਹ ਸਭ ਕੁਝ ਦਸਦਾ ਹੈ ਕਿ ਜੇਕਰ ਸਧਾਰਨ ਆਰਥਿਕ ਪਿੱਠ-ਭੂਮੀ ਵਾਲਾ ਜਨ ਸੇਵਕ ਇਹ ਚੋਣਾਂ ਲੜਨਾ ਚਾਹੁੰਦਾ ਹੈ, ਤਾਂ ਇਹ ਅਸੰਭਵ ਹੈ।




ਦੇਸ਼ ਵਿੱਚ ਸਿਆਸੀ ਦਲਾਂ ਦੇ ਫੰਡਾਂ ਅਤੇ ਉਹਨਾ ਦੇ ਸਰੋਤਾਂ 'ਚ ਵੱਡਾ ਵਾਧਾ ਹੋ ਰਿਹਾ ਹੈ। ਭਾਜਪਾ ਦੁਨੀਆ 'ਚ ਸਭ ਤੋਂ ਵੱਡੀ ਸਿਆਸੀ ਪਾਰਟੀ ਬਣ ਚੁੱਕੀ ਹੈ। ਅਤੇ ਉਸਨੇ ਕਾਰਪੋਰੇਟਾਂ ਅਤੇ ਹੋਰ ਸਰੋਤਾਂ ਤੋਂ ਬੇਅੰਤ ਮਾਇਆ ਆਪਣੇ ਖ਼ਾਤਿਆਂ 'ਚ ਇਕੱਤਰ ਕਰ ਲਈ ਹੈ। ਜਿਸ ਦੀ ਵਰਤੋਂ ਉਸ ਵਲੋਂ ਚੋਣਾਂ ਦੇ ਪ੍ਰਚਾਰ ਅਤੇ ਰੈਲੀਆਂ ਉਤੇ ਵੱਡੇ ਪੱਧਰ 'ਤੇ ਕੀਤੀ ਜਾ ਰਹੀ ਹੈ।

ਦੇਸ਼ ਦੀ ਸੁਪਰੀਮ ਕੋਰਟ ਨੇ ਇੱਕ ਫ਼ੈਸਲੇ ਅਨੁਸਾਰ ਸਿਆਸੀ ਦਲਾਂ ਵਲੋਂ ਕੀਤੇ ਗਏ ਖ਼ਰਚੇ ਉਤੇ ਕੁਝ ਟਿੱਪਣੀਆਂ ਅਤੇ ਫ਼ੈਸਲੇ ਕੀਤੇ ਸਨ ਪਰ ਕੇਂਦਰ ਸਰਕਾਰ ਨੇ ਆਪਣੀ ਸੰਵਿਧਾਨਿਕ ਤਾਕਤ ਦੀ ਵਰਤੋਂ ਕਰਕੇ ਇਸ ਫ਼ੈਸਲੇ ਨੂੰ ਪਲਟ ਦਿੱਤੀ। ਕਿਉਂਕਿ ਲਗਭਗ ਸਾਰੀਆਂ ਪਾਰਟੀਆਂ "ਹਮਾਮ 'ਚ ਨੰਗੀਆਂ ਹਨ" ਅਤੇ ਕਿਸੇ ਹੀਲੇ ਵੀ ਚੋਣ ਫੰਡ ਜੁਟਾਉਣ ਤੋਂ ਪਿੱਛੇ ਨਹੀਂ ਹਟਦੀਆਂ ਤੇ ਇਸ ਮਾਮਲੇ ਤੇ ਇਕੱਠੀਆਂ ਹਨ।

ਸਾਲ 2018 'ਚ ਕੇਂਦਰ ਸਰਕਾਰ ਨੇ ਚੋਣ ਬਾਂਡ ਜਾਰੀ ਕੀਤੇ। ਸਿਆਸੀ ਦਲਾਂ ਨੂੰ ਵਿਦੇਸ਼ੀ ਸਰੋਤਾਂ ਤੋਂ ਚੰਦਾ/ਦਾਨ ਪ੍ਰਾਪਤ ਕਰਨ ਦੀ ਆਗਿਆ ਵੀ ਦੇ ਦਿੱਤੀ। ਇਸ ਅਧੀਨ ਵਿਦੇਸ਼ੀ ਅੰਸ਼ਦਾਨ ਅਧਿਨਿਯਮ 2010 'ਚ ਸੋਧ ਕਰ ਦਿੱਤੀ ਗਈ। ਇਸ ਤਹਿਤ ਵਿਦੇਸ਼ੀ ਕੰਪਨੀਆਂ ਨੂੰ ਸਿਆਸੀ ਚੰਦੇ ਉਤੇ ਰੋਕ ਸੀਮਾ ਹਟਾ ਦਿੱਤੀ ਗਈ। ਨਾਲ ਹੀ ਇਹ ਦਸਣ ਦੀ ਛੋਟ ਮਿਲ ਗਈ ਕਿ ਵਿਦੇਸ਼ੀ ਕੰਪਨੀਆਂ ਨੇ ਕਿਸ ਸਿਆਸੀ ਦਲ ਨੂੰ ਕਿੰਨਾ ਚੰਦਾ ਦਿੱਤਾ ਹੈ? ਅੰਕੜਿਆਂ ਅਨੁਸਾਰ ਇਕੱਲੇ ਚੋਣ ਬਾਂਡਾਂ ਤੋਂ ਭਾਜਪਾ ਨੂੰ 2019-20 'ਚ 2555 ਕਰੋੜ ਰੁਪਏ ਮਿਲੇ, ਜਦ ਕਿ ਕਾਂਗਰਸ ਨੂੰ 318 ਕਰੋੜ ਮਿਲੇ, ਤ੍ਰਿਮੂਲ ਕਾਂਗਰਸ ਨੂੰ 100 ਕਰੋੜ, ਸ਼ਰਦ ਪਵਾਰ ਦੀ ਪਾਰਟੀ ਨੈਸ਼ਨਲ ਕਾਂਗਰਸ ਨੂੰ 29.25 ਕਰੋੜ ਅਤੇ ਸ਼ਿਵ ਸੈਨਾ ਨੂੰ 41 ਕਰੋੜ ਅਤੇ ਡੀ।ਐਮ।ਕੇ। ਨੂੰ 45 ਕਰੋੜ ਮਿਲੇ।

ਮਿਲਦੇ ਵੱਡੇ ਧੰਨ ਨੇ ਸਿਆਸੀ ਪਾਰਟੀਆਂ 'ਚ ਧਨ ਬਲ ਦੀ ਵਰਤੋਂ ਵਧਾ ਦਿੱਤੀ। ਇਸ ਨਾਲ ਧਨੀ ਲੋਕਾਂ ਦਾ ਬੋਲਬਾਲਾ ਤਾਂ ਹੋਇਆ ਹੀ, ਪਰ ਨਾਲ ਦੀ ਨਾਲ ਧਨ-ਬਲ ਦੀ ਵਰਤੋਂ ਕਰਨ ਵਾਲੇ ਅਪਰਾਧਿਕ ਮਾਮਲਿਆਂ 'ਚ ਲਿਪਤ ਲੋਕਾਂ ਦੀ ਵੀ ਸਿਆਸਤ 'ਚ ਐਂਟਰੀ ਵੱਧ ਗਈ ਹੈ। ਅਪਰਾਧੀ ਲੋਕ ਚੋਣਾਂ ਜਿਤਕੇ "ਮਾਨਯੋਗ" ਬਣ ਜਾਂਦੇ ਹਨ, ਜਿਸ ਵਿੱਚ ਉਹਨਾ ਨੂੰ ਕਾਨੂੰਨ ਅਤੇ ਪ੍ਰਸ਼ਾਸ਼ਨ 'ਚ ਪਹਿਲ ਮਿਲ ਜਾਂਦੀ ਹੈ।ਜਿਸਦੇ ਪ੍ਰਭਾਵ ਨਾਲ ਉਹ ਆਪਣੇ ਅਪਰਾਧਿਕ ਮਾਮਲਿਆਂ 'ਚ ਬਚਾਅ ਕਰ ਲੈਂਦੇ ਹਨ। ਸਾਲ 2019 'ਚ ਚੋਣਾਂ ਵਿੱਚ ਅਪਰਾਧਿਕ ਮਾਮਲਿਆਂ ਦੇ ਦੋਸ਼ੀ 29 ਫ਼ੀਸਦੀ ਜੇਤੂ ਰਹੇ। 2014 'ਚ ਵਧਕੇ ਇਹ 43 ਫ਼ੀਸਦੀ ਹੋ ਗਏ।

ਸੋਸ਼ਲ ਮੀਡੀਆ ਨੇ ਚੋਣ ਮੁਹਿੰਮ 'ਚ ਬਦਲਾਅ ਅਤੇ ਖ਼ਰਚੇ 'ਚ ਅੰਤਾਂ ਦਾ ਵਾਧਾ ਕੀਤਾ ਹੈ। 2019 'ਚ ਲੋਕ ਸਭਾ ਚੋਣਾਂ 'ਚ 5000 ਕਰੋੜ ਰੁਪਏ ਖ਼ਰਚ ਹੋਏ ਜਦ ਕਿ 2014 'ਚ ਇਹ ਖ਼ਰਚਾ 250 ਕਰੋੜ ਸੀ। ਹੈਲੀਕਾਪਟਰਾਂ, ਬੱਸਾਂ ਅਤੇ ਟ੍ਰਾਂਸਪੋਰਟ ਦੇ ਹੋਰ ਤੇਜ ਸਾਧਨਾਂ ਦੀ ਸਿਆਸੀ ਨੇਤਾਵਾਂ ਨੇ ਭਰਪੂਰ ਵਰਤੋਂ ਕੀਤੀ।

ਸਿਆਸੀ ਚੋਣ ਪ੍ਰਚਾਰ ਦੇ ਨਾਲ-ਨਾਲ ਵੋਟਰਾਂ ਲਈ ਤੋਹਫ਼ਿਆਂ ਦੀ ਵੰਡ ਸ਼ਰੇਆਮ ਹੋਣ ਲੱਗੀ ਹੈ। 90 ਫ਼ੀਸਦੀ ਸਿਆਸੀ ਨੇਤਾ ਇਹ ਗੱਲ ਮੰਨਦੇ ਹਨ ਕਿ ਉਹ ਨਕਦੀ, ਸ਼ਰਾਬ ਅਤੇ ਟੀ।ਵੀ।, ਮੋਟਰਸਾਈਕਲ ਆਦਿ ਤੋਹਫ਼ਿਆਂ ਦੀ ਵਰਤੋਂ ਵੋਟਾਂ ਖਰੀਦਣ ਲਈ ਕਰਦੇ ਹਨ। ਸਾਲ 2019 'ਚ ਚੋਣਾਂ ਦੌਰਾਨ 1.3 ਬਿਲੀਅਨ ਰੁਪਏ ਦੀ ਨਕਦੀ, ਸੋਨਾ, ਸ਼ਰਾਬ ਅਤੇ ਹੋਰ ਨਸ਼ੇ ਇਕੱਲੇ ਕਰਨਾਟਕ ਵਿੱਚ ਹੀ ਚੋਣ ਕਮਿਸ਼ਨ ਨੇ ਜ਼ਬਤ ਕੀਤੇ। ਆਖ਼ਰ ਇਹ ਪੈਸਾ ਕਿਥੋਂ ਆਉਂਦਾ ਹੈ? ਵੱਡੀਆਂ ਸਿਆਸੀ ਪਾਰਟੀਆਂ ਤੇ ਮਾਰਚ 2018 'ਚ ਇਹ ਘੋਸ਼ਣਾਵਾਂ ਕੀਤੀਆਂ ਕਿ ਉਹਨਾ ਨੂੰ ਮਾਰਚ 2018'ਚ 13 ਮਿਲੀਅਨ ਰੁਪਏ ਚੰਦੇ/ਧਨ ਦੇ ਰੂਪ 'ਚ ਮਿਲੇ।

ਇਜੋ ਜਿਹੀਆਂ ਪ੍ਰਾਪਤ ਰਕਮਾਂ ਸਿਆਸੀ ਪਾਰਟੀਆਂ ਵਲੋਂ ਅਪਾਣੀਆਂ ਪਾਰਟੀਆਂ ਦੇ ਚੋਣ ਪ੍ਰਚਾਰ ਲਈ ਵਰਤੀਆਂ ਜਾਂਦੀਆਂ ਹਨ। ਸਾਲ 2019 'ਚ ਪ੍ਰਚਾਰ ਲਈ ਪਾਰਟੀਆਂ ਨੇ ਸਿਰਫ ਟੀ।ਵੀ। ਸਲਾਟਾਂ ਅਤੇ ਅਖ਼ਬਾਰਾਂ 'ਚ 26 ਬਿਲੀਅਨ ਰੁਪਏ ਦੇ ਇਸ਼ਤਿਹਾਰ ਦਿੱਤੇ।

ਗਰੀਬ ਦੇਸ਼ ਦੀ "ਅਮੀਰ ਸਰਕਾਰ ਨੇ ਲੋਕਾਂ ਦੇ ਸਿਰ ਕਰਜ਼ੇ ਦੀਆਂ ਪੰਡਾਂ ਚੜ੍ਹਾਉਂਦਿਆਂ ਸਾਲ 2019 ਦੇ ਚਾਲੂ ਬਜ਼ਟ ਲਈ ਚੋਣ ਕਮਿਸ਼ਨ ਦੇ ਚੋਣ ਖ਼ਰਚਿਆਂ ਲਈ 2.62 ਬਿਲੀਅਨ ਰੁਪਏ ਦਾ ਬਜ਼ਟ ਪਾਸ ਕੀਤਾ ਸੀ।

ਪਿਛਲੇ ਦੋ-ਤਿੰਨ ਦਹਾਕਿਆਂ 'ਚ ਭਾਰਤੀ ਚੋਣ ਦ੍ਰਿਸ਼ ਵਿੱਚ ਅਪਰਾਧਿਕ ਪਿੱਠ ਭੂਮੀ ਵਾਲੇ ਅਤੇ ਅਮੀਰ ਲੋਕਾਂ ਦਾ ਅੰਕੜਾ ਵਧਦਾ ਜਾ ਰਿਹਾ ਹੈ। ਇਹ ਭਾਰਤੀ ਲੋਕਤੰਤਰ ਲਈ ਗੰਭੀਰ ਵਿਸ਼ਾ ਹੈ। ਇਸ ਵਿੱਚ ਸਭ ਤੋਂ ਵੱਡਾ ਦੋਸ਼ ਸਿਆਸੀ ਦਲਾਂ ਦਾ ਹੈ, ਕਿਉਂਕਿ ਜਦ ਤੱਕ ਉਹ ਸਿਆਣੇ, ਸੂਝਵਾਨ, ਸੇਵਕ ਲੋਕਾਂ ਦੀ ਵਿਜਾਏ ਅਪਰਾਧੀਆਂ, ਅਮੀਰਾਂ ਨੂੰ ਪਹਿਲ ਦੇਣਗੇ, ਉਦੋਂ ਤੱਕ ਇਹ ਭੈੜੀਆਂ, ਨਿੰਦਣਯੋਗ ਹਾਲਤਾਂ ਬਣੀਆਂ ਰਹਿਣਗੀਆਂ।

ਸਾਲ 1974 ਵਿੱਚ ਕੰਵਰਲਾਲ ਗੁਪਤਾ ਬਨਾਮ ਅਮਰਨਾਥ ਚਾਵਲਾ ਮਾਮਲੇ 'ਚ ਸੁਪਰੀਮ ਕੋਰਟ ਨੇ ਉਮੀਦ ਜਿਤਾਈ ਸੀ ਕਿ ਕੋਈ ਵੀ ਵਿਅਕਤੀ ਜਾਂ ਸਿਆਸੀ ਦਲ ਚਾਹੇ ਉਹ ਜਿੰਨਾ ਵੀ ਛੋਟਾ ਕਿਉਂ ਨਾ ਹੋਵੇ, ਉਸਨੂੰ ਇਹ ਛੋਟ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਹੋਰ ਵਿਅਕਤੀ ਜਾਂ ਸਿਆਸੀ ਦਲ ਨਾਲ ਬਰਾਬਰੀ ਦੇ ਅਧਾਰ ਉਤੇ ਚੋਣ ਲੜ ਸਕੇ, ਚਾਹੇ ਉਹ ਕਿੰਨਾ ਵੀ ਸਮਰੱਥਵਾਨ ਕਿਉਂ ਨਾ ਹੋਵੇ? ਕਿਸੇ ਵੀ ਵਿਅਕਤੀ ਜਾਂ ਸਿਆਸੀ ਦਲ ਨੂੰ ਉਸਦੀ ਬੇਹਤਰ ਵਿੱਤੀ ਹਾਲਤ ਦੇ ਕਾਰਨ ਦੂਸਰਿਆਂ ਤੋਂ ਜ਼ਿਆਦਾ ਲਾਭ ਨਹੀਂ ਮਿਲਣਾ ਚਾਹੀਦਾ। ਹਾਲਾਂਕਿ ਮੌਜੂਦਾ ਸਮੇਂ 'ਚ ਇਹ ਉਮੀਦ ਪੂਰੀ ਹੁੰਦੀ ਨਜ਼ਰ ਨਹੀਂ ਆ ਰਹੀ।

# ਲੋਕਮਨਾਂ ਵਿੱਚੋਂ ਵਿਸਰੀ ਸੰਧਾਰੇ ਦੀ ਮਹਿਕ



ਮਾਸਟਰ ਸੰਜੀਵ ਧਰਮਾਣੀ
91-94785-61356

ਸਾਉਣ ਮਹੀਨਾ ਚੜ੍ਹਦੇ ਹੀ ਖ਼ਾਸ ਤੌਰ 'ਤੇ ਨਵ-ਵਿਆਹੀਆਂ ਮੁਟਿਆਰਾਂ ਨੂੰ ਇੱਕ ਅਨੋਖੀ ਖ਼ੁਸ਼ੀ ਚੜ੍ਹ ਜਾਂਦੀ ਹੈ ਅਤੇ ਪੇਕੇ-ਘਰ ਦੀ ਯਾਦ ਆਉਣ ਲੱਗ ਪੈਂਦੀ ਹੈ। ਮੁਟਿਆਰਾਂ ਨੂੰ ਇੱਕ ਵੱਖਰਾ ਚਾਅ ਹੁੰਦਾ ਹੈ ਕਿ ਪੇਕੇ - ਘਰੋਂ ਉਨ੍ਹਾਂ ਲਈ ਕੋਈ ਸੰਧਾਰਾ ਲੈ ਕੇ ਜ਼ਰੂਰ ਆਵੇਗਾ। ਸੰਧਾਰਾ ਅਸਲ ਵਿੱਚ ਦੇਸੀ ਘਿਓ, ਦੁੱਧ ਅਤੇ ਆਟੇ ਦੇ ਬਣੇ ਬਿਸਕੁਟਾਂ ਦੇ ਰੂਪ ਵਿੱਚ ਹੁੰਦਾ ਸੀ। ਭਾਵੇਂ ਸਹੁਰੇ - ਘਰ ਮੁਟਿਆਰਾਂ ਨੂੰ ਖਾਣ - ਪੀਣ, ਪਹਿਨਣ ਆਦਿ ਲਈ ਬਹੁਤ ਕੁਝ ਹੋਵੇ , ਪਰ ਮਾਪਿਆਂ ਵੱਲੋਂ ਸਾਉਣ ਮਹੀਨੇ ਸਹੁਰੇ-ਘਰ ਸੰਧਾਰੇ ਵਿੱਚ ਬਿਸਕੁਟਾਂ ਵਾਲਾ ਪੀਪਾ ਅਤੇ ਪਹਿਨਣ ਲਈ ਮਿਲੇ ਸੂਟ ਦਾ ਅਨੰਦ ਧੀਆਂ ਲਈ ਵੱਖਰਾ ਹੀ ਹੁੰਦਾ ਸੀ। ਮਾਪੇ ਵੀ ਸਾਉਣ ਚੜ੍ਹਦੇ ਹੀ ਬਿਸਕੁਟ ਬਣਾਉਣ ਦੀ ਤਾਂਘ ਰੱਖਦੇ ਹੁੰਦੇ ਸੀ। ਸੰਧਾਰੇ ਦੀ ਖੁਸ਼ਬੋ ਸਹੁਰੇ- ਘਰ ਬੈਠੀ ਧੀ ਨੂੰ ਮਾਪਿਆਂ ਦੀ ਯਾਦ ਕਰਵਾ ਜਾਂਦੀ ਹੁੰਦੀ ਸੀ। ਮਾਪਿਆਂ ਦੇ ਵੱਲੋਂ ਜਦੋਂ ਕੋਈ ਸੰਧਾਰਾ ਲੈ ਕੇ ਸਹੁਰੇ-ਘਰ ਵਸੀ ਧੀ ਕੋਲ ਪਹੁੰਚਦਾ ਤਾਂ ਧੀ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਹਿੰਦਾ। ਜਦੋਂ ਸਾਵਣ ਮਹੀਨੇ ਨਵ-ਵਿਆਹੀ ਜਾਂ ਹੋਰ ਕਿਸੇ ਮੁਟਿਆਰ ਦਾ ਸੰਧਾਰਾ ਆਉਂਦਾ ਤਾਂ ਉਸ ਨੂੰ ਆਂਢ - ਗੁਆਂਢ ਵਿੱਚ ਜ਼ਰੂਰ ਵੰਡਿਆ ਜਾਂਦਾ ਹੁੰਦਾ ਸੀ। ਜਿਸ ਨਾਲ ਆਪਸੀ ਮਿਲਵਰਤਨ, ਏਕਤਾ, ਵਿਚਾਰਾਂ ਦੀ ਸੋਝੀ ਤੇ ਪ੍ਰਗਟਾਓ, ਭਾਈਚਾਰਕ ਪਿਆਰ ਤੇ ਸਾਂਝ ਵੀ ਮਜ਼ਬੂਤ ਹੁੰਦੀ ਸੀ। ਸਾਉਣ ਮਹੀਨੇ ਅਤੇ ਸੰਧਾਰੇ ਨਾਲ ਅਨੇਕਾਂ ਬੋਲੀਆਂ , ਗੀਤ ਤੇ ਨੋਕ-ਝੋਕ ਵੀ ਜੁੜੀ ਹੋਈ ਹੈ। ਜੇਕਰ ਪੇਕਿਆਂ ਵੱਲੋਂ ਸੰਧਾਰਾ ਨਾ ਆਉਂਦਾ ਤਾਂ ਸੱਸ ਮਿਹਣੇ ਮਾਰਦੀ ਆਖਦੀ:-

ਬਹੁਤਿਆਂ ਭਰਾਵਾਂ ਵਾਲੀਏ ,



ਤੈਨੂੰ ਤੀਆਂ 'ਤੇ ਲੈਣ ਨਾ ਆਏ।"

ਮੁਟਿਆਰ ਵੀ ਆਪਣੇ ਆਏ ਹੋਏ ਵੀਰ ਦੀ ਸੇਵਾ ਕਰਦੀ ਤੇ ਸੱਸ ਨੂੰ ਮਿਹਣਾ ਮਾਰਦੀ ਆਖਦੀ :-

"ਸੱਸੇ ਤੇਰੀ ਮੱਝ ਮਰਜੇ,
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।"

ਇੱਕ ਮਿਥਿਹਾਸ ਅਨੁਸਾਰ ਸਾਉਣ ਮਹੀਨੇ ਜ਼ਿਆਦਾ ਵਾਰਿਸ਼ਾਂ ਪੈਣ ਕਰਕੇ ਹੜ੍ਹ ਆ ਜਾਂਦੇ ਹੁੰਦੇ ਸੀ, ਆਵਾਜਾਈ ਦੇ ਸਾਧਨ ਵੀ ਇੰਨੇ ਨਹੀਂ ਸੀ ਹੁੰਦੇ ਤੇ ਮੀਂਹ ਨਾਲ ਘਰਾਂ ਦੀ ਹਾਲਤ ਵੀ ਖ਼ਰਾਬ ਹੋ ਜਾਂਦੀ ਹੁੰਦੀ ਸੀ ; ਇਸ ਲਈ ਔਖੀ ਘੜੀ ਨਾਲ ਨਜਿੱਠਣ ਲਈ ਆਪਣੀ ਧੀ ਨੂੰ ਦੁੱਧ, ਆਟੇ ਅਤੇ ਦੇਸੀ ਘਿਓ ਦੇ ਬਣੇ ਬਿਸਕੁਟ ਜੋ ਕਿ ਜਲਦੀ ਖਰਾਬ ਨਹੀਂ ਸਨ ਹੁੰਦੇ ਤੇ ਬਹੁਤ ਸਮੇਂ ਲਈ ਟਿਕਾਊ ਵੀ ਹੁੰਦੇ ਸਨ , ਧੀ ਨੂੰ ਸਹੁਰੇ - ਘਰ ਭੇਜੇ ਜਾਂਦੇ ਹੁੰਦੇ ਸਨ। ਫਿਰ ਹੌਲੀ - ਹੌਲੀ ਇਹ ਇੱਕ ਪ੍ਰਥਾ (ਰਸਮ) ਬਣ ਗਈ, ਜੋ "ਸੰਧਾਰਾ" ਦੇ ਨਾਂ ਨਾਲ ਜਾਣੀ ਜਾਣ ਲੱਗ ਪਈ। ਪਰ ਸਮੇਂ ਦੇ ਬਦਲਣ ਨਾਲ ਹੁਣ ਧੀਆਂ ਲਈ ਪੇਕਿਆਂ ਤੋਂ ਸੰਧਾਰੇ ਆਉਣੇ ਬਹੁਤ ਘੱਟ ਗਏ ਹਨ। ਹੁਣ ਲੋਕੀਂ ਮਠਿਆਈ ਜਾਂ ਡਰਾਈ - ਫਰੂਟ ਦੇਣ ਨੂੰ ਤਰਜੀਹ ਦੇਣ ਲੱਗ ਪਏ ਹਨ ਜਾਂ ਫਿਰ ਬਾਜ਼ਾਰੀ ਬਿਸਕੁਟਾਂ ਨੇ ਖ਼ੁਦ ਬਣਾਏ ਜਾਂ ਬਣਵਾਏ ਬਿਸਕੁਟਾਂ ਦੀ ਥਾਂ ਲੈ ਲਈ ਹੈ। ਅੱਜਕੱਲ੍ਹ ਭਾਵੇਂ ਸੰਧਾਰੇ ਆਉਣੇ ਘੱਟ ਗਏ ਹੋਣ , ਪਰ ਇਹ ਸਾਡੇ ਵਿਰਸੇ ਦਾ ਇੱਕ ਅਨਿੱਖੜਵਾਂ ਅੰਗ ਜ਼ਰੂਰ ਹੈ ਅਤੇ ਇਸ ਦੀ ਮਹਿਕ ਅੱਜ ਵੀ ਲੋਕਮਨਾਂ ਵਿੱਚ ਵਸੀ ਹੋਈ ਹੈ।

# ਮਹਾਰਾਜਾ ਛੀਤਾ ਪਾਸੀ ਇਕ ਗੌਰਵ ਦਾ ਨਾਮ



ਹਰਦੀਪ ਸਿੰਘ ਚੁੰਬਰ
+91-94636-01616

ਭਾਰਤ ਜੇ ਮੂਲ ਨਿਵਾਸੀ ਸਮਾਜ ਦੇ ਐਸਸੀ ਐਸਟੀ ਹਜਾਰਾਂ ਸਾਲਾਂ ਤੋਂ ਬੇਦਖਲ ਅਤੇ ਦੁਰਕਾਰੇ ਰਹੇ ਹਨ। ਇਹਨਾ ਦੇ ਮਾਣ ਸਮਨਾਮ ਹੋਣ ਦਾ ਤਾਂ ਮਤਲਵੀ ਹੀ ਨਹੀਂ ਹੁੰਦਾ, ਕੋਈ ਹੋਰ ਕਰ ਜਾਵੇ। ਜੇਕਰ ਇਹਨਾ ਦਾ ਕੋਈ ਮਾਨ ਸਨਮਾਨ ਵਾਲਾ ਇਤਿਹਾਸ ਰਿਹਾ ਵੀ ਹੈ ਉਸ ਨੂੰ ਜਾ ਤਾਂ ਅਣਦੇਖਿਆ ਕਰ ਦਿਤਾ ਜਾਂਦਾ ਹੈ, ਜਾ ਬਦਲ ਦਿਤਾ ਜਾਂਦਾ ਹੈ ਇਹ ਤਾਂ ਦਲਿਤ ਸਮਾਜ ਵਿਚੋਂ ਹੈ ਹੀ ਨਹੀਂ ਸੀ, ਇਹ ਉੱਚ ਜਾਤੀ ਦਾ ਸੀ। ਐਸਸੀ ਐਸਟੀ ਸਮਾਜ ਹਜਾਰ ਨਹੀਂ ਕਈ ਹਜਾਰਾਂ ਸਾਲਾਂ ਤੋਂ ਅਜੀਬ ਗੁਲਾਮੀ ਦੀ ਹਾਲਤ ਵਿੱਚ ਰਿਹਾ ਹੈ ਜਿਸ ਦੀ ਉਧਾਰਨ ਸੰਸਾਰ ਦੇ ਕਿਸੇ ਵੀ ਛੋਟੇ ਤੋਂ ਛੋਟੇ ਦੇਸ਼ ਦੀ ਵੀ ਨਹੀਂ ਮਿਲਦੀ।

ਬਾਬਾ ਸਾਹਿਬ ਦੀ ਬਦੌਲਤ ਪੜ੍ਹ ਲਿਖ ਕੁਝ ਸੋਝੀ ਆਈ ਹੈ। ਆਪਣਾ ਇਤਿਹਾ ਖੋਜ ਰਹੇ ਹਨ। ਮੇਰੀ ਹੀ ਨਹੀਂ ਮੇਰੇ ਵਰਗੇ ਬਹੁਤ ਸਾਰੇ ਐਸਸੀ ਐਸਟੀ ਸਮਾਜ ਦੇ ਲੋਕਾਂ ਦੀ ਲਗਾਤਾਰ ਕੋਸ਼ਿਸ਼ ਰਹਿੰਦੀ ਹੈ ਕਿ ਆਸਸੀ ਸਮਾਜ ਦੇ ਗੌਰਵਸ਼ਾਲੀ ਇਤਿਹਾਸ ਦੀਆਂ ਜਿਥੋਂ ਵੀ ਛੋਟੀ ਤੋਂ ਛੋਟੀ ਗਾਥਾ ਲਭਦੀ ਹੈ ਉਸ ਨੂੰ ਪੜਿਆ ਜਾਵੇ, ਪ੍ਰਚਾਰਿਆ ਜਾਵੇ, ਨਿਮਾਣਇਆਂ ਦਾ ਮਾਣ ਵਧਾਇਆ ਜਾਵੇ। ਬਹੁਤ ਨਿਰਸ਼ਤਾ ਵਿੱਚ ਬਹੁਤ ਸਾਰੇ ਐਸਸੀ ਐਸਟੀ ਸਮਾਜ ਦੇ ਲੋਕ ਜਾਤੀ ਦਸਣ ਲਗੇ ਝੂਠ ਬੋਲਕੇ ਆਪਣੇ ਆਪ ਨੂੰ ਉੱਚੀ ਜਾਤੀ ਦਾ ਦਸਕੇ ਖੁਸ਼ੀ ਮਹਿਸੂਸ ਕਰਦੇ ਰਹੇ ਹਨ, ਪਰ ਆਖਰ ਪਤਾ ਤਾਂ ਲਾਉਣ ਵਾਲੇ ਲਾ ਹੀ ਲੈਂਦੇ ਹਨ, ਹੋਰ ਨਮੋਸ਼ੀ ਝਲਦੇ ਹਨ ਉਹ ਲੋਕ।

ਕੋਈ 2004-05 ਦੀ ਗੱਲ ਹੋਵੇਗੀ ਜਦੋਂ ਮੈਂ ਐਸਡੀਓ ਦੀ ਪੋਸਟ ਉੱਤੇ ਪਟਿਆਲਾ ਤੈਨਾਤ ਹੁੰਦਾ ਸੀ, ਮੇਰੇ ਘਰ ਇੱਕ ਬੱਚੀ ਸ਼ਾਇਦ ਆਪਣੇ ਭਰਾ ਨਾਲ ਆਪਣਾ ਜਾਤੀ ਪਹਿਚਾਣ ਪੱਤਰ ਦੀ ਕਾਪੀ ਅਟੈਸਟ ਕਰਵਾਉਣ ਆਈ। ਪ੍ਰਮਾਣ ਪੱਤਰ ਪੜਨ ਤੋਂ ਮੈਨੂੰ ਪਤਾ ਲੱਗਾ ਉਸ ਦੀ ਜਾਤੀ ਪਾਸੀ ਸੀ। ਇਸ ਵਾਰੇ ਮੈਨੂੰ ਬਹੁਤੀ ਜਾਣਕਾਰੀ ਨਹੀਂ ਸੀ। ਉਹਨਾ ਦੀ ਆਓਭਗਤ ਕਰਨ ਦੇ ਨਾਲ ਉਹਨਾ ਦਾ ਕੰਮ ਵੀ ਕਰ ਦਿਤਾ। ਉਸ ਸਮੇਂ ਅਤੇ ਬਹੁਤ ਬਾਅਦ ਤਕ ਮੈਂ ਆਪਣੀ ਜਾਤੀ ਚਮਾਰ ਨੂੰ ਹੀ ਬਹੁਤ ਅਗਾਹਾਂ ਵਧੂ ਮਨਦਾ ਸੀ। ਹੌਲੀ ਹੌਲੀ ਪੜਨਾ ਸੁਰੂ ਕੀਤਾ। ਖੋਜਣਾ ਸੁਰੂ ਕੀਤਾ ਕਿ ਪੰਜਾਬ ਅਤੇ ਭਾਰਤ ਦੇ ਸਾਰੇ ਹੀ ਰਾਜਾਂ ਵਿੱਚ ਪੁਰਾਤਨ ਸਮੇਂ ਵਿੱਚ ਕਿੰਨੇ ਚਮਾਰ ਮਹਾਨ ਹੋਏ ਹਨ ਕਿੰਨੇ ਰਾਜੇ ਹੋਏ ਹਨ। ਅਜਾਦੀ ਦੇ ਸਮੇਂ ਤੋਂ ਪਹਿਲਾਂ ਭਾਰਤ ਦੇ ਕਿਸੇ ਰਿਆਸਤ ਦਾ ਰਾਜਾ ਹੋਣ ਦਾ ਚਮਾਰਾਂ ਦਾ ਇਤਿਹਾਸ ਨਹੀਂਮਿਲਿਆ, ਹਾਂ ਇਸ ਦੇ ਨਾਲ ਦੀਆਂ (ਚਾਚੇ ਤਾਏ ਵਜੋਂ ਕਹਿ ਸਕਦੇ ਹਾਂ) ਜਾਤੀਆਂ ਰਾਜ ਕਰਨ ਵਾਲੀਆਂ ਜਰੂਰ ਮਿਲੀਆਂ ਹਨ। ਜਿਸ ਦਿਨ ਚਮਾਰ ਰਾਜੇ ਦਾ ਇਤ੍ਹਾਸ ਮਿਲਿਆ ਜਰੂਰ ਲਿਖਾਂਗਾ। ਪਾਸੀ ਸਮਾਜ ਨੂੰ ਵੀ ਇਸੇ ਦਾ ਭਾਈਚਾਰਾ ਮੰਨਿਆ ਜਾਂਦਾ ਹੈ। ਇਹਨਾ ਦਾ ਰਾਜ ਭਾਰਤ ਵਿੱਚ ਉਤਰ ਪ੍ਰਦੇਸ਼ ਦੇ ਉੱਰ ਵਿੱਚ ਕੋਈ 500ਕੁ ਸਾਲ ਦਾ ਮਿਲਦਾ ਹੈ। ਬਹੁਤ ਜਾਂਬਾਜ ਰਾਜੇ ਰਹੇ ਹਨ। ਉਹਨਾ ਮਾਸੀ ਸਮਰਾਟਾਂ ਵਿੱਚੋ ਸਮਰਾਟ ਛੀਤਾ ਪਾਸੀ ਦੀ ਕੱਝ ਜਾਣਕਾਰੀ ਸਾਂਝੀ ਕਰਾਂਗੇ

ਸੀਤਾਪੁਰ ਸ਼ਹਿਰ ਦਾ ਪੁਰਾਣਾ ਨਾਮ ਛੀਤਯਾਪੁਰ ਸੀ, ਜਿਸ ਨੂੰ ਰਾਜਾ ਛੀਤਾ ਪਾਸੀ ਨੇ ਵਸਾਇਆ ਸੀ, ਕੀ ਤੁਸੀਂ ਜਾਣਦੇ ਹੋ?

ਆਈਨ-ਏ-ਅਕਬਰੀ ਅਨੁਸਾਰ ਵੀ "ਇਸ ਦਾ ਪੁਰਾਣਾ ਨਾਮ ਚਿਤਯਾਪੁਰ ਸੀ" ਅਤੇ ਲੋਕ ਕਥਾ ਅਨੁਸਾਰ ਰਾਜਾ ਛੀਤਾ ਪਾਸੀ ਨੇ ਆਪਣੇ ਨਾਮ 'ਤੇ ਚਿਟੀਆ ਪੁਰ ਨਾਮਕ ਨਗਰ ਵਸਾਇਆ ਸੀ, ਜਿਸ ਦੇ ਖੰਡਰ ਅੱਜ ਵੀ ਟਿੱਲੇ ਦੇ ਰੂਪ ਵਿਚ ਦੇਖੇ ਜਾ ਸਕਦੇ ਹਨ । ਜੋ ਕਿ ਪਹਿਲਾਂ ਛੀਤਾ ਪਾਸੀ ਸੀ।ਭਾਵ, ਸਾਨੂੰ ਰਾਜਾ ਛੀਤਾ ਪਾਸੀ ਦੇ ਸ਼ਹਿਰ ਦਾ ਸਾਹਿਤਕ ਸਰੋਤ ਆਇਨ-ਏ-ਅਕਬਰੀ ਮਿਲਦਾ ਹੈ, ਜਿਸ ਤੋਂ ਸਾਨੂੰ 16ਵੀਂ ਸਦੀ ਦੇ ਭੂਗੋਲਿਕ ਇਤਿਹਾਸ ਦੀ ਜਾਣਕਾਰੀ ਮਿਲਦੀ ਹੈ, ਜਦੋਂ ਕਿ ਸੀਤਾਪੁਰ ਗਜ਼ਟੀਅਰ 1905 ਦੇ ਅਨੁਸਾਰ, 11-12ਵੀਂ ਸਦੀ ਵਿੱਚ ਪਾਸੀ ਇੱਥੇ ਬਹੁਤ ਸ਼ਕਤੀਸ਼ਾਲੀ ਸਮਰਾਟ ਰਹੇ ਹਨ। ਅਕਬਰ ਦੇ ਸਮੇਂ ਦੌਰਾਨ ਵੀ ਇੱਥੇ ਆਜ਼ਾਦੀ ਦੇਖੀ ਗਈ ਸੀ, ਜੋ ਬਾਅਦ ਵਿੱਚ ਫਿਰੋਜ਼ ਸ਼ਾਹ ਤੁਗਲਕ ਦੇ ਰਾਜ ਦੇ ਇੱਥੇ ਆਉਣ ਤੋਂ ਪਹਿਲਾਂ ਲਗਾਤਾਰ ਵਿਦੇਸ਼ੀ ਹਮਲਿਆਂ ਦੁਆਰਾ ਆਪਣੀ ਮੁੱਖ ਭੂਮੀ ਤੋਂ ਉਜਾੜ ਦਿੱਤੇ ਗਏ ਸਨ।ਉਸਨੇ ਬਹਿਰਾਇਚ ਵਿੱਚ ਮਸੂਦ ਗਾਜ਼ੀ ਦੇ ਮਕਬਰੇ ਦੀ ਯਾਤਰਾ ਕੀਤੀ ਅਤੇ ਰਸਤੇ ਵਿੱਚ ਪਾਸਿਓਸ ਨੂੰ ਜਿੱਤ ਲਿਆ ਅਤੇ ਤੁਗਲਕਾਬਾਦ ਸ਼ਹਿਰ ਨੂੰ ਵਸਾਇਆ। 30 ਸਾਲਾਂ ਬਾਅਦ



ਪਾਸੀਆਂ ਨੂੰ ਫਿਰ ਆਪਣੀ ਸ਼ਕਤੀ ਦਾ ਅਹਿਸਾਸ ਹੋਇਆ ਅਤੇ 1398 ਈ: ਵਿਚ ਰਾਜਾ ਲਹਿਰੀ ਪਾਸੀ ਦੀ ਅਗਵਾਈ ਵਿਚ ਤੁਗਲਕ ਰਾਜਿਆਂ ਨੂੰ ਹਰਾ ਕੇ ਤੁਗਲਕਾਬਾਦ ਦਾ ਨਾਂ ਬਦਲ ਕੇ ਲਾਹੌਰਪੁਰ ਰੱਖ ਦਿੱਤਾ ਅਤੇ ਪਾਸੀ ਸੱਤਾ ਸਥਾਪਿਤ ਕੀਤੀ ਅਤੇ (1398-1416 ਈ।) ਵਿਚ 18 ਸਾਲ ਰਾਜ ਕੀਤਾ। ਲਗਪਗ 18 ਸਾਲਾਂ ਤੱਕ ਇਸ ਜ਼ਿਲ੍ਹੇ ਨੂੰ ਤੁਗਲਕਾਂ ਦੇ ਆਤੰਕ ਤੋਂ ਮੁਕਤੀ ਮਿਲੀ ਰਹੀ।

ਰਾਜਾ ਛੀਤਾ ਪਾਸੀ ਦਾ ਸਮਾਂ 12ਵੀਂ ਸਦੀ ਵਿੱਚ 1154 ਤੋਂ 1174 ਦੌਰਾਨ ਦਾ ਮੰਨਿਆ ਜਾਂਦਾ ਹੈ।ਰਾਜਾ ਜੈਚੰਦ ਨਾਲ ਮਾਮਲਾ ਵਿਗੜ ਗਿਆ ਸੀ ਅਤੇ ਜੈਚੰਦ ਨੇ ਗੰਜਰ ਦਾ ਟੈਕਸ ਇਕੱਠਾ ਕਰਨ ਲਈ ਗੰਜਰ ਵੱਲ ਕੂਚ ਕੀਤਾ ਸੀ।ਪਰ ਅਸਫ਼ਲ ਰਿਹਾ, ਉਹ ਪਾਸੀ ਰਾਜਿਆਂ ਤੋਂ ਲਗਾਤਾਰ 12 ਸਾਲ ਟੈਕਸ ਵਸੂਲ ਨਹੀਂ ਸਕਿਆ ਅਤੇ ਉਹ ਹਾਰ ਗਿਆ।ਗੰਜਰ ਦੇ ਸਾਰੇ ਪਾਸੀ ਰਾਜਿਆਂ ਨੂੰ ਇਕੱਠਾ ਕਰਕੇ ਮਹਾਰਾਜਾ ਬਿਜਲੀ ਪਾਸੀ ਨੇ ਜੈਚੰਦ ਨਾਲ ਯੁੱਧ ਲਈ ਇੱਕ ਬੈਰੀਕੇਡ ਬਣਾਇਆ ਸੀ, ਜਿਸ ਵਿੱਚ ਰਾਜਾ ਛੇਤਾ ਪਾਸੀ ਵੀ ਸੀ। ਸ਼ਾਮਲ ਹੈ, ਜਿਸਦਾ ਕਿਲਾ ਮੌਜੂਦਾ ਸੀਤਾਪੁਰ ਵਿੱਚ ਖੰਡਰ ਵਿੱਚ ਸੁਰੱਖਿਅਤ ਹੈ, ਜਿਸ ਵਿੱਚ ਰਾਜਾ ਛੀਤਾ ਪਾਸੀ ਦੀ ਇੱਕ ਜੀਵਨ-ਆਕਾਰ ਦੀ ਮੂਰਤੀ ਸਥਾਪਿਤ ਹੈ।

ਸੀਤਾਪੁਰ ਵਿਚ ਪਾਸੀਆਂ ਦਾ ਰਾਜ ਸੀ - ਮੋਹਾਲੀ, ਮਿਤੌਲੀ, ਸਿਧੌਲੀ, ਬਿਸਵਾਨ, ਲਹਿਰਪੁਰ, ਖੈਰਾਬਾਦ, ਮਿਸਰੀਖ, ਮੁਹੰਮਦਾਬਾਦ ਆਦਿ। ਕਿਹਾ ਜਾਂਦਾ ਹੈ ਕਿ ਅਵਧ ਗਜ਼ਟੀਅਰ ਅਨੁਸਾਰ ਮਿਤੌਲੀ ਦਾ ਰਾਜਕੁਮਾਰ ਰਾਜਪਾਸੀ ਹੰਸਾ ਬਹੁਤ ਸ਼ਕਤੀਸ਼ਾਲੀ ਸੀ। ਜਿਸ ਦੇ ਮੋਹਾਲੀ ਦੇ ਅਹਿਬੰਸ ਰਾਜਪੂਤ ਰਾਜੇ ਦੀ ਧੀ ਦੇ ਸਵਾਲ ਨੂੰ ਲੈ ਕੇ ਝਗੜਾ ਹੋ ਗਿਆ ਸੀ, ਉਸ ਸਮੇਂ ਰਾਜਾ ਹੰਸਾ ਬਹੁਤ ਸ਼ਕਤੀਸ਼ਾਲੀ ਸੀ, ਜਿਸ ਦੇ ਸਾਹਮਣੇ ਰਾਜਪੂਤ ਰਾਜੇ ਬੇਵੱਸ ਸਨ।ਆਖ਼ਰਕਾਰ ਰਾਜਪੂਤ ਆਪਣੀ ਧੀ ਦਾ ਵਿਆਹ ਰਾਜਪਾਸੀ ਰਾਜਾ ਹੰਸਾ ਨਾਲ ਕਰਨ ਲਈ ਰਾਜ਼ੀ ਹੋ ਗਏ, ਪਰ ਰਾਜਪੂਤਾਂ ਵੱਲੋਂ ਵਿਦਾਇਗੀ ਜਲੂਸ ਸਮੇਂ ਰਾਜਾ ਹੰਸਾ ਸਮੇਤ ਹਜ਼ਾਰਾਂ ਪਾਸੀ ਸੈਨਿਕਾਂ ਦੇ ਭੋਜਨ ਵਿੱਚ ਨਸ਼ੀਲਾ ਪਦਾਰਥ ਮਿਲਾ ਕੇ ਪਰੋਸਿਆ ਗਿਆ, ਜਦੋਂ ਉਨ੍ਹਾਂ ਦੀ ਫ਼ੌਜ ਰਾਜਾ ਹੰਸਾ ਸਮੇਤ ਬੇਹੋਸ਼ੀ ਦੀ ਹਾਲਤ ਵਿੱਚ ਸੀ।ਜਦੋਂ ਉਹ ਉੱਥੇ ਪਹੁੰਚੇ ਤਾਂ ਮੌਕਾ ਮਿਲਦੇ ਹੀ ਅਹਿਬੰਸ ਰਾਜਪੂਤਾਂ ਨੇ ਬੇਹੋਸ਼ ਸਿਪਾਹੀਆਂ ਉੱਤੇ ਹਮਲਾ ਕਰ ਦਿੱਤਾ ਅਤੇ ਸਭ ਨੂੰ ਮਾਰ ਦਿੱਤਾ, ਇਸ ਧੋਖੇ ਵਿੱਚ ਰਾਜਪਾਸੀ ਹੱਸ ਪਏ।ਉਸ ਸਮੇਂ ਦੇ ਅਵਧ ਗਜ਼ਟੀਅਰ ਅਤੇ ਸੀਤਾਪੁਰ ਗਜ਼ਟੀਅਰ ਇਸ ਭਿਆਨਕ ਕਾਰੇ ਦੀ ਪੁਸ਼ਟੀ ਕਰਦੇ ਹਨ। ਜੋ ਕਿ ਇੱਕ ਵਾਰ ਸੀਤਾਪੁਰ ਦੀ ਧਰਤੀ 'ਤੇ ਰਾਜਪੂਤਾਂ ਅਤੇ ਮੁਸਲਮਾਨਾਂ ਤੋਂ ਪਹਿਲਾਂ ਪਾਸੀ ਜਾਤੀ ਦਾ ਰਾਜ ਸੀ।

ਉੱਤਰ ਪ੍ਰਦੇਸ਼ ਸਰਕਾਰ ਦੁਆਰਾ ਪ੍ਰਕਾਸ਼ਿਤ ਸੀਤਾਪੁਰ ਗਜ਼ਟੀਅਰ ਖੰਡ ਦੇ ਪੰਨਾ 214 'ਤੇ ਜ਼ਿਕਰ ਕੀਤਾ ਗਿਆ ਹੈ ਕਿ ਸੀਤਾਪੁਰ ਜ਼ਿਲ੍ਹੇ ਦਾ ਪ੍ਰਾਚੀਨ ਨਾਮ ਛਿਤੀਆਪੁਰ ਸੀ। ਛਿਤੀਆਪੁਰ ਨਾਮ ਮਹਾਰਾਜਾ ਛੀਤਾ ਪਾਸੀ ਦੇ ਨਾਮ ਤੋਂ ਲਿਆ ਗਿਆ ਹੈ, ਜਿਸਨੇ ਛਿਤੀਆਪੁਰ ਦੀ ਸਥਾਪਨਾ ਕੀਤੀ ਸੀ। ਮਹਾਰਾਜਾ ਛੀਤਾ ਪਾਸੀ ਕਨੌਜ ਦੇ ਰਾਜਾ ਜੈਚੰਦਰ ਦੇ ਸਮਕਾਲੀ ਸਨ।ਅੱਜ ਦੇ ਸੀਤਾਪੁਰ ਜ਼ਿਲੇ ਦੇ ਪੂਰਬੀ ਕਿਨਾਰੇ 'ਤੇ ਸੀਤਾਪੁਰ-ਲਖਨਊ ਹਾਈਵੇ 'ਤੇ ਪਲਾਈਵੁੱਡ ਫੈਕਟਰੀ ਦੇ ਨੇੜੇ ਮਹਾਰਾਜਾ ਛੀਤਾ ਪਾਸੀ ਦੇ ਕਿਲੇ ਦੇ ਖੰਡਰ ਅੱਜ ਵੀ ਉਸ ਦੀ ਬਹਾਦਰੀ ਦੀ ਗਾਥਾ ਦਾ ਜਿਉਂਦਾ ਜਾਗਦਾ ਸਬੂਤ ਹਨ।

'ਛਿਤੀਆਪੁਰ' ਨਾਮ ਦਾ ਇਹ ਇਲਾਕਾ ਮਹਾਰਾਜਾ ਛੀਤਾ ਪਾਸੀ ਦੇ ਸਮੇਂ ਤੋਂ ਲੈ ਕੇ ਮੁਗਲਾਂ ਦੇ ਸਮੇਂ ਤੱਕ ਲਗਾਤਾਰ ਜਾਰੀ ਰਿਹਾ। ਸੀਤਾਪੁਰ ਦਾ ਨਾਂ ਅੰਗਰੇਜ਼ਾਂ ਦੇ ਰਾਜ ਦੌਰਾਨ ਪਿਆ ਸੀ। ਸੀਤਾਪੁਰ ਨੂੰ ਆਪਣਾ ਹੈਡਕੁਆਰਟਰ ਬਣਾਉਣ ਤੋਂ ਪਹਿਲਾਂ, ਅੰਗਰੇਜ਼ ਮੱਲਪੁਰ ਤੋਂ ਆਪਣਾ ਪ੍ਰਸ਼ਾਸਨ ਚਲਾਉਂਦੇ ਸਨ, ਪਰ ਮੱਲਪੁਰ ਵਿਚ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਤੋਂ ਤੰਗ ਆ ਕੇ ਉਨ੍ਹਾਂ ਨੇ ਬਾਅਦ ਵਿਚ ਸੀਤਾਪੁਰ ਨੂੰ ਆਪਣੀ ਪ੍ਰਸ਼ਾਸਨਿਕ ਪ੍ਰਣਾਲੀ ਦਾ ਕੇਂਦਰ ਬਣਾ ਲਿਆ। ਉਦੋਂ ਤੋਂ ਛਿਤੀਆਪੁਰ ਦਾ ਨਾਂ ਬਦਲ ਕੇ ਸੀਤਾਪੁਰ ਹੋ ਗਿਆ।

ਮਹਾਰਾਜਾ ਛੀਤਾ ਪਾਸੀ ਦੀ ਕੁਸ਼ਲ ਰਾਜ-ਪ੍ਰਣਾਲੀ ਅਤੇ ਉਸ ਦੇ ਰਾਜ ਦੀ ਖੁਸ਼ਹਾਲੀ ਨੂੰ ਦੇਖ ਕੇ ਕਨੌਜ ਦੇ ਰਾਜਾ ਜੈਚੰਦ ਦੇ ਦਿਮਾਗ ਖਰਾਬ ਹੋ ਗਿਆ। ਉਸ ਨੇ ਮਹਾਰਾਜਾ ਛੀਤਾ ਪਾਸੀ ਨੂੰ ਆਪਣੀ ਅਧੀਨਗੀ ਸਵੀਕਾਰ ਕਰਨ ਲਈ ਸੁਨੇਹਾ ਭੇਜਿਆ। ਪਰ ਮਹਾਰਾਜਾ ਛੀਤਾ ਪਾਸੀ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਨਾਰਾਜ਼ ਹੋ ਕੇ ਜੈਚੰਦ ਨੇ ਮਹੋਬਾ ਦੇ ਜਾਗੀਰਦਾਰ ਅਲਹਾ ਅਤੇ ਉਦਾਲ ਨਾਲ ਸੰਧੀ ਕੀਤੀ ਕਿ ਕਿਸੇ ਵੀ ਤਰ੍ਹਾਂ ਧੋਖੇ ਨਾਲ ਰਾਜਾ ਛੀਤਾ ਪਾਸੀ ਦੇ ਰਾਜ 'ਤੇ ਕਬਜ਼ਾ ਕਰ ਲਿਆ ਜਾਵੇ।ਅਲਹਾ ਅਤੇ ਉਦਾਲ ਨੇ ਧੋਖੇ ਨਾਲ ਰਾਜਾ ਛੀਤਾ ਪਾਸੀ ਦੇ ਰਾਜ ਉੱਤੇ ਅਚਾਨਕ ਹਮਲਾ ਕਰ ਦਿੱਤਾ। ਇਸ ਧੋਖੇ ਭਰੇ ਯੁੱਧ ਵਿੱਚ ਰਾਜਾ ਛੀਤਾ ਪਾਸੀ ਨੇ ਵੀਰਗਤੀ ਪ੍ਰਾਪਤ ਕੀਤੀ। ਸਮੇਂ ਦੇ ਬੀਤਣ ਨਾਲ ਇਹ ਇਲਾਕਾ ਖੱਤਰੀ ਅਤੇ ਮੁਸਲਮਾਨ ਸ਼ਾਸਕਾਂ ਦੇ ਹੱਥਾਂ ਵਿਚ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ।

ਮਹਾਰਾਜਾ ਛੀਤਾ ਪਾਸੀ ਦਾ ਕਿਲ੍ਹਾ ਲਖਨਊ ਤੋਂ ਸੀਤਾਪੁਰ ਜਾਣ ਵਾਲੇ ਰਾਜਮਾਰਗ 'ਤੇ ਸ਼ਹਿਰ ਵਿਚ ਦਾਖਲ ਹੋਣ ਤੋਂ ਪਹਿਲਾਂ ਪਲਾਈਵੁੱਡ ਫੈਕਟਰੀ ਦੇ ਨੇੜੇ ਸਹੀ ਸੰਭਾਲ ਅਤੇ ਦੇਖਭਾਲ ਦੀ ਘਾਟ ਕਾਰਨਮਿੱਟੀ ਦੇ ਟਿੱਲੇ ਦੇ ਰੂਪ ਸਥਿਤਹੈ। ਇੱਕ ਹਿੱਸਾ ਕੱਟ ਕੇ ਰੇਲਵੇ ਲਾਈਨ ਦਾ ਵਿਸਥਾਰ ਕੀਤਾ ਗਿਆ ਹੈ। ਦੱਖਣ ਵਾਲੇ ਪਾਸੇ ਦੀ ਸੜਕ ਸਾਫ਼ ਕਰ ਦਿੱਤੀ ਗਈ ਹੈ। ਥੋੜ੍ਹਾ ਜਿਹਾ ਹਿੱਸਾ ਬਚਿਆ ਹੈ। ਇਸ ਉੱਤੇ ਸੁਚੌਣਾ ਦੇਵੀ ਦਾ ਇੱਕ ਛੋਟਾ ਜਿਹਾ ਮੰਦਿਰ ਸਥਿਤ ਹੈ, ਜੋ ਮਹਾਰਾਜਾ ਛੀਤਾ ਪਾਸੀ ਦੀ ਪੂਜਾ ਦੇਵੀ ਸੀ। ਸਰਕਾਰੀ ਰਿਕਾਰਡ ਵਿੱਚ ਬੰਜਰ ਵਜੋਂ ਦਰਜ ਇਸ ਥਾਂ ਦੇ ਪੂਰਬੀ ਪਾਸੇ ਇੱਕ ਵਪਾਰੀ ਨੇ ਪੈਟਰੋਲ ਪੰਪ ਲਾਇਆ ਹੋਇਆ ਹੈ। ਕਿਲ੍ਹੇ ਦੇ ਖੰਡਰ 'ਤੇ ਮਹਾਰਾਜਾ ਛੀਤਾ ਪਾਸੀ ਦੀ ਮੂਰਤੀ ਲਗਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ। ਸਮੁੱਚੀ ਸੂਬਾ ਸਰਕਾਰ ਦੇ 20 ਨੁਕਾਤੀ ਪ੍ਰੋਗਰਾਮ ਅਧੀਨ ਪ੍ਰਧਾਨ ਮਾਨਯੋਗ ਸ਼੍ਰੀ ਰਜਿੰਦਰ ਗੁਪਤਾ ਜੀ ਨੇ ਮਹਾਰਾਜਾ ਛੀਤਾ ਪਾਸੀ ਦਾ ਬੁੱਤ ਲਗਵਾਇਆ।

ਪਰ ਕਿਲੇ ਦੇ ਪੂਰਬੀ ਸਿਰੇ 'ਤੇ ਸਥਿਤ ਪੈਟਰੋਲ ਪੰਪ ਦੇ ਮਾਲਕ ਨੇ ਹਾਈਕੋਰਟ ਤੋਂ ਸਟੇਅ ਆਰਡਰ ਹਾਸਲ ਕਰ ਲਿਆ ਹੈ । ਸ਼ਿਲਾਲੇਖਾਂ ਵਿਚ ਇਸ ਜਗ੍ਹਾ ਨੂੰ ਬੰਜਰ ਵਜੋਂ ਦਰਸਾਇਆ ਗਿਆ ਹੈ ਪਰ ਪੈਟਰੋਲ ਪੰਪ ਦੇ ਮਾਲਕ ਦਾ ਕਹਿਣਾ ਹੈ ਕਿ ਉਸ ਨੇ ਇਹ ਜ਼ਮੀਨ ਅੰਗਰੇਜ਼ਾਂ ਦੇ ਰਾਜ ਦੌਰਾਨ ਖਰੀਦੀ ਸੀ। ਕਿਉਂਕਿ ਇਹ ਸਥਾਨ ਦਲਿਤਾਂ ਦੇ ਸਨਮਾਨ ਅਤੇ ਬਹਾਦਰੀ ਦਾ ਪ੍ਰਤੀਕ ਹੈ, ਇਸ ਲਈ ਸਰਕਾਰ ਵੱਲੋਂ ਇਸ ਸਟੇਅ ਆਰਡਰ ਨੂੰ ਰੱਦ ਕਰਵਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ।

ਆਲ ਇੰਡੀਆ ਪਾਸੀ ਸਮਾਜ (ਰਜਿਸਟਰਡ) ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਆਰ ਏ ਪ੍ਰਸਾਦ, ਰਾਸ਼ਟਰੀ ਜਨਰਲ ਸਕੱਤਰ ਸ਼੍ਰੀ ਰਾਮਕ੍ਰਿਪਾਲ ਅਤੇ ਪਾਸੀ ਸੇਵਾ ਸੰਸਥਾ ਦੇ ਪ੍ਰਧਾਨ ਅਤੇ ਅਖਿਲ ਭਾਰਤੀ ਪਾਸੀ ਸਮਾਜ ਸੀਤਾਪੁਰ ਦੇ ਪ੍ਰਧਾਨ ਸ਼੍ਰੀ ਲਾਲਜੀ ਭਾਰਗਵ ਅਤੇ ਉਨ੍ਹਾਂ ਦੇ ਸਾਥੀ ਮਹਾਰਾਜਾ ਛੀਤਾ ਪਾਸੀ ਦੇ ਕਿਲ੍ਹੇ 'ਤੇ ਲਗਾਤਾਰ ਪ੍ਰੋਗਰਾਮ ਕਰ ਰਹੇ ਹਨ ਅਤੇ ਕਿਲ੍ਹੇ ਨੂੰ ਚੁੰਗਲ ਤੋਂ ਮੁਕਤ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹੋਰ ਸਮਾਜ ਵੀ ਸਾਥ ਦੇ ਰਿਹਾ ਹੈ।

# ਹਵਾ ਪ੍ਰਦੂਸ਼ਣ ਲਈ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਇੱਕ ਫੈਸ਼ਨ ਬਣ ਗਿਆ ਹੈ, ਸੁਪਰੀਮ ਕੋਰਟ ਦੇ ਜੱਜ ਜਸਟਿਸ ਕਾਂਤ ਨੇ ਕਿਹਾ

ਜਸਟਿਸ ਸੂਰਿਆ ਕਾਂਤ ਨੇ ਸ਼ਨੀਵਾਰ ਨੂੰ ਕਿਹਾ ਕਿ ਉਹ ਇੱਕ ਕਿਸਾਨ ਹਨ ਅਤੇ ਚੀਫ਼ ਜਸਟਿਸ ਐਨਵੀ ਰਮਨਾ ਇੱਕ ਕਿਸਾਨ ਪਰਿਵਾਰ ਤੋਂ ਹਨ ਅਤੇ ਉਹ ਜਾਣਦੇ ਹਨ ਕਿ ਉੱਤਰੀ ਰਾਜਾਂ ਵਿੱਚ ਗਰੀਬ ਅਤੇ ਹਾਸ਼ੀਏ 'ਤੇ ਰਹਿ ਗਏ ਕਿਸਾਨ ਪਰਾਲੀ ਪ੍ਰਬੰਧਨ ਲਈ ਮਸ਼ੀਨਰੀ ਖਰੀਦਣ ਦੇ ਸਮਰੱਥ ਨਹੀਂ ਹਨ।ਜਸਟਿਸ ਕਾਂਤ ਨੇ ਇਹ ਵੀ ਮੰਗ ਕੀਤੀ ਕਿ ਕੀ ਪਟਾਕਿਆਂ 'ਤੇ ਪਾਬੰਦੀ ਅਤੇ ਵਾਹਨਾਂ ਦੇ ਨਿਕਾਸੀ ਕੰਟਰੋਲ ਵਰਗੇ ਹੋਰ ਉਪਾਅ ਲਾਗੂ ਕੀਤੇ ਗਏ ਹਨ।

"ਤੁਸੀਂ ਕਹਿ ਰਹੇ ਹੋ ਕਿ ਦੋ ਲੱਖ ਮਸ਼ੀਨਾਂ ਉਪਲਬਧ ਹਨ, ਪਰ ਗਰੀਬ ਕਿਸਾਨ ਇਹ ਮਸ਼ੀਨਾਂ ਨਹੀਂ ਖਰੀਦ ਸਕਦੇ। ਖੇਤੀ ਕਾਨੂੰਨਾਂ ਤੋਂ ਬਾਅਦ, ਯੂਪੀ, ਪੰਜਾਬ ਅਤੇ ਹਰਿਆਣਾ ਵਿੱਚ ਜ਼ਮੀਨ ਦੀ ਮਾਲਕੀ 3 ਏਕੜ ਤੋਂ ਘੱਟ ਹੈ। ਅਸੀਂ ਉਨ੍ਹਾਂ ਕਿਸਾਨਾਂ ਤੋਂ ਇਹ ਮਸ਼ੀਨਾਂ ਖਰੀਦਣ ਦੀ ਉਮੀਦ ਨਹੀਂ ਕਰ ਸਕਦੇ। ਜਸਟਿਸ ਕਾਂਤ ਨੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ।

ਉਨ੍ਹਾਂ ਕਿਹਾ, "ਕੇਂਦਰ ਅਤੇ ਸੂਬਾ ਸਰਕਾਰਾਂ ਮਸ਼ੀਨਾਂ ਕਿਉਂ ਨਹੀਂ ਮੁਹੱਈਆ ਕਰਵਾ ਸਕਦੀਆਂ। ਪਰਾਲੀ ਨੂੰ ਪੇਪਰ ਮਿੱਲਾਂ ਅਤੇ ਹੋਰ ਵੱਖ-ਵੱਖ ਮੰਤਵਾਂ ਵਿੱਚ ਵਰਤਣ ਲਈ ਚੁੱਕੋ। ਰਾਜਸਥਾਨ ਵਿੱਚ ਸਰਦੀਆਂ ਵਿੱਚ ਪਰਾਲੀ ਨੂੰ ਬੱਕਰੀਆਂ ਆਦਿ ਦੇ ਚਾਰੇ ਲਈ ਵਰਤਿਆ ਜਾ ਸਕਦਾ ਹੈ।"ਸੁਪਰੀਮ ਕੋਰਟ ਵਾਤਾਵਰਨ ਕਾਰਕੁਨ ਆਦਿਤਿਆ ਦੂਬੇ ਅਤੇ ਕਾਨੂੰਨ ਦੇ ਵਿਦਿਆਰਥੀ ਅਮਨ ਬਾਂਕਾ ਦੁਆਰਾ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਨੇ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਪਰਾਲੀ ਹਟਾਉਣ ਵਾਲੀਆਂ ਮਸ਼ੀਨਾਂ ਮੁਫਤ ਪ੍ਰਦਾਨ ਕਰਨ ਦੇ ਨਿਰਦੇਸ਼ਾਂ ਦੀ ਮੰਗ ਕੀਤੀ ਸੀ।

ਕੇਂਦਰ ਵੱਲੋਂ ਪੇਸ਼ ਹੋਏ ਮਹਿਤਾ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਇਹ ਮਸ਼ੀਨਾਂ 80 ਫੀਸਦੀ ਸਬਸਿਡੀ ਵਾਲੀ ਦਰ 'ਤੇ ਉਪਲਬਧ ਕਰਵਾਈਆਂ ਜਾ ਰਹੀਆਂ ਹਨ।ਸੁਪਰੀਮ ਕੋਰਟ ਦੇ ਜੱਜ ਨੇ ਕੇਂਦਰ ਵੱਲੋਂ ਪੇਸ਼ ਹੋਏ ਮਹਿਤਾ ਨੂੰ ਪੁੱਛਿਆ ਕਿ ਕੀ ਉਸ ਦੀ ਮਦਦ ਕਰਨ ਵਾਲੇ ਅਧਿਕਾਰੀ ਸਬਸਿਡੀ ਤੋਂ ਬਾਅਦ ਅਸਲ ਕੀਮਤ ਦੱਸ ਸਕਦੇ ਹਨ।"ਕੀ ਕਿਸਾਨ ਇਸ ਨੂੰ ਬਰਦਾਸ਼ਤ ਕਰ ਸਕਦਾ ਹੈ? ਮੈਂ ਇੱਕ ਕਿਸਾਨ ਹਾਂ ਅਤੇ ਮੈਂ ਇਹ ਜਾਣਦਾ ਹਾਂ, ਸੀਜੇਆਈ ਵੀ ਇੱਕ ਕਿਸਾਨ ਪਰਿਵਾਰ ਤੋਂ ਹੈ, ਉਹ ਵੀ ਇਹ ਜਾਣਦਾ ਹੈ ਅਤੇ ਮੇਰਾ ਭਰਾ .ਜੱਜ॥ ਵੀ ਇਹ ਜਾਣਦਾ ਹੈ," ਜਸਟਿਸ ਕਾਂਤ, ਜੋ ਕਿ ਇੱਕ ਵਿਸ਼ੇਸ਼ ਦੇ ਹਿੱਸੇ ਵਜੋਂ ਬੈਠੇ ਸਨ। ਭਾਰਤ ਦੇ ਚੀਫ਼ ਜਸਟਿਸ ਐਨਵੀ ਰਮਨਾ ਦੀ ਅਗਵਾਈ ਵਾਲੇ ਬੈਂਚ ਅਤੇ ਜਸਟਿਸ ਡੀਵਾਈ ਚੰਦਰਚੂੜ ਵੀ ਹਨ।



ਜਸਟਿਸ ਕਾਂਤ ਨੇ ਇਹ ਵੀ ਕਿਹਾ ਕਿ ਹਵਾ ਪ੍ਰਦੂਸ਼ਣ ਲਈ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਇੱਕ ਫੈਸ਼ਨ ਬਣ ਗਿਆ ਹੈ।ਜਸਟਿਸ ਕਾਂਤ ਨੇ ਇਹ ਵੀ ਮੰਗ ਕੀਤੀ ਕਿ ਕੀ ਪਟਾਕਿਆਂ 'ਤੇ ਪਾਬੰਦੀ ਅਤੇ ਵਾਹਨਾਂ ਦੇ ਨਿਕਾਸੀ ਕੰਟਰੋਲ ਵਰਗੇ ਹੋਰ ਉਪਾਅ ਲਾਗੂ ਕੀਤੇ ਗਏ ਹਨ।ਪਟੀਸ਼ਨਰ ਹੋਣ, ਦਿੱਲੀ ਸਰਕਾਰ ਜਾਂ ਕੋਈ ਹੋਰ - ਕਿਸਾਨਾਂ 'ਤੇ ਦੋਸ਼ ਲਗਾਉਣਾ ਇੱਕ ਫੈਸ਼ਨ ਬਣ ਗਿਆ ਹੈ। ਕੀ ਤੁਸੀਂ ਦੇਖਿਆ ਹੈ ਕਿ ਪਿਛਲੇ ਸੱਤ ਦਿਨਾਂ ਤੋਂ ਦਿੱਲੀ ਵਿੱਚ ਕਿਵੇਂ ਪਟਾਕੇ ਚਲਾਏ ਜਾ ਰਹੇ ਹਨ? ਦਿੱਲੀ ਪੁਲਿਸ ਕੀ ਕਰ ਰਹੀ ਸੀ?" ਉਸ ਨੇ ਪੁੱਛਿਆ।ਦਿੱਲੀ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਹੁਲ ਮਹਿਰਾ ਵੱਲੋਂ ਪਰਾਲੀ ਸਾੜਨ ਦੇ ਮੁੱਦੇ ਦਾ ਜ਼ਿਕਰ ਕੀਤੇ ਜਾਣ ਤੋਂ ਬਾਅਦ ਇਹ ਟਿੱਪਣੀਆਂ ਆਈਆਂ।

ਅਜੋਕੇ ਸਮੇਂ ਵਿੱਚ ਕਿਸਾਨਾਂ ਨੂੰ ਦੋਸ਼ੀ ਠਹਿਰਾਉਣਾ ਇੱਕ ਫੈਸ਼ਨ ਬਣ ਗਿਆ ਹੈ, ਸੁਪਰੀਮ ਕੋਰਟ ਦੇ ਜੱਜ ਜਸਟਿਸ ਸੂਰਿਆ ਕਾਂਤ ਨੇ ਸ਼ਨੀਵਾਰ ਨੂੰ ਦਿੱਲੀ ਵਿੱਚ ਵਧਦੇ ਪ੍ਰਦੂਸ਼ਣ ਦੇ ਪੱਧਰ (ਆਦਿਤਿਆ ਦੂਬੇ ਬਨਾਮ ਭਾਰਤ ਯੂਨੀਅਨ) ਨਾਲ ਸਬੰਧਤ ਕੇਸ ਦੀ ਸੁਣਵਾਈ ਕਰਦੇ ਹੋਏ ਟਿੱਪਣੀ ਕੀਤੀ।ਜਸਟਿਸ ਸੂਰਿਆ ਕਾਂਤ, ਜੋ ਖ਼ੁਦ ਇੱਕ ਕਿਸਾਨ ਪਰਿਵਾਰ ਤੋਂ ਹਨ, ਭਾਰਤ ਦੇ ਚੀਫ਼ ਜਸਟਿਸ ਐਨਵੀ ਰਮਨਾ ਦੀ ਅਗਵਾਈ ਵਾਲੇ ਵਿਸ਼ੇਸ਼ ਬੈਂਚ ਦੇ ਹਿੱਸੇ ਵਜੋਂ ਬੈਠੇ ਸਨ ਅਤੇ ਜਿਸ ਵਿੱਚ ਜਸਟਿਸ ਡੀਵਾਈ ਚੰਦਰਚੂੜ ਵੀ ਸ਼ਾਮਲ ਸਨ, ਜਦੋਂ ਹਵਾ ਪ੍ਰਦੂਸ਼ਣ ਦੇ ਕਾਰਨ ਕਿਸਾਨਾਂ ਦੁਆਰਾ ਪਰਾਲੀ ਸਾੜਨ ਦਾ ਪਹਿਲੂ ਸਾਹਮਣੇ ਆਇਆ ਸੀ।

ਇਹ ਟਿੱਪਣੀ ਪੰਜਾਬ, ਹਰਿਆਣਾ ਅਤੇ ਯੂਪੀ ਦੇ ਕਿਸਾਨਾਂ ਦੁਆਰਾ ਪਰਾਲੀ ਸਾੜਨ ਦੇ ਸੰਦਰਭ ਵਿੱਚ ਕੀਤੀ ਗਈ ਹੈ ਜਿਸ ਨਾਲ ਦਿੱਲੀ ਵਿੱਚ ਪ੍ਰਦੂਸ਼ਣ ਦੇ ਪੱਧਰ ਵਿੱਚ ਵਾਧਾ ਹੋਇਆ ਹੈ।"ਪਟਾਕਿਆਂ 'ਤੇ ਪਾਬੰਦੀ ਸੀ, ਉਸ ਨਾਲ ਕੀ ਹੋਇਆ? ਇਹ ਇੱਕ ਐਮਰਜੈਂਸੀ ਸਥਿਤੀ ਹੈ। ਕੀ ਵਾਹਨਾਂ ਜਾਂ ਨਿਕਾਸੀ ਕੰਟਰੋਲ 'ਤੇ ਕੋਈ ਪਾਬੰਦੀ ਹੈ," ਉਸਨੇ ਪੁੱਛਿਆ।ਇਹ ਟਿੱਪਣੀ ਸੀਨੀਅਰ ਵਕੀਲ ਰਾਹੁਲ ਮਹਿਰਾ ਵੱਲੋਂ ਅਦਾਲਤ ਨੂੰ ਪਰਾਲੀ ਸਾੜਨ ਤੋਂ ਬਾਅਦ ਪ੍ਰਦੂਸ਼ਣ ਦੇ ਪੱਧਰ ਵਿੱਚ ਵਾਧੇ ਬਾਰੇ ਦੱਸਣ ਤੋਂ ਬਾਅਦ ਕੀਤੀ ਗਈ।

"ਓਥੀ 30 ਸਤੰਬਰ ਨੂੰ 84 ਸੀ ਅਤੇ ਹੁਣ ਇਹ 474 ਹੋ ਗਿਆ ਹੈ ਅਤੇ ਫੰ 10 ਵਿੱਚ 500 ਅੰਕਾਂ ਦਾ ਵਾਧਾ ਹੋਇਆ ਹੈ ਅਤੇ ਫੰ 7 ਵਿੱਚ 390 ਅੰਕਾਂ ਦਾ ਵਾਧਾ ਹੋਇਆ

(ਬਾਕੀ ਅਗਲੇ ਸਫੇ 'ਤੇ)

# "ਅਰਜੁਨ ਐਵਾਰਡੀ" ਸੁ ਸ਼੍ਰੀ ਵੰਦਨਾ ਕਟਾਰੀਆ



ਹਰਦੀਪ ਸਿੰਘ ਚੁੰਬਰ
+91-94636-01616

ਟੋਕੀਓ ਓਲੰਪਿਕ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀ ਹਾਕੀ ਸਟਾਰ ਵੰਦਨਾ ਕਟਾਰੀਆ ਨੂੰ ਹਾਕੀ ਇੰਡੀਆ ਦੀ ਸਿਫਾਰਿਸ਼ 'ਤੇ ਅਰਜੁਨ ਐਵਾਰਡ ਨਾਲ ਸਨਮਾਨਿਤ ਕੀਤਾ। ਉਨ੍ਹਾਂ ਨੂੰ ਖੇਡ ਮੰਤਰਾਲੇ ਵਿੱਚ ਪੁਰਸਕਾਰ ਲਈ ਚੁਣਿਆ ਗਿਆ ਹੈ। ਹਰਿਦੁਆਰ ਦੇ ਉਪ ਜ਼ਿਲ੍ਹਾ ਖੇਡ ਅਫ਼ਸਰ ਵਰੁਣ ਬੇਲਵਾਲ ਨੇ ਇਸ ਦੀ ਪੁਸ਼ਟੀ ਕੀਤੀ ਹੈ। ਭਰਾ ਪੰਕਜ ਕਟਾਰੀਆ ਨੇ ਦੱਸਿਆ ਕਿ ਉਹ ਵੰਦਨਾ ਨੂੰ ਅਰਜੁਨ ਐਵਾਰਡ ਮਿਲਣ ਤੋਂ ਬਹੁਤ ਖੁਸ਼ ਹੈ। ਵੰਦਨਾ ਦੇ ਘਰ ਆਉਣ 'ਤੇ ਉਸ ਦਾ ਵਿਸ਼ੇਸ਼ ਸੁਆਗਤ ਕੀਤਾ ਜਾਵੇਗਾ।



**ਪਰਿਵਾਰ ਵਿੱਚ ਖੁਸ਼ੀ ਦੀ ਲਹਿਰ**

ਵੰਦਨਾ ਨੂੰ ਅਰਜੁਨ ਐਵਾਰਡ ਮਿਲਣ ਦੇ ਐਲਾਨ ਤੋਂ ਬਾਅਦ ਪਰਿਵਾਰ ਦੇ ਨਾਲ-ਨਾਲ ਖੇਡ ਅਧਿਕਾਰੀਆਂ ਅਤੇ ਖੇਡ ਪ੍ਰੇਮੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਵੰਦਨਾ ਕਟਾਰੀਆ ਦੇ ਪਰਿਵਾਰਕ ਮੈਂਬਰਾਂ ਨੇ ਮਠਿਆਈਆਂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਪਰਿਵਾਰ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਲਈ ਦੀਵਾਲੀ ਦਾ ਤੋਹਫਾ ਹੈ।

**ਹੈਟ੍ਰਿਕ ਲਗਾ ਕੇ ਇਤਿਹਾਸ ਰਚਿਆ**

ਹਰਿਦੁਆਰ ਦੇ ਰੋਸ਼ਨਾਬਾਦ ਪਿੰਡ ਦੀ ਰਹਿਣ ਵਾਲੀ ਭਾਰਤੀ ਮਹਿਲਾ ਹਾਕੀ ਟੀਮ ਦੀ ਖਿਡਾਰਨ ਵੰਦਨਾ ਕਟਾਰੀਆ ਨੇ ਟੋਕੀਓ ਓਲੰਪਿਕ 'ਚ ਦੱਖਣੀ ਅਫਰੀਕਾ ਖਿਲਾਫ ਮੈਚ 'ਚ ਹੈਟ੍ਰਿਕ ਬਣਾ ਕੇ ਇਤਿਹਾਸ ਰਚ ਦਿੱਤਾ ਹੈ। ਅਜਿਹਾ ਕਰਨ ਵਾਲੀ ਉਹ ਪਹਿਲੀ ਭਾਰਤੀ ਮਹਿਲਾ ਹਾਕੀ ਖਿਡਾਰਨ ਬਣ ਗਈ ਹੈ।ਇਸ ਤੋਂ ਬਾਅਦ ਰੋਸ਼ਨਾਬਾਦ ਦੀ ਧੀ ਨੇ ਦੇਸ਼-ਵਿਦੇਸ਼ 'ਚ ਵੱਡੀ ਭੂਮਿਕਾ ਨਿਭਾਈ। ਧਰਮਨਗਰੀ ਪਰਤਣ 'ਤੇ ਲੋਕਾਂ ਨੇ ਧੀ ਨੂੰ ਸਿਰ 'ਤੇ ਰੱਖ ਦਿੱਤਾ। ਸੂਬਾ ਸਰਕਾਰ ਨੇ ਉਨ੍ਹਾਂ ਨੂੰ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਬ੍ਰਾਂਡ ਅੰਬੈਸਡਰ ਐਲਾਨਿਆ ਸੀ। ਇਸ ਤੋਂ ਇਲਾਵਾ ਉਸ ਨੂੰ 25 ਲੱਖ ਦਾ ਨਕਦ ਇਨਾਮ ਵੀ ਦਿੱਤਾ ਗਿਆ।

**ਆਖਰ ਪਿਤਾ ਦੀ ਇੱਛਾ ਪੂਰੀ ਹੋ ਗਈ**

ਵੰਦਨਾ ਕਟਾਰੀਆ ਦੇ ਭਰਾ ਪੰਕਜ ਕਟਾਰੀਆ ਨੇ ਦੱਸਿਆ ਕਿ ਸਾਲ 2015 ਵਿੱਚ ਵੀ ਵੰਦਨਾ ਨੂੰ ਅਰਜੁਨ ਐਵਾਰਡ ਦੇਣ ਦੀ ਸਿਫਾਰਿਸ਼ ਕੀਤੀ ਗਈ ਸੀ। ਪਿਤਾ ਨਾਹਰ ਸਿੰਘ ਨੇ ਕਾਮਨਾ ਕੀਤੀ ਕਿ ਬੇਟੀ ਵੰਦਨਾ ਕਟਾਰੀਆ ਨੂੰ ਅਰਜੁਨ ਐਵਾਰਡ ਮਿਲੇ। ਉਸ ਸਮੇਂ ਵੰਦਨਾ ਨੂੰ ਅਰਜੁਨ ਐਵਾਰਡ ਲਈ ਚੁਣਿਆ ਨਹੀਂ ਜਾ ਸਕਿਆ ਸੀ।



ਭਰਾ ਪੰਕਜ ਕਟਾਰੀਆ ਨੇ ਦੱਸਿਆ ਕਿ ਪਿਤਾ ਨੇ ਵੰਦਨਾ ਨੂੰ ਉਤਸ਼ਾਹਿਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਵੰਦਨਾ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਆਪਣੇ ਦੋਸਤ ਦੀ ਤਰ੍ਹਾਂ ਪਿਤਾ ਨੇ ਵੀ ਵੰਦਨਾ ਦੇ ਸੰਘਰਸ਼ ਦੌਰਾਨ ਸਾਥ ਦਿੱਤਾ। ਉਸ ਨੇ ਦੱਸਿਆ ਕਿ ਵੰਦਨਾ ਨੂੰ ਅਰਜੁਨ ਐਵਾਰਡ ਮਿਲਣ ਦੀ ਉਸ ਦੇ ਪਿਤਾ ਦੀ ਇੱਛਾ ਪੂਰੀ ਹੋ ਗਈ।

ਉਸ ਨੇ ਦੱਸਿਆ ਕਿ ਜੇਕਰ ਅੱਜ ਉਸ ਦਾ ਪਿਤਾ ਜ਼ਿੰਦਾ ਹੁੰਦਾ ਤਾਂ ਉਹ ਬਹੁਤ ਖੁਸ਼ ਹੁੰਦਾ। ਵੰਦਨਾ ਦੀ ਮਾਂ ਸੋਰਨ ਦੇਵੀ ਨੇ ਵੀ ਬੇਟੀ ਦੇ ਅਰਜੁਨ ਐਵਾਰਡ ਲਈ ਚੁਣੇ ਜਾਣ 'ਤੇ ਖੁਸ਼ੀ ਜ਼ਾਹਰ ਕੀਤੀ ਹੈ।

ਪਿੰਡ ਵਾਸੀਆਂ ਸੁਬੋਧ ਪਾਲ, ਅਭਿਸ਼ੇਕ, ਪ੍ਰਮੋਦ ਪਾਲ, ਜੋਗਿੰਦਰ ਕਟਾਰੀਆ, ਜਗਦੀਸ਼ ਸ਼ਰਮਾ, ਦਿਲਸ਼ਾਦ ਖਾਨ, ਰੋਸ਼ਨ ਖਾਨ, ਰਾਜਵੀਰ ਸਿੰਘ ਕਟਾਰੀਆ ਆਦਿ ਨੇ ਵੀ ਵੰਦਨਾ ਨੂੰ ਅਰਜੁਨ ਐਵਾਰਡ ਮਿਲਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

# ਗੁਜਰਾਤ ਉਸਾਰੀ ਮਜ਼ਦੂਰ ਦੀ ਧੀਹੀਰਲ ਬਣੀ ਆਈਏਐਸ ਅਫਸਰ

ਕੌਣ ਕਹਿੰਦਾ ਹੈ ਅਸਮਾਨ ਵਿੱਚ ਸੁਰਾਖ ਨਹੀਂ ਹੋ ਸਕਦਾ। ਇਸ ਗਲ ਨੂੰ ਸੱਚ ਕਰ ਦਿਖਾਇਆ ਹੈ ਇਕ ਉਸਾਰੀ ਮਜਦੂਰ ਦੀ ਧੀ ਨੇ ਜਿਹੜਾ 150 ਦਿਹਾੜੀ ਕਮਾਉਂਦਾ ਆਪਣੇ ਬੱਚੇ ਪਾਲਦਾ ਰਿਹਾ ਹੈ। ਲੋਕਡਾਊਨ ਲਗਦੇ ਉਹ ਵੀ ਜਾਂਦੀ ਰਹੀ ਸੀ। ਜਾਂਬਾਜ ਲੋਕ ਸੁਪਨੇ ਵੀ ਦੇਖਦੇ ਹਨ ਉਹਨਾ ਨੂੰ ਸਾਕਾਰ ਵੀ ਕਰਦੇ ਹਨ। ਧਨਵਾਨ ਲੋਕ ਅਤੇ ਉਹਨਾ ਦੀ ਮੂੰਹ ਵਿੱਚ ਸੋਨੇ ਦਾ ਚਮਚ ਲੈ ਕੇ ਪੈਦਾ ਹੋਈ ਉਹਨਾ ਦੀ ਔਲਾਦ ਲੱਖਾ ਕਰੋੜਾਂ ਦਾ ਖਰਚਾ ਕਰ ਮੰਜਲ ਉੱਤੇ ਪਹੁੰਚ ਜਾਂਦੇ ਹਨ। ਲੇਕਿਨ ਧਨ ਅਤੇ ਸਾਧਨਾ ਤੋਂ ਮੁਹਥਾਜ, ਇਥੋਂ ਤਕ ਕਿ ਖਾਣ ਪੀਣ ਅਤੇ ਰਹਿਣ ਸਹਿਣ ਵਰਗੀਆਂ ਆਮ ਸਹੂਲਤਾਂ ਲਈ ਦੋ ਚਾਰ ਹੋਣ ਵਾਲੇ ਲੋਕ ਅਤੇ ਉਹਨੀ ਔਲਾਦ ਜਦੋਂ ਉਸੇ ਮੰਜਿਲ ਨੂੰ ਹਾਸਲ ਕਰ ਲੈਂਦੇ ਹਨ ਤਾਂ ਉਹਨਾ ਗਾਥਾ ਤਾਂ ਮਹਾਨ ਹੰਦੀ ਹੈ ਗਾਥਾ ਗਾਉਣੀ ਤਾਂ ਬਣਦੀ ਹੀ ਹੈ।

ਜੇ ਕਰ ਮੀਡੀਆ ਵੀ ਅਜਿਹੇ ਲੋਕਾਂ ਨੂੰ ਉਸੇ ਹੀ ਨਜਰ ਨਾਲ ਦੇਖਦਾ, ਲਿਖਦਾ, ਤੋਲਦਾ ਹੋਇਆ ਦੋ ਸ਼ਬਦ ਲਿਖਦਾ ਹੈ ਜਿਸ ਨਾਲ ਧਨਪਤੀਆਂ ਦੀ ਔਲਾਦ ਦੀ ਕਾਮਯਾਬੀ ਨੂੰ ਤੋਲਦੇ ਹੋਏ ਲਿਖਦਾ ਹੈ ਤਾਂ ਮੇਰੀ ਨਜ਼ਰ ਵਿੱਚ ਸੰਸਾਰ ਵਿੱਚ ਉਹ ਮੀਡੀਆ ਵਾਲੇ ਅਜਿਹੇ ਲੋਕ ਸਭ ਨਾਲੋਂ ਵੱਡੇ ਗੁਨਾਹਗਾਰ ਹੁੰਦੇ ਹਨ। ਠੀਕ ਹੈ ਧਨਵਾਨ ਆਪਣੀ ਉਪਲਭਦੀ ਅਤੇ ਸ਼ੋਹਰਤ ਦੀ ਗਾਥਾ ਦੇ ਸ਼ੋਹਲੇ ਗਾਉਣ ਲਈ ਮੀਡੀਆ ਦਾ ਧਨ ਨਾਲ ਸਵਾਗਤ ਕਰਦਾ ਰਿਹਾ ਹੈ, ਧਨ ਹਰ ਇਕ ਦੀ ਲੋੜ ਵੀ ਹੈ, ਮੀਡੀਆ ਦੀ ਵੀ ਹੈ, ਕੋਈ ਦੋ ਰਾਇ ਨਹੀਂ ਹੋ ਸਕਦੀ। ਧਨ ਕਮਾਉਣ ਦੀ ਵੀ ਹੱਦ ਹੀ ਚਾਹੀਦੀ ਹੈ। ਵਿਚਾਰ ਸਭ ਦਾ ਆਪਣਾ ਹੈ। ਲੇਕਿਨ ਸਮਾਂ ਕਦੇ ਵੀ ਬਦਲ ਜਾਂਦਾ ਹੈ ਯਾਦ ਰਖਣਾ ਚਾਹੀਦਾ ਹੈ, ਮਾਨਵਤਾ ਅਤੇ ਇਨਸਾਫ ਕੁਦਰਤ ਹਮੇਸ਼ਾ ਕਰਦੀ ਆਈ ਹੈ ਅਤੇ ਮਨੁੱਖ ਵੀ ਕਰਦੇ ਰਹੇ ਹਨ। ਹਰ ਅੱਛੇ ਅੱਛੇ ਬੁਰੇ ਕਰਮ ਦਾ ਕੁਦਰਤ ਉਸੇ ਰੂਪ ਵਿੱਚ ਹਰ ਇੱਕ ਨੂੰ ਮੋੜ ਦਿੰਦੀ ਹੈ। ਸੰਤ ਮਹਾਤਮਾਂ ਆਪਣੇ ਆਪਣੇ ਢੰਗ ਨਾਲ ਸਮਝਾਉਂਦੇ ਆਏ ਹਨ ਅਤੇ ਇਸੇ ਲਈ ਸੰਤ ਕਬੀਰ ਜੀ ਨੇ ਸਮਝਾਉਂਦੇ ਹੋਏ ਸਬਰ ਸੰਤੋਖ ਦੀ ਗਲ ਕੀਤੀ ਅਤੇ ਕਿਹਾ ਸੀ,
"ਸਾਈ ਇਤਨਾ ਦੀਜੀਏ, ਜਿਸਮੇਂ ਕੁਟਮ ਸਮਾਏ।
ਮੈਂ ਵੀ ਭੁੱਖਾ ਨਾ ਰਹੂੰ, ਸਾਧੂ ਨਾ ਭੁੱਖਾ ਜਾਏ।

ਲੋਕ ਜੋ ਜਾਗਦੇ ਹੋਏ ਸੁਪਨੇ ਦੇਖਦੇ ਹਨ ਕੋਸ਼ਿਸ਼ ਕਰਦੇ ਹਨ ਮੰਜਿਲ ਉੱਤੇ ਪਹੁੰਚ ਹੀ ਜਾਂਦੇ ਹਨ। ਗੁਜਰਾਤ ਦੇ ਬੇਟੀ ਹੀਰਲ ਨੇ ਵੀ ਸੱਚ ਕਰ ਦਿਖਾਇਆ। ਉਸ ਦੇ ਪਿਤਾ ਬਕੁਲਭਾਈ ਅਮਰੇਲੀ ਦੇ ਵਸਨੀਕ ਹਨ ਅਤੇ ਉਹ ਇੱਕ ਨਿਰਮਾਣ ਮਜ਼ਦੂਰ ਵਜੋਂ ਸੂਰਤ ਚਲੇ ਗਏ ਸਨ ਜਿੱਥੇ ਹੀਰਲ ਅਤੇ ਦੋ ਭੈਣ-ਭਰਾਵਾਂ ਸਮੇਤ ਪੂਰਾ ਪਰਿਵਾਰ ਰਹਿੰਦਾ ਸੀ। "ਹੀਰਲ, ਮੇਰੀ ਵੱਡੀ ਧੀ ਬਚਪਨ ਤੋਂ ਹੀ ਪੜ੍ਹਾਈ ਵਿੱਚ ਚੰਗੀ





ਰਹੀ ਹੈ। ਮੈਨੂੰ ਮਾਣ ਹੈ ਕਿ ਉਹ ਇੱਕ ਕਲਾਸ ਵਨ ਅਫਸਰ ਬਣ ਗਈ ਹੈ, "ਬਕੁਲਭਾਈ ਨੇ ਕਿਹਾ, ਜਿਸ ਨੂੰ ਮਹਾਂਮਾਰੀ ਅਤੇ ਤਾਲਾਬੰਦੀ ਕਾਰਨ ਸੂਰਤ ਵਿੱਚ ਕੰਮ ਮੁੱਕ ਜਾਣ ਤੋਂ ਬਾਅਦ ਸਾਵਰਕੁੰਡਲਾ ਤਾਲੁਕਾ ਦੇ ਦਧੀਆ ਪਿੰਡ ਵਿੱਚ ਉਸ ਨੂੰ ਆਪਣੇ ਜੱਦੀ ਘਰ ਪਰਤਣਾ ਪਿਆ।

ਬਕੁਲਭਾਈ ਸੂਰਤ ਵਿੱਚ ਰੋਜ਼ਾਨਾ 150 ਰੁਪਏ ਕਮਾ ਲੈਂਦੇ ਸਨ, ਪਰ ਜਦੋਂ ਉਹ ਵੀ ਆਉਣਾ ਬੰਦ ਹੋ ਗਿਆ, ਤਾਂ ਉਹ ਵਾਪਸ ਆਪਣੇ ਜੱਦੀ ਘਰ ਚਲਾ ਗਿਆ ਅਤੇ ਪਿਛਲੇ ਦੋ ਸਾਲਾਂ ਤੋਂ ਖੇਤੀ ਕਰਨ ਲੱਗ ਪਿਆ, ਜਦੋਂ ਕਿ ਉਸਦੇ ਬੱਚੇ ਸੂਰਤ ਵਿੱਚ ਪੜ੍ਹਦੇ ਰਹੇ। "ਉਹ (ਹੀਰਲ) ਮੇਰੀ ਵਿੱਤੀ ਸਥਿਤੀ ਨੂੰ ਜਾਣਦੀ ਸੀ ਅਤੇ ਪੜ੍ਹਾਈ 'ਤੇ ਪੈਸਾ ਖਰਚ ਨਹੀਂ ਕਰਦੀ ਸੀ," ਮਾਣ ਵਾਲੇ ਪਿਤਾ ਨੇ ਦੱਸਿਆ। ਹੀਰਲ ਨੇ ਸੂਰਤ ਅਤੇ ਅਹਿਮਦਾਬਾਦ ਦੋਵਾਂ ਵਿੱਚ ਗੁਜਰਾਤੀ ਮਾਧਿਅਮ ਵਿੱਚ ਪੜ੍ਹਾਈ ਕੀਤੀ। ਉਸਨੇ 10ਵੀਂ ਜਮਾਤ ਵਿੱਚ 90 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਸਨ, ਪਰ ਉਹਨਾਂ ਦੀ ਮੁਸ਼ਕਲ ਇਹ ਸੀ ਕਿ ਉਸਦੀ ਸਕੂਲ ਫੀਸਾਂ ਬਕਾਇਆ ਹੋਣ ਕਰਕੇ ਉਸਦੀ ਮਾਰਕਸ਼ੀਟ ਰੱਖੀ ਗਈ ਸੀ। 12ਵੀਂ ਜਮਾਤ ਤੋਂ ਬਾਅਦ ਸਾਇੰਸ, ਇੰਜੀਨੀਅਰਿੰਗ ਕਰਨ ਦੀ ਇੱਛਾ ਦੇ ਬਾਵਜੂਦ, ਉਸਨੇ ਕਾਮਰਸ ਦੀ ਚੋਣ ਕੀਤੀ ਅਤੇ ਕਿਸਮਤ ਉਸ 'ਤੇ ਹੱਸ ਪਈ। ਉਸ ਨੂੰ ਕਾਲਜ ਵਿਚ ਸਕਾਲਰਸ਼ਿਪ ਮਿਲੀ।

"ਮੈਂ ਫੰਛਲਈ ਇੱਕ ਵਾਰ ਕੋਸ਼ਿਸ਼ ਕੀਤੀ, ਪਰ ਮੈਂ ਮੁਢਲੀ ਪ੍ਰੀਖਿਆ ਨਹੀਂ ਕਰ ਸਕੀ ਕਿਉਂਕਿ ਯੋਗਤਾ ਪੇਪਰ ਗਣਿਤ 'ਤੇ ਅਧਾਰਤ ਸੀ। ਮੈਂ ਉਸ ਤੋਂ ਬਾਅਦ ਚੰਗੀ ਤਰ੍ਹਾਂ ਤਿਆਰੀ ਕੀਤੀ ਅਤੇ ਹੁਣ ਦੁਬਾਰਾ ਪ੍ਰੀਖਿਆ ਦੇਣ ਜਾ ਰਹੀ ਹਾਂ, "ਹੀਰਲ ਨੇ ਕਿਹਾ, ਜਿਸ ਨੇ ਯੂਪੀਐਸਸੀ ਲਈ ਗੁਜਰਾਤੀ ਸਾਹਿਤ ਨੂੰ ਆਪਣੇ ਵਿਕਲਪਿਕ ਵਿਸ਼ੇ ਵਜੋਂ ਚੁਣਿਆ ਹੈ। ਉਸਨੇ ਅਕਤੂਬਰ 2019 ਵਿੱਚ (GPSC) ਲਈਆਂ, ਪਰ ਕੋਵਿਡ ਨੇ ਮੇਨ ਵਿੱਚ ਦੇਰੀ ਕਰ ਦਿੱਤੀ ਜੋ ਮਾਰਚ 2021 ਵਿੱਚ ਆਯੋਜਿਤ ਕੀਤੀ ਗਈ ਸੀ। ਉਸਦੀ ਇੰਟਰਵਿਊ ਅਗਸਤ ਵਿੱਚ ਆਯੋਜਿਤ ਕੀਤੀ ਗਈ ਸੀ।

ਬਚਪਨ ਸੇ ਦੁਖੋਂ ਕਾ ਇਤਨਾ ਭੋਜ ਉਠਾਇਆ ਹੈ। ਕੀ ਅਬ ਔਰ ਭੋਜ ਉਠਨੇ ਕੀ ਹਿੰਮਤ ਨਹੀਂ ਰਹੀ' - (ਬਚਪਨ ਤੋਂ ਇੰਨੀ ਕਠਿਨਾਈ ਦਾ ਸਾਹਮਣਾ ਕਰਨਾ, ਕਿ ਹੁਣ ਲੈਣ ਦੀ ਹਿੰਮਤ ਨਹੀਂ ਹੈ) ਇੱਕ ਸੰਵਾਦ ਜੋ ਸ਼ਾਇਦ ਅਗਵਾਈ ਕਰਦਾ ਹੈ ਇੱਕ 10ਵੀਂ ਜਮਾਤ ਦੀ ਕੁੜੀ ਅਚੇਤ ਤੌਰ 'ਤੇ ਜ਼ਿੰਦਗੀ ਨੂੰ ਬਦਲਣ ਵਾਲਾ ਫੈਸਲਾ ਲੈਣ ਲਈ, ਭਾਵੇਂ ਉਹ ਬਾਲੀਵੁੱਡ ਬਲਾਕਬਸਟਰ ਫਿਲਮ, ਸੂਰਜਵੰਸ਼ਮ ਨੂੰ ਦੇਖ ਰਹੀ ਸੀ। ਉਹ ਜਾਣਦੀ ਸੀ ਕਿ ਉਹ ਇੱਕ 'ਕੁਲੈਕਟਰ' ਬਣਨਾ ਚਾਹੁੰਦੀ ਹੈ ਅਤੇ ਹੀਰਲ ਭੱਲਾ ਨੇ ਇੱਕ ਦਿਨ ਆਈਏਐਸ ਇਮਤਿਹਾਨ ਵਿੱਚ ਕਾਮਯਾਬ ਹੋਣ ਲਈ ਆਪਣਾ ਮਨ ਪੱਕਾ ਕਰ ਲਿਆ।

ਉਸਾਰੀ ਮਜ਼ਦੂਰ ਦੀ ਧੀ ਨੂੰ ਸਫਰ ਤਹਿ ਕਰਨ ਲਈ ਨਾਬਾਲਗ ਲੜਕੀ ਨੇ ਹਰ ਕਦਮ 'ਤੇ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਉਸ ਦੇ ਬਾਵਜੂਦ, ਨਾਬਾਲਗ ਲੜਕੀ ਨੇ ਇੱਟ ਨਾਲ ਇੱਟ ਖੜਕਾ ਕੇ ਆਪਣੇ ਸੁਪਨੇ ਦੀ ਨੀਂਹ ਰੱਖੀ। ਹਾਲਾਂਕਿ, ਉਸ ਦਾ ਸਾਰਾ ਸਮਰਪਣ ਉਦੋਂ ਸਫਲ ਹੋ ਗਿਆ ਜਦੋਂ ਪਿਛਲੇ ਹਫ਼ਤੇ ਉਸਨੇ ਗੁਜਰਾਤ ਪਬਲਿਕ ਸਰਵਿਸ ਕਮਿਸ਼ਨ (GPSC) ਦੀ ਪ੍ਰੀਖਿਆ ਪਾਸ ਕੀਤੀ, ਪਰ ਭਾਵੇਂ ਉਹ ਡਿਪਟੀ ਕਲੈਕਟਰ ਵਜੋਂ ਆਪਣੀ ਨਿਯੁਕਤੀ ਦੀ ਉਡੀਕ ਕਰ ਰਹੀ ਹੈ, ਹੀਰਲ ਨੇ ਆਪਣੇ ਅੰਤਮ ਟੀਚੇ ਨੂੰ ਨਹੀਂ ਗੁਆਇਆ - ਇੱਕ ਆਈਏਐਸ ਅਧਿਕਾਰੀ ਬਣਨਾ। ਹੀਰਲ ਨੇ ਡਿਪਟੀ ਕਲੈਕਟਰ ਦਫ਼ਤਰ ਤੋਂ, ਉਸਨੇ ਆਈਏਐਸ ਦੇ ਸੁਪਨੇ ਨੂੰ ਪੂਰਾ ਕੀਤਾ।

# ਹਵਾ ਪ੍ਰਦੂਸ਼ਣ ਲਈ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਇੱਕ ਫੈਸ਼ਨ ਬਣ ਗਿਆ ਹੈ, ਸੁਪਰੀਮ ਕੋਰਟ ਦੇ ਜੱਜ ਜਸਟਿਸ ਕਾਂਤ ਨੇ ਕਿਹਾ

**(ਸਫਾ 17 ਦੀ ਬਾਕੀ)**

ਹੈ।।ਸ਼ਾਇਦ ਇਸ ਦਾ ਪਰਾਲੀ ਸਾੜਨ ਅਤੇ ਹੱਲ ਇੱਕ ਲਾਗਤ ਪ੍ਰਭਾਵਸ਼ਾਲੀ ਵਿਧੀ (ਪਰਾਲੀ ਤੋਂ ਛੁਟਕਾਰਾ ਪਾਉਣ ਲਈ) ਵਿੱਚ ਹੈ। ਇਸ ਦੀ ਬਜਾਏ ਜਲਾਉਣਾ), "ਮਹਿਰਾ ਨੇ ਜਸਟਿਸ ਕਾਂਤ ਤੋਂ ਸਵਾਲ ਪੁੱਛਦੇ ਹੋਏ ਕਿਹਾ। ਜਸਟਿਸ ਸੂਰਿਆ ਕਾਂਤ ਨੇ ਸੁਣਵਾਈ ਦੌਰਾਨ ਕਿਹਾ, "ਮੈਂ ਇੱਕ ਕਿਸਾਨ ਹਾਂ, ਸੀਜੇਆਈ ਵੀ ਇੱਕ ਕਿਸਾਨ ਪਰਿਵਾਰ ਤੋਂ ਹੈ, ਅਸੀਂ ਜਾਣਦੇ ਹਾਂ।"ਜਸਟਿਸ ਕਾਂਤ ਨੂੰ ਸਾਲਿਸਿਟਰ ਜਨਰਲ (ਐਸਜੀ) ਤੁਸ਼ਾਰ ਮਹਿਤਾ, ਜੋ ਕੇਂਦਰ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸਨ, ਨੂੰ ਹਵਾ ਗੁਣਵੱਤਾ ਸੂਚਕਾਂਕ ਵਿੱਚ ਗਿਰਾਵਟ ਵਿੱਚ ਯੋਗਦਾਨ ਪਾਉਣ ਵਾਲੇ ਹੋਰ ਕਾਰਕਾਂ ਬਾਰੇ ਵੀ ਪੁੱਛਿਆ ਗਿਆ।ਐਸਜੀ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਸਥਿਤੀ ਦੇ ਹੱਲ ਲਈ ਅੱਜ ਸਬੰਧਤ ਰਾਜਾਂ ਦੇ ਮੁੱਖ ਸਕੱਤਰਾਂ ਦੀ ਹੰਗਾਮੀ ਮੀਟਿੰਗ ਬੁਲਾਈ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਮੀਟਿੰਗ ਵਿੱਚ ਪ੍ਰਦੂਸ਼ਣ ਦੇ ਪੱਧਰ ਨੂੰ ਘੱਟ ਕਰਨ ਲਈ ਚੁੱਕੇ ਜਾਣ ਵਾਲੇ ਹੰਗਾਮੀ ਉਪਾਵਾਂ ਬਾਰੇ ਚਰਚਾ ਕੀਤੀ ਜਾਵੇਗੀ।ਸੀਜੇਆਈ ਨੇ ਕਿਹਾ, "ਤੁਸੀਂ ਪੰਜਾਬ, ਹਰਿਆਣਾ ਦੇ ਮੁੱਖ ਸਕੱਤਰਾਂ ਨੂੰ ਕੁਝ ਦਿਨਾਂ ਲਈ ਪਰਾਲੀ ਸਾੜਨ ਤੋਂ ਰੋਕਣ ਲਈ ਕਿਉਂ ਨਹੀਂ ਕਹਿੰਦੇ?"ਐਸਜੀ ਨੇ ਜਵਾਬ ਦਿੱਤਾ, "ਮੁੱਖ ਸਕੱਤਰ ਅੱਜ ਮੀਟਿੰਗ ਕਰ ਰਹੇ ਹਨ। ਸਿਆਸੀ ਪਾਰਟੀਆਂ ਦੇ ਰੰਗਾਂ ਨਾਲ ਕੋਈ ਫਰਕ ਨਹੀਂ ਪੈਂਦਾ। ਇਹ ਸਾਂਝੀ ਜ਼ਿੰਮੇਵਾਰੀ ਹੈ।। ਪਰ ਲਾਗੂ ਕਰਨਾ ਰਾਜ ਪੱਧਰ 'ਤੇ ਹੋਣਾ ਚਾਹੀਦਾ ਹੈ," ਐਸਜੀ ਨੇ ਜਵਾਬ ਦਿੱਤਾ। ਸੁਪਰੀਮ ਕੋਰਟ ਨੇ ਕੇਂਦਰ ਨੂੰ ਹਿੱਸੇਦਾਰਾਂ ਨਾਲ ਮੀਟਿੰਗ ਕਰਨ ਅਤੇ ਸੋਮਵਾਰ ਨੂੰ ਵਾਪਸ ਜਾਣ ਲਈ ਕਿਹਾ ਹੈ।ਫਿਰ ਮਾਮਲਾ ਸੋਮਵਾਰ, 15 ਅਕਤੂਬਰ ਲਈ ਮੁਲਤਵੀ ਕਰ ਦਿੱਤਾ ਗਿਆ ਜਦੋਂ ਐਸਜੀ ਨੂੰ ਮੀਟਿੰਗ ਦੇ ਨਤੀਜੇ ਅਤੇ ਵਧ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਲਾਗੂ ਕੀਤੇ ਜਾਣ ਵਾਲੇ ਹੰਗਾਮੀ ਉਪਾਵਾਂ ਦੇ ਨਾਲ ਅਦਾਲਤ ਵਿੱਚ ਵਾਪਸ ਜਾਣ ਦੀ ਉਮੀਦ ਹੈ।

# ਲੋਕ ਸ਼ਾਹੀ 'ਚ "ਰਾਣੀ ਅਤੇ ਮਿਹਤਰਾਣੀ" ਦੀ ਵੋਟ ਦੀ ਇਕ ਕੀਮਤ ਹੁੰਦੀ ਐ

ਹਰਿਆਣਾ ਪ੍ਰਦੇਸ਼ ਦੀ ਸੂਬਾ ਇਕਾਈ ਵਲੋਂ ਅੰਬਾਲਾ ਛਾਉਣੀ ਦੇ ਗਾਂਧੀ ਮੈਦਾਨ ਵਿਚ 18 ਨਵੰਬਰ 1994 ਨੂੰ ਸੂਬਾ ਪਧਰੀ "ਦਲ ਬਦਲ ਵਿਰੋਧੀ ਰੈਲੀ" ਰੱਖੀ ਗਈ। ਪੰਜਾਬ ਦੇ ਆਗੂਆਂ ਤੇ ਕਾਰਕੁੰਨਾਂ ਨੂੰ ਇਸ ਰੈਲੀ ਵਿਚ ਹੁੰਮ ਹੁੰਮਾ ਕੇ ਪੁੱਜਣ ਦੀ ਖਾਸ ਤਾਗੀਦ ਕੀਤੀ ਗਈ ਸੀ। ਮੈਂ ਪੰਜਾਬ। ਇਕਾਈ ਦਾ ਉਪ ਪ੍ਰਧਾਨ ਸਾਂ ਮੇਰੇ ਪਾਸ ਇਕ ਜੁਗਾੜੂ ਜੀਪ ਸੀ ਜਦਕਿ ਪੰਜਾਬ ਦੇ ਦੂਜੇ ਅਹੁਦੇਦਾਰਾਂ, ਸਾਂਸਦਾਂ ਤੇ ਵਿਧਾਇਕਾਂ ਕੋਲ ਸਰਕਾਰੀ ਜਿਪਸੀਆਂ ਸਨ। "ਮਾੜਾ ਟੱਟੂ ਸੁਵੱਖਤੇ ਸੁਆਰੀ" ਦੀ ਕਹਾਵਤ ਮੁਤਾਬਕ ਮੈਂ ਆਪਣੇ ਚੋਣਵੇਂ ਸਾਥੀਆਂ (ਜਗਰੂਪ ਸਿੰਘ ਸੁਲਹਾਣੀ, ਚਮਕੌਰ ਸਿੰਘ ਮਾਛੀ ਬੁਗਰਾ, ਬਾਪੂ ਤਾਰਾ ਸਿੰਘ, ਤਾਊ ਕੁੰਦਨ ਲਾਲ ਵਾਂਅ, ਬੀਬੀ ਸੁਨੀਤਾ ਰਾਣੀ ਤਲਵੰਡੀ, ਸ੍ਰੀਮਤੀ ਰਾਣੀ ਕੌਰ ਸਾਈਆਂ ਵਾਲਾ ) ਨੂੰ ਨਾਲ ਲੈ ਕੇ 17 ਨਵੰਬਰ ਦੀ ਰਾਤ ਨੂੰ ਹੀ ਚੱਲ ਪਿਆ। ਮੇਰੀ ਜੀਪ ਦਾ ਡਰਾਇਵਰ ਸਜੌਲ ਸਿੰਘ ਬੜਾ ਉਤਸ਼ਾਹੀ ਤੇ ਹਿੰਮਤੀ ਨੌਜਵਾਨ ਸੀ। ਅਸੀਂ ਮੂੰਹ ਨ੍ਹੇਰੇ ਜਿਹੇ ਪਿੰਡ ਭੱਟੀਆਂ ਖੰਨੇ ਲਾਗੇ ਬਸਪਾ ਆਗੂ ਰਾਮ ਸਿੰਘ ਗੋਗੀ ਦੇ ਘਰ ਜਾ ਅਲਖ ਜਗਾਈ। ਉਹਨਾਂ ਨੇ ਸਾਨੂੰ ਚਾਹ ਪਾਣੀ ਪਿਆ ਕੇ ਤੇ ਰਜਾਈਆਂ ਚ ਆਰਾਮ ਕਰਨ ਦਾ ਪ੍ਰਬੰਧ ਕੀਤਾ। ਸਵੇਰੇ ਨਾਸ਼ਤਾ ਬਾਮਸੇਫ ਆਗੂ ਸ: ਸੁਖਵਿੰਦਰ ਸਿੰਘ ਭੱਟੀਆਂ ਦੇ ਘਰ ਕਰਕੇ ਜਿਪਸੀਆਂ ਵਾਲਿਆਂ ਤੋਂ ਪਹਿਲਾਂ ਹੀ ਅਸੀਂ ਰੈਲੀ ਵਾਲੇ ਸਥਾਨ ਤੇ ਪੁੱਜ ਗਏ।

ਇਸ ਰੈਲੀ ਨੂੰ ਸੰਬੋਧਨ ਕਰਦਿਆਂ ਬਹੁਜਨ ਸਮਾਜ ਪਾਰਟੀ ਦੇ ਜਨਮ ਦਾਤਾ ਮਾਨਯੋਗ ਕਾਂਸ਼ੀ ਰਾਮ ਜੀ ਨੇ ਗੁੱਸੇ ਦੇ ਰੌਂਅ ਚ ਕਿਹਾ ਕਿ ਹਰਿਆਣਾ ਪ੍ਰਦੇਸ਼ ਨੂੰ ਤਿਆਰ ਕਰਨ ਲਈ ਮੇਰੇ ਵਲੋਂ ਬਹੁਤ ਸਮਾਂ ਦਿਤਾ ਗਿਆ ਹੈ। ਪਰ ਏਥੇ ਅਸੀਂ ਅਜੇ ਤਕ ਕਾਮਯਾਬੀ ਦਾ ਮੂੰਹ ਨਹੀਂ ਦੇਖਿਆ। ਹੋਰ ਕਿੰਨਾ ਸਮਾਂ ਹਰਿਆਣਾ ਦੇ ਕੋਹੜੀ (ਕਮਜ਼ੋਰ) ਕਾਰਜ ਕਰਤਾਵਾਂ ਤੇ ਖਰਚ ਕੀਤਾ ਜਾ ਸਕਦਾ ਹੈ ਜਦ ਕਿ ਵੱਡੇ ਤੇ ਜਰਖੇਜ਼ ਸੂਬਿਆਂ ਨੂੰ ਵਧ ਸਮਾਂ ਦੇਣ ਦੀ ਜ਼ਰੂਰਤ ਹੈ ਜਿਹੜੇ ਥੋੜ੍ਹੀ ਮਿਹਨਤ ਨਾਲ ਜ਼ਿਆਦਾ ਕਾਮਯਾਬੀ ਹਾਸਲ ਕਰ ਰਹੇ ਹਨ। ਹਰਿਆਣਾ ਦੇ ਕੋਹੜੀ (ਕਮਜ਼ੋਰ) ਕਾਰਜ ਕਰਤਾਵਾਂ ਨੂੰ ਆਪਣਾ ਕੋਹੜ ਆਪ ਦੂਰ ਕਰਨਾ ਪਵੇਗਾ। ਸਾਡਾ ਕੋਹੜ ਦੂਰ ਕਰਨ ਲਈ ਕੋਈ ਦੂਜਾ ਨਹੀਂ ਆਏਗਾ।

ਦਲ ਬਦਲ ਵਿਰੋਧੀ ਰੈਲੀ ਦਾ ਜ਼ਿਕਰ ਕਰਦਿਆਂ ਉਹਨਾਂ ਨੇ ਆਖਿਆ ਕਿ ਹਰਿਆਣਾ ਚ ਅੰਬਾਲਾ ਦੀ ਲੋਕ ਸਭਾ ਸੀਟ ਦੀ ਵੀ ਚੋਣ ਹੋਣੀ ਐ ਉਸ ਵਿਚ ਮੇਰਾ ਵੀ ਯੋਗਦਾਨ ਹੋਣਾ ਚਾਹੀਦਾ ਐ। ਕਿਉਂਕਿ ਇਸ ਸੀਟ ਤੇ ਇਕ ਕਾਲਕਾ ਵਿਧਾਨ ਸਭਾ ਦੀ ਸੀਟ ਹੈ ਜਿੱਥੇ ਬਸਪਾ ਨੂੰ ਕੇਵਲ 6000 ਵੋਟ ਹੀ ਮਿਲੇ ਹਨ। ਡਰ ਹੈ ਕਿ ਅੰਬਾਲਾ ਲੋਕ ਸਭਾ ਸੀਟ ਤੇ ਵੀ ਕਿਤੇ ਇਸ ਤਰ੍ਹਾਂ ਦਾ ਹਿਸਾਬ ਕਿਤਾਬ ਨਾ ਹੋ ਜਾਵੇ। ਇਸ ਲਈ ਮੈਨੂੰ ਫ਼ਿਕਰ ਹੈ। ਕਿਉਂਕਿ ਆਉਣ ਵਾਲੇ ਡੇਢ ਸਾਲ ਚ ਕੇਂਦਰ ਦੀ ਸਰਕਾਰ ਸਾਡੇ ਸਮਾਜ ਦੀ ਹੋਣੀ ਚਾਹੀਦੀ ਐ। ਇਸ ਲਈ ਫ਼ਿਕਰ ਕਰਨ ਦਾ ਸਮਾਂ ਹੈ। ਸਾਨੂੰ ਪੂਰਾ ਭਰੋਸਾ ਹੈ ਕਿ ਬਹੁਜਨ ਸਮਾਜ ਆਉਣ ਵਾਲੇ ਡੇਢ ਸਾਲ ਦੇ ਅੰਦਰ ਅੰਦਰ ਆਪਣੇ ਅਸਲ ਸਥਾਨ ਤੇ ਪਹੁੰਚ ਜਾਏਗਾ।

ਉਹਨਾਂ ਦਸਿਆ ਕਿ ਇਸ ਦੇਸ਼ ਵਿਚ ਡੈਮੋਕਰੇਸੀ ਹੈ, ਲੋਕਸ਼ਾਹੀ ਹੈ, ਇਕ ਆਦਮੀ ਦਾ ਇਕ ਵੋਟ ਹੈ ਤੇ ਇਕ ਵੋਟ ਦੀ ਇਕ ਕੀਮਤ ਹੈ। ਜੋ ਕੀਮਤ ਰਾਣੀ ਦੇ ਵੋਟ ਦੀ ਹੈ ਉਹੀ ਕੀਮਤ ਮਿਹਤਰਾਣੀ ਦੇ ਵੋਟ ਦੀ ਹੈ। ਸੰਵਿਧਾਨ ਬਨਾਉਣ ਤੋਂ ਬਾਅਦ ਬਾਬਾ ਸਾਹਿਬ ਇਉਂ ਕਿਹਾ ਕਰਦੇ ਸਨ।ਰਾਣੀਆਂ ਤਾਂ ਬਹੁਤ ਘੱਟ ਹਨ ਪਰ ਮਿਹਤਰਾਣੀਆਂ ਤਾਂ ਬਹੁਤ ਜ਼ਿਆਦਾ ਹਨ। ਇਸ ਲਈ ਰਾਣੀਆਂ ਦਾ ਨਹੀਂ ਸਗੋਂ ਆਉਣ ਵਾਲੇ ਸਮੇਂ ਚ ਮਿਹਤਰਾਣੀਆਂ ਦਾ ਰਾਜ ਹੋਣਾ ਚਾਹੀਦਾ ਹੈ। ਕਿਉਂਕਿ ਹੁਣ ਵੋਟਾਂ ਦੇ ਆਧਾਰ ਤੇ ਰਾਜਭਾਗ ਚਲੇਗਾ। ਬਹੁਜਨ ਸਮਾਜ ਕੋਲ 100 ਚੋਂ 85 ਵੋਟ ਹਨ। ਸੌ ਚੋਂ ਪਚਾਸੀ ਵੋਟਾਂ ਵਾਲਿਆਂ ਦਾ ਰਾਜ ਹੋਣਾ ਚਾਹੀਦਾ ਹੈ। ਪੰਦਰਾਂ ਵਾਲਿਆਂ ਦਾ ਨਹੀਂ। ਪਰ ਅਜੇ ਤਕ ਪੰਦਰਾਂ ਵਾਲਿਆਂ ਦਾ ਰਾਜ ਚਲ ਰਿਹਾ ਹੈ। ਇਸ ਲਈ ਅਸੀਂ ਨਾਅਰਾ ਲਾਉਂਦੇ ਹਾਂ ਕਿ "ਵੋਟ ਹਮਾਰਾ ਰਾਜ ਤੁਮ੍ਹਾਰਾ, ਨਹੀਂ ਚਲੇਗਾ, ਨਹੀਂ ਚਲੇਗਾ"।

ਅੱਜ ਤਕ ਤਾਂ ਚਲਦਾ ਰਿਹਾ ਹੈ। ਹੁਣ ਅਸੀਂ ਬਹੁਜਨ ਸਮਾਜ ਬਣਾ ਰਹੇ ਹਾਂ, ਬਹੁਜਨ ਸਮਾਜ ਨੂੰ ਤਿਆਰ ਕਰਕੇ ਉਸਦੀ ਸ਼ਕਤੀ ਬਣਾ ਰਹੇ ਹਾਂ ਉਸਦੀ ਸ਼ਕਤੀ ਦਾ ਸਹਾਰਾ ਲੈਕੇ ਰਾਜ ਭਾਗ ਚਲਾਵਾਂਗੇ ਅਜਿਹਾ ਅਸੀਂ ਕੁਝ ਅਰਸੇ ਤੋਂ ਸੋਚ ਰਹੇ ਹਾਂ।

ਉਤਰ ਪ੍ਰਦੇਸ਼ ਹਰਿਆਣਾ ਤੋਂ 9 ਗੁਣਾਂ ਵੱਡਾ ਸੂਬਾ ਹੈ ਉਹ ਆਪਣੇ ਪੈਰਾਂ ਤੇ ਖੜ੍ਹਾ ਹੋਕੇ ਆਪਣੀ ਸ਼ਕਤੀ ਬਣਾ ਕੇ ਆਪਣੀ ਸਰਕਾਰ ਬਣਾ ਚੁੱਕਾ। ਹੈ। ਵੱਡੇ ਸੂਬੇ ਤਿਆਰ ਕਰਨ ਲਈ ਜ਼ਿਆਦਾ ਤਾਕਤ ਦੀ ਲੋੜ ਹੈ। ਪਰ ਛੋਟੇ ਸੂਬਿਆਂ ਚ ਤਾਂ ਥੋੜ੍ਹੀ ਤਾਕਤ ਨਾਲ ਹੀ ਇਹ ਕੰਮ ਹੋ ਸਕਦਾ ਹੈ। ਸਭ ਨੇ ਮਿਲ ਜੁਲ ਕੇ ਇਸ ਕੰਮ ਨੂੰ ਕਰਨਾ ਹੈ। ਬਹੁਜਨ ਸਮਾਜ ਬਨਾਉਣਾ ਹੈ ਆਪਣੀ ਸ਼ਕਤੀ ਬਨਾਉਣੀ ਹੈ ਤੇ ਉਸ ਸ਼ਕਤੀ ਨਾਲ ਦੂਜੇ ਪ੍ਰਦੇਸਾਂ ਦੀ ਤਰ੍ਹਾਂ ਕਾਮਯਾਬੀ ਹਾਸਲ ਕਰਨੀ ਹੈ। ਦੂਜੇ ਸਾਰੇ ਦੇਸ਼ ਵਿਚ ਤਾਂ ਬਹੁਜਨ ਸਮਾਜ ਬਣਾ ਕੇ ਸ਼ਕਤੀ ਬਨਾਉਣ ਦਾ ਕੰਮ 14 ਅਪ੍ਰੈਲ 1984 ਤੋਂ ਸ਼ੁਰੂ ਕੀਤਾ ਗਿਆ ਐ ਜਦੋਂ ਕਿ ਹਰਿਆਣਾ ਵਿਚ ਤਾਂ ਇਹ ਕਾਰਜ 1982 ਤੋਂ ਹੀ ਡੀ ਐਸ ਫੋਰ ਦੇ ਮਾਧਿਅਮ ਤੋਂ ਚੋਣ ਲੜਾ ਕੇ ਕੀਤਾ ਜਾ ਰਿਹਾ ਹੈ।

"ਆਯਾ ਰਾਮ ਗਯਾ ਰਾਮ" ਦਾ ਪ੍ਰਦੇਸ਼ ਹੈ ਹਰਿਆਣਾ। ਹਰਿਆਣਾ ਚ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧੀ ਵੱਡੇ ਪੱਧਰ ਤੇ ਵਿਕੇ ਹਨ ਭਜਨ ਲਾਲ ਇਸ ਬਾਰੇ ਦਸਦਾ ਰਹਿੰਦਾ ਹੈ।ਦੇਸ਼ ਦੇ ਦੂਜੇ ਸੂਬਿਆਂ ਚ ਤਾਂ ਚੁਣੇ ਹੋਏ ਨੁਮਾਇੰਦੇ ਹੁਣ ਵਿਕਣ ਲੱਗੇ ਹਨ। ਲੇਕਿਨ ਹਰਿਆਣਾ ਤਾਂ ਇਸ ਦਾ ਫਾਉਂਡਰ( ਜਨਮ ਦਾਤਾ )ਹੈ। ਅਸੀਂ "ਆਯਾ ਰਾਮ ਗਯਾ ਰਾਮ" ( ਦਲ ਬਦਲ) ਦੀ ਨੀਤੀ ਨੂੰ ਰੋਕਣਾ ਹੈ।

ਭਜਨ ਲਾਲ ਕਾਲਕਾ ਸੀਟ ਤੋਂ ਖ਼ਰੀਦੋ ਫਰੋਖ਼ਤ ਕਰਕੇ ਆਪਣੇ ਲੜਕੇ ਨੂੰ 70-80 ਹਜ਼ਾਰ ਵੋਟਾਂ ਨਾਲ ਚੁਣੇ ਕੇ ਲਿਆਇਆ ਹੈ ਜਿਥੇ ਬਹੁਜਨ ਸਮਾਜ ਦਾ ਵੋਟ ਭਾਰੀ ਗਿਣਤੀ ਵਿਚ ਹੈ ਕਿਉਂਕਿ ਬਹੁਜਨ ਸਮਾਜ ਜਾਨਵਰਾਂ ਦੀ ਤਰ੍ਹਾਂ ਵਿਕਦਾ ਹੈ।

ਆਪ ਨੇ ਅੱਗੇ ਬੋਲਦਿਆਂ ਕਿਹਾ ਕਿ ਹਜ਼ਾਰਾਂ ਸਾਲ ਬ੍ਰਾਹਣਵਾਦੀ ਵਿਵਸਥਾ ਨੇ ਸਾਡੇ ਨਾਲ ਜਾਨਵਰਾਂ ਵਾਂਗ ਵਿਹਾਰ ਕੀਤਾ, ਸਾਡੇ ਬਜ਼ੁਰਗਾਂ ਨੇ ਜਾਨਵਰਾਂ ਵਾਂਗ ਜੀਵਨ ਬਤੀਤ ਕੀਤਾ। ਪ੍ਰੰਤੂ ਪਿਛਲੇ ਡੇਢ ਸੌ ਸਾਲ ਤੋਂ ਸਾਡੇ ਰਹਿਬਰਾਂ (ਜੋਤੀ ਬਾ ਫੂਲੇ ਤੋਂ ਲੈਕੇ ਬਾਬਾ ਸਾਹਿਬ ਅੰਬੇਡਕਰ ਤਕ) ਨੇ ਜੋ ਸੰਘਰਸ਼ ਕੀਤਾ ਉਸ ਸਦਕਾ ਸਾਨੂੰ ਮਾਨਵੀ ਹੱਕ ਮਿਲੇ ਹਨ। ਜੋ ਹੱਕ ਬ੍ਰਾਹਮਣਵਾਦੀ ਵਿਵਸਥਾ ਦੇ ਆਧਾਰ ਨਹੀਂ ਮਿਲੇ ਸਨ ਉਹ ਹੱਕ ਸਾਡੇ ਰਹਿਬਰਾਂ ਨੇ ਸੰਘਰਸ਼ ਕਰਕੇ ਦਿਵਾਏ। ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਬਾਬਾ ਸਾਹਿਬ ਨੇ ਜਦੋਂ ਉਹਨਾਂ ਨੂੰ ਸੰਵਿਧਾਨ ਬਨਾਉਣ ਦਾ ਮੌਕਾ ਮਿਲਿਆ ਤਾਂ ਉਹਨਾਂ ਨੇ ਮਾਨਵੀ ਅਧਿਕਾਰਾਂ ਦੇ ਨਾਲ ਨਾਲ ਸਾਨੂੰ ਬਰਾਬਰੀ ਦੇ ਹੱਕ ਵੀ ਦਿਵਾਏ। ਉਹ ਕਿਹਾ ਕਰਦੇ ਸਨ ਕਿ "ਹਜ਼ਾਰਾਂ ਸਾਲਾਂ ਤੋਂ ਸਾਨੂੰ ਮਾਨਵਤਾ ਤੇ ਬਰਾਬਰੀ ਦਾ ਹੱਕ ਨਹੀਂ ਮਿਲਿਆ ਅੱਜ ਜਦੋਂ ਸਾਨੂੰ ਵੋਟ ਦਾ, ਬਰਾਬਰੀ ਦਾ ਹੱਕ ਮਿਲਿਆ ਹੈ ਤਾਂ ਮੈਂ ਸਮਝਦਾ ਹਾਂ ਕਿ ਸਾਨੂੰ ਐਸਾ ਅਧਿਕਾਰ ਮਿਲਿਆ ਹੈ ਜਿਸ ਨਾਲ ਅਸੀਂ ਆਪਣੇ ਹਿਤ ਦੀ ਸਰਕਾਰ ਚੁਣਨ ਸਕਦੇ ਹਾਂ ਅਸੀਂ ਇਸ ਦੇਸ਼ ਦੇ ਹੁਕਮਰਾਨ ਬਣ ਸਕਦੇ ਹਾਂ ਅਜ ਆਪ ਆਪਣੇ ਵੋਟ ਦਾ ਸਹੀ ਇਸਤੇਮਾਲ ਕਰਕੇ ਇਸ ਦੇਸ਼ ਦੇ ਬਾਸ਼ਿੰਦੇ (ਬਹੁਜਨ) ਇਸ ਦੇਸ਼ ਦੇ ਮਾਲਕ ਬਣ ਸਕਦੇ ਹੋ।"

ਆਪ ਨੇ ਅੱਗੇ ਬੋਲਦਿਆਂ ਆਖਿਆ ਕਿ ਅਸੀਂ ਕਾਮਯਾਬੀ ਤਕ ਇਸ ਲਈ ਨਹੀਂ ਪੁੱਜ ਸਕੇ ਕਿਉਂਕਿ ਸਾਡੇ ਸਮਾਜ ਦੇ ਕਮੀਨੇਪਣ ਦੀ ਕਮਜ਼ੋਰੀ ਸਦਕਾ ਅਸੀਂ ਕਦੇ ਇਕੱਠੇ ਨਹੀਂ ਹੋਏ ,ਤਾਕਤ ਨਹੀਂ ਬਣਾ ਸਕੇ।ਇਕੱਠੇ ਹੋਏ ਵੀ ਤਾਂ ਮਾਲਕ ਦੇ ਪੈਰਾਂ ਵਿਚ। ਭਜਨ ਲਾਲ ਦੇ ਪੈਰਾਂ ਵਿਚ ਤਾਂ ਇਕੱਠੇ ਹੋ ਜਾਉਗੇ ਲੇਕਿਨ ਆਪਣੇ ਪੈਰਾਂ ਤੇ ਨਹੀਂ। ਭਜਨ ਲਾਲ ਵਰਗਿਆਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਸਾਡਾ ਕਮੀਨਾਪਣ ਬਣਿਆਂ ਰਹੇ ਉਸਦੇ ਲਈ ਉਹ ਕੁਝ ਲੋਕਾਂ ਦੀ ਖ਼ਰੀਦੋ ਫਰੋਖ਼ਤ ਕਰਦੇ ਰਹਿੰਦੇ ਹਨ। ਹੁਣ ਮੇਰੇ ਕੋਲ ਭਜਨ ਲਾਲ ਵਰਗਿਆਂ ਨਾਲ ਉਲਝਣ ਵਾਸਤੇ ਵਕਤ ਨਹੀਂ ਕਿਉਂਕਿ ਮੈਂ ਨਰ ਸਿਮ੍ਹਾ ਰਾਉ ਨਾਲ ਉਲਝਣਾਂ ਹੈ,ਪੰਡਤ ਨਾਲ ਉਲਝਣਾ ਹੈ, ਚਮਚੇ ਨਾਲ ਨਹੀਂ। ਇਸ ਲਈ ਛੋਟੇ ਪੱਧਰ ਤੇ ਆਪ ਲੋਕਾਂ ਨੇ ਨਿਬੜਨਾ ਹੈ। ਐਸੇ ਲੋਕਾਂ ਲਈ ਕੰਮ ਕਰਨਾ ਹੈ ਜੋ ਜਾਨਵਰ ਤੋਂ ਇਨਸਾਨ ਬਣਨਾ ਚਾਹੁੰਦੇ ਹਨ। ਆਪਣੇ ਪੈਰਾਂ ਤੇ ਖੜ੍ਹੇ ਹੋ ਕੇ ਨਾ ਵਿਕਣ ਵਾਲੇ ਸਾਥੀਓ ਜੋ ਆਪਣੀ ਵਿਗੜੀ ਬਨਾਉਣਾ ਚਾਹੁੰਦੇ ਹਨ ਉਹਨਾਂ ਨੂੰ ਨਾਲ ਲੈਕੇ ਅੱਗੇ ਵਧਣਾ ਹੈ। ਇਸ ਰੈਲੀ ਵਿਚ ਹਰਿਆਣਾ ਪ੍ਰਦੇਸ਼ ਦੇ ਬਹੁਜਨ ਸਮਾਜ ਦੀ ਤਰਫੋਂ ਮਾਨਯੋਗ ਅਮਨ ਕੁਮਾਰ ਨਾਗਰਾ ਪ੍ਰਧਾਨ ਹਰਿਆਣਾ ਪ੍ਰਦੇਸ਼, ਸ੍ਰੀ ਰਾਮੇਸ਼ਵਰ ਦਾਸ, ਸ੍ਰੀ ਅਸ਼ੋਕ ਕੁਮਾਰ ਸ਼ੇਰਵਾਲ ਨੇ ਮਾਨਯੋਗ ਕਾਂਸ਼ੀ ਰਾਮ ਜੀ ਨੂੰ 1,11,111 ਰੁਪਏ ਦੀ ਥੈਲੀ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਰੈਲੀ ਸਮੇਂ ਮਾਨਯੋਗ ਅਮਨ ਕੁਮਾਰ ਨਾਗਰਾ, ਮਾ। ਰਾਮੇਸ਼ਵਰ ਦਾਸ ਸੂਬਾ ਜਨਰਲ ਸਕੱਤਰ, ਸ੍ਰੀ ਓਮ ਪੀ ਨਿੰਬਲ, ਮਾਨਯੋਗ ਹਰਭਜਨ ਲਾਖਾ ਸਾਬਕਾ ਮੈਂਬਰ ਪਾਰਲੀਮੈਂਟ ਪੰਜਾਬ, ਡਾਕਟਰ ਮੋਹਨ ਸਿੰਘ ਫਲੀਆਂ ਵਾਲਾ ਮੈਂਬਰ ਪਾਰਲੀਮੈਂਟ, ਸ਼ਿੰਗਾਰਾ ਰਾਮ ਸਹੂੰਗੜਾ ਵਿਧਾਇਕ, ਸ੍ਰੀ ਅਵਤਾਰ ਸਿੰਘ ਕਰੀਮਪੁਰੀ ਵਿਧਾਇਕ, ਸ੍ਰੀਮਤੀ ਈਸ਼ਵਰ ਕੌਰ ਨਰਵਾਲ ਪ੍ਰਧਾਨ ਮਹਿਲਾ ਵਿੰਗ ਹਰਿਆਣਾ ਪ੍ਰਦੇਸ਼, ਪੰਜਾਬ ਦੇ ਵਿਧਾਇਕਾਂ , ਹਰਿਆਣਾ ਪ੍ਰਦੇਸ਼ ਦੇ ਜ਼ਿਲ੍ਹਾ ਪ੍ਰਧਾਨਾਂ ਤੇ ਹੋਰ ਆਗੂਆਂ ਨੇ ਆਪਣੇ ਵਿਚਾਰ ਰੱਖੇ। ਚੌਧਰੀ ਮਾਨ ਸਿੰਘ ਗੁਜਰ ਪ੍ਰਧਾਨ ਅੰਬਾਲਾ ਮੰਡਲ ਨੇ ਸਫ਼ਲਤਾ ਪੂਰਵਕ ਮੰਚ ਸੰਚਾਲਨ ਕੀਤਾ।



ਲਾਲ ਸਿੰਘ ਸੁਲਹਾਣੀ
91-98721-55120

## ਥਾਲੀ 'ਚ ਪਰੋਸ ਕੇ ਨਹੀਂ ਦਿੰਦਾ ਹੋਈ ਹਕ

ਥਾ.ਲੀ 'ਚ ਪਰੋਸ ਕੇ ਨਾ ਦਿੰਦਾ ਕੋਈ ਹੱਕ
ਵੱਡਿਆਂ ਦੀ ਤਵਾਰੀਖ਼ ਪੜ੍ਹ ਲਉ ਬਿਸ਼ੱਕ
ਸਿਰ ਵੱਢਣੇ ਜਾਂ ਸਿਰ ਵੱਢਵਾਉਣੇ ਪੈਂਦੇ ਐ।
ਸਿਰ ਚੁੱਕ ਕੇ ਤੁਰਨ ਲਈ
ਤਲੀਆਂ ਤੇ ਸੀਸ ਟਿਕਾਉਣੇ ਪੈਂਦੇ ਐ।

ਹੱਕ ਖੋਹਣੇ ਪੈਂਦੇ ਆਪ, ਸ਼ਾਹਦੀ ਭਰਦੀ ਤਾਰੀਖ਼।
ਹੱਥ ਅੱਡ ਕੇ ਤੇ ਮੰਗਿਆਂ ਤਾਂ ਮਿਲਦੀ ਨਾ ਭੀਖ਼।
ਹੱਥ ਵੈਰੀ ਨੂੰ ਕਰਾਰੇ ਦੋ ਦਿਖਾਉਣੇ ਪੈਂਦੇ ਐ
ਸਿਰ ਚੁੱਕ ਕੇ ਤੁਰਨ ਲਈ-------

ਵੈਰੀ ਛੱਡਦਾ ਨਹੀਂ ਰਾਹ ਫੰਨ ਨੱਪੇ ਤੋਂ ਬਗੈਰ।
ਜੇ ਸਿਰੀ ਨਾ ਘਸਾਈਏ ਕਿੱਥੇ ਛੱਡਦਾ ਐ ਜ਼ਹਿਰ।
ਨਾਗ ਕੀਲ ਕੇ ਪਟਾਰੀ ਵਿੱਚ ਪਾਉਣੇ ਪੈਂਦੇ ਐ।
ਸਿਰ ਚੁੱਕ ਕੇ ਤੁਰਨ ਲਈ-------

ਅੜੇ ਖੜ੍ਹੇ ਤੋਂ ਬਗੈਰ ਪੈਰ ਚੁੰਮਦੀ ਨਾ ਜਿੱਤ।
ਹੱਥ ਜੁੜੇ ਤੋਂ ਬਗੈਰ ਵੈਰੀ ਬਣਦੇ ਨਾ ਮਿੱਤ
ਰਣ ਤੱਤੇ ਵਿਚ ਖੰਡੇ ਖੜਕਾਉਣੇ ਪੈਂਦੇ।
ਸਿਰ ਚੁੱਕ ਕੇ ਤੁਰਨ ਲਈ-------

ਨਿੱਜ ਬਲ ਨਾਲ ਹੱਥੀਂ ਆਪ ਖੋਹਣਾ ਪੈਂਦਾ ਰਾਜ।
'ਲਾਲ' ਅਣਖੀ ਸਿਰਾਂ 'ਤੇ ਸਦਾ ਸੱਜਦੇ ਐ ਤਾਜ।
ਉੱਚੇ ਜਿੱਤ ਦੇ ਨਿਸ਼ਾਨ ਲਹਿਰਾਉਣੇ ਪੈਂਦੇ ਐ।
ਸਿਰ ਚੁੱਕ ਕੇ ਤੁਰਨ ਲਈ--------



ਲਾਲ ਸਿੰਘ ਸੁਲਹਾਣੀ
91-98721-55120

## ਨਿਸ਼ਾਨਾਂ-ਏ-ਲੋਕ ਕਾਂਗਰਸ!

ਗੁਆਂਢੀਆਂ ਦੀ ਕੰਧ ਹੇਠਾਂ ਕੱਟੀ ਮਰੀ 'ਤੋਂ
ਢੱਠੀ ਕੰਧ ਦੀਆਂ 'ਖੁਸ਼ੀਆਂ' ਮਨਾਉਣ ਨੂੰ।

ਲੱਗੂ ਗਾ ਨਿਸ਼ਾਨੇ ਨਹੀਂ ਤਾਂ ਤੁੱਕਾ ਹੀ ਸਹੀ
ਐਹੋ ਜਿਹਾ 'ਤੀਰ' ਫਿਰਦਾ ਚਲਾਉਣ ਨੂੰ।

ਹੁਣ ਤੱਕ ਖੱਟੀ 'ਭੱਲ' ਪਾਸੇ ਸੁੱਟ'ਤੀ
ਬੁੱਢੇ ਵਾਰੇ ਹਿੰਡ੍ਹ ਆਪਣੀ ਪੁਗਾਉਣ ਨੂੰ।

'ਬੰਨ੍ਹ-ਸ਼ੁਬ' ਕੀਤਾ ਪਟਿਆ.ਲਾ-ਸ਼ਾਹੀ' ਨੇ
ਸੱਜਰਾ ਸ਼ਰੀਕ ਸਿੱਧੂ 'ਖੂੰਜੇ ਲਾਉਣ' ਨੂੰ।

ਮਿ.ਲ ਕੇ ਕਮਲ ਨਾਲ ਵਿਉਂਤਾਂ ਘੜੀਆਂ
ਗੁੱਝਾ ਕੋਈ 'ਚੰਦ ਨਵਾਂ' ਹੀ ਚੜ੍ਹਾਉਣ ਨੂੰ।

'ਲੋਕ ਕਾਂਗਰਸ' ਨਾਂ ਦੀ ਪਾਰਟੀ ਬਣੀ
ਪੰਜੇ ਦੀਆਂ ਬੇੜੀਆਂ 'ਚ ਵੱਟੇ ਪਾਉਣ ਨੂੰ !

**-ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**



## ਸ੍ਰੀ ਗੁਰੂ ਨਾਨਕ ਦੇਵ ਜੀ

ਕਿਵੇਂ ਸਦੀਆਂ ਦੇ ਕਈ ਸਾਲ ਬੀਤੇ ਤੈਨੂੰ ਦੁਖੜੇ ਖੋਲ੍ਹ ਸੁਣਾਏ
ਕੁੱਲ ਦੁਨੀਆਂ ਸੀ ਤਾਰੀ ਤੇ ਤੈਨੂੰ ਦੱਸ ਕਿਵੇਂ ਭੁੱਲ ਜਾਵਾਂ
ਇੱਥੇ ਕੂੜ ਹੋਇਆ ਪ੍ਰਧਾਨ ਤੇ ਫਿਰਦੇ ਸੱਜਣ ਠੱਗ ਵਪਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ ਲੱਭਦੀ ਫਿਰਦੀ ਸਾਰੀ।

ਤੇਰੇ ਦਿੱਤੇ ਹੋਏ ਉਪਦੇਸ਼ ਨੂੰ ਅੱਜ ਸਭ ਨੇ ਫੇਰ ਭੁਲਾਇਆ
ਉਤਰ ਦੱਖਣ ਆ ਕੇ ਵੇਖੀਂ ਕਿਵੇਂ ਜਾਦੂ ਟੂਣਾ ਚਲਾਇਆ
ਨਾ ਕਿਰਤ ਕਰਨ ਨਾ ਵੰਡ ਛਕੇ ਇੱਥੇਥਾਂ-ਥਾਂ ਫਿਰਨ ਲਚਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ .....

ਹਿੰਦੋਸਤਾਨ ਦੇ ਹੋ ਗਏ ਟੁਕੜੇ ਸਭ ਕੁਝ ਖੋਹ ਕੇ ਲੈ ਗਏ
ਪੰਜਾਂ ਤੇ ਨਨਕਾਣਾ ਸਾਹਿਬ ਸਾਡੇ ਸੁਪਨੇ ਬਣਕੇ ਰਹਿ ਗਏ
ਕੀਹਨੇ ਮੱਥਾ ਟੇਕਣ ਜਾਣਾ ਨਾ ਕੋਈ ਮਿਲਦੀ ਹੈ ਰਾਹਦਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ .....

ਥੋੜ੍ਹੇ ਬਹੁਤ ਜਗਾ ਕੇ ਦੀਵੇ ਤੇਰੀ ਰਹਿੰਦੇ ਅਲਖ ਜਗਾਉਂਦੇ
ਭਰ ਦਿੰਦੇ ਅਖਬਾਰਾਂ ਤੇ ਆਪਣਾ ਬਿਜ਼ਨਸ ਖੂਬ ਚਲਾਉਂਦੇ
ਉਤੋਂ ਫੋਕੀਆਂ ਦੇਣ ਵਧਾਈਆਂ ਤੇ ਪੂਰੀ ਕਰਦੇ ਖਾਤਰਦਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ .....

ਬੱਸ ਚਾਰੇ ਕੂਟ ਹਨੇਰਾ ਤੇ ਤੈਨੂੰ ਸੌ ਦੀ ਇਕ ਸੁਣਾਵਾਂ
ਗਰੀਬ ਤਰਸਦੇ ਰੋਟੀ ਨੂੰ ਤੇ ਕੁੱਤੇ ਖਾਂਦੇ ਖੀਰ ਦਿਖਾਵਾ
ਦੱਸੇ 'ਦੇਵ ਘੋਲੀਏ' ਵਾਲਾ ਹਰ ਕੋਈ ਬਣਿਆ ਫਿਰੇ ਹੰਕਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ ਲੱਭਦੀ ਫਿਰਦੀ ਸਾਰੀ।

**- ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**



## ਇਸ ਹਫਤੇ ਦੋ ਫਿਲਮਾਂ ਰਿਲੀਜ਼ ਹੋਈਆਂ

ਸੂਰਿਆਵੰਸ਼ੀ ਅਤੇ ਜੈ ਭੀਮ ,ਬਜਟ ਦੇਖੀਏ ਤਾਂ 150 ਕਰੋੜ ਦੇ ਮੁਕਾਬਲੇ 10 ਕਰੋੜ, ਕਹਾਣੀ ਦੇਖੀਏ ਤਾਂ ਪਹਿਲੀ ਵਿੱਚ ਪੁਲੀਸ ਦਾ ਦੇਸ਼ ਦੁਨੀਆ/ਭਾਰਤ ਬਚਾਉਣ ਲਈ ਪੁਲਿਸ ਦਾ ਸਟੰਟ, ਬਲਾਸਟ ਐਕਸ਼ਨ ਜਿਹੜਾ ਸਾਨੂੰ ਅਕਸਰ ਦਿਸਦਾ ਹੈ। ਚੰਗਾ ਵੀ ਲਗਦਾ।

ਹਏਰੋਸਿਮ ਦਾ ਤੜਕਾ ਅਤੇ ਦੂਜੀ ਵਿਚ। ਪੁਲੀਸ ਦਾ ਕਰੂਪ ਚੇਹਰਾ ਜੋ ਅੱਤ ਗਰੀਬ, ਚੂਹੇ ਖਾ ਕੇ ਗੁਜ਼ਾਰਾ ਕਰਨ ਵਾਲੇ ਆਦਿਵਾਸੀ ਲੋਕਾਂ ਤੇ ਜ਼ਬਰ ਦੀ ਦਾਸਤਾਨ ਵਿੱਚ ਬੇਤਹਾਸ਼ਾ ਤਸ਼ਦੁਦ ਅਤੇ ਮੌਤ। ਫਿਲਮ ਦੇਖਦੇ ਵਕਤ ਜੇਕਰ ਚਾਰ ਹੰਝੂ ਡਿੱਗਣ ਤਾਂ ਧੰਨਭਾਗ ਸਮਝਣਾ।

ਕਹਾਣੀ ਦੱਸੀ ਤਾਂ ਤੁਹਾਡੇ ਦੇਖਣ ਲਈ ਕੁਝ ਨੀ ਬਚਣਾ ਪਰ ਕਹਾਣੀ ਬਣਾਈ ਤਾਂ ਕਿੱਦਾਂ? ਇਹ ਦੇਖਣ ਲਈ ਮੂਵੀ ਜੈ ਭੀਮ ਜੋ ਕਿ amazon pirme ਤੇ ਹੈ ਤਾਂ ਦੇਖਣੀ ਬਣਦੀ ਹੈ। Haibous karpos ਕੀ ਹੁੰਦੀ ਹੈ? ਪੁਲਸ ਕਸਟਡੀ ਵਿਚੋਂ ਭੱਜ ਜਾਣਾ/ਮਾਰੇ ਜਾਣਾ/ਗਾਇਬ ਕਰ ਦੇਣਾ/ ਅਨੇਕਾਂ ਸਵਾਲ ਤੇ ਓਨੇ ਹੀ ਜਵਾਬ।

ਪੁਲੀਸ ਦਾ ਬੇਰਹਿਮ ਚੇਹਰਾ। ਸਟੇਟ ਦੀ ਬੇਗਾਨਗੀ ਐਡਵੋਕੇਟ ਜਨਰਲ ਦਾ ਰੋਲ।।ਮਾਸੂਮ ਤੇ ਬੇਗੁਨਾਹ ਦੀ ਤ੍ਰਾਸਦੀ।

21 ਵੀ ਸਦੀ ਵਿਚ ਰੂਪਮਾਨ ਪਰ 1993 ਦੀ ਸੱਚੀ ਕਹਾਣੀ ਤੇ ਬਣੀ ਫਿਲਮ ਕਈ ਸਮੱਸਿਆਵਾਂ ਨੂੰ ਉਧੇੜਦੀ ਹੈ ਤੇ ਇਕ ਨਵੀਂ ਸ਼ੁਰੂਆਤ ਕਰਦਿਆਂ ਸਾਨੂੰ ਸੋਚਣ ਤੇ ਮਜਬੂਰ ਕਰਦੀ ਹੈ ਕਿ ਸਾਡੇ ਸਿਨੇਮਾ ਨੂੰ ਸੂਰਿਆਵੰਸ਼ੀ ਦੀ ਜਰੂਰਤ ਹੈ ਕਿ ਜੈ ਭੀਮ ਦੀ।

ਕਦੇ ਕਦੇ ਹੀ ਅਜਿਹੀਆਂ ਬਣਦੀਆਂ ਫਿਲਮਾਂ ਨੂੰ ਹੈ ਅਸੀਂ ਜੀਉ ਆਇਆਂ ਨਾ ਕਿਹਾ ਤਾਂ ਸਾਡੇ ਬੇਹੱਦ ਪਿੱਛੇ ਰਹਿ ਗਏ ਸਾਡੇ ਭਰਾਵਾਂ। ਭੈਣਾਂ ਦੀ ਆਵਾਜ਼ ਬਾਲੀਵੁੱਡ ਤਾਂ ਬਣਨ ਦੀ ਉਮੀਦ ਨੀ ਲਗਦੀ। ਐਕਟਿੰਗ ਪੱਖੋਂ ਸੂਰਿਆ, ਪਰਕਾਸ਼ ਰਾਜ ਅਤੇ ਲਿਓਜੇਮ ਜੋਸੇ ਅਤੇ ਕ ਮਨੀਕਰਨ ਨੇ ਸਿਖਰ ਦਾ ਇਨਸਾਫ ਕੀਤਾ ਹੈ ਆਪਣੇ ਕਿਰਦਾਰਾਂ ਨਾਲ , ਕੋਰਟ ਡਰਾਮਾ ਨਾਲ ਸਿਖਰ ਛੂੰਹਦੇ ਕਲਾਈਮੈਕਸ ਵਿੱਚ ਅੱਖ ਝਪਕਣ ਦੀ ਗੁੰਜਾਇਸ਼ ਨਹੀਂ ਛੱਡੀ। ਮੁਕਦੀ ਗੱਲ ਬਾਲੀਵੁੱਡ ਨਾਲ ਦੱਖਣ ਦੇ ਸਿਨੇਮਾ, ਉਸਦੇ ਸਰੋਕਾਰ ਅਤੇ ਘਰ ਫੂਕ ਤਮਾਸ਼ਾ ਦੇਖਣ ਦੀ ਰੁਚੀ ਦੇ ਚਲਦਿਆਂ ਹਜੇ ਤਾਂ ਦੱਖਣ ਦਾ ਹੱਥ ਉੱਤੇ ਹੈ।

ਇਹ ਵੀ ਸੱਚ ਦਸਦਿਆਂ ਕਿ ਮੁੱਖ ਐਕਟਰ ਸੂਰਿਆ ਨੇ ਕੋਈ ਪ੍ਰੋਡਿਊਸਰ ਨਾ ਮਿਲਣ ਤੇ ਸਾਰੇ ਫਿਲਮ ਖਰਚ ਨੂੰ ਆਪ ਚੱਕਿਆ। ਸਿਰਫ ਸੱਚੀ ਕਹਾਣੀ ਦੇ ਦਮ ਤੇ ਅਤੇ ਜਨ ਸਧਾਰਨ ਤਕ ਹਅਬ੍ਰਿਸ ਕੋਰਪੂਸ ਰਿਟ ਪਏਟਿਟਿਨ ਦਾ ਸੁਨੇਹਾ ਅਤੇ ਜਾਗਰੂਕ ਕਰਨ ਵਾਸਤੇ ਫਿਲਮ ਦਾ ਨਿਰਮਾਣ।

ਸੂਰਿਆਵੰਸ਼ੀ ਜੰਮ ਜੰਮ ਦੇਖੋ।
ਪਰ ਇਕ ਵਾਰ ਜੈ ਭੀਮ ਵੀ ਦੇਖਣਾ

**- ਮਹਿੰਦਰ ਪਾਲ ਸਿੰਘ ਕੋਟਕਪੂਰਾ**

### 19 ਨਵੰਬਰ ਪ੍ਰਕਾਸ਼ ਦਿਵਸ 'ਤੇ

# ਗੁਰੂ ਨਾਨਕੁ ਜਿਨ ਸੁਣਿਆ ਪੇਖਿਆ

ਰਮੇਸ਼ ਬੱਗਾ ਚੋਹਲਾ
91-94631-32719



ਸਿੱਖ ਧਰਮ ਬਾਕੀ ਧਰਮਾਂ ਨਾਲੋਂ ਛੋਟੀ ਉਮਰ ਦਾ ਹੋਣ ਕਰਕੇ ਆਧੁਨਿਕਤਾ ਦੇ ਵਧੀਕ ਨੇੜੇ ਹੈ। ਇਸ ਧਰਮ ਨੂੰ ਵਿਗਿਆਨਕ ਧਰਮ ਵੀ ਕਿਹਾ ਜਾਂਦਾ ਹੈ। ਇਸ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਵਿਸ਼ੇਸ਼ ਤੌਰ 'ਤੇ ਵਿਗਿਆਨਕ ਵਿਚਾਰਧਾਰਾ ਪ੍ਰਦਾਨ ਕੀਤੀ ਹੈ। ਮਨੁੱਖਤਾ ਦੀ ਕਦਰਦਾਨ ਅਤੇ ਸਰਬੱਤ ਦੇ ਭਲੇ ਦੀ ਹਾਮੀ ਹੋਣ ਕਰਕੇ ਇਸ ਵਿਚਾਰਧਾਰਾ ਦਾ ਬੋਲਬਾਲਾ ਸਿਰਫ ਹਿੰਦੁਸਤਾਨ ਵਿੱਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਹੀ ਹੈ।

ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ 15 ਅਪ੍ਰੈਲ 1469 ਈ: ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲਾ ਸੇਖੂਪੁਰੇ ਦੇ ਪਿੰਡ ਤਲਵੰਡੀ ਵਿਖੇ ਬਾਬਾ ਕਲਿਆਣ ਦਾਸ ਉਰਫ ਮਹਿਤਾ ਕਾਲੂ (ਪਟਵਾਰੀ) ਅਤੇ ਮਾਤਾ ਤ੍ਰਿਪਤਾ ਦੇ ਗ੍ਰਹਿ ਵਿਖੇ ਅਵਤਾਰ ਧਾਰਿਆ। ਇਹ ਮਾਣਮੱਤਾ ਪਿੰਡ ਜਿਸ ਨੂੰ ਨਨਕਾਣਾ ਸਾਹਿਬ ਵੀ ਕਿਹਾ ਜਾਂਦਾ ਹੈ। ਲਾਹੌਰ ਦੀ ਦੱਖਣ ਪੱਛਮੀ ਬਾਹੀ ਵਿੱਚ ਲਗਪਗ 42 ਮੀਲ ਦੀ ਦੂਰੀ 'ਤੇ ਸਥਿਤ ਹੈ।

ਜਿਸ ਕਾਲ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਅਵਤਾਰ ਧਾਰਿਆ ਉਹ ਕਾਲ ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਬਹੁਤ ਅਹਿਮਤਰੀਨ ਕਾਲ ਹੈ। ਇਹ ਸਮਾਂ ਜਿਥੇ ਕਲਾ, ਸਾਹਿਤ ਅਤੇ ਗਿਆਨ ਦੀ ਮੁੜ ਉਸਾਰੀ ਦਾ ਸਮਾਂ ਸੀ, ਉਥੇ ਖੋਜ ਅਤੇ ਲੱਭਤ ਦਾ ਸਮਾਂ ਵੀ ਸੀ।

ਦੁਨਿਆਵੀਂ ਸਿੱਖਿਆ ਹਾਸਲ ਕਰਨ ਲਈ ਗੁਰੂ ਨਾਨਕ ਸਾਹਿਬ ਜੀ ਨੂੰ 7 ਸਾਲ ਦੀ ਉਮਰ ਵਿੱਚ ਗੋਪਾਲ ਪੰਡਿਤ ਪਾਸੋਂ ਹਿੰਦੀ ਅਤੇ ਬਿਰਜ ਲਾਲ ਪਾਸੋਂ ਸੰਸਕ੍ਰਿਤ ਪੜ੍ਹਨ ਹਿੱਤ ਭੇ-ਜਿਆ ਗਿਆ। ਇਥੇ ਹੀ ਬੱਸ ਨਹੀਂ 13 ਸਾਲ ਦੀ ਉਮਰ ਵਿੱਚ ਗੁਰੂ ਜੀ ਨੂੰ ਫ਼ਾਰਸੀ ਤਾਲੀਮ ਸਿੱਖਣ ਦੇ ਮਨੋਰਥ ਹਿੱਤ ਮੌਲਵੀ ਕੁਤਬਦੀਨ ਪਾਸ ਵੀ ਭੇਜਿਆ ਗਿਆ। ਆਪ ਜੀ ਨੇ ਜਿਥੇ ਉਪਰੋਕਤ ਉਸਤਾਦਾਂ ਪਾਸੋਂ ਸੰਸਾਰੀ ਸਿੱਖਿਆ ਗ੍ਰਹਿਣ ਕੀਤੀ, ਉਥੇ ਉਹਨਾਂ (ਉਸਤਾਦਾਂ) ਨੂੰ ਸੱਚੀ ਸਿੱਖਿਆ (ਰੱਬੀ ਗਿਆਨ) ਦਾ ਪਾਠ ਵੀ ਪੜਾਇਆ। ਆਪਣੇ ਹਾਣੀਆਂ ਨੂੰ ਵੀ ਗੁਰੂ ਜੀ ਨੇ ਸੱਚ/ਪ੍ਰਮਾਤਮਾ ਦੀ ਸਿੱਖਿਆ ਨਾਲ ਜੋੜਿਆ। ਰਾਇ ਬੁਲਾਰ ਭੱਟੀ ਗੁਰੂ ਸਾਹਿਬ ਦੇ ਜੀਵਨ ਤੋਂ ਏਨਾ ਪ੍ਰਭਾਵਿਤ ਹੋਇਆ ਹੈ ਕਿ ਉਸਨੂੰ ਸਭ ਤੋਂ ਪਹਿਲਾਂ ਸਿੱਖ ਹੋਣ ਦਾ ਸ਼ਰਫ ਹਾਸਿਲ ਹੈ।

ਜਦੋਂ ਗੁਰੂ ਨਾਨਕ ਸਾਹਿਬ ਜੀ 10-11 ਸਾਲ ਦੇ ਹੋਏ ਤਾਂ ਉਹਨਾਂ ਦਾ ਨਿਖੇੜਾ ਜਾਤਹੀਣ ਸ਼ੂਦਰਾਂ ਤੋਂ ਕਰਨ ਲਈ ਪੁਰੋਹਿਤ ਨੇ ਜਨੇਊ ਪਹਿਨਾਉਣ ਦੇ ਬਹੁਤ ਯਤਨ ਕੀਤੇ। ਇਹ ਰਸਮੀ ਯਤਨ ਬ੍ਰਾਹਮਣ ਨੂੰ ਗੁਰੂ ਧਾਰਨ ਵੱਲ ਸੇਧਤ ਸਨ। ਪਰ ਆਪ ਤਾਂ ਜਗਤ ਜਲੰਦੇ ਨੂੰ ਤਾਰਨ ਹਿੱਤ ਧੁਰੋਂ ਪਠਾਏ ਹੋਏ ਗੁਰੂ ਸਨ। ਇਸ ਲਈ ਉਹਨਾਂ ਨੇ ਬ੍ਰਾਹਮਣ ਨੂੰ ਗੁਰੂ (ਜਨੇਊ) ਧਾਰਨ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ'ਤੇ ਗੁਰੂ ਜੀ ਵਲੋਂ ਇਹ ਸ਼ਬਦ ਉਚਾਰਿਆ ਗਿਆ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ (ਪੰਨਾ-471)

ਪਿੰਡ ਤਲਵੰਡੀ ਦੇ ਵਸਨੀਕ ਭਾਈ ਮਰਦਾਨਾ ਜੀ ਜੋ ਮੁਸਲਮਾਨ ਮਿਰਾਸੀ ਸਨ, ਗੁਰੂ ਸਾਹਿਬ ਦੇ ਬਹੁਤ ਪਿਆਰੇ ਮਿੱਤਰ ਸਨ। ਬਤੌਰ ਰਬਾਬੀ ਉਹ ਗੁਰੂ ਨਾਨਕ ਸਾਹਿਬ ਜੀ ਨਾਲ 6 ਦਹਾਕਿਆਂ ਤੱਕ ਰਹੇ ਹਨ।

18 ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਆਨੰਦ ਕਾਰਜ ਬਟਾਲੇ ਸ਼ਹਿਰ ਦੇ ਬਸ਼ਿੰਦੇ ਸ੍ਰੀ ਮੂਲ ਚੰਦ ਦੀ ਧੀ ਸੁਲੱਖਣੀ ਨਾਲ ਹੋਇਆ। ਇਸ ਪਵਿੱਤਰ ਬੰਧਨ ਦੇ ਮੌਕੇ ਕੁਝ ਸ਼ਰਾਰਤੀ ਪੁਰੋਹਿਤਾਂ ਨੇ ਗੁਰੂ ਜੀ ਉਪਰ ਕੱਚੀ ਕੰਧ ਡੇਗਣ ਦੀ ਵਿਉਂਤਬੰਦੀ ਕੀਤੀ ਪਰ ਦਿਲਾਂ ਦੀਆਂ ਬੁੱਝਣ ਵਾਲੇ ਨਾਨਕ ਨੇ ਉਹਨਾਂ ਦੀ ਵਿਉਂਤ ਹਮੇਸ਼ਾਂ ਲਈ ਫੇਲ੍ਹ ਕਰ ਦਿੱਤੀ। ਇਹ ਕੰਧ ਅਜੇ ਵੀ ਬਟਾਲੇ ਵਿੱਚ ਯਾਦਗਾਰ ਦੇ ਤੌਰ'ਤੇ ਕਾਇਮ ਹੈ। ਆਪ ਜੀ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਅਤੇ ਲਖਮੀ ਜੀ ਦਾਸ ਪੈਦਾ ਹੋਏ।

35 ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਆਪਣੀ ਭੈਣ ਨਾਨਕੀ ਦੇ ਗ੍ਰਹਿ ਸੁਲਤਾਨਪੁਰ ਵਿਖੇ ਪੁਹੰਚ ਗਏ। ਇਥੇ ਆਪ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਬਣ ਗਏ। ਜਿਥੇ ਆਪ ਨੇ ਰਿਸ਼ਵਤ ਖੋਰੀ ਬੰਦ ਕਰਵਾਈ ਅਤੇ ਗਰੀਬਾਂ ਅਮੀਰਾਂ ਨੂੰ ਇਕੋ ਜਿਹਾ ਇਨਸਾਫ ਦਿੱਤਾ। ਕਾਰੋਬਾਰ ਤੋਂ ਵਿਹਲੇ ਹੋ ਕੇ ਗੁਰੂ ਜੀ ਇਸ ਨਗਰ ਵਿੱਚ ਸਤਿਸੰਗ ਵੀ ਕਰਿਆ ਕਰਦੇ ਸਨ। ਇਸ ਸਤਿਸੰਗ ਦੀ ਬਦੌਲਤ ਸਿੱਖੀ ਧਾਰਕਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ। ਇਥੇ ਹੀ ਮਲਸੀਹਾਂ ਦੇ ਵਸਨੀਕ ਭਗੀਰਥ ਅਤੇ ਮਨਸੁੱਖ ਆਪ ਜੀ ਦੇ ਸਿੱਖ ਬਣੇ। 1507 ਈ: ਵਿੱਚ ਗੁਰੂ ਨਾਨਕ ਸਾਹਿਬ ਜੀ ਵਲੋਂ ਜਗਤ ਜਲੰਦੇ ਦੇ ਸੁਧਾਰ ਹਿੱਤ ਇਕਾਂਤਵਾਸ ਕੀਤਾ ਗਿਆ। ਇਸ ਇਕਾਂਤਵਾਸ ਤੋਂ ਬਾਦ ਉਹਨਾਂ ਨੇ ਭਟਕੀ ਹੋਈ ਲੋਕਾਈ ਨੂੰ ਇੱਕ ਨਵੀਨ 'ਨਾਅਰਾ ਨਾ ਕੋ ਹਿੰਦੂ ਨਾ ਮੁਸਲਮਾਨ' ਦਿੱਤਾ। ਮਨੁੱਖਤਾ ਨੂੰ ਪਰਨਾਏ ਇਸ ਨਾਅਰੇ ਦੀ ਖ਼ੂਬ ਚਰਚਾ ਹੋਈ ਪਰ ਇਹ ਚਰਚਾ ਉਸ ਵਕਤ ਦੇ ਨਵਾਬ ਅਤੇ ਕਾਜ਼ੀ ਨੂੰ ਹਜ਼ਮ ਨਾ ਹੋ ਸਕੀ। ਉਹਨਾਂ ਨੇ ਗੁਰੂ ਸਾਹਿਬ ਦੀ ਇਨਕਲਾਬੀ ਸੋਚ ਦਾ ਵਿਰੋਧ ਕੀਤਾ ਪਰ ਜਿੱਤ ਆਖਰ ਸੱਚ ਦੀ ਹੀ ਹੋਈ। ਆਪਣੀ ਇਸ ਸੋਚ ਨੂੰ ਦੁਨੀਆਂ ਦੇ ਵੱਖ-ਵੱਖ ਖੇਤਰਾਂ ਤੱਕ ਪਹੁੰਚਾਉਣ ਹਿੱਤ ਗੁਰੂ ਜੀ ਵਲੋਂ ਕਈ ਪ੍ਰਚਾਰ ਦੌਰੇ ਵੀ ਕੀਤੇ ਗਏ, ਜਿਹਨਾਂ ਨੂੰ ਸਿੱਖ ਇਤਿਹਾਸ ਵਿੱਚ ਉਦਾਸੀਆਂ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੀਆਂ ਇਹਨਾਂ ਉਦਾਸੀਆਂ ਦਾ ਵਰਨਣ ਇਸ ਪ੍ਰਕਾਰ ਹੈ:

ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਭਾਰਤ ਵਿੱਚ ਵੈਦਿਕ ਧਰਮ ਦੀ ਚੜ੍ਹਤ ਸੀ, ਜਿਸ ਦੀ ਬੁਨਿਆਦ ਵਰਣ ਆਸ਼ਰਮ ਧਰਮ'ਤੇ ਆਧਾਰਿਤ ਸੀ। ਜਦੋਂ ਗੁਰੂ ਜੀ ਨੇ ਅਵਤਾਰ ਧਾਰਿਆ ਤਾਂ ਉਸ ਸਮੇਂ ਭਾਰਤੀ ਸਮਾਜ ਬਹੁਤ ਹੀ ਗੁੰਝਲਦਾਰ ਜਾਤੀਆਂ ਅਤੇ ਧਾਰਮਿਕ ਫਿਰਕਿਆਂ ਵਿੱਚ ਵੰਡਿਆ ਹੋਇਆ ਸੀ। ਮਨੁੱਖ ਦੀ ਪਛਾਣ ਕਰਮ ਆਧਾਰਿਤ ਨਾ ਹੋ ਕੇ ਸਗੋਂ ਜਨਮ ਆਧਾਰਿਤ ਸੀ। ਲੋਕਾਂ ਵਿਚੋਂ ਆਪਸੀ ਭਾਈਚਾਰੇ ਅਤੇ ਇਕਸੁਰਤਾ ਦੀ ਭਾਵਨਾ ਪੂਰੀ ਤਰ੍ਹਾਂ ਅਲੋਪ ਹੋ ਚੁੱਕੀ ਸੀ।

ਅਜਿਹੀ ਤਰਸਯੋਗ ਸੂਰਤ-ਏ-ਹਾਲ ਵਿੱਚ ਸਿਫ਼ਤੀ ਅਤੇ ਇਨਕਲਾਬੀ ਤਬਦੀਲੀ ਲਿਆਉਣ ਲਈ ਗੁਰੂ ਨਾਨਕ ਸਾਹਿਬ ਜੀ ਨੇ ਸਤੰਬਰ 1507 ਈ: ਨੂੰ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੁਨੀਆਂ ਦੀਆਂ ਵੱਖ-ਵੱਖ ਦਿਸ਼ਾਵਾਂ ਵਿੱਚ ਪ੍ਰਚਾਰ ਦੌਰੇ ਅਰੰਭ ਕੀਤੇ ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਉਹ ਭਾਰਤ ਦੀਆਂ ਸਾਰੀਆਂ ਕੂੰਟਾਂ ਵਿੱਚ ਜਾਣ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਵੀ ਗਏ। ਇਸ ਦੇਸ਼ਾਂ ਰਟਨ ਵਿੱਚ ਗੁਰੂ ਸਾਹਿਬ ਦਾ ਲਗਪਗ 25 ਕੁ ਸਾਲ ਦਾ ਸਮਾਂ ਲੇਖੇ ਲੱਗਾ। ਇਨ੍ਹਾਂ ਉਦਾਸੀਆਂ ਸਮੇਂ ਉਹ ਬਹੁਤ ਸਾਰੇ ਵਿਅਕਤੀਆਂ ਨੂੰ ਮਿਲੇ। ਉਹਨਾਂ ਦਾ ਪੜਾਅ ਕਦੇ ਗਰੀਬ ਘਰਾਂ ਅਤੇ ਕਦੇ ਨੀਲੀ ਛੱਤ ਹੇਠ ਹੀ ਹੁੰਦਾ ਰਿਹਾ। ਇਹਨਾਂ ਉਦਾਸੀਆਂ ਵਿੱਚ ਉਹਨਾਂ ਦਾ ਮਿਲਾਪ ਛੋਟੇ ਅਤੇ ਅਣਗੋਲੇ ਲੋਕਾਂ ਦੇ ਨਾਲ-ਨਾਲ ਕਈ ਬਾਦਸ਼ਾਹਾਂ ਨਾਲ ਵੀ ਹੋਇਆ।

ਪਹਿਲੀ ਉਦਾਸੀ:- ਗੁਰੂ ਸਾਹਿਬ ਦੀ ਪਹਿਲੀ ਉਦਾਸੀ ਦਾ ਸਮਾਂ ਲਗਪਗ 8 ਸਾਲ ਹੈ। ਇਸ ਉਦਾਸੀ ਦੌਰਾਨ ਉਹ ਸਭ ਤੋਂ ਪਹਿਲਾਂ ਐਮਨਾਬਾਦ ਗਏ ਜੋ ਤਲਵੰਡੀ ਤੋਂ ਲਗਪਗ 60 ਕਿ: ਮੀ:'ਤੇ ਸਥਿਤ ਹੈ। ਇਥੇ ਆਪ ਧਰਮ ਦੀ ਕਿਰਤ ਕਰਨ ਵਾਲੇ ਇੱਕ ਅਤਿ ਗਰੀਬੜੇ ਮਨੁੱਖ ਭਾਈ ਲਾਲੋ ਦੇ ਘਰ ਠਹਿਰੇ। ਭਾਈ ਸਾਹਿਬ ਲੱਕੜੀ ਦਾ ਕੰਮ ਕਰਦੇ ਸਨ। ਬ੍ਰਾਹਮਣਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਕਿ ਗੁਰੂ ਜੀ ਨੀਵੀਂ ਜਾਤੀ ਦੇ ਵਿਅਕਤੀ ਦੇ ਘਰ ਕਿਉਂ ਠਹਿਰੇ ਹਨ। ਪਰ ਆਪ ਨੇ ਇਸ ਵਿਰੋਧ ਦਾ ਕੋਈ ਅਸਰ ਨਾ ਕਬੂਲਿਆ। ਕਿਉਂਕਿ ਉਹਨਾਂ ਦਾ ਮਿਸ਼ਨ ਵੀ ਵਰਣਵਾਦੀ ਸਿਸਟਮ ਨੂੰ ਤੋੜਨਾ ਸੀ। ਇਸ ਮਿਸ਼ਨ ਦੀ ਹੀ ਪੁਸ਼ਟੀ ਕਰਦਾ ਹੈ ਉਹਨਾਂ ਦਾ ਇਹ ਫੁਰਮਾਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
(ਪੰਨਾ-15)

ਹਰਿਦੁਆਰ ਵਿਖੇ ਵਿਸਾਖੀ ਦਾ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਮੇਲਾ ਵੇਖਣ ਵਾਲੇ ਮੇਲੀ ਅਤੇ ਸ਼ਰਧਾਲੂ ਗੰਗਾ ਨਦੀ ਵਿੱਚ ਇਸ਼ਨਾਨ ਕਰਦੇ ਸਨ। ਸਿਰਫ਼ ਇਸ਼ਨਾਨ ਹੀ ਨਹੀਂ ਸਗੋਂ ਆਪਣੇ ਪਿੱਤਰਾਂ ਨੂੰ ਸੂਰਜ ਸਾਹਿਬਤਾ ਰਾਹੀਂ ਪਾਣੀ ਵੀ ਪਹੁੰਚਾਉਂਦੇ ਸਨ। ਗੁਰੂ ਜੀ ਨੇ ਜਿਥੇ ਬੜੇ ਨਾਟਕੀ ਢੰਗ ਨਾਲ ਅਜਿਹੇ ਵਿਚਾਰਾਂ ਨੂੰ ਤਿਲਾਂਜਲੀ ਦੇਣ ਦਾ ਉਪਦੇਸ਼ ਦਿੱਤਾ, ਉਥੇ ਵੈਸ਼ਨਵ ਸਾਧੂਆਂ ਨੂੰ ਮਨੁੱਖੀ ਬਰਾਬਰਤਾ ਦਾ ਸਬਕ ਵੀ ਦਿੱਤਾ। ਗੁਰੂ ਜੀ ਨੇ ਉਹਨਾਂ ਨੂੰ ਬੜਾ ਸਮਝਾਇਆ ਕਿ ਰੱਬ ਦਾ ਕੋਈ ਵੀ ਬੰਦਾ ਮਾੜਾ ਜਾਂ ਨੀਚ ਨਹੀਂ ਹੈ।

ਗੋਰਖ ਮਤੇ ਗੋਰਖ ਨਾਥ ਅਤੇ ਉਸਦੇ ਚੇਲਿਆਂ ਦਾ ਗੜ੍ਹ ਸੀ। ਇਹ ਸਥਾਨ ਪੀਲੀਭੀਤ ਤੋਂ ਲਗਪਗ 20 ਕੁ ਕਿਲੋਮੀਟਰ ਦੀ ਵਿੱਥ'ਤੇ ਸਥਿਤ ਹੈ। ਇਥੇ ਗੁਰੂ ਜੀ ਨੇ ਜੋਗੀਆਂ ਨੂੰ ਸਮਝਾਇਆ ਕਿ ਪ੍ਰਮਾਤਮਾ ਬਾਹਰੀ ਭੇਖ'ਤੇ ਨਹੀਂ ਰੀਝਦਾ ਸਗੋਂ ਉਸ ਦੀ ਪ੍ਰਾਪਤੀ ਦੀ ਜੁਗਤ ਵਿਕਾਰ ਰਹਿਤ ਜੀਵਨ ਬਸਰ ਕਰਦਿਆਂ ਉਸ ਦੀ ਸਿਫਤ ਸਲਾਹ ਕਰਨਾ ਹੈ। ਗੁਰੂ ਜੀ ਦੀ ਆਮਦ ਸਦਕਾ ਇਸ ਸਥਾਨ ਦਾ ਨਾਂ ਗੋਰਖ ਮਤੇ ਤੋਂ ਤਬਦੀਲ ਹੋ ਕੇ ਨਾਨਕ ਮਤਾ ਪੈ ਗਿਆ।

ਨਾਨਕ ਮਤੇ ਤੋਂ ਪ੍ਰਚਾਰ ਕਰਦੇ ਹੋਏ ਗੁਰੂ ਨਾਨਕ ਸਾਹਿਬ ਜੀ ਦੀਵਾਲੀ ਵਾਲੇ ਦਿਨ ਅਯੁੱਧਿਆ ਪਹੁੰਚੇ। ਇਥੇ ਆਪ ਜੀ ਦੀ ਭੇਟ ਭਾਈ ਰਾਮਾਨੰਦ ਜੀ ਦੇ ਚੇਲਿਆਂ ਨਾਲ ਹੋਈ। ਇਹਨਾਂ ਬੈਰਾਗੀਆਂ ਨੂੰ ਮੁਕਤੀ ਮਾਰਗ ਬਾਰੇ ਦਸਦਿਆ ਗੁਰੂ ਜੀ ਨੇ ਫੁਰਮਾਇਆ ਕਿ ਮੂਰਤੀ ਪੂਜਾ ਨੂੰ ਤਿਆਗ ਕੇ ਇੱਕ ਅਕਾਲ ਪੁਰਖ ਦੀ ਪੂਜਾ ਵਿੱਚ ਲੱਗ ਜਾਉ।

ਇਲਾਹਬਾਦ ਦਾ ਪੁਰਾਣਾ ਨਾਂ ਪ੍ਰਯਾਗ ਸੀ। ਗੰਗਾ ਜਮਨਾ ਦੇ ਸੰਗਮ ਵਾਲਾ ਇਹ ਹਿੰਦੂਆਂ ਦਾ ਤੀਰਥ ਸਥਾਨ ਹੈ। ਇਹਨਾਂ ਨਦੀਆਂ ਵਿੱਚ ਇਸ਼ਨਾਨ ਕਰਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਇਸ ਮਹੱਤਵ ਨੂੰ ਘਟਾਉਂਦਿਆਂ ਗੁਰੂ ਜੀ ਨੇ ਕਿਹਾ ਕਿ ਤੀਰਥ ਇਸ਼ਨਾਨ ਦਾ ਪ੍ਰਭੂ ਦੀ ਭਗਤੀ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਹੈ। ਕਿਉਂਕਿ ਇਸ਼ਨਾਨ ਸਿਰਫ ਤਨ ਦੀ ਮੈਲ ਉਤਾਰਦਾ ਹੈ, ਮਨ ਦੀ ਨਹੀਂ। ਸੱਚਾ ਤੀਰਥ ਤਾਂ ਗੁਰੂ ਆਪ ਹੈ ਜਿਸ ਦੀ ਸਿੱਖਿਆ ਰੂਪੀ ਨਦੀ ਵਿੱਚ ਨਹਾ ਕੇ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਬਨਾਰਸ ਸੰਸਕ੍ਰਿਤ ਵਿਦਿਆ ਅਤੇ ਹਿੰਦੂ ਧਰਮ ਦਾ ਕੇਂਦਰ ਹੈ। ਇਥੋਂ ਦੇ ਪੰਡਿਤਾਂ ਨੇ ਇਹ ਗੱਲ ਪ੍ਰਚਾਰੀ ਹੋਈ ਸੀ ਕਿ ਜੇਕਰ ਕੋਈ ਮਨੁੱਖ ਪੰਡਿਤਾਂ ਨੂੰ ਦਾਨ-ਪੁੰਨ ਕਰਨ ਮਗਰੋਂ ਆਰੇ ਨਾਲ ਸਰੀਰ ਚਿਰਾਵੇਗਾ ਤਾਂ ਉਹ ਸਿੱਧਾ ਸ਼ਿਵਪੁਰੀ ਨੂੰ ਜਾਏਗਾ ਪਰ ਗੁਰੂ ਜੀ ਨੇ ਬਨਾਰਸ ਵਾਸੀਆਂ ਨੂੰ ਪੰਡਿਤਾਂ ਦੀਆਂ ਚਾਲਾਂ ਤੋਂ ਸੁਚੇਤ ਕਰਦਿਆਂ ਕਿਹਾ ਕਿ ਮੁਕਤੀ ਕਿਸੇ ਵਿਸ਼ੇਸ਼ ਥਾ ਤੇ ਮਰਨ ਨਾਲ ਨਹੀਂ ਸਗੋਂ ਚੰਗੇ ਕਰਮਾਂ ਨਾਲ ਮਿਲਦੀ ਹੈ।

ਇਥੇ ਆਪ ਨੇ ਪੰਡਿਤ ਚਤੁਰਦਾਸ ਨੂੰ ਸਮਝਾਇਆ ਕਿ ਤਿਲਕ, ਤੁਲਸੀ, ਮਾਲਾ ਸਾਲਗ੍ਰਾਮ ਅਤੇ ਧਾਰਮਿਕ ਪਹਿਰਾਵਾ ਬ੍ਰਾਹਮਣ ਹੋਣ ਦੀ ਬਾਹਰਮੁਖੀ ਨਿਸ਼ਾਨੀ ਹਨ ਪਰ ਅਸਲੀ ਬ੍ਰਾਹਮਣ ਫੋਕਟ ਕਰਮਕਾਡਾਂ ਵਿੱਚ ਸਮਾਂ ਨਸਟ ਕਰਨ ਦੀ ਬਜਾਏ ਉਸ ਪ੍ਰਭੂ ਦੀ ਸਿਫਤ ਸਲਾਹ ਵਿੱਚ ਸਮਾਂ ਬਤੀਤ ਕਰਦਾ ਹੈ। ਬਨਾਰਸ ਵਿਚੋਂ ਗੁਰੂ ਨਾਨਕ ਸਾਹਿਬ ਜੀ ਨੇ ਭਗਤ ਕਬੀਰ, ਭਗਤ ਰਵੀਦਾਸ ਅਤੇ ਰਾਮਾਨੰਦ ਜੀ ਦੀ ਬਾਣੀ ਪ੍ਰਾਪਤ ਕੀਤੀ।

ਗਯਾ ਬਿਹਾਰ ਪ੍ਰਾਂਤ ਵਿੱਚ ਫਲਗੂ ਨਦੀ ਦੇ ਕੰਢੇ ਤੇ ਸਥਿਤ ਹੈ। ਬ੍ਰਾਹਮਣਾਂ ਦੇ ਸਿਖਾਏ ਲੋਕ ਇਥੇ ਆਪਣੇ ਪਿਤਰਾਂ ਦੀ ਗਤੀ ਲਈ ਦਾਨ-ਪੁੰਨ ਕਰਨ ਵਾਸਤੇ ਆਉਂਦੇ ਸਨ। ਅਜਿਹੇ ਲੋਕਾਂ ਨੂੰ ਸਿਖਿਆ ਦਿੰਦਿਆਂ ਗੁਰੂ ਜੀ ਨੇ ਕਿਹਾ ਕਿ ਮੌਤ ਪਿਛੋਂ ਕੀਤੀਆਂ ਜਾਣ ਵਾਲੀਆਂ ਰਸਮਾਂ ਦਾ ਵਿਛੜੀ ਹੋਈ ਆਤਮਾ ਨੂੰ ਕੋਈ ਲਾਭ ਨਹੀਂ ਪਹੁੰਚਦਾ।

ਬਿਹਾਰ ਪ੍ਰਾਂਤ ਤੋਂ ਬਾਅਦ ਗੁਰੂ ਨਾਨਕ ਸਾਹਿਬ ਜੀ ਆਸਾਮ ਵਿੱਚ ਦਾਖਲ ਹੋਏ। ਉਸ ਵਕਤ ਇਸ ਪ੍ਰਾਂਤ ਨੂੰ ਕਾਮਰੂਪ ਕਿਹਾ ਜਾਂਦਾ ਸੀ, ਇਸ ਪ੍ਰਾਂਤ ਦੇ ਪ੍ਰਸਿੱਧ ਸ਼ਹਿਰ ਗੋਹਾਟੀ ਵਿੱਚ ਕਾਮਖਯਾ ਸਾਹਿਬੀ ਦਾ ਮੰਦਰ ਹੈ। ਇਹ ਮੰਦਰ ਵਾਮ ਮਾਰਗੀਆਂ ਦਾ ਹੈ। ਇਹ ਲੋਕ ਧਰਮ ਤੇ ਆਚਰਣ ਤੋਂ ਗਿਰੇ ਕੰਮਾਂ ਨੂੰ ਧਰਮ ਦਾ ਜ਼ਰੂਰੀ ਅੰਗ ਸਮਝਦੇ ਸਨ। ਗੁਰੂ ਜੀ ਨੇ ਇਹਨਾਂ ਲੋਕਾਂ ਨੂੰ ਨਸ਼ਿਆਂ ਤੇ ਆਚਰਣ ਹੀਣ ਕੰਮਾਂ ਤੋਂ ਪ੍ਰਹੇਜ਼ ਕਰਨ ਲਈ ਕਿਹਾ ਅਤੇ ਸਮਝਾਇਆ ਕਿ ਕੁਕਰਮਾਂ ਨੂੰ ਧਰਮ ਦੀ ਆੜ ਵਿੱਚ ਸੁਕਰਮ ਨਹੀਂ ਬਣਾਇਆ ਜਾ ਸਕਦਾ।

ਢਾਕੇ ਵਿਚੋਂ ਹੀ ਗੁਰੂ ਜੀ ਨੇ ਭਗਤ ਜੈ ਸਾਹਿਬ ਜੀ ਦੇ ਦੋ ਸ਼ਬਦ ਪ੍ਰਾਪਤ ਕੀਤੇ।

ਜਗਨ ਨਾਥ ਪੁਰੀ ਦੇ ਮੰਦਰ ਜੋ ਕਿ ਉੜੀਸਾ ਵਿਖੇ ਸਥਿਤ ਹੈ, ਵਿੱਚ ਪਹੁੰਚ ਕੇ ਗੁਰੂ ਜੀ ਨੇ ਲੋਕਾਂ ਨੂੰ ਦਸਿਆ ਕਿ ਕੋਈ ਵੀ ਸਾਹਿਬੀ ਸਾਹਿਬਤਾ ਜਗਨਨਾਥ ਨਹੀਂ ਹੋ ਸਕਦਾ ਸਗੋਂ ਜਗਤ ਦਾ ਨਾਥ ਤਾਂ ਵਾਹਿਗੁਰੂ ਆਪ ਹੈ।

ਜਦੋਂ ਗੁਰੂ ਜੀ ਨੂੰ ਜਗਨਨਾਥ ਦੀ ਮੂਰਤੀ ਦੀ ਆਰਤੀ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਤਾਂ ਉਹਨਾਂ ਨੂੰ ਇਹ ਕਹਿ ਕੇ ਆਰਤੀ ਵਿੱਚ ਸ਼ਮੂਲੀਅਤ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੇ ਜਗਨਨਾਥ ਦੀ ਆਰਤੀ ਤਾਂ ਉਸ ਦੀ ਬਣਾਈ ਕੁਦਰਤ ਆਪ ਹੀ ਉਤਾਰ ਰਹੀ ਹੈ। ਉਹਨਾਂ ਨੇ ਕਿਹਾ ਕਿ ਪ੍ਰਮਾਤਮਾ ਦਿਖਾਵੇ ਦੀ ਆਰਤੀ ਨਾਲ ਖੁਸ਼ ਨਹੀਂ ਹੁੰਦਾ, ਸਗੋਂ ਉਸ ਦੀ ਸੱਚੀ ਆਰਤੀ ਤਾਂ ਉਸ ਦੇ ਭਾਣੇ ਵਿੱਚ ਰਹਿ ਕੇ ਸਰਬੱਤ ਦਾ ਭਲਾ ਲੋਚਣਾ ਹੈ। ਇਥੇ ਹੀ ਆਪ ਨੇ ਕਲਯੁੱਗ ਨਾਂ ਦੇ ਪਾਂਧੇ ਦਾ ਪਰਦਾਫਾਸ਼ ਕੀਤਾ ਜੋ ਮਾਇਆ ਦੇ ਲਾਲਚ ਵਿੱਚ ਭੋਲੀ ਜਨਤਾ ਨੂੰ ਗੁੰਮਰਾਹ ਕਰ ਰਿਹਾ ਸੀ। ਪੁਰੀ ਤੋਂ ਬਾਅਦ ਗੁਰੂ ਜੀ ਭੀਲਾਂ ਦੇ ਇਲਾਕੇ ਵਿੱਚ ਆ ਗਏ ਜਿਸਨੂੰ ਦ੍ਰਾਵਿੜ ਵੀ ਕਿਹਾ ਜਾਂਦਾ ਹੈ। ਇਥੇ ਆਉਣ ਦਾ ਸਬੱਬ ਭਾਈ ਮਰਦਾਨਾ ਸੀ/ਕੌਡਾ ਰਾਖਸ਼ ਭਾਈ ਜੀ ਨੂੰ ਮਾਰਨ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਗੁਰੂ ਜੀ ਵੀ ਉਥੇ ਪਹੁੰਚ ਗਏ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਅਤੇ ਦਰਸ਼ਨ-ਦੀਦਾਰ ਕਰਕੇ ਕੌਡਾ ਨਿਹਾਲ ਹੋ ਗਿਆ ਤਾਂ ਉਸ ਨੇ ਭਾਈ ਮਰਦਾਨੇ ਨੂੰ ਛੱਡ ਦਿੱਤਾ। ਇਸ ਦੇ ਨਾਲ ਹੀ ਉਸ ਨੇ ਗੁਰੂ ਜੀ ਨੂੰ ਅੱਗੇ ਤੋਂ ਹਮੇਸ਼ਾਂ ਲਈ ਸੱਚੇ ਮਾਰਗ ਉੱਤੇ ਚੱਲਣ ਦਾ ਵਿਸ਼ਵਾਸ਼ ਵੀ ਦਿਵਾਇਆ।

ਇਸ ਉਦਾਸੀ ਦੇ ਸਫ਼ਰ ਦੌਰਾਨ ਗੁਰੂ ਜੀ ਸਿੰਗਲਾਦੀਪ (ਸ੍ਰੀ ਲੰਕਾ) ਪਹੁੰਚੇ। ਇਥੋਂ ਦਾ ਰਾਜਾ ਸ਼ਿਵਨਾਭ ਜੋ ਕਿ ਗੁਰੂ ਨਾਨਕ ਸਾਹਿਬ ਜੀ ਦਾ ਅਨਿਨ ਸ਼ਰਧਾਲੂ ਸੀ, ਨੂੰ ਗੁਰੂ ਜੀ ਦੇ ਦਰਸ਼ਨਾਂ ਦੀ ਤੀਬਰ ਤਾਂਘ ਸੀ। ਗੁਰੂ ਜੀ ਨੇ ਉਸ ਨੂੰ ਦਰਸ਼ਨ ਦੇ ਕੇ ਉਸ ਦੀ ਤਾਂਘ ਪੂਰੀ ਕੀਤੀ। ਇਸ ਉਦਾਸੀ ਦੌਰਾਨ ਹੀ ਗੁਰੂ ਨਾਨਕ ਸਾਹਿਬ ਜੀ ਦਿੱਲੀ ਵਿਖੇ ਜਮਨਾ ਨਦੀ ਦੇ ਕਿਨਾਰੇ ਮਜਨੂੰ ਭਗਤ ਨੂੰ ਮਿਲੇ, ਉਹਨਾਂ ਦੇ ਮਿਲਾਪ ਦੀ ਸ਼ਾਹਦੀ ਭਰਦਾ ਹੈ, ਗੁਰਦੁਆਰਾ ਮਜਨੂੰ ਟਿੱਲਾ।

ਗੁਰੂ ਜੀ ਦੀ ਇਸ (ਪਹਿਲੀ) ਉਦਾਸੀ ਦਾ ਅੰਤਮ ਪੜਾਅ ਕੁਰੂਕਸ਼ੇਤਰ ਸੀ। ਇਥੇ ਆਪ ਨੇ ਸੂਰਜ ਗ੍ਰਹਿਣ ਸਮੇਂ ਭੋਜਨ ਦੇ ਛਕਣ ਦੇ ਵਿਚਾਰਾਂ ਦਾ ਖੰਡਣ ਕੀਤਾ ਜੋ ਬ੍ਰਾਹਮਣਾਂ ਦੁਆਰਾ ਨਿੱਜੀ ਸੁਆਰਥ ਹਿੱਤ ਫੈਲਾਏ ਗਏ ਸਨ।

ਦੂਜੀ ਉਦਾਸੀ:- ਪਹਿਲੀ ਉਦਾਸੀ ਦੀ ਤਰਜ਼'ਤੇ ਇਸ ਉਦਾਸੀ ਦਾ ਮੁਹਾਣ ਵੀ ਹਿੰਦੂ ਤੀਰਥ ਅਸਥਾਨਾਂ ਅਤੇ ਸਿੱਧ ਜੋਗੀਆਂ ਦੇ ਟਿਕਾਣਿਆਂ ਵੱਲ ਸੀ। ਇਸ ਉਦਾਸੀ ਦੇ ਕੁਝ ਚੌਣਵੇਂ ਪੜਾਅ:-

ਸੁਮੇਰ ਪਰਬਤ ਦੀਆਂ ਗੁਫਾਵਾਂ ਵਿੱਚ ਸਿੱਧ, ਜੋਗੀ ਤੇ ਨਾਥ ਨਿਵਾਸ ਕਰਦੇ ਸਨ। ਇਥੇ ਗੁਰੂ ਸਾਹਿਬ ਦੀਆਂ ਸਿੱਧਾਂ ਨਾਲ ਧਾਰਮਿਕ ਗੋਸ਼ਟੀਆਂ ਹੋਈਆਂ। ਜੋ ਸਿੱਧ ਜੋਗੀ ਗੁਰੂ ਜੀ ਦੇ ਤਰਕ ਦਾ ਸਾਹਮਣਾ ਨਾ ਕਰ ਸਕੇ ਤਾਂ ਉਹਨਾਂ ਨੇ ਕਰਾਮਾਤੀ ਚੱਕਰ ਚਲਾਉਣੇ ਸ਼ੁਰੂ ਕਰ ਦਿੱਤੇ ਪਰ ਇਹ ਚੱਕਰ ਵੀ ਗੁਰੂ ਸਾਹਿਬ'ਤੇ ਕੋਈ ਪ੍ਰਭਾਵ ਨਾ ਪਾ ਸਕੇ। ਅਖੀਰ ਸਿੱਧਾਂ ਨੇ ਗੁਰੂ ਜੀ ਦੇ ਦਲੀਲਮਈ ਵਿਚਾਰਾਂ ਅੱਗੇ ਹਥਿਆਰ ਸੁੱਟ ਦਿੱਤੇ। ਸੁਮੇਰ ਪਰਬਤ ਤੋਂ ਬਾਅਦ ਗੁਰੂ ਜੀ ਨੇਪਾਲ ਪਹੁੰਚੇ ਅਤੇ ਉਥੋਂ ਦੇ ਰਾਜੇ ਰਘਬੀਰ ਨੂੰ ਆਪਣਾ ਸੇਵਕ ਬਣਾਇਆ।

ਕਸ਼ਮੀਰ ਦੇ ਇਲਾਕੇ ਵਿੱਚ ਗੁਰੂ ਜੀ ਨੇ ਸ੍ਰੀਨਗਰ, ਮਟਨ ਸਾਹਿਬ, ਅਮਰਨਾਥ ਅਤੇ ਵੈਸ਼ਨੋ ਸਾਹਿਬੀ ਦਾ ਰਟਨ ਕੀਤਾ ਅਤੇ ਲੋਕਾਂ ਨੂੰ ਸੱਚ ਦਾ ਰਾਹ ਵਿਖਾਇਆ।

ਜੰਮੂ ਵਿੱਚ ਆਪ ਨੇ ਰਘੂਨਾਥ ਮੰਦਰ ਵਿੱਚ ਟਿਕਾਣਾ ਕੀਤਾ ਅਤੇ ਇਥੇ ਜੁੜੀ ਲੋਕਾਈ ਨੂੰ ਪੱਥਰ ਪੂਜਣ ਤੋਂ ਵਰਜਿਆ। ਸਿਆਲਕੋਟ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਪੀਰ ਹਮਜ਼ਾ ਗੌਸ ਨੂੰ ਸਿੱਧੇ ਰਾਹੇ ਪਾਇਆ ਅਤੇ ਮੌਤ ਦੀ ਸੱਚਾਈ ਨੂੰ ਬਿਆਨ ਕੀਤਾ।

ਇਸ ਉਦਾਸੀ ਦਾ ਛੇਕੜਲਾ ਪੜਾਅ ਪਸਰੂਰ ਸੀ। ਇਥੇ ਗੁਰੂ ਜੀ ਦੀ ਮੀਆਂ ਮਿੱਠਾ ਰਾਮ ਦੇ ਫਕੀਰ ਨਾਲ ਚਰਚਾ ਹੋਈ ਅਤੇ ਆਪ ਨੇ ਉਸ ਨੂੰ ਗੁਰਮਤਿ ਗਿਆਨ ਦੀ ਬਖਸ਼ਿਸ਼ ਕੀਤੀ।

ਤੀਜੀ ਉਦਾਸੀ:- ਗੁਰੂ ਨਾਨਕ ਸਾਹਿਬ ਜੀ ਦੀ ਤੀਜੀ ਉਦਾਸੀ ਮੁਸਲਮਾਨੀ ਮੱਤ ਦੇ ਧਾਰਮਿਕ ਸਥਾਨਾਂ ਵੱਲ ਸੀ। ਤਿੰਨ ਵਰ੍ਹਿਆਂ ਦੀ ਇਸ ਉਦਾਸੀ ਦੌਰਾਨ ਗੁਰੂ ਨਾਨਕ ਸਾਹਿਬ ਜੀ ਨੇ ਇਸਲਾਮ ਧਰਮ ਦੇ ਪੀਰਾਂ, ਫਕੀਰਾਂ, ਮੌਲਵੀਆਂ ਅਤੇ ਹੋਰ ਪੈਰੋਕਾਰਾਂ ਨੂੰ ਅੱਲ੍ਹਾ ਤੋਂ ਦੂਰ ਲਿਜਾਣ ਵਾਲੇ ਵਿਚਾਰ ਅਤੇ ਵਿਵਹਾਰ ਤੋਂ ਪ੍ਰਹੇਜ ਕਰਨ ਦਾ ਉਪਦੇਸ਼ ਦਿੱਤਾ।

ਪਾਕਪਟਨ ਦਾ ਪਹਿਲਾ ਨਾਂ ਅਯੋਧਨ ਸੀ। ਗੁਰੂ ਸਾਹਿਬ ਉਥੇ ਬਾਬਾ ਸ਼ੇਖ ਫਰੀਦ ਦੇ 11ਵੇਂ ਗੱਦੀ-ਨਸ਼ੀਨ ਬਾਬਾ ਸ਼ੇਖ ਬ੍ਰਹਮ ਨੂੰ ਮਿਲੇ ਅਤੇ ਬਾਬਾ ਫਰੀਦ ਦੀ ਬਾਣੀ ਪ੍ਰਾਪਤ ਕੀਤੀ ਜੋ ਗੁਰਮਤਿ ਦੀ ਅਨੁਸਾਰੀ ਸੀ।

ਇਸ ਤੋਂ ਅਗਲੇਰਾ ਪੈਂਡਾ ਤਹਿ ਕਰਦੇ ਗੁਰੂ ਜੀ ਤੁਲੰਬੇ ਜੋ ਲਾਹੌਰ ਤੋਂ ਮੁਲਤਾਨ ਵਾਲੀ ਸੜਕ ਉਤੇ ਸਥਿਤ ਹੈ, ਪਹੁੰਚੇ। ਇਥੋਂ ਦਾ ਵਸਨੀਕ ਸੱਜਣ ਮੱਲ ਪਹਿਲਾਂ ਆਏ-ਗਏ ਨੂੰ ਆਪਣੇ ਮੁਸਾਫਰਖਾਨੇ ਵਿੱਚ ਠਹਿਰਾ ਦਿੰਦਾ ਸੀ, ਪਰ ਬਾਅਦ ਵਿੱਚ ਲਾਲਚ ਵੱਸ ਆ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੰਦਾ ਸੀ। ਜਦੋਂ ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨੇ ਸਮੇਤ ਉਸ ਕੋਲ ਪਹੁੰਚੇ ਤਾਂ ਉਸ ਨੇ ਅਜਿਹੇ ਪਾਪਾਂ ਤੋਂ ਤੋਬਾ ਕੀਤੀ ਅਤੇ ਧਰਮੀ ਬੰਦਾ ਬਣਨ ਦਾ ਵਚਨ ਦਿੱਤਾ। ਮੱਕਾ ਅਰਬ ਦੇਸ਼ ਦਾ ਅੰਤਰ-ਰਾਸ਼ਟਰੀ ਪ੍ਰਸਿੱਧੀ ਦਾ ਸ਼ਹਿਰ ਹੈ। ਇਥੇ ਇਸਲਾਮ ਦੇ ਪੈਰੋਕਾਰਾਂ ਦਾ ਤੀਰਥ ਸਥਾਨ ਕਾਅਬਾ ਵਾਕਿਆ ਹੈ। ਇਥੇ ਆਪ ਨੇ ਮੁਸਲਮਾਨ ਕਾਜ਼ੀਆਂ, ਪੀਰਾਂ ਅਤੇ ਫਕੀਰਾਂ ਨੂੰ ਖੁਦਾ ਦੀ ਸਰਵਵਿਆਪਕਤਾ ਦਾ ਉਪਦੇਸ਼ ਦੇ ਕੇ ਉਹਨਾਂ ਦੇ ਤੰਗਦਿਲੀ ਵਾਲੇ ਭਰਮ ਨੂੰ ਤੋੜਿਆ।

ਇਰਾਕ ਦੇ ਸ਼ਹਿਰ ਬਗਦਾਦ ਦੇ ਵਸਨੀਕ ਸੰਗੀਤ ਨੂੰ ਨਫ਼ਰਤ ਕਰਦੇ ਸਨ ਪਰ ਗੁਰੂ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਜੇਕਰ ਸੰਗੀਤ ਦਾ ਉਦੇਸ਼ ਮਾੜਾ ਨਾ ਹੋਵੇ ਤਾਂ ਇਹ ਇੱਕ ਸਰ-ਵੋਤਮ ਵਸਤੂ ਹੋ ਨਿਬੜਦਾ ਹੈ।

ਹਸਨ ਅਬਦਾਲ ਵਿਖੇ ਗੁਰੂ ਨਾਨਕ ਸਾਹਿਬ ਜੀ ਨੇ ਇੱਕ ਕਰਾਮਾਤੀ ਫ਼ਕੀਰ ਵਲੀ ਕੰਧਾਰੀ ਦਾ ਹੰਕਾਰ ਤੋੜਿਆ। ਜਿਸ ਨੇ ਆਪਣੇ ਆਪ ਨੂੰ ਕਰਾਮਾਤੀ ਸਮਝਦਿਆਂ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਜੀ ਨਾਲ ਬੁਰਾ ਵਿਵਹਾਰ ਕੀਤਾ ਸੀ।

ਜਦੋਂ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਤਾਂ ਉਸ ਨੇ ਗੁਰੂ ਜੀ ਦੇ ਚਰਨੀ ਢਹਿ ਕੇ ਭੁੱਲ ਬਖਸ਼ਾਈ। ਇਥੇ ਇਸ ਘਟਨਾ ਨੂੰ ਤਾਜ਼ਾ ਕਰਦਿਆਂ ਹੋਇਆ ਗੁਰਦੁਆਰਾ ਪੰਜਾ ਸਾਹਿਬ ਮੌਜੂਦ ਹੈ।

ਸਿੱਖ ਇਤਿਹਾਸ ਵਿੱਚ ਸੈਦਪੁਰ ਦੀ ਘਟਨਾ ਵੀ ਸੁਨਹਿਰੀ ਅੱਖਰਾਂ ਵਿੱਚ ਲਿਖੀ ਹੋਈ ਮਿਲਦੀ ਹੈ। ਇਥੇ ਆਪ ਸਿੱਖ ਸ਼ਰਧਾਲੂ ਭਾਈ ਲਾਲੋ ਦੇ ਘਰ ਠਹਿਰੇ। ਇਸੇ ਠਹਿਰ ਸਮੇਂ ਬਾਬਰ ਦਾ ਹਮਲਾ ਹੋ ਗਿਆ। ਇਸ ਹਮਲੇ ਤਹਿਤ ਮਾਰਧਾੜ ਅਤੇ ਲੁੱਟ ਕਾਰਨ ਚਾਰੇ ਪਾਸੇ ਹਾਹਾਕਾਰ ਮੱਚ ਗਈ। ਸ਼ਹਿਰ ਤਬਾਹ ਹੋ ਗਏ, ਜੋ ਪ੍ਰਾਣੀ ਬਚ ਗਏ ਸਨ, ਉਹਨਾਂ ਨੂੰ ਕੈਦ ਕਰ ਲਿਆ ਗਿਆ। ਗੁਰੂ ਜੀ ਵੀ ਭਾਈ ਮਰਦਾਨੇ ਸਮੇਤ ਕੈਦ ਹੋ ਗਏ। ਇਸ ਕੈਦ ਦੌਰਾਨ ਗੁਰੂ ਜੀ ਨੇ ਬਾਬਰ ਨੂੰ ਖਰੀਆਂ-ਖਰੀਆਂ ਸੁਣਾਈਆਂ। ਗੁਰੂ ਸਾਹਿਬ ਮੂੰਹੋਂ ਸੱਚ ਸੁਣ ਕੇ ਬਾਬਰ ਨੇ ਸਾਰੇ ਕੈਦੀਆਂ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ।

ਉਪਰੋਕਤ ਦੀ ਰੋਸ਼ਨੀ ਵਿੱਚ ਕਿਹਾ ਜਾ ਸਕਦਾ ਹੈ ਕਿ ਰੱਬੀ ਰੂਪ ਗੁਰੂ ਨਾਨਕ ਸਾਹਿਬ ਜੀ ਨੂੰ ਉਸ ਵਕਤ ਦੁਨੀਆਂ ਭਰ ਦੀ ਲੋਕਾਈ ਦੇ ਨਾਲ ਹੁੰਦੇ ਧੱਕੇ ਅਤੇ ਬੇਇਨਸਾਫ਼ੀ ਦਾ ਇਲਮ ਸੀ। ਸਿਰਫ਼ ਇਲਮ ਹੀ ਨਹੀਂ ਸਗੋਂ ਗੁਰੂ ਜੀ ਦੇ ਮਨ ਮੰਦਰ ਵਿੱਚ ਲੋਕਾਂ ਦਾ ਦਰਦ ਵੀ ਸੀ। ਇਸ ਦਰਦ ਨੂੰ ਵੰਡਾਉਣ ਲਈ ਉਹਨਾਂ ਦੇਸ਼-ਵਿਦੇਸ਼ ਦਾ ਕੋਹਾਂ ਮੀਲ ਪੈਂਡਾ ਤਹਿ ਕੀਤਾ। ਇਹ ਇੱਕ ਅਜਿਹਾ ਬਿਖੜਿਆ ਪੈਂਡਾ ਸੀ ਜਿਸ ਉਪਰ ਚਲਣਾ ਗੁਰੂ ਨਾਨਕ ਮਹਾਰਾਜ ਜੀ ਵਰਗੇ ਦਲੇਰ, ਫਿਲਾਸਫਰ ਅਤੇ ਸੱਚ ਦੇ ਵਪਾਰੀ ਮਹਾਂਪੁਰਖ ਦੇ ਹੀ ਹਿੱਸੇ ਆ ਸਕਦਾ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ- ਮਹਾਂਕਵੀ ਤੇ ਮਸੀਹਾ



ਉਹ ਸਭ ਲੋਕ ਜੋ ਪਿਛਲੀਆਂ ਪੰਜ ਸਦੀਆਂ ਦੇ ਸਮੇਂ 'ਚ ਪੰਜ ਦਰਿਆਵਾਂ ਦੀ ਪਵਿੱਤਰ ਤੇ ਪੁਰਾਤਨ ਮਿੱਟੀ 'ਚ ਪੈਦਾ ਹੋ ਕੇ, ਇਸ ਵਿਚ ਸਮਾਅ ਚੁੱਕੇ ਹਨ- ਭਾਵ ਉਸ ਭੂਮੀ ਦੀ ਸੰਤਾਨ ਜੋ ਭਾਰਤ ਦੇ ਉੱਤਰ-ਪੱਛਮੀ ਭਾਗ 'ਚ ਦੂਰ ਤੱਕ ਪੱਸਰੀ ਹੋਈ ਹੈ- ਨਿਸਚੇ ਹੀ ਬਾਬਾ ਗੁਰੂ ਨਾਨਕ ਦੇਵ ਜੀ (ਅਪ੍ਰੈਲ 15, 1469- ਸਤੰਬਰ 22, 1539 ਈਸਵੀ) ਦੀ ਪ੍ਰਕਾਸ਼ਮਈ ਰੂਹਾਨੀ ਉਪਸਥਿਤੀ ਤੋਂ ਆਤਮਿਕ ਧਰਵਾਸ ਤੇ ਪ੍ਰੇਰਣਾਤਮਕ ਸ਼ਕਤੀ ਪ੍ਰਾਪਤ ਕਰਦੇ ਆ ਰਹੇ ਹਨ। ਇਸ ਸਾਰੇ ਸਮੇਂ 'ਚ ਆਮ ਲੋਕਾਂ ਤੇ ਜੋ ਵੀ ਅੱਤਿਆਚਾਰ ਤੇ ਵਧੀਕੀਆਂ ਹੋਈਆਂ- ਭਾਵੇਂ, ਉਹ ਉਨ੍ਹਾਂ ਦੇ ਆਪਣੇ ਸਮੂਹਿਕ ਚਰਿੱਤਰ ਦੀਆਂ ਕਮਜ਼ੋਰੀਆਂ ਕਾਰਨ ਵਾਪਰੀਆਂ; ਨਿਰਦਈ ਸਥਾਨਕ ਸ਼ਾਸਕਾਂ ਦੁਆਰਾ ਜਾਂ ਫਿਰ ਜ਼ੁਲਮੀ ਵਿਦੇਸ਼ੀ ਹਮਲਾਵਰਾਂ ਨੇ ਕੀਤੀਆਂ- ਗੁਰੂ ਜੀ ਵਲੋਂ ਬਖਸ਼ੀ 'ਧੁਰ ਕੀ ਬਾਣੀ'- ਸਿੱਧੇ ਸੱਤ ਕਥਨ, ਜੋ ਰੂਹ ਨੂੰ ਝੰਜੋੜ ਦੇਣ ਵਾਲੀ ਕਾਵਿ ਸ਼ੈਲੀ, ਲੋਕਾਂ ਦੀ ਆਪਣੀ ਸਟੀਕ ਬੋਲੀ 'ਚ ਰਚਿਤ ਹਨ- ਸਦਾ ਹੀ ਸਹੀ ਤੇ ਸਾਂਝੀਵਾਲਤਾ ਦੇ ਮਾਰਗ 'ਤੇ ਤੁਰਨ ਵਾਲਿਆਂ ਦੀਆਂ ਰੂਹਾਂ ਨੂੰ ਰੁਸ਼ਨਾਉਂਦੀ ਰਹੀ ਹੈ। ਜਦੋਂ ਚਾਰ ਸੌ ਵਰ੍ਹਿਆਂ ਬਾਅਦ ਗੁਰੂ ਨਾਨਕ ਦੇਵ ਜੀ ਦੇ ਪਿਆਰੇ ਪੰਜਾਬ ਦੇ ਲੋਕਾਂ ਨੂੰ ਰਾਜਨੀਤੀ ਦੀ ਤਿੱਖੀ ਤੇ ਫ਼ਰੇਬੀ ਤਲਵਾਰ ਨਾਲ ਦੋ ਟੋਟਿਆਂ 'ਚ ਵੱਢ ਦਿੱਤਾ ਗਿਆ ਸੀ, ਮੇਰੇ 'ਬਾਲ' ਮਨ ਦੇ ਕੰਨਾਂ ਦੇ ਧੁਰ ਅੰਦਰ ਇਕ ਦਰਦ ਭਰਿਆ ਗੀਤ ਗੂੰਜਿਆ ਸੀ, ਉਨਨਕਾਣੇ ਵੱਲ ਨੂੰ ਜਾਂਦਿਆ ਰਾਹੀਆ ਵੇ, ਮੇਰੇ ਪ੍ਰੀਤਮ ਨੂੰ ਸੰਦੇਸ਼ਾ ਦੇਵੀਂ ਜਾ..."

ਆਦਰਯੋਗ ਵਿਦਵਾਨ ਸਰੋਤੇ ਮਿਤਰੋ ਮੈਂ ਆਪਣੇ ਅੱਜ ਦੇ ਇਸ ਗੰਭੀਰ ਵਿਸ਼ੇ ਦੇ ਵਿਸਤਾਰ 'ਚ ਜਾਣ ਤੋਂ ਪਹਿਲਾਂ ਤੁਹਾਡੇ ਨਾਲ ਕੁਝ ਤੱਥ ਤੇ ਹਵਾਲੇ ਸਪੱਸ਼ਟ ਕਰ ਦੇਣੇ ਜ਼ਰੂਰੀ ਸਮਝਦਾ ਹਾਂ। ਸਭ ਤੋਂ ਪਹਿਲਾਂ ਸਾਨੂੰ ਇਹ ਸੱਚਾਈ ਸਵੀਕਾਰ ਕਰਕੇ ਅੱਗੇ ਤੁਰਨਾ ਹੈ ਕਿ 'ਗੁਰੂ ਨਾਨਕ ਜੀ ਦੇ ਆਪਣੇ ਹਸਤ ਲਿਖਤ ਦਾ ਕੋਈ ਹਵਾਲਾ-ਦਸਤਾਵੇਜ਼ ਸਮੇਂ ਦੀਆਂ ਪ੍ਰਕ੍ਰਿਆ 'ਚ ਸਾਡੇ ਪਾਸ ਨਹੀਂ ਬਚ ਸਕਿਆ।' ਪੁਰਾਤਨ ਹਸਤਲਿਖਤ ਖਰੜਿਆਂ ਦੇ ਅਤਿ ਪ੍ਰੀਸ਼ਰਮੀ ਤੇ ਇਮਾਨਦਾਰ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਜੀ ਨੇ ਸਮਝਾਇਆ ਹੈ ਕਿ ਗੁਰਮੁਖੀ ਤੇ ਦੇਵਨਾਗਰੀ ਲਿਪੀਆਂ 'ਚ ਸ਼ਬਦ ਸਮੂਹਾਂ ਨੂੰ ਲੋੜ ਅਨੁਸਾਰ ਜੁਦਾ ਕਰਕੇ ਨਾ ਲਿਖਣ ਦੀ ਪ੍ਰਚਲਤ ਪ੍ਰੰਪਰਾ ਨੇ ਇਕ ਵੱਡੀ ਔਕੜ ਪੈਦਾ ਕਰ ਰੱਖੀ ਸੀ ਤੇ ਪਾਠ ਕਰਨ ਵਾਲਿਆਂ ਨੂੰ ਐਸੀ ਟੈਕਸਟ- ਅਸਲ ਇਬਾਰਤ- ਨੂੰ ਠੀਕ ਪੜ੍ਹਨ ਲਈ ਲੰਬੇ ਅਭਿਆਸ ਤੇ ਯੋਗ ਸਿੱਖਿਆ ਦੀ ਅਵੱਸ਼ਕਤਾ ਹੁੰਦੀ ਸੀ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਭ ਸਮੱਸਿਆਵਾਂ ਦੀਆਂ ਗੁੰਝਲਾਂ ਨੂੰ ਪਹਿਚਾਣਦੇ ਹੋਏ, ਆਪਣੇ ਪੂਰੀ ਤਰ੍ਹਾਂ ਪਰਖੇ ਤੇ ਵਿਸ਼ਵਾਸਯੋਗ ਉੱਤਰਾਧਿਕਾਰੀ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੀ ਪਦਵੀ ਪ੍ਰਦਾਨ ਕਰਦੇ ਹੋਏ, ਆਪਣੀਆਂ ਸਭ ਰਚਨਾਵਾਂ ਤੇ ਹੋਰ ਸੋਚ-ਵਿਚਾਰ ਦੀ ਸਾਂਝ ਵਾਲੇ ਸੰਤ-ਕਵੀਆਂ ਦੀਆਂ ਚੋਣਵੀਆਂ ਲਿਖਤਾਂ- ਜੋ ਉਨ੍ਹਾਂ ਨੇ ਆਪਣੀਆਂ ਲੰਬੀਆਂ ਯਾਤਰਾਵਾਂ ਦੌਰਾਨ ਉਨ੍ਹਾਂ ਮਹਾਂਪੁਰਸ਼ਾਂ ਨਾਲ ਗਹਿਰੇ ਪ੍ਰਵਚਨ ਕਰਦੇ ਹੋਏ ਇਕੱਤ੍ਰਿਤ ਕੀਤੀਆਂ ਸਨ- ਸੌਂਪ ਦਿੱਤੀਆਂ। ਇਸ ਤਰ੍ਹਾਂ ਕੁਲ 974 ਭਜਨ, ਸ਼ਬਦ, ਗੀਤ- ਜੋ ਭਾਰਤੀ ਕਲਾਸੀਕਲ ਸੰਗੀਤ ਦੇ 19 ਪ੍ਰਮੁੱਖ ਰਾਗਾਂ 'ਚ ਰਚੇ ਗਏ ਹਨ- ਤੇ ਗੁਰੂ ਨਾਨਕ ਦੇਵ ਜੀ ਦੀ ਪ੍ਰਵਾਨਿਤ ਬਾਣੀ ਦੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਪੰਜਵੇਂ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਨ ਕਰਕੇ ਸ਼ਾਮਿਲ ਕੀਤੇ ਗਏ ਹਨ। ਗੁਰੂ ਨਾਨਕ ਜੀ ਦੀ ਬਾਣੀ ਦਾ ਪ੍ਰਮੁੱਖ ਹਿੱਸਾ ਚੌਪਾਈਆਂ ਤੇ ਹੋਰ ਪ੍ਰਚਲਤ ਕਾਵਿਕ ਰੂਪਾਂ 'ਚ ਰਚਿਤ ਹੈ ਜਿਸ ਵਿਚ 'ਸਦਾਚਾਰ, ਦਰਸ਼ਨ ਤੇ ਬ੍ਰਹਮੰਡ ਦੇ ਸੰਪੂਰਣ ਸੰਕਲਪ' ਨਾਲ ਸੰਬੰਧਤ ਵਿਸ਼ੇ ਹਨ।

ਗੁਰੂ ਨਾਨਕ ਜੀ ਦੀ ਰਚਨਾ, 'ਜਪੁਜੀ- ਪਵਿੱਤਰ ਬੋਲ- 38 ਪਉੜੀਆਂ ਭਾਵ ਸੀੜੀਆਂ' ਜਾਂ 'ਕਾਵਿਕ ਪਦ' ਦਾ ਅਲੰਕਾਰ- ਸਿੱਖ ਪ੍ਰੰਪਰਾ 'ਚ ਸੁਬਹਸਵੇਰੇ ਅੰਮ੍ਰਿਤ ਵੇਲੇ ਸਿਮਰਨ ਕਰਨ ਵਾਲੀ ਪ੍ਰਾਰਥਨਾ ਦੇ ਤੌਰ 'ਤੇ ਸਥਾਪਿਤ ਹੋ ਗਈ ਹੈ। ਜਪੁਜੀ ਪ੍ਰਮਾਤਮਾ ਨੂੰ ਸੰਬੋਧਨ ਨਾਲ ਆਰੰਭ ਹੋ ਕੇ, 'ਉੱਚਤਮ ਸ਼ਕਤੀ- ਸੁਪਰੀਮ ਬੀਇੰਗ' ਦੇ ਸਿਧਾਂਤ ਦਾ ਵਿਸਤਾਰ 'ਚ ਵਰਨਣ ਹੈ ਕਿ ਕਿਵੇਂ 'ਉਹ ਅਦੁੱਤੀ, ਸਰਵਸ਼ਕਤੀਮਾਨ ਤੇ ਅਮਰ ਹੈ; ਸਦਾ ਸਤਯ ਤੇ ਵਾਸਤਵਿਕਤਾ' 'ਤੇ ਆਧਾਰਿਤ ਹੈ। ਪਰਮਾਤਮਾ ਸੰਬੰਧੀ ਗਿਆਨ-ਪ੍ਰਕਾਸ਼ ਗੁਰੂ ਦੀ ਮਿਹਰ ਨਾਲ ਹੀ ਹਾਸਲ ਹੋ ਸਕਦਾ ਹੈ। ਜਪੁਜੀ ਦੀ ਬਾਣੀ ਦਾ ਵਿਸ਼ੇਸ਼ ਆਤਮਿਕ ਮਹੱਤਵ ਸਮਝਦੇ ਹੋਏ, ਪੰਜਵੇਂ ਗੁਰੂ ਅਰਜਨ ਜੀ ਨੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਾਰੰਭਕ ਬਾਣੀ ਦੀ ਪ੍ਰਾਥਮਿਕਤਾ ਦਿੱਤੀ। 'ਇਕ ਓਅੰਕਾਰ' ਈਸ਼ਵਰ ਦੀ 'ਇਕਾਤਮਕ ਏਕਤਾ'- ਮੋਨੋਥੀਇਸਟਿਕ' ਪਰਿਕਲਪਨਾ ਨੂੰ 'ਆਸਾ ਦੀ ਵਾਰ' ਰਾਹੀਂ ਹੋਰ ਵਿਆਖਿਆ ਕੀਤੀ ਗਈ ਹੈ। 'ਵਾਰ ਮਾਝ', 'ਸੋਹਿਲੇ' ਤੇ 'ਸਿੱਧ ਗੋਸਟ' ਦੀਆਂ ਬਾਣੀਆਂ 'ਚ ਵੀ ਲੋਕ ਮਾਨਸਿਕਤਾ ਨੂੰ ਭਰਮ-ਭੁਲੇਖੇ ਤੇ ਸਮਾਜਿਕ ਕੁਰੀਤੀਆਂ ਤੋਂ ਮੁਕਤ ਹੋਣ ਦਾ ਸਪੱਸ਼ਟ ਕਾਵਿ ਸੁਨੇਹਾ ਹੈ।

ਜਦੋਂ ਅਸੀਂ ਉਨ੍ਹਾਂ ਚਾਰ ਕਾਵਿ ਰਚਨਾਵਾਂ, ਜੋ ਰਾਗ ਆਸਾ ਅਤੇ ਤਿਲੰਗ 'ਚ ਉਚਾਰੀਆਂ ਗਈਆਂ ਹਨ ਅਤੇ ਗੁਰੂ ਜੀ ਦੇ ਗਹਿਰੇ ਗੁੱਸੇ ਤੇ ਵਿਦਰੋਹ ਦੇ ਭਾਵ ਪ੍ਰਗਟਾਉਂਦੀਆਂ ਹਨ, ਜਦੋਂ ਬਾਬਰ ਦੀਆਂ ਬੇ-ਰਹਿਮ ਫੌਜਾਂ ਨੇ ਪੰਜਾਬ ਦੇ ਲੋਕਾਂ ਤੇ ਜ਼ੁਲਮ ਢਾਹੇ ਸਨ ਅਤੇ ਇਸਤਰੀਆਂ ਦੇ ਅਪਮਾਨ ਕੀਤੇ ਸਨ। ਇਥੇ ਅਸੀਂ ਇਕ ਐਸੀ ਅਦੁੱਤੀ ਉਦਾਹਰਣ ਦੇ ਰੂਬਰੂ ਹੁੰਦੇ ਹਾਂ ਜਦੋਂ ਕਿ ਇਕ ਭਗਤੀਭਾਵਨਾ ਤੇ ਅਰਚਨਾ ਦੇ ਮਾਰਗ ਤੇ ਚੱਲਣ ਵਾਲੀ ਨੇਕ ਸ਼ਖਸੀਅਤ ਨੇ 'ਪਾਪ ਕੀ ਜੰਞ ਲੈ ਕਾਬਲੋਂ ਧਾਇਆ' ਵਾਲੇ ਜ਼ਾਲਮ ਨੂੰ ਵੰਗਾਰਿਆ ਹੈ। ਜਨਵਰੀ 1524 'ਚ ਲਾਹੌਰ 'ਚ ਕੀਤੇ ਕਤਲੇ-ਆਮ ਤੇ ਤਬਾਹੀ ਦਾ ਫਖ਼ਰ ਨਾਲ ਜ਼ਿਕਰ ਕੀਤਾ ਹੈ, ਅਕਬਰ ਮਹਾਨ ਦੇ ਦਾਦੇ ਨੇ ਆਪਣੇ 'ਬਾਬਰਨਾਮੇ' 'ਚ। ਗੁਰੂ ਨਾਨਕ ਜੀ ਨੇ 'ਬਾਬਰ ਬਾਣੀ ਫਿਰ ਗਈ...' ਦੀਆਂ ਰਚਨਾਵਾਂ ਰਾਹੀ, ਜ਼ੁਲਮੋ-ਤਸ਼ੱਦਦ ਦੀਆਂ ਤਸਵੀਰਾਂ ਪੇਸ਼ ਕਰਦੇ ਹੋਏ 'ਤੈਂ ਕੀ ਦਰਦ ਨਾ ਆਇਆ...?' ਸਿਰਜਨਹਾਰ ਨੂੰ ਵੀ ਉਲ੍ਹਾਂਭਾ ਦਿੱਤਾ ਹੈ ਕਿ ਇਤਨਾ ਕੁਝ ਦੇਖਦੇ ਹੋਏ ਵੀ, ਉਸਨੇ ਇਹ ਸਭ ਕੁਝ ਕਿਉਂ ਵਾਪਰਨ ਦਿੱਤਾ? ਗੁਰੂ ਜੀ ਸਦਾ ਹੀ ਸੱਚੀ ਮੁਕਤੀ ਤੇ ਨੇਕ ਜੀਵਨ ਦੀ ਭਾਲ 'ਚ ਕਦੀ ਵੀ ਨਾ ਥੱਕਣ ਵਾਲੇ ਖੋਜੀ-ਮੁਸਾਫਿਰ ਬਣੇ ਰਹੇ। ਸਮਾਜਿਕ ਨਿਆਇ, ਸਮਾਨਤਾ ਤੇ ਭਾਈਚਾਰੇ ਦੇ ਮਹਾਨ ਅਸੂਲਾਂ ਨੂੰ ਅਮਲ 'ਚ ਲਿਆਉਣ ਵਾਲੇ ਕਾਰਜ ਉਨ੍ਹਾਂ ਦੇ ਆਦਰਸ਼ ਰਹੇ। ਉਹ ਗਰੀਬ ਕਾਰੀਗਰ ਭਾਈ ਲਾਲੋ ਜੀ ਤੇ ਇਸਲਾਮ ਵਰਗੇ ਬਰਾਬਰੀ ਦੇ ਢੋਲ ਪਿੱਟਣ ਵਾਲੇ ਮਜ਼ਹਬ 'ਚ ਵੀ ਨੀਵੇਂ ਗਿਣੇ ਗਏ ਭਾਈ ਮਰਦਾਨਾ ਜੀ ਦੀਆਂ ਸ਼੍ਰੇਣੀਆਂ ਨਾਲ ਮਜ਼ਬੂਤੀ ਨਾਲ ਜੁੜਕੇ ਖੜ੍ਹੇ ਰਹੇ। ਇਸ ਤਰ੍ਹਾਂ ਗੁਰੂ ਜੀ ਨੇ ਭਗਤੀ ਪ੍ਰੰਪਰਾ ਦੀਆਂ ਸੀਮਾਵਾਂ ਤੇ 'ਨਿਰਗੁਣ-ਸਰਗੁਣ' ਸਿਧਾਂਤਾਂ ਦੇ ਵਿਵਾਦਾਂ ਤੋਂ ਉਪਰ ਉਠਕੇ ਉਸ ਸਮੇਂ ਦੇ ਸਮਾਜ ਦੇ ਪਖੰਡਾਂ ਦਾ ਜ਼ਬਰਦਸਤ ਖੰਡਨ ਕੀਤਾ। ਉਨ੍ਹਾਂ ਨੇ ਜਾਤ-ਪਾਤ ਦੇ ਕੋਹੜ-ਗ੍ਰਸਤ ਪੁਰਾਤਨ ਹਿੰਦੂ ਮੱਤ ਤੇ ਨਵੇਂ ਆਏ ਕੱਟੜਪੰਥੀ ਤੇ ਹਿੰਸਾਤਮਕ ਇਸਲਾਮ ਦੇ ਮਾਨਵਤਾ ਤੇ ਮੁਹੱਬਤ ਦੇ ਮਾਰਗ ਤੋਂ ਭਟਕ ਜਾਣ ਨੂੰ ਖੁੱਲ੍ਹ ਕੇ ਉਜਾਗਰ ਕੀਤਾ। 'ਜਿਹੋ ਡਿੱਠਾ, ਤਿਹੋ ਕਿਹਾ'। ਗੁਰੂ ਅਰਜਨ ਦੇਵ ਜੀ ਲਈ ਅਖੌਤੀ ਨਿਮਨ ਵਰਗ ਦੇ ਮਹਾਂ-ਪੁਰਸ਼ਾਂ- ਜਿਨ੍ਹਾਂ 'ਚ ਕਬੀਰ, ਰਵੀਦਾਸ, ਨਾਮਾ, ਸਦਨਾ, ਸੈਨ ਆਦਿ ਪ੍ਰਮੁੱਖ ਹਨ- ਦੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਸ਼ਾਮਲ ਕਰਕੇ ਮਾਣ ਬਖਸ਼ਣ ਦਾ ਮੁੱਢਲਾ ਹੌਸਲਾ ਤੇ ਪ੍ਰੇਰਣਾ ਗੁਰੂ ਨਾਨਕ ਜੀ ਦੀਆਂ ਪ੍ਰਕਾਸ਼ਮਈ ਸਿੱਖਿਆਵਾਂ ਤੋਂ ਹੀ ਮਿਲਿਆ ਸੀ। ਵਾਸਤਵ 'ਚ ਗ੍ਰੰਥ ਸਾਹਿਬ ਜੀ ਦੀ ਸਾਂਝੀਵਾਲਤਾ ਤੇ ਮਾਨ-ਵਤਾ ਦਾ ਆਤਮਿਕ ਪਿਛੋਕੜ ਤੇ ਦ੍ਰਿੜ੍ਹਤਾ ਨਾਲ ਭਰਪੂਰ ਵਿਸ਼ਵਾਸ ਦਾ ਵਿਰਸਾ ਗੁਰੂ ਨਾਨਕ ਜੀ ਵਲੋਂ ਹੀ ਸਥਾਪਿਤ ਕੀਤਾ ਗਿਆ ਸੀ।

ਗੁਰੂ ਜੀ ਨੇ ਸਮਕਾਲੀ ਸਮਾਜ ਦੀਆਂ ਧਾਰਮਿਕ ਤੇ ਸਦਾਚਾਰਕ ਸਮੱਸਿਆਵਾਂ ਦਾ ਨਿਰਪੱਖ ਤੇ ਸਮੁੱਚਾ ਨਿਰੀਖਣ ਕੀਤਾ। ਹਿੰਦੂ ਲੋਕ ਹੌਸਲਾ ਖੋ ਕੇ, ਨਿਰਾਸ਼ਾ 'ਚ ਵਿਰੋਧਾਭਾਸ ਦਾ ਜੀਵਨ ਗੁਜ਼ਾਰ ਰਹੇ ਸਨ। ਗੁਰੂ ਨਾਨਕ ਜੀ ਨੇ ਬੜੇ ਹੀ ਸੰਵੇਦਨਸ਼ੀਲ ਸ਼ਬਦਾਂ 'ਚ ਉਨ੍ਹਾਂ ਨੂੰ ਬੋਲੇੜੇ ਰੀਤੀ-ਰਿਵਾਜਾਂ ਤੇ ਸਮਾਜਿਕ ਕੁਰੀਤੀਆਂ ਵਲੋਂ ਵਰਜਿਆ- 'ਦਇਆ ਕਪਾਹ, ਸੰਤੋਖੁ ਸੂਤ, ਜਤ ਗੰਢੀ ਸਤੁ ਵਟੁ॥ ਏਹ ਜਨੇਊ ਜੀਅ ਕਾ ਹਈ, ਤਾ ਪਾਡੇ ਘਤੁ॥' ਉਨ੍ਹਾਂ ਨੇ ਮੁਸਲਮਾਨਾਂ ਨੂੰ ਵੀ ਸਹੀ ਰਸਤੇ 'ਤੇ ਚੱਲਦੇ ਹੋਏ ਨੇਕ ਜੀਵਨ ਬਿਤਾਉਣ ਲਈ ਪ੍ਰੇਰਿਆ, 'ਮੁਸਲਮਾਨ ਕਹਾਣੂ ਮੁਸਕਲ ਹੋਏ ਤਾ ਮੁਸਲਮਾਨ ਕਹਾਵੈ; ਅੱਵਲ ਆਉਲੀ ਦਿਨ ਕਰ ਮਿੱਠਾ ਮੁਸਕਲਮਨ ਮਾਲ ਮੁਸਾਵੇ।'

ਗੁਰੂ ਜੀ ਨੇ ਉਸ ਸਮੇਂ ਦੇ ਸਮਾਜ ਨੂੰ ਇਸਤਰੀ ਦੇ ਸਮਾਜਕ ਜੀਵਨ 'ਚ ਤੇ ਮਹਾਨ ਕਰਤਾਰੀ ਕਿਰਦਾਰ ਤੋਂ ਜਾਣੂ ਕਰਾਉਂਦੇ ਹੋਏ ਕੁਦਰਤ ਦੇ ਨਿਯਮਾਂ ਅਨੁਸਾਰ ਪੂਰੀ ਜੁਮੇਵਾਰੀ ਵਾਲੇ ਗ੍ਰਹਿਸਥ ਜੀਵਨ ਦੇ ਮਾਰਗ ਨੂੰ ਹੀ ਉੱਚਤਮ ਤੇ ਨੇਕੀ ਭਰਪੂਰ ਕਰਾਰ ਦਿੱਤਾ। ਉਨ੍ਹਾਂ ਨੇ ਵਿਗਾੜੇ ਗਏ ਤੇ ਉਸ ਇਸਲਾਮੀ-ਦ੍ਰਿਸ਼ਟੀਕੋਣ ਦੀ ਕੜੀ ਆਲੋਚਨਾ ਕੀਤੀ ਜਿਸ ਅਨੁਸਾਰ ਔਰਤ ਨੂੰ ਗੁਲਾਮ ਜਾਂ ਪਸ਼ੂ ਬਿਰਤੀ ਦੀ ਕੇਵਲ ਕਾਮੁਕ ਭੁੱਖ ਦੀ ਵਸਤੂ ਹੀ ਸਮਝ ਲਿਆ ਗਿਆ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਪਤੀ ਤੇ ਪਤਨੀ ਕੁਦਰਤ ਨੇ ਸਮਾਨਤਾ ਦੇ ਸਬੰਧਾਂ 'ਚ ਸਿਰਜੇ ਹਨ ਅਤੇ ਵਫਾਦਾਰੀ ਦੋਵਾਂ ਲਈ ਸਦਾਚਾਰਕ ਨਿਯਮ ਤੇ ਧਰਮ-ਕਰਮ ਹੈ। ਗ੍ਰਹਿਸਥ ਆਸ਼ਰਮ 'ਚ ਆਨੰਦ ਤੇ ਸ਼ਾਦੀ ਦਾ ਰੂਪਕ ਅਲੰਕਾਰ ਦੈਵੀ ਪ੍ਰਕ੍ਰਿਆ ਦੀ ਸੰਪੂਰਣਤਾ ਹੈ। ਉਨ੍ਹਾਂ ਨੇ 'ਸੂਤਕ' ਸਮੇਂ ਨਾਲ ਅਪਵਿੱਤਰਤਾ ਨੂੰ ਭਰਮ-ਜਾਲ ਕਹਿਕੇ ਨਕਾਰਿਆ ਤੇ ਸਮਝਾਇਆ, 'ਮਨ ਦੀ ਮੈਲ. ਲਾਲਸਾ ਹੈ ਤੇ ਜੁਬਾਨ ਦੀ ਬੁਰਾਈ, ਝੂਠ ਹੈ; ਦੂਸਰਿਆਂ ਦੀ ਬੁਰਾਈ ਸੁਣਨਾ ਨਿੰਦਣਯੋਗ ਹੈ; ਕਿਸੇ ਦੀ ਪਤਨੀ ਦੀ ਸੁੰਦਰਤਾ ਤੇ ਦੌਲਤ ਤੇ ਬੁਰੀ ਨਜ਼ਰ ਰੱਖਣਾ ਚਿੱਤ ਦੀ ਖੋਟ ਹੈ।' ਇਸਤਰੀ ਦੇ ਸ੍ਰਿਸ਼ਟੀ 'ਚ ਆਧਾਰ-ਭੂਤ ਕਿਰਦਾਰ ਦੀ ਗੱਲ ਕਰਦੇ ਹੋਏ, ਗੁਰੂ ਜੀ ਕਹਿੰਦੇ ਹਨ, 'ਇਨਸਾਨ ਇਸਤਰੀ ਦੇ ਗਰਭ ਰਾਹੀਂ ਹੀ ਹੋਂਦ 'ਚ ਆਉਂਦਾ ਹੈ; ਉਸਦੇ ਨਾਲ ਸੰਬੰਧਾਂ ਰਾਹੀਂ ਸ਼ਾਦੀ ਕਰਦਾ ਹੈ ਤੇ ਨਸਲ ਨੂੰ ਅੱਗੇ ਤੋਰਦਾ ਹੈ- 'ਸੋ ਕਿਉ ਮੰਦਾ ਆਖੀਐ, ਜਿਤ ਜੰਮੇ ਰਾਜਾਨ।' ਗੁਰੂ ਜੀ ਸਤੀਪ੍ਰਥਾ ਨੂੰ ਨਕਾਰਦੇ ਹੋਏ ਕਹਿੰਦੇ ਹਨ, 'ਵਿਛੜੇ ਪ੍ਰੀਤਮ ਦੀ ਯਾਦ 'ਚ ਨੇਕੀ ਦਾ ਜੀਵਨ ਜਿਉਣਾ ਗੈਰ-ਕੁਦਰਤੀ, ਫੌਰੀ ਮ੍ਰਿਤੂ ਨਾਲੋਂ ਜੀਵਨ ਦੇ ਅੰਤ ਕਰਨ ਤੋਂ ਕਿਤੇ ਚੰਗਾ ਮਾਰਗ ਹੈ।'


ਪਿਆਰੇ ਸਰੋਤੇ ਮਿੱਤਰੋ, ਭਾਰਤ ਦੇ ਸਮੁੱਚੇ ਪ੍ਰਸੰਗ 'ਚ ਸਭ ਸਮਾਜ-ਸੁਧਾਰਕ ਤੇ ਰੂਹਾਨੀ ਅੰਦੋਲਨਾ ਦਾ ਅੰਤਿਮ ਮੁਲਾਂਕਣ ਅਤੇ ਸਭ ਮਹਾਨ ਸ਼ਖਸੀਅਤਾਂ ਦੀ ਵਾਸਤਵਿਕ ਪਰਖ ਉਨ੍ਹਾਂ ਦੇ ਮਾਨਵਤਾ ਦੇ ਭਾਈਚਾਰੇ ਤੇ ਸਮਾਨਤਾ ਦੀ ਕਸਵੱਟੀ ਤੇ ਹੀ ਹੋ ਸਕਦੇ ਹਨ। ਭਾਰਤ ਦੇ ਅਨੇਕ ਅਖੌਤੀ ਦੈਵੀ ਗ੍ਰੰਥਾਂ ਤੇ ਝੂਠੇ ਪੁਰਾਤਨ ਹਵਾਲਿਆਂ ਤੇ ਆਧਾਰਿਤ ਪ੍ਰੰਪਰਾਵਾਂ ਨੇ ਲੋਕਾਂ ਨੂੰ ਉਚ-ਨੀਚਤਾ ਦੇ ਘ੍ਰਿਣਾਤਮਕ ਵਖਰੇਵਿਆਂ 'ਚ ਵੰਡਕੇ ਜਿਵੇਂ ਦੇਸ ਦੇ ਮਹਾਨ ਵਿਰਸੇ ਦੀਆਂ ਹੋਰ ਸਭ ਨੇਕ ਪ੍ਰਾਪਤੀਆਂ ਨੂੰ ਸ਼ੂਨਯ-ਜ਼ੀਰੋ ਨਾਲ ਗੁਣਾ ਕਰਕੇ ਸ਼ੂਨਯ-ਜ਼ੀਰੋ ਹੀ ਬਣਾ ਰੱਖਿਆ ਹੋਇਆ ਹੈ। ਗੁਰੂ ਨਾਨਕ ਜੀ ਵਲੋਂ ਦੂਰ-ਨੇੜੇ ਦੀਆਂ ਅਨੇਕ ਯਾਤਰਾਵਾਂ ਕਰਕੇ ਤੇ ਸਭ ਵਿਚਾਰ-ਧਾਰਾਵਾਂ ਦੇ ਚਿੰਤਕਾਂ-ਵਿਦਵਾਨਾਂ ਤੇ ਸਰਵ-ਸਾਧਾਰਣ ਨੇਕ ਰੂਹਾਂ ਨਾਲ ਗਹਿਰੇ ਸੰਵਾਦਾਂ ਰਾਹੀਂ ਸਹੀ ਮਾਰਗ ਦੀ ਤਲਾਸ਼ ਕਰਨਾ, ਸ਼ਾਇਦ, ਸੰਸਾਰ 'ਚ ਆਪਣੀ ਮਿਸਾਲ ਆਪ ਹੈ। ਉਨ੍ਹਾਂ ਨੇ 'ਜਾਤੀ-ਪ੍ਰਥਾ-ਵਰਣ-ਆਸ਼ਰਮ' ਤੇ ਇਸ ਨਾਲ ਜੁੜੇ ਸਭ ਹਿੰਦੂ ਸੰਸਕਾਰਾਂ ਦੀ ਜਬਰਦਸਤ ਨਿਖੇਧੀ ਕੀਤੀ ਅਤੇ ਕੋਝੀ ਮਤਲਬ-ਪ੍ਰਸਤੀ ਦੇ ਸਭ ਸਮਾਜਿਕ ਭੇਦਭਾਵਾਂ ਨੂੰ ਸਖਤ ਸ਼ਬਦਾਂ 'ਚ ਨਕਾਰਿਆ। ਸ੍ਰੀ ਗੁਰੂ ਨਾਨਕ ਜੀ ਦੇ ਰੁਸ਼ਨਾਏ ਰਸਤੇ ਤੇ ਤੁਰਦੇ ਹੋਏ, ਪੰਜਵੇਂ ਗੁਰੂ ਅਰਜਨ ਦੇਵ ਜੀ ਵਲੋਂ ਸੰਪਾਦਿਤ ਗ੍ਰੰਥ ਸਾਹਿਬ ਨਿਸ਼ਚੇ ਹੀ ਸੰਸਾਰ ਦੀਆਂ ਆਤਮਿਕ ਪ੍ਰੰਪਰਾਵਾਂ ਦੇ ਇਤਿਹਾਸ ਦਾ ਇਕ ਅਦੁੱਤੀ ਤੇ ਮਹਾਨ ਮੀਲ ਪੱਥਰ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਜੀ ਨੂੰ ਅਸਲ ਅਰਥਾਂ 'ਚ ਸੱਚੀ ਸ਼ਰਧਾਂਜਲੀ ਆਪਣੇ ਦਿਲ ਦਿਮਾਗ ਤੇ ਰੂਹ 'ਚੋਂ 'ਜਾਤੀ ਅਭਿਮਾਨ' ਦੇ ਸਭ ਸਰੂਪਾਂ ਨੂੰ ਮੁਕੰਮਲ ਤੌਰ 'ਤੇ ਖਾਰਜ ਕਰਨਾ ਹੈ। ਵਾਸਤਵ 'ਚ, ਸਿੱਖ ਮੱਤ ਦਾ ਉਦੈ ਹੋਇਆਂ ਹੀ 'ਸੰਗਤ ਤੇ ਪੰਗਤ' ਦੇ ਸਮਾਨਤਾ ਦੇ ਆਧਾਰ ਤੋਂ ਹੋਇਆ ਹੈ। ਗੁਰੂ ਜੀ ਦੇ 550ਵੇਂ ਪ੍ਰਕਾਸ਼ ਉਤਸਵ ਤੇ ਸਾਨੂੰ ਸਭਨਾਂ ਨੂੰ ਉਨ੍ਹਾਂ ਦੇ ਪ੍ਰਿਥਵੀ ਤੇ ਸੱਤਰ ਸਾਲ ਪੰਜ ਮਹੀਨੇ ਤੇ ਸੱਤ ਦਿਨਾਂ ਦੇ ਜੀਵਨ ਦੇ ਹਰ ਪਲ ਤੋਂ ਅਤੇ 974 ਕਾਵਿ-ਭਜਨਾਂ ਤੋਂ ਆਪਣੇ ਜੀਵਨ ਨੂੰ ਪ੍ਰਕਾਸ਼ਮਈ ਬਣਾਉਣ ਦੀ ਪ੍ਰੇਰਣਾ ਲੈਣੀ ਚਾਹੀਦੀ ਹੈ। ਗੁਰੂ ਜੀ ਆਪਣੀਆਂ ਰਚਨਾਵਾਂ 'ਚ ਅਕਸਰ 'ਨਾਨਕ ਸਾਇਰ ਇਵ ਕਹਿਆ...' ਦਾ ਪ੍ਰਯੋਗ ਕਰਦੇ ਹੋਏ ਆਪਣੇ ਆਪ ਨੂੰ 'ਮਹਾਨ ਮਹਾਸ਼ਕਤੀ' ਦਾ ਗਵੱਈਆ ਕਹਿੰਦੇ ਹਨ। ਗੁਰੂ ਜੀ 'ਮੇਲ-ਮਿਲਾਪ' ਦੇ ਮਸੀਹਾ ਸਨ ਤੇ ਅੱਜ ਦੇ ਭਾਰਤ ਲਈ ਬਹੁ-ਵਿਸ਼ਵਾਸਮੁਖੀ ਤੇ ਵਿਭਿਨਤਾਵਾਂ ਦੀ ਵਡਿਆਈ ਵਾਲੇ ਸਮਾਜਿਕ ਨਿਆਏ ਆਧਾਰਿਤ ਰਾਜ ਦੇ ਸੰਕਲਪ ਦੇ ਰਾਹ ਦਸੇਰੇ ਵੀ। ਇਹ ਸ਼ੁਭ ਸੰਜੋਗ ਹੀ ਸੀ ਕਿ ਡਾ. ਭੀਮ ਰਾਓ ਅੰਬੇਦਕਰ ਜੀ ਸਿੱਖ ਮੱਤ ਦੇ ਦਰਸ਼ਨ ਤੇ ਜੀਵਨ ਵਿਵਹਾਰ ਦੇ ਵੱਡੇ ਪ੍ਰਸ਼ੰਸਕ ਸਨ ਅਤੇ ਇਸ ਵਿਚ ਦੱਬੇ-ਕੁਚਲੇ ਲੋਕਾਂ ਲਈ ਬਰਾਬਰੀ ਤੇ ਨਿਆਏ ਦੇ ਸਿਧਾਂਤਾਂ ਦਾ ਪ੍ਰੇਰਣਾਸਰੋਤ ਲੱਭਦੇ ਸਨ। ਗੁਰੂ ਨਾਨਕ ਜੀ ਦੀ ਨਾਮ ਲੇਵਾ ਸਭ ਸੰਗਤ ਨੂੰ ਅੱਜ 'ਆਤਮ-ਮੰਥਨ' ਦੀ ਅਵਸ਼ੱਕਤਾ ਹੈ ਕਿ ਕਿਵੇਂ ਪ੍ਰੀਸ਼ਰਮ, ਸ਼ਰਧਾਭਾਵ, ਨਿਰਮਲ ਜੀਵਨ-ਜਾਚ ਤੇ ਦੂਜਿਆਂ ਲਈ ਆਪਾ-ਵਾਰਨ ਦੇ ਗੁਣਾਂ ਨੂੰ ਅਮਲੀ ਜੀਵਨ 'ਚ ਅੰਗ-ਸੰਗ ਬਣਾਇਆ ਜਾ ਸਕੇ।

ਇਸ ਭਾਸ਼ਣ ਪ੍ਰਸਤੁਤੀ ਨੂੰ, ਮੁਆਫ਼ ਕਰਨਾ, ਮੈਂ ਕੁਝ ਨਿੱਜੀ ਹਵਾਲਿਆਂ ਨਾਲ ਪੂਰਾ ਕਰਨਾ ਚਾਹਾਂਗਾ। ਯਾਦ ਆਉਂਦਾ ਹੈ ਕਿ ਕਿਵੇਂ ਹੋਸ਼ ਸੰਭਾਲਦਿਆਂ ਹੀ ਪਵਿੱਤਰ ਗੁਰਪੁਰਬ 'ਕੱਤਕ ਦੀ ਪੂਰਨਮਾਸ਼ੀ, ਮੇਲਾ ਨਨਕਾਣੇ ਦਾ' ਚੇਤਨਤਾ 'ਚ ਇਕ ਮਧੁਰ ਉਤਸਵ ਦੇ ਤੌਰ 'ਤੇ ਦਰਜ ਹੋ ਗਿਆ ਸੀ। ਇਹ ਉਤਸਵ ਜੋ ਦੀਵਾਲੀ ਦੀ ਮੱਸਿਆ ਦੀ ਰਾਤ ਤੋਂ ਠੀਕ ਦੋ ਸਪਤਾਹ ਬਾਅਦ, ਪੂਰੇ ਖਿੜੇ ਚੰਦਰਮਾ ਦੀ ਚੌਦਵੀਂ ਰਾਤ ਨੂੰ, ਮਨਾਇਆ ਜਾਂਦਾ ਹੈ। ਇਹ ਕੋਈ ਦੂਰ ਭੂਤਕਾਲ ਦੀ ਮਿਥਿਹਾਸਕ ਘਟਨਾ ਬਾਰੇ ਨਹੀਂ ਸੀ, ਬਲਕਿ ਇਕ ਮਹਾਨ ਨੇਕ ਰੂਹ, ਮਹਾਂਪੁਰਸ਼ ਦੇ ਆਗਮਨ ਦਾ ਸੰਦੇਸ਼ ਲੈ ਕੇ ਆਉਂਦਾ ਸੀ ਜੋ ਕਿਸੇ ਵੱਡੇ ਅਮੀਰ ਖਾਨਦਾਨ; ਉੱਚੀ ਕੁੱਲ ਜਾਂ ਰਾਜ-ਘਰਾਣੇ ਦੀ ਪ੍ਰਤਿਨਿਧਤਾ ਨਹੀਂ ਸੀ ਕਰਦਾ। ਮੇਰੇ ਪਰਮ ਸਤਿਕਾਰਯੋਗ ਦਾਦੀ ਜੀ ਨੇ, ਜੋ ਹਮੇਸ਼ਾ ਹੀ ਭਜਨ ਬੰਦਗੀ ਦੇ ਬੋਲਾਂ ਨਾਲ ਜੁੜੇ ਰਹਿੰਦੇ ਸੀ, ਮੇਰੇ ਹੱਥਾਂ 'ਚ ਬੜੇ ਪਿਆਰ ਨਾਲ ਗੁਟਕਾ ਪਕੜਾ ਦਿੱਤਾ ਸੀ- ਜਿਉਂ ਹੀ ਮੈਂ ਗੁਰਮੁਖੀ ਦੇ ਅੱਖਰ 'ਉਠਾਉਣ'-ਪੜ੍ਹਨ ਦੇ ਯੋਗ ਹੋਇਆ ਸੀ। ਇਸ ਤਰ੍ਹਾਂ 'ਜਪੁਜੀ', 'ਰਹਿਰਾਸ', 'ਕੀਰਤਨ ਸੋਹਿਲਾ', 'ਆਨੰਦ' ਆਦਿ ਮੇਰੀ ਸੋਝੀ ਦਾ ਜਿਵੇਂ ਵਾਸਤਵਿਕ ਸੋਝੀ ਤੋਂ ਪਹਿਲਾਂ ਹੀ ਪਵਿੱਤਰ ਅੰਗ ਬਣ ਗਏ ਸਨ। ਮਈ 1951 'ਚ ਜਦੋਂ ਮੇਰੇ ਪਰਿਵਾਰ ਨੇ ਪਿੰਡ ਤੋਂ ਨੇੜੇ ਦੇ ਨਵੇਂ ਵਸੇ ਨਗਰ ਅਹਿਮਦਗੜ੍ਹ 'ਚ ਨਿਵਾਸ ਸਥਾਪਤ ਕੀਤਾ ਤਾਂ ਪਹਿਲੀ ਗੱਲ ਜਿਸਨੇ ਮੇਰੇ ਮਨ ਤੇ ਅਸਰ ਕੀਤਾ ਸੀ, ਉਹ ਸੀ ਰੇਲਵੇ ਰੋਡ ਤੇ ਬਣੇ ਨਵੇਂ ਗੁਰਦਵਾਰਾ ਸਾਹਿਬ ਦੀ ਸਾਹਮਣੇ ਵਾਲੀ ਬਾਹਰੀ ਸੜਕ ਵੱਲ ਪਸ਼ੂਆਂ ਦੇ ਪਾਣੀ ਲਈ ਬਣੀ ਵੱਡੀ ਖੇਲ਼ ਦੀ ਛੋਟੀ-ਲੰਬੀ ਦੀਵਾਰ ਦੇ ਵਿਚਕਾਰ ਸੰਗੇ-ਮਰਮਰ ਦਾ ਪੱਥਰ ਜਿਸ ਤੇ ਲਿਖਿਆ ਸੀ, ਉਪੰਜ ਸੌ ਰੁਪਏ ਸੇਵਾ ਕਰਾਈ, ਨਵਾਬ ਇਫ਼ਤਖਾਰ ਅਲੀ ਖਾਨ ਸਾਹਿਬ ਆਫ ਮਾਲੇਰਕੋਟਲਾ"। ਮੈਂ ਉਦੋਂ ਹੀ ਸਮਝ ਗਿਆ ਕਿ ਬਾਬਾ ਗੁਰੂ ਨਾਨਕ ਵਾਸਤਵ 'ਚ ਸਰਵ-ਸਾਂਝਾ ਹੈ ਤੇ ਬੱਚਿਆਂ ਦੀਆਂ ਖੇਡਾਂ ਦਾ ਵੀ ਉਨ੍ਹਾਂ ਦੇ ਨਾਂ ਨਾਲ ਸਬੰਧ ਹੈ, ਉਅੰਬਾਂ ਵਾਲੀ ਕੋਠਰੀ, ਅਨਾਰਾਂ ਵਾਲਾ ਵਿਹੜਾ; ਬਾਬੇ ਨਾਨਕ ਦਾ ਘਰ ਕਿਹੜਾ?" ਮੇਰੀ ਉਮਰ ਵਾਲਿਆਂ ਦੀ ਗਹਿਰੀ ਸੰਵੇਦਨਾ ਗੁਰੂ ਜੀ ਦੇ 500ਵੇਂ ਪ੍ਰਕਾਸ਼ ਉਤਸਵ ਨਾਲ ਜੁੜੀ ਹੋਈ ਹੈ। ਵੈਸੇ ਫਿਲਮ 'ਨਾਨਕ ਨਾਮ ਜਹਾਜ਼' ਦੀ ਭਰਪੂਰ ਕਾਮਯਾਬੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਵੀ ਫੌਰਨ ਮੇਰੇ ਮਨ 'ਚ ਆਉਂਦੀਆਂ ਹਨ।

ਸਤਿਕਾਰਯੋਗ ਮਿੱਤਰੋ, ਗੁਰੂ ਨਾਨਕ ਜੀ ਦੇ ਜਨਮ ਦੇ ਅਰਧ-ਸਹੰਸਰਸਦੀ ਤੇ ਅਰਧ-ਸ਼ਤਾਬਦੀ ਦੇ ਕਾਲ ਖੰਡ ਬਾਅਦ, ਜਦੋਂ ਆਪਾਂ ਆਪਣੇ ਦੇਸ ਤੇ ਸੰਸਾਰ ਵੱਲ ਇਕ ਉਕਾਬੀ ਝਾਤ ਮਾਰਦੇ ਹਾਂ, ਤਾਂ ਅਸੀਂ ਅਸਲੋਂ ਹੀ ਹੈਰਾਨ ਕਰ ਦੇਣ ਵਾਲੀਆਂ ਟੈਕਨੋਲੌਜੀਕਲ, ਸਮਾਜਕ ਤੇ ਮਨੋਵਿਗਿਆਨਕ ਤਬਦੀਲੀਆਂ ਦੇ ਸਨਮੁੱਖ ਹੋ ਕੇ ਜਿਵੇਂ ਸਾਡੀ ਸੁੱਧ-ਬੁੱਧ ਹੀ ਚਕਰਾ ਜਾਂਦੀ ਹੈ। ਮਾਨਵਤਾ ਨਿੱਤ ਨਵੀਆਂ ਚੁਨੌਤੀਆਂ ਤੇ ਗੌਰਵਪੂਰਣ ਪ੍ਰਾਪਤੀ ਵੱਲ ਲਗਾਤਾਰ ਵਧ ਰਹੀ ਹੈ ਅਨੇਕ ਐਸੇ ਮੁਕਾਮ ਵੀ ਨਜ਼ਰ ਆਉਣ ਲੱਗੇ ਹਨ ਜਿਨ੍ਹਾਂ ਦੀ ਕਦੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।

ਮੈਂ ਕਦੀ ਸੋਚਿਆ ਵੀ ਨਹੀਂ ਸੀ ਕਿ ਮੇਰੀ ਤਕਦੀਰ 'ਚ ਦੇਸ ਦੀ ਸੇਵਾ ਕਰਦੇ ਹੋਏ ਦੁਨੀਆ ਦਾ ਭ੍ਰਮਣ ਕਰਨਾ ਹੋਵੇਗਾ। ਇਸ ਵਿਚ 777 ਦਿਨ ਦੀ ਉਸ ਸਰ-ਜ਼ਮੀਨ ਤੇ ਸੇਵਾ-ਤਪੱਸਿਆ ਵੀ ਹੋਵੇਗੀ, ਜਿਸਨੂੰ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੈ; ਜਿੱਥੇ ਨਨਕਾਣਾ ਸਾਹਿਬ, ਪੰਜਾ ਸਾਹਿਬ ਤੇ 26 ਹੋਰ ਗੁਰੂ ਨਾਨਕ ਧਾਮ ਸਥਿਤ ਹਨ ਤੇ ਇਨ੍ਹਾਂ ਤੋਂ ਇਲਾਵਾ ਗੁਰੂ ਰਾਮ ਦਾਸ ਜੀ ਦਾ ਜਨਮ ਸਥਾਨ; ਅੱਠ ਅਸਥਾਨ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਤ ਅਤੇ 12 ਗੁਰੂ ਹਰਗੋਬਿੰਦ ਜੀ ਨਾਲ ਜੁੜੇ ਪਵਿੱਤਰ ਧਾਮਾਂ ਦਾ ਜ਼ਿਕਰ ਵੀ ਪਾਕਿਸਤਾਨ ਸਰਕਾਰ ਵਲੋਂ 1962 'ਚ ਪ੍ਰਕਾਸ਼ਿਤ ਦਸਤਾਵੇਜ਼ 'ਚ ਦਰਜ ਹੈ।

ਮੈਂ ਤੇ ਮੇਰੀ ਪਤਨੀ ਆਰਾਧਨਾ 12 ਮਾਰਚ 2012 ਨੂੰ ਡੇਰਾ ਬਾਬਾ ਨਾਨਕ ਦੇ ਨਗਰ 'ਚ ਘੁੰਮ-ਫਿਰ ਕੇ ਖੁੱਲ੍ਹੇ ਦਰਸ਼ਨ-ਦੀਦਾਰ ਕਰ ਸਕੇ। ਗੁਰੂ ਜੀ ਦੀ ਮਿਹਰ ਨਾਲ ਅਸੀਂ ਉਹ ਘਰ ਲੱਭਣ 'ਚ ਵੀ ਸਫਲ ਹੋਏ ਜਿਥੇ ਮੇਰੀ ਪਤਨੀ ਪੈਦਾ ਹੋਈ ਸੀ- ਸੱਤਰ ਵਰ੍ਹੇ ਪਹਿਲਾਂ! ਜਦੋਂ ਅਸੀਂ 'ਦੂਰਬੀਨ' ਰਾਹੀਂ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨ ਕਰ ਰਹੇ ਸੀ ਤਾਂ ਅਸੀਂ ਇਹ ਬਿਲਕੁਲ ਨਹੀਂ ਸੀ ਸੋਚ ਸਕੇ ਕਿ ਸਿੱਖ ਪੰਥ ਦਾ ਚਿਰੋਕਾ ਇਤਿਹਾਸਕ ਸੁਪਨਾ 'ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਦਾ' ਏਨੀ ਛੇਤੀ ਸਾਕਾਰ ਹੋ ਜਾਣ ਵਾਲਾ ਹੈ!




## ਅੰਬੈਸਡਰ ਬਾਲ ਆਨੰਦ, ਭਾਰਤੀ ਵਿਦੇਸ਼ ਸੇਵਾ (ਸੇਵਾ ਮੁਕਤ)

ਸੇਵਾ ਕਾਲ 'ਚ ਈਰਾਨ, ਮਾਲਦੀਵਜ਼, ਰੋਮਾਨੀਆ, ਸਪੇਨ , ਸਾਊਦੀ ਅਰਬ 'ਚ ਨਿਯੁਕਤੀਆਂ।

ਡਿਪਟੀ ਹਾਈ ਕਮਿਸ਼ਨਰ, ਪਾਕਿਸਤਾਨ; ਰਾਜਦੂਤ ਪਨਾਮਾ, ਨਿਕਾਰਾਗੁਆ ਤੇ ਐਲਸਾਲਵਾਡੋਰ ਦੀ ਵੀ ਜੁੰਮੇਵਾਰੀ ;

ਰਾਜਦੂਤ ( ਪ੍ਰਥਮ) ਅਰਮੀਨੀਆ ਤੇ ਹਾਈ ਕਮਿਸ਼ਨਰ ਨਿਊਜ਼ੀ ਲੈਂਡ ਤੇ ਸਮੋਆ, ਕਿਰਿਬਾਸ ਤੇ ਨੌਰੂ ਦੀ ਵੀ ਜ਼ੁਮੇਂਵਾਰੀ

ਪੁਸਤਕਾਂ: ਸੁੱਖ ਸੁਨੇਹੇ; ਨਵੇਂ ਨਿਬੰਧ ਤੇ Expressions of Freedom ਮੇਰੀ ਜੀਵਨ ਯਾਤਰਾ -ਹੁਣੇ ਪ੍ਰਕਾਸ਼ਿਤ।

## 16 ਨਵੰਬਰ 2021 ਦੇ ਅੰਕ ਲਈ

# ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਬਹੁਤ ਅਹਿਮ ਹੈ ਪਹਿਲਾ ਲਾਹੌਰ ਸਾਜ਼ਿਸ਼ ਕੇਸ



ਡਾ.ਚਰਨਜੀਤ ਸਿੰਘ ਗੁਮਟਾਲਾ
91-94175-33060

ਗ਼ਦਾਰ ਕਿਰਪਾਲ ਸਿੰਘ ਦੀ ਮੁਖ਼ਬਰੀ ਕਾਰਨ 21 ਫ਼ਰਵਰੀ 2015 ਨੂੰ ਦੇਸ਼ ਭਰ ਵਿਚ ਇਨਕਲਾਬ ਲਿਆਉਣ ਦੀ ਯੋਜਨਾ ਫੇਲ ਹੋਣ ਉਪਰੰਤ ਸਰਕਾਰ ਨੇ ਗ਼ਦਰੀਆਂ ਨੂੰ ਬੜੀ ਤੇਜੀ ਨਾਲ ਗ੍ਰਿਫ਼ਤਾਰ ਕਰਨਾ ਸ਼ੁਰੂ ਕੀਤਾ। ਫੜੇ ਗਏ ਗ਼ਦਰੀਆਂ ਵਿਚੋਂ ਹੀ ਕਈਆਂ ਨੇ ਆਪਣੀਆਂ ਜਾਨਾਂ ਬਚਾਉਣ ਲਈ ਪੁਲਿਸ ਦੀ ਮਦਦ ਕੀਤੀ ਤੇ ਬਾਦ ਵਿਚ ਵਾਅਦਾ ਮੁਆਫ਼ ਗੁਆਹ ਬਣ ਕੇ ਫੜੇ ਗ਼ਦਰੀਆਂ ਨੂੰ ਸਜਾਵਾਂ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਸਭ ਤੋਂ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਗ਼ਦਰੀਆਂ ਨੂੰ ਲਾਹੌਰ ਜੇਲ ਵਿਚ ਲਿਆਂਦਾ ਗਿਆ । ਜਹਾਜ਼ੋਂ ਉਤਰਦੇ ਗ੍ਰਿਫ਼ਤਾਰ ਕੀਤੇ ਗ਼ਦਰੀਆਂ ਨੂੰ ਇੱਥੇ ਲਿਆਂਦਾ ਗਿਆ। ਇਨ੍ਹਾਂ ਵਿਚ ਭਾਈ ਸੋਹਣ ਸਿੰਘ ਭਕਨਾ ਪ੍ਰਧਾਨ ਗ਼ਦਰ ਪਾਰਟੀ, ਭਾਈ ਕੇਸਰ ਸਿੰਘ ਠੱਠਗੜ੍ਹ ਮੀਤ ਪ੍ਰਧਾਨ, ਭਾਈ ਜਵਾਲਾ ਸਿੰਘ ਠੱਠੀਆਂ ਦੂਸਰੇ ਮੀਤ ਪ੍ਰਧਾਨ, ਭਾਈ ਸ਼ੇਰ ਸਿੰਘ ਵੇਈਂ ਪੋਈਂ, ਮਾਸਟਰ ਊਧਮ ਸਿੰਘ ਕਸੇਲ ਤੇ ਮੰਗਲ ਸਿੰਘ ਭੰਗੜ ਲਾਲਪੁਰ ਢੋਟੀਆਂ ਸ਼ਾਮਲ ਸਨ। ਇਨ੍ਹਾਂ ਗ੍ਰਿਫ਼ਤਾਰੀਆਂ ਤੋਂ ਪਹਿਲਾਂ ਹੀ ਫੜ੍ਹੇ ਹੋਏ ਪੰਡਿਤ ਜਗਤ ਰਾਮ ਹਰਿਆਣਾ (ਹੁਸ਼ਿਆਰਪੁਰ), ਸ੍ਰੀ ਪ੍ਰਿਥੀ ਸਿੰਘ ਆਜ਼ਾਦ, ਭਾਈ ਗੁਜਰ ਸਿੰਘ ਭਕਨਾ ਆਦਿ ਅਤੇ ਆਰੀਆ ਸਮਾਜ ਲੀਡਰ ਭਾਈ ਪਰਮਾਨੰਦ ਤੇ ਸ੍ਰੀ ਕਿਦਾਰ ਨਾਥ ਸਹਿਗਲ ਵੀ ਇਨ੍ਹਾਂ ਵਿਚ ਰਲਾ ਲਏ ਗਏ।ਅ

ਇਨ੍ਹਾਂ ਸਾਰਿਆਂ ਅਤੇ ਕੁਝ ਹੋਰਨਾਂ ਨੂੰ ਜੋ ਅਜੇ ਤੀਕ ਗ੍ਰਿਫ਼ਤਾਰ ਨਹੀਂ ਹੋਏ ਸਨ, ਮਿਲਾ ਕੇ 82 ਵਿਅਕਤੀਆਂ 'ਤੇ 26 ਅਪ੍ਰੈਲ 1915 ਨੂੰ 'ਲਾਹੌਰ ਸਾਜ਼ਿਸ਼' ਨਾਮ ਦਾ ਮੁਕਦਮਾ ਚਲਾਇਆ ਗਿਆ। ਪਹਿਲਾ ਕੇਸ ਹੋਣ ਕਰਕੇ ਇਸ ਨੂੰ 'ਪਹਿਲਾ ਲਾਹੌਰ ਸਾਜ਼ਿਸ਼ ਕੇਸ' ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਚਾਰ ਹੋਰ ਲਾਹੌਰ ਸਪਲੀਮੈਂਟਰੀ ਸਾਜ਼ਿਸ਼ ਕੇਸ, ਦੋ ਮੰਡੀ ਸਾਜ਼ਿਸ਼ ਕੇਸ, ਦੋ ਬਰਮਾ ਸਾਜ਼ਿਸ਼ ਕੇਸ , ਫਿਰੋਜ਼ਪੁਰ ਕਤਲ ਕੇਸ, ਅਨਾਰਕਲੀ ਕਤਲ ਕੇਸ, ਪਧਰੀ ਕਤਲ ਕੇਸ, ਵੱਲਾ ਪੁਲ ਕੇਸ, ਜਗਤਪੁਰ ਕਤਲ ਕੇਸ, ਨੰਗਲ ਕਤਲ ਕੇਸ ਆਦਿ ਨਾਂ ਦੇ ਮੁਕੱਦਮੇ ਚਲਾ ਕੇ ਗ਼ਦਰੀਆਂ ਨੂੰ ਸਜਾਵਾਂ ਦਿੱਤੀਆਂ ਗਈਆਂ।

17 ਗ਼ਦਰੀ ਜਿਹੜੇ ਭਗੌੜੇ ਕਰਾਰ ਦਿੱਤੇ ਗਏ, ਉਨ੍ਹਾਂ ਵਿਚ ਭਾਈ ਪ੍ਰੇਮ ਸਿੰਘ ਸੁਰ ਸਿੰਘ,ਭਾਈ ਬੰਤਾ ਸਿੰਘ ਸੰਘਵਾਲ, ਭਾਈ ਬੀਰ ਸਿੰਘ ਬਾਹੋਵਾਲ, ਭਾਈ ਜਵੰਦ ਸਿੰਘ ਨੰਗਲ, ਸ੍ਰੀ ਰਾਮ ਰਖਾ ਸਾਹਿਬਾ ਸੜੋਆ, ਭਾਈ ਬੂਟਾ ਸਿੰਘ ਅਕਾਲਗੜ੍ਹ, ਭਾਈ ਸਜਨ ਸਿੰਘ ਨਾਰੰਗਵਾਲ, ਭਾਈ ਉਤਮ ਸਿੰਘ ਹਾਂਸ, ਭਾਈ ਗਾਂਧਾ ਸਿੰਘ ਕੱਚਰਭੰਨ, ਡਾਕਟਰ ਮਥਰਾ ਸਿੰਘ, ਭਾਈ ਹਰਨਾਮ ਸਿੰਘ ਕਹੂਟਾ, ਸ੍ਰੀ ਵਿਨਾਇਕ ਰਾਉ (ਬੰਗਾਲੀ), ਸ੍ਰੀ ਰਾਮ ਬਿਹਾਰੀ ਬੋਸ, ਭਾਈ ਅਰਜਨ ਸਿੰਘ ਲੋਹਟਬਧੀ, ਭਾਈ ਕਰਮ ਸਿੰਘ ਕੋਟਲਾ ਅਜਨੇਰ, ਭਾਈ ਕੇਹਰ ਸਿੰਘ ਸੈਦੋ ਮੋਗਾ ਅਤੇ ਅਨੋਖ ਸਿੰਘ ਜੋ ਅਗਲੇ ਮੁਕੱਦਮੇ ਵਿਚ ਵਾਅਦਾ ਮੁਆਫ਼ ਗਵਾਹ ਬਣ ਗਿਆ ਸ਼ਾਮਲ ਸਨ। ਇਨ੍ਹਾਂ ਭਗੌੜਿਆਂ ਵਿਚੋਂ ਸ੍ਰੀ ਰਾਮ ਰਖਾ ਤਾਂ ਚੱਬੇ ਦੇ ਡਾਕੇ ਵਿਚ ਫਟੜ ਹੋ ਕੇ ਸ਼ਹੀਦ ਹੋ ਗਏ, ਭਾਈ ਬੰਤਾ ਸਿੰਘ ਸੰਘਵਾਲ ਤੇ ਭਾਈ ਬੂਟਾ ਸਿੰਘ ਅਕਾਲਗੜ੍ਹ ਨੂੰ ਹੋਰਨਾਂ ਮੁਕੱਦਮਿਆਂ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।


ਪੰਜਾਬ ਦਾ ਗਵਰਨਰ ਮਾਈਕਲ ਓਡਵਾਇਰ ਗ਼ਦਰ ਲਹਿਰ ਨੂੰ ਹਿੰਦੁਸਤਾਨ ਵਿਚੋਂ ਅੰਗਰੇਜ਼ੀ ਹਕੂਮਤ ਨੂੰ ਉਲਟਾਉਣ ਵਾਲਾ ਸਭ ਤੋਂ ਖ਼ਤਰਨਾਕ ਯਤਨ ਕਰਾਰ ਦਿੰਦਾ ਹੈ। ਉਸ ਦੇ ਸਤੀਂ ਕਪੜੀਂ ਅੱਗ ਲੱਗੀ ਹੋਈ ਸੀ। ਉਹ ਇਸ ਲਹਿਰ ਨਾਲ ਸੰਬੰਧਿਤ ਦੇਸ਼ ਭਗਤਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੁੰਦਾ ਸੀ ਤਾਂ ਜੋ ਭਵਿੱਖ ਵਿਚ ਅਜਿਹੀ ਲਹਿਰ ਸਿਰ ਨਾ ਚੁੱਕ ਸਕੇ। ਇਸ ਮੰਤਵ ਲਈ ਉਸ ਨੇ ਉਸ ਸਮੇਂ ਦੇ ਕਾਨੂੰਨ ਵਿਚ ਸੋਧਾਂ ਕਰਨ ਲਈ ਦਸੰਬਰ 1914 ਵਿਚ ਕੇਂਦਰੀ ਹਕੂਮਤ ਨੂੰ ਲਿਖਿਆ ਤੇ ਇਕ ਆਰਡੀਨੈਂਸ ਦਾ ਖਰੜਾ ਬਣਾ ਕੇ ਹਿੰਦ ਸਰਕਾਰ ਨੂੰ ਭੇਜਿਆ। ਆਪਣਾ ਦਬਾਅ ਬਨਾਉਣ ਲਈ ਉਸ ਨੇ 27 ਫ਼ਰਵਰੀ 1915 ਨੂੰ ਝੋਲੀ ਚੁਕ ਸਿੱਖ ਸਰਦਾਰਾਂ ਦੀ ਮੀਟਿੰਗ ਸੱਦੀ। ਇਨ੍ਹਾਂ ਝੋਲੀਝੁਕ ਜਗੀਰਦਾਰ ਸਰਦਾਰਾਂ ਨੇ ਸਭ ਗ਼ਦਰੀਆਂ ਨੂੰ ਇਕ ਵੱਢੋਂ ਫੜ੍ਹ ਕੇ ਜੇਲ੍ਹਾਂ ਵਿਚ ਬੰਦ ਕਰਨ ਦੀ ਸਲਾਹ ਦਿੱਤੀ। ਲੁਧਿਆਣੇ ਦੇ ਗਜਣ ਸਿੰਘ ਨੇ ਤਾਂ ਇੱਥੋਂ ਤੀਕ ਕਿਹਾ ਕਿ ਜੇ ਮੁਕੱਦਮੇ ਲੰਮੇ ਹੋ ਗਏ ਤਾਂ ਇਸ ਨਾਲ ਲੋਕਾਂ ਉਪਰ ਬੁਰਾ ਪ੍ਰਭਾਵ ਪਵੇਗਾ।ਇਸ ਲਈ ਇਨ੍ਹਾਂ ਉਪਰ ਪੁਲਸ ਦੀ ਰਿਪੋਰਟ ਉੱਤੇ ਹੀ ਮੁਕੱਦਮੇ ਦਰਜ਼ ਕੀਤੇ ਜਾਣ। ਇਸ ਵਿਚਾਰ ਨਾਲ ਸਾਰੇ ਸਹਿਮਤ ਸਨ। ਪੰਜਾਬ ਸਰਕਾਰ ਨੇ ਇਸ ਨੂੰ ਵਿਸ਼ੇਸ ਅਦਾਲਤਾਂ ਸਥਾਪਤ ਕਰਨ ਲਈ ਵਰਤਿਆ।

ਨਵੇਂ ਕਾਨੂੰਨ ਅਨੁਸਾਰ ਸਰਕਾਰ ਹਿੰਦ ਵਿਚ ਰਹਿੰਦੇ ਕਿਸੇ ਵੀ ਵਿਅਕਤੀ ਨੂੰ ਬਿਨਾਂ ਵਰੰਟ ਫੜ੍ਹ ਕੇ ਜੇਲ੍ਹ ਬੰਦ ਕਰ ਸਕਦੀ ਸੀ, ਕਿਸੇ ਵੀ ਇਲਾਕੇ ਵਿੱਚੋਂ ਦੇਸ਼ ਨਿਕਾਲਾ ਦੇ ਸਕਦੀ ਸੀ ਜਾਂ ਕਿਸੇ ਵੀ ਥਾਂ ਨਜ਼ਰਬੰਦ ਕਰ ਸਕਦੀ ਸੀ, ਜਦ ਕਿ ਉਸ ਸਮੇਂ 'ਪਹਿਲਾਂ ਹਿੰਦ ਆਉਣ ਵਾਲੇ ਕਾਨੂੰਨ' ਅਨੁਸਾਰ ਕੇਵਲ ਬਾਹਰੋਂ ਆਉਣ ਵਾਲਿਆਂ ਨੂੰ ਹੀ ਫੜ੍ਹਿਆ ਤੇ ਬੰਦ ਕੀਤਾ ਜਾ ਸਕਦਾ ਸੀ।

ਗ਼ਦਰੀ ਮੁਕੱਦਮਿਆਂ ਲਈ ਵਿਸ਼ੇਸ਼ ਅਦਾਲਤਾਂ (ਟ੍ਰਿਬਿਊਨਲ) ਸਥਾਪਤ ਕਰਨ ਦਾ ਅਧਿਕਾਰ ਸਰਕਾਰ ਨੂੰ ਦਿੱਤਾ ਗਿਆ ਜੋ ਕਿ ਮੌਤ ਤੀਕ ਦੀ ਸਜ਼ਾ ਦੇ ਸਕਦੀਆਂ ਸਨ। ਉਸ ਸਮੇਂ ਪਹਿਲਾਂ ਮੈਜਿਸਟਰੇਟਾਂ ਅੱਗੇ ਕੱਚਾ ਮੁਕੱਦਮਾ ਦਾਇਰ ਹੋਣ ਤੇ ਉਸ ਪਿੱਛੋਂ ਅਪੀਲਾਂ ਕਰਨ ਦੀ ਰਿਆਇਤ ਗ਼ਦਰੀਆਂ ਪਾਸੋਂ ਖੋਹ ਲਈ ਗਈ। ਇਸ ਤਰ੍ਹਾਂ ਗਵਰਨਰ ਓਡਵਾਇਰ ਨੂੰ ਗ਼ਦਰੀਆਂ ਦੇ ਖ਼ੂਨ ਨਾਲ ਨਹਾਉਣ ਦੇ ਪੂਰੇ ਅਧਿਕਾਰ ਦੇ ਦਿੱਤੇ ਗਏ, ਜਿਸ ਲਈ ਉਹ ਤਰਲੋਮੱਛੀ ਹੋ ਰਿਹਾ ਸੀ।

ਇਸ ਕਾਨੂੰਨ ਦੀ ਅਖ਼ਬਾਰਾਂ ਵਿਚ ਬੜੀ ਵਿਰੋਧਤਾ ਹੋਈ। ਵਾਇਸਰਾਇ ਦੀ ਵਿਧਾਨ ਕੌਂਸਲ ਦੇ ਮੈਂਬਰਾਂ ਨੇ ਸਖ਼ਤ ਧਾਰਾਵਾਂ ਵਿਰੁੱਧ ਇਤਰਾਜ਼ ਕੀਤਾ ਤੇ ਇਹ ਮੰਗ ਰੱਖੀ ਕਿ ਅਪੀਲ ਕਰਨ ਦੀ ਸੁਵਿਧਾ ਹੋਣੀ ਚਾਹੀਦੀ ਹੈ। ਪਰ ਇਸ ਬਾਰੇ ਬਹੁ-ਸੰਮਤੀ ਨਾ ਬਣ ਸਕੀ।

ਡੀਫ਼ੈਂਸ ਆਫ਼ ਇੰਡੀਆ ਰੂਲਜ਼ (ਭਾਰਤ ਦੀ ਸੁਰੱਖਿਆ ਕਾਨੂੰਨ) ਅਧੀਨ ਇਕ ਵਿਸ਼ੇਸ਼ ਟ੍ਰਿਬਿਊਨਲ ਬਣਾਇਆ ਗਿਆ। ਮੇਜਰ ਏ ਏ ਇਰਵਿਨ ਇਸ ਦੇ ਪ੍ਰਧਾਨ ਸਨ। ਰਾਇ ਬਹਾਦਰ ਪੰਡਿਤ ਸ਼ਿਵ ਨਰਾਇਣ ਤੇ ਟੀ. ਪੀ. ਐਲਿਸ ਇਸ ਦੇ ਮੈਂਬਰ ਸਨ।ਆਪਣੀ ਕਾਰਵਾਈ ਨੂੰ ਲੋਕਾਂ ਤੋਂ ਛੁਪਾਉਣ ਲਈ ਇਹ ਵਿਸ਼ੇਸ਼ ਅਦਾਲਤ ਲਾਹੌਰ ਸੈਂਟਰਲ ਜੇਲ੍ਹ ਅੰਦਰ ਹੀ ਬੈਠਦੀ ਸੀ। ਅਖ਼ਬਾਰਾਂ ਨੂੰ ਇਸ ਦੀ ਕਾਰਵਾਈ ਸੁਣਨ ਤੇ ਨੋਟ ਕਰਨ ਦੀ ਮਨਾਹੀ ਸੀ। ਅਖ਼ਬਾਰਾਂ ਲਈ ਮਾੜੀ ਮੋਟੀ ਕਹਾਣੀ ਬਣਾ ਕੇ ਪੁਲਿਸ ਹੀ ਜਾਰੀ ਕਰਦੀ ਸੀ।




ਇਸ ਅਦਾਲਤ ਵਿਚ ਸੀ. ਆਈ. ਡੀ. ਦੇ ਸੁਪਰਡੈਂਟ ਹੇਅਰ ਸਕਾਟ ਨੇ 81 ਮੁਲਜ਼ਮਾਂ ਵਿਰੁੱਧ ਸ਼ਕਾਇਤ ਪੇਸ਼ ਕੀਤੀ ਤੇ ਗੁਆਹੀਆਂ ਪੇਸ਼ ਕੀਤੀਆਂ। ਇਨ੍ਹਾਂ ਉਪਰ ਬਾਦਸ਼ਾਹ ਦੇ ਵਿਰੁੱਧ ਬਗ਼ਾਵਤ ਕਰਨ ਦਾ ਦੋਸ਼ ਲਾਇਆ ਗਿਆ। ਪੁਲਿਸ ਨੇ ਝੂਠੇ ਗੁਆਹ ਪੇਸ਼ ਕੀਤੇ ਤੇ ਉਨ੍ਹਾਂ ਨੂੰ ਜੋ ਕਹਿਣ ਲਈ ਕਿਹਾ ਗਿਆ, ਉਨ੍ਹਾਂ ਨੇ ਉਹੋ ਹੀ ਕਿਹਾ।

ਕਈ ਗੁਆਹ ਗ਼ਦਰੀਆਂ ਨੂੰ ਪਛਾਣ ਨਾ ਸਕੇ ਕਿਉਂਕਿ ਉਨ੍ਹਾਂ ਨੇ ਆਪਣੀਆਂ ਪੱਗੜੀਆਂ ਜਾਂ ਨਿਸ਼ਾਨੀਆਂ ਲੁਕਾ ਲਈਆਂ ਸਨ। ਇਕ ਗਵਾਹ ਪਛਾਣ ਨਾ ਸਕਿਆ ਤਾਂ ਜਦ ਜੱਜ ਨੇ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਮੁਲਜ਼ਮਾਂ ਨੇ ਪੱਗਾਂ ਉਲਟਾ ਕੇ ਬੱਧੀਆਂ ਹੋਈਆਂ ਹਨ, ਇਸ ਲਈ ਪਛਾਣ ਨਹੀਂ ਹੁੰਦੀ। ਇਸ 'ਤੇ ਭਾਈ ਜਵਾਲਾ ਸਿੰਘ ਠੱਠੀਆਂ ਮੀਤ ਪ੍ਰਧਾਨ ਗ਼ਦਰ ਪਾਰਟੀ ਨੇ ਕਿਹਾ ਕਿ ਪੱਗਾਂ ਹੀ ਬਦਲੀਆਂ ਹਨ, ਮੂੰਹ ਤਾਂ ਨਹੀਂ ਬਦਲੇ ਹੋਏ। ਜੱਜ ਲੋਹੇ ਲਾਖੇ ਹੋ ਗਏ। ਇਸੇ ਗੱਲ ਉਤੇ ਭਾਈ ਜਵਾਲਾ ਸਿੰਘ ਨੂੰ ਤੀਹ ਬੈਂਤ ਮਾਰਨ ਦੀ ਸਜ਼ਾ ਦੇ ਦਿੱਤੀ ਤੇ ਉਨ੍ਹਾਂ ਨੂੰ 30 ਬੈਂਤ ਮਾਰੇ ਗਏ।

ਭਾਈ ਹਰੀ ਸਿੰਘ ਦੇ ਮੱਥੇ ਉਤੇ ਰਸੌਲੀ ਸੀ, ਜਿਸ ਨੂੰ ਉਸ ਨੇ ਮੱਥੇ ਉੱਤੇ ਪੱਗ ਅਗਾਂਹ ਕਰਕੇ ਲੁਕਾਇਆ ਹੋਇਆ ਸੀ। ਗਵਾਹ ਸਾਰੇ ਦੋਸ਼ੀਆਂ ਵਿਚੋਂ ਉਸ ਨੂੰ ਪਛਾਣ ਨਾ ਸਕਿਆ। ਜੱਜ ਨੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਸ ਦੇ ਮੱਥੇ ਉਤੇ ਰਸੌਲੀ ਹੈ, ਪੱਗਾਂ ਲੁਹਾ ਕੇ ਵਿਖਾਉ ਤਾਂ ਪਤਾ ਲਗੇਗਾ। ਇਸ ਉਤੇ ਜੱਜਾਂ ਨੇ ਪੱਗਾਂ ਲੁਹਾ ਦਿੱਤੀਆਂ ਤੇ ਉਨ੍ਹਾਂ ਦੀ ਸ਼ਨਾਖਤ ਹੋ ਗਈ।

ਪਹਿਲੇ ਲਾਹੌਰ ਸਾਜ਼ਿਸ਼ ਕੇਸ ਦਾ ਫ਼ੈਸਲਾ 13 ਸਤੰਬਰ 1915 ਨੂੰ ਸੁਣਾਇਆ ਗਿਆ। ਇਨ੍ਹਾਂ ਵਿਚੋਂ 24 ਨੂੰ ਮੌਤ ਦੀ ਸਜ਼ਾ, 27 ਨੂੰ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜਬਤੀ ਦੀ ਸਜ਼ਾ ਸੁਣਾਈ ਗਈ। ਕੁਝ ਕੁ ਨੂੰ ਇਸ ਤੋਂ ਘੱਟ ਸਜ਼ਾਵਾਂ ਸੁਣਾਈਆਂ ਗਈਆਂ। ਇਨ੍ਹਾਂ ਵਿਚੋਂ ਭਾਈ ਸੋਹਣ ਸਿੰਘ ਭਕਨਾ ਪ੍ਰਧਾਨ ਗ਼ਦਰ ਪਾਰਟੀ ਤੇ ਭਾਈ ਕੇਸਰ ਸਿੰਘ ਠੱਠਗੜ੍ਹ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤੇ ਭਾਈ ਊਧਮ ਸਿੰਘ ਕਸੇਲ, ਭਾਈ ਜਵਾਲਾ ਸਿੰਘ ਠੱਠੀਆਂ, ਭਾਈ ਸ਼ੇਰ ਸਿੰਘ ਵੇਈਂ ਪੋਈਂ ਤੇ ਭਾਈ ਮੰਗਲ ਸਿੰਘ ਲਾਲਪੁਰ ਢੋਟੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਹਾਲਾਂਕਿ ਇਨ੍ਹਾਂ ਦੀ ਭਾਰਤ ਦੀ ਧਰਤੀ ਉਪਰ ਕੋਈ, ਜੁਰਮ ਨਹੀਂ ਸੀ ਕਿਉਂਕਿ ਇਨ੍ਹਾਂ ਨੂੰ ਆਉਂਦਿਆਂ ਹੀ ਜਹਾਜ਼ੋਂ ਫੜ੍ਹ ਕੇ ਮਿੰਟਗੁਮਰੀ ਜੇਲ੍ਹ ਵਿਚ ਡਕ ਦਿੱਤਾ ਗਿਆ ਸੀ। ਇਨ੍ਹਾਂ ਵਿਚੋਂ 11 ਗ਼ਦਰੀ ਅਜਿਹੇ ਸਨ ਜਿੰਨ੍ਹਾਂ ਨੇ ਉਨ੍ਹਾਂ ਘਟਨਾਵਾਂ ਵਿਚ ਭਾਗ ਨਹੀਂ ਸੀ ਲਿਆ, ਜਿਸ ਦੀ ਸਜ਼ਾ ਮੌਤ ਹੁੰਦੀ ਸੀ।

ਇਨ੍ਹਾਂ ਗ਼ਦਰੀਆਂ ਨੂੰ ਰਹਿਮ ਦੀਆਂ ਅਪੀਲਾਂ ਕਰਨ ਨੂੰ ਕਿਹਾ ਗਿਆ ਪਰ ਕਿਸੇ ਨੇ ਰਹਿਮ ਮੰਗਣਾ ਠੀਕ ਨਾ ਸਮਝਿਆ। ਇਸ ਫ਼ੈਸਲੇ ਵਿਰੁੱਧ ਦੇਸ਼ ਵਿਚ ਕ੍ਰੋਧ ਦੀ ਲਹਿਰ ਦੌੜ ਗਈ। ਜਨਤਕ ਬੇਚੈਨੀ 'ਤੇ ਲਾਰਡ ਹਾਰਡਿੰਗ ਪਿੱਟ ਉੱਠਿਆ। ਜਦ ਉਸ ਨੂੰ ਇਹ ਪਤਾ ਲੱਗਾ ਕਿ ਕਲਕੱਤੇ ਦੇ ਵਕੀਲ ਇਸ ਫ਼ੈਸਲੇ ਦੀਆਂ ਕਮਜ਼ੋਰੀਆਂ ਜਾਣ ਗਏ ਹਨ ਤੇ ਉਹ ਉਡੀਕਦੇ ਹਨ ਕਿ ਰਹਿਮ ਦੀਆਂ ਦਰਖਾਸਤਾਂ ਦਾ ਸਮਾਂ ਲੰਘ ਜਾਵੇ ਤਾਂ ਉਹ ਵਿਸ਼ੇਸ਼ ਅਦਾਲਤਾਂ ਵਾਲੇ ਡੀਫ਼ੈਂਸ ਆਫ਼ ਇੰਡੀਆ ਰੂਲਜ ਦੇ ਵਿਰੋਧ ਵਿਚ ਐਜੀਟੇਸ਼ਨ ਸ਼ੁਰੂ ਕਰਨ ਤਾਂ ਉਸ ਨੇ ਆਪ ਲਾਹੌਰ ਆ ਕੇ ਪੰਜਾਬ ਦੇ ਗਵਰਨਰ ਓਡਵਾਇਰ ਨੂੰ ਸਾਫ਼ ਕਹਿ ਦਿੱਤਾ ਕਿ ਉਹ 6 ਜਣਿਆਂ ਨੂੰ ਛੱਡ ਕੇ ਜਿਨ੍ਹਾਂ ਨੇ ਖੁਦ ਕਤਲਾਂ ਤੇ ਡਾਕਿਆਂ ਵਿਚ ਹਿੱਸਾ ਲਿਆ ਹੈ, ਬਾਕੀਆਂ ਦੀ ਕੁਰਬਾਨੀ ਦੀ ਆਗਿਆ ਨਹੀਂ ਦੇ ਸਕਦਾ। ਅਪੀਲਾਂ ਦੀ ਇਸ ਕਾਨੂੰਨ ਵਿਚ ਕੋਈ ਵਿਵਸਥਾ ਨਹੀਂ ਸੀ। ਵਾਇਸਰਾਇ ਨੇ 17 ਗ਼ਦਰੀਆਂ ਦੀਆਂ ਮੌਤਾਂ ਦੀਆਂ ਸਜ਼ਾਵਾਂ ਤੋੜ ਕੇ ਉਮਰ ਕੈਦਾਂ ਕਰ ਦਿੱਤੀਆਂ ਤੇ 7 ਉਮਰ ਕੈਦੀਆਂ ਦੀਆਂ ਸਜ਼ਾਵਾਂ ਘਟਾ ਦਿੱਤੀਆਂ।

ਇਨ੍ਹਾਂ ਗ਼ਦਰੀਆਂ ਨੂੰ ਦੇਸ਼ ਤੋਂ ਕੁਰਬਾਨ ਹੋਣ ਦਾ ਕਿੰਨਾ ਚਾਅ ਸੀ, ਇਸ ਦਾ ਪਤਾ ਮੁਕੱਦਮੇ ਦੌਰਾਨ ਹੀ ਲਗ ਗਿਆ ਸੀ। ਉਨ੍ਹਾਂ ਨੂੰ ਆਪਣੀਆਂ ਸਜ਼ਾਵਾਂ ਦਾ ਜ਼ਰਾ ਜਿੰਨਾ ਵੀ ਡਰ ਨਹੀਂ ਸੀ। ਲਾਹੌਰ ਜੇਲ੍ਹ ਵਿਚ ਅਨਾਰਕਲੀ ਬਜ਼ਾਰ ਵਿਚ 2 ਪੁਲਸ ਅਫ਼ਸਰਾਂ ਨੂੰ ਮਾਰਨ ਦੇ ਦੋਸ਼ ਵਿਚ ਭਾਈ ਅਰਜਨ ਸਿੰਘ ਖੁਖਰਾਣਾ ਨੂੰ, ਸਭ ਤੋਂ ਪਹਿਲਾਂ ਫ਼ਾਂਸੀ ਲੱਗਣ ਦਾ ਫ਼ਖ਼ਰ ਹਾਸਲ ਹੈ, ਨੂੰ ਜਦ ਫ਼ਾਂਸੀ ਲਈ ਲੈ ਜਾ ਰਹੇ ਸਨ ਤਾਂ ਉਹ ਉੱਚੀ ਉੱਚੀ 'ਗ਼ਦਰ ਗੂੰਜ' ਦੀਆਂ ਕਵਿਤਾਵਾਂ ਪੜ੍ਹਦੇ ਜਾ ਰਹੇ ਸਨ। ਭਾਈ ਕਰਤਾਰ ਸਿੰਘ ਸਰਾਭਾ ਨੂੰ ਜੱਜਾਂ ਨੇ ਕਿਹਾ ਕਿ ਉਹ ਅਜੇ ਬੱਚਾ ਹੈ ਤੇ ਇਕਬਾਲ ਨਾ ਕਰੇ ਤਾਂ ਸਰਾਭਾ ਨੇ ਜੱਜਾਂ ਨੂੰ ਉਤਰ ਦਿੱਤਾ,"ਮੈਂ ਇਸ ਦੁਸ਼ਟ ਬੇਗਾਨੀ ਹਕੂਮਤ ਨੂੰ ਉਲਟ-ਾਉਣ ਲਈ ਕੀਤੇ ਹੋਏ ਕਾਰਨਾਮੇ ਲੁਕਾਅ ਕੇ ਆਪਣੀ ਚਮੜੀ ਨਹੀਂ ਬਚਾਉਣਾ ਚਾਹੁੰਦਾ।" ਜੱਜਾਂ ਨੇ ਉਸ ਨੂੰ ਸੋਚਣ ਦਾ ਮੌਕਾ ਦੇਣ ਲਈ ਫ਼ੈਸਲਾ ਸੁਨਾਉਣਾ ਇਕ ਦਿਨ ਅੱਗੇ ਪਾ ਦਿੱਤਾ ਪਰ ਉਨ੍ਹਾਂ ਨੇ ਅਗਲੇ ਦਿਨ ਵੀ ਇਹੀ ਬਿਆਨ ਦਿੱਤਾ।ਜਦ 13 ਸਤੰਬਰ 1915 ਨੂੰ ਸਜ਼ਾਵਾਂ ਸੁਣਾਈਆਂ ਗਈਆਂ ਤੇ 24 ਗ਼ਦਰੀਆਂ ਨੂੰ ਫਾਂਸੀ ਦੇ ਕੇ ਮਾਰਨ ਦੀ ਸਜ਼ਾ ਦਿੱਤੀ ਗਈ ਤਾਂ ਸਾਰਿਆਂ ਨੇ ਜੱਜਾਂ ਦਾ ਸ਼ੁਕਰੀਆਂ ਅਦਾ ਕੀਤਾ। ਭਾਈ ਨਿਧਾਨ ਚੁੱਘਾ ਨੇ ਆਖਿਆ, "ਬਸ? ਐਨਾ ਹੀ ਜ਼ੋਰ ਸੀ?" ਭਾਈ ਜਵਾਲਾ ਸਿੰਘ ਨੂੰ ਉਮਰ ਕੈਦ ਹੋਈ ਸੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਕਿਉਂ ਨਹੀਂ ਦਿੱਤੀ ਗਈ?ਜਦ 24 ਫਾਂਸੀ ਵਾਲਿਆਂ ਨੂੰ ਫਾਂਸੀ ਦੇ ਕੇ ਮਾਰਨ ਲਈ ਤਿਆਰ ਕੀਤਾ ਗਿਆ ਤਾਂ ਉਨ੍ਹਾਂ ਨੂੰ ਲਾੜ੍ਹਿਆਂ ਵਾਂਗ ਚਾਅ ਚੜ੍ਹੇ ਹੋਏ ਸਨ। ਉਨ੍ਹਾਂ ਦੇ ਘਰ ਵਾਲਿਆਂ ਦੀਆਂ ਆਖ਼ਰੀ ਮੁਲਾਕਾਤਾਂ ਕਰਵਾ ਦਿੱਤੀਆਂ ਗਈਆਂ। ਉਨ੍ਹਾਂ ਨੇ ਫਾਂਸੀ ਤੋਂ ਪਹਿਲਾਂ ਵਾਲੀ ਸਾਰੀ ਰਾਤ 'ਗ਼ਦਰ ਦੀ ਗੂੰਜ' ਦੀਆਂ ਕਵਿਤਾਵਾਂ ਪੜ੍ਹਦਿਆਂ ਤੇ ਗਾਉਂਦਿਆਂ ਲੰਘਾਈ। ਸਵੇਰਾ ਹੋਇਆ ਤਾਂ ਜੇਲ੍ਹ ਦੇ ਹਾਕਮਾਂ ਨੇ ਆ ਕੇ ਕਿਹਾ "ਫਾਂਸੀਆਂ ਮੁਲਤਵੀ ਹੋ ਗਈਆਂ ਹਨ।" ਸਿਰਲੱਥੇ ਇਨ੍ਹਾਂ ਗ਼ਦਰੀਆਂ ਦੇ ਚਾਅ ਮਾਰੇ ਗਏ। ਦਿਨ ਨੂੰ 17 ਗ਼ਦਰੀਆਂ ਦੀਆਂ ਸਜ਼ਾਵਾਂ ਉਮਰ ਕੈਦ ਵਿਚ ਬਦਲ ਜਾਣ ਦਾ ਹੁਕਮ ਸੁਣਾਇਆ ਗਿਆ।

ਜਿਨ੍ਹਾਂ ਗ਼ਦਰੀ ਯੋਧਿਆਂ ਨੂੰ 16 ਨਵੰਬਰ 1915 ਈ. ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਸ਼ਹੀਦ ਕੀਤਾ ਗਿਆ, ਉਹ ਸਨ (1) ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ (2) ਭਾਈ ਕਰਤਾਰ ਸਿੰਘ ਸਰਾਭਾ (3) ਭਾਈ ਜਗਤ ਸਿੰਘ ਸੁਰ ਸਿੰਘ (4) ਭਾਈ ਹਰਨਾਮ ਸਿੰਘ ਸਿਆਲਕੋਟ (5) ਭਾਈ ਬਖਸ਼ੀਸ਼ ਸਿੰਘ ਗਿੱਲਵਾਲੀ (ਅੰਮ੍ਰਿਤਸਰ) (6) ਭਾਈ ਸੁਰਜਨ ਸਿੰਘ ਗਿੱਲਵਾਲੀ -1ਅਤੇ (7) ਭਾਈ ਸੁਰਜਨ ਸਿੰਘ ਗਿੱਲਵਾਲੀ-2 ਭਾਵ ਕਿ ਪਿੰਡ ਗਿੱਲਵਾਲੀ (ਅੰਮ੍ਰਿਤਸਰ) ਦੇ ਇਕੋ ਨਾਂ ਦੇ ਦੋ ਸ਼ਹੀਦ ਸਨ। ਇਨ੍ਹਾਂ ਵਿਚੋਂ ਪਿੰਗਲੇ ਬਾਰੇ ਕਿਹਾ ਜਾ ਸਕਦਾ ਹੈ ਕਿ ਉਸ ਨੇ ਕੋਈ ਐਸੀ ਕਾਰਵਾਈ ਨਹੀਂ ਸੀ ਕੀਤੀ ਕਿ ਉਸ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਜਾਂਦੀ। ਉਸ ਨੇ ਨਾ ਕੋਈ ਡਾਕਾ ਮਾਰਿਆ ਸੀ ਤੇ ਨਾ ਹੀ ਕੋਈ ਕਤਲ ਕੀਤਾ ਸੀ। ਉਹ ਪੰਜਾਬੀਆਂ ਅਤੇ ਬੰਗਾਲੀਆਂ ਵਿਚਕਾਰ ਰਾਬਤੇ ਦੀ ਕੜੀ ਬਣਿਆ ਸੀ।

ਕਾਮਰੇਡ ਸੋਹਨ ਸਿੰਘ ਜੋਸ਼ ਨੇ ਆਪਣੀ ਪੁਸਤਕ 'ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ' ਇਤਿਹਾਸ ਵਿਚ ਪਹਿਲੇ ਲਾਹੌਰ ਸਾਜ਼ਿਸ਼ ਕੇਸ ਬਾਰੇ ਕੁਝ ਵਿਸ਼ੇਸ਼ ਪੱਖ ਪੇਸ਼ ਕੀਤੇ ਹਨ। ਉਨ੍ਹਾਂ ਅਨੁਸਾਰ ਜੱਜਾਂ ਨੇ ਭਾਰਤ ਦੀ ਥਾਂ 'ਤੇ ਅਮਰੀਕਾ ਨੂੰ ਸਾਜ਼ਿਸ਼ ਦਾ ਕੇਂਦਰ ਚੁਣਿਆ। ਉਨ੍ਹਾਂ ਨੇ ਅਜਿਹਾ ਕਿਉਂ ਕੀਤਾ? ਉਨ੍ਹਾਂ ਨੇ 8 ਗ਼ਦਾਰਾਂ ਨਵਾਬ ਖਾਨ, ਮੂਲਾ ਸਿੰਘ, ਉਮਰਾਉ ਸਿੰਘ, ਸੁੱਚਾ ਸਿੰਘ ਜੋ ਕਿ ਇਕ ਵਿਦਿਆਰਥੀ ਸੀ, ਜਵਾਲਾ ਸਿੰਘ, ਅਮਰ ਸਿੰਘ, ਊਧਮ ਸਿੰਘ ਅਤੇ ਨਿਰੰਜਣ ਸਿੰਘ ਦੇ ਕਿਰਦਾਰਾਂ ਬਾਰੇ ਵੀ ਇਸ ਮੁਕੱਦਮੇ ਵਿਚ ਅਦਾ ਕੀਤੇ ਰੋਲ ਬਾਰੇ ਵੀ ਲਿਖਿਆ ਹੈ।

ਜੱਜਾਂ ਦੇ ਗ਼ੈਰ ਵਿਗਿਆਨਕ ਰਵੱਈਏ ਬਾਰੇ ਵੀ ਜ਼ੋਸ਼ ਹੁਰਾਂ ਬੜੇ ਵਿਸਥਾਰ ਨਾਲ ਲਿਖਿਆ, ਜੋ ਕਿ ਲੇਖ ਦੀਆਂ ਸੀਮਾਵਾਂ ਕਰਕੇ ਇਥੇ ਵਰਨਣ ਨਹੀਂ ਕੀਤਾ ਜਾ ਰਿਹਾ।ਜਿਹੜੇ ਦੇਸ਼ ਭਗਤ ਮੌਤ ਦੀ ਸਜ਼ਾ ਤੋਂ ਬਚ ਗਏ,ਉਨ੍ਹਾਂ ਨੇ ਸਾਰੀ ਉਮਰ ਗ਼ਦਰ ਪਾਰਟੀ ਦੀ ਵਿਚਾਰਧਾਰਾ 'ਤੇ ਪਹਿਰਾ ਦਿੱਤਾ ਤੇ ਸਾਰੀ ਜ਼ਿੰਦਗੀ ਦਬੇ ਕੁਚਲੇ ਲੋਕਾਂ ਦੀ ਭਲਾਈ ਲਈ ਲਾ ਦਿੱਤੀ।ਇਹ ਲਹਿਰ ਭਾਵੇਂ ਅੰਗਰੇਜੀ ਹਕੂਮਤ ਦਾ ਤਖ਼ਤਾ ਪਲਟ ਨਾ ਸਕੀ,ਪਰ ਇਸ ਨੇ ਆਉਣ ਵਾਲੇ ਸਮੇਂ ਇਨਕਲਾਬੀ ਲਹਿਰਾਂ ਨੂੰ ਜਨਮ ਦਿੱਤਾ ਤੇ ਆਜ਼ਾਦੀ ਲਈ ਨੌ ਜੁਆਨ ਪੀੜੀ ਅੰਦਰ ਤੜਪ ਪੈਦਾ ਕੀਤੀ।

ਭਾਰਤੀਆਂ ਨੂੰ ਉਹ ਆਜ਼ਾਦੀ ਨਹੀਂ ਮਿਲੀ, ਜਿਨ੍ਹਾਂ ਲਈ ਇਨ੍ਹਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਕੀਤੀਆਂ ਸਨ। ਭਾਰਤ ਵਿਚ ਅੰਗਰੇਜ਼ੀ ਹਕੂਮਤ ਵਾਲੇ ਕਾਲੇ ਕਾਨੂੰਨਾਂ ਤੋਂ ਵੀ ਮਾੜੇ ਕਾਲੇ ਕਾਨੂੰਨ ਚਲ ਰਹੇ ਹਨ ਤੇ ਲੋਕਾਂ ਦੀ ਆਵਾਜ਼ ਨੂੰ ਬੰਦੂਕ ਦੀ ਨੋਕ 'ਤੇ ਦਬਾਇਆ ਜਾ ਰਿਹਾ ਹੈ। ਜਿੰਨੀ ਦੇਰ ਤੀਕ ਭਾਰਤੀ ਪ੍ਰਣਾਲੀ ਨੂੰ ਬਦਲ ਕੇ ਐਸੀ ਵਿਵਸਥਾ ਕਾਇਮ ਨਹੀਂ ਕੀਤੀ ਜਾਂਦੀ ਜਿਸ ਲਈ ਇਨ੍ਹਾਂ ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ, ਓਨੀ ਦੇਰ ਤੀਕ ਆਮ ਆਦਮੀ ਦੀ ਭਲਾਈ ਨਹੀਂ ਹੋ ਸਕਦੀ।ਸਾਮਰਾਜੀ ਅਰਥ ਵਿਵਸਥਾ ਨੂੰ ਢਹਿ ਢੇਰੀ ਕਰਨਾ ਹੀ ਇਨ੍ਹਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਨਫ਼ਰਤ ਫੈਲਾਉਣ ਵਾਲੇ ਭਾਸ਼ਣਾਂ ਨਾਲ ਨਜਿੱਠਣ ਸਬੰਧੀ ਪਟੀਸ਼ਨ 'ਤੇ ਸੁਪਰੀਮ ਕੋਰਟ 'ਚ ਸੁਣਵਾਈ 22 ਨੂੰ

**ਨਵੀਂ ਦਿੱਲੀ** – ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਕੇਂਦਰ ਨੂੰ ਦੇਸ਼ 'ਚ ਨਫ਼ਰਤ ਫੈਲਾਉਣ ਵਾਲੇ ਭਾਸ਼ਣਾਂ ਅਤੇ ਅਫ਼ਵਾਹਾਂ ਨਾਲ ਨਜਿੱਠਣ ਲਈ ਵੱਖ-ਵੱਖ ਅੰਤਰਰਾਸ਼ਟਰੀ ਕਾਨੂੰਨਾਂ ਦਾ ਅਧਿਐਨ ਕਰਨ ਅਤੇ ਸਹੀ ਪ੍ਰਭਾਵੀ ਅਤੇ ਸਖ਼ਤ ਕਦਮ ਚੁੱਕਣ ਦੇ ਨਿਰਦੇਸ਼ ਦੇਣ ਦੀ ਮੰਗ ਕਰਨ ਸਬੰਧੀ ਪਟੀਸ਼ਨ 'ਤੇ ਉਹ 22 ਨਵੰਬਰ ਨੂੰ ਸੁਣਵਾਈ ਕਰੇਗਾ।

ਜਸਟਿਸ ਏਐੱਮ ਖਾਨਵਿਲਕਰ ਅਤੇ ਜਸਟਿਸ ਸੀ।ਟੀ। ਰਵੀਕੁਮਾਰ ਦੇ ਬੈਂਚ ਨੇ ਪਟੀਸ਼ਨਰ ਵੱਲੋਂ ਪੇਸ਼ ਸੀਨੀਅਰ ਵਕੀਲ ਵਿਕਾਸ ਸਿੰਘ ਨੂੰ ਕਿਹਾ ਕਿ ਧਿਰ ਬਣਾਏ ਗਏ ਕੇਂਦਰੀ ਗ੍ਰਹਿ ਮੰਤਰਾਲੇ ਤੇ ਕਾਨੂੰਨ ਮੰਤਰਾਲੇ ਨੂੰ ਪਟੀਸ਼ਨ ਦੀ ਕਾਪੀ ਉਪਲਬਧ ਕਰਵਾਉਣ। ਸਿਖਰਲੀ ਅਦਾਲਤ ਵਕੀਲ ਅਤੇ ਭਾਜਪਾ ਨੇਤਾ ਅਸ਼ਵਨੀ ਉਪਾਧਿਆਏ ਦੀ ਨਿੱਜੀ ਹੈਸੀਅਤ ਨਾਲ ਦਾਖ਼ਲ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ।

ਇਸ ਵਿਚ ਉਨ੍ਹਾਂ ਨਫ਼ਰਤ ਫੈਲਾਉਣ ਵਾਲੇ ਭਾਸ਼ਣਾਂ ਅਤੇ ਅਫ਼ਵਾਹਾਂ ਨਾਲ ਨਜਿੱਠਣ ਲਈ ਕਾਨੂੰਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਕੇਂਦਰ ਨੂੰ ਕਾਨੂੰਨੀ ਕਦਮ ਚੁੱਕਣ ਦੇ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਮਾਮਲੇ 'ਤੇ 22 ਨਵੰਬਰ ਨੂੰ ਸੁਣਵਾਈ ਹੋਵੇਗੀ, ਜਦੋਂ ਇਸ ਮਾਮਲੇ ਨਾਲ ਜੁੜੀ ਹੋਰ ਪਟੀਸ਼ਨ 'ਤੇ ਵੀ ਸੁਣਵਾਈ ਹੋਵੇਗੀ।

--

## ਡਾ.ਆਤਮਜੀਤ ਸਿੰਘ ਦਾ ਚਲਾਣਾ (12 ਨਵੰਬਰ 2010)

# ਡਾ.ਆਤਮਜੀਤ ਸਿੰਘ- ਇਕ ਵਿਦਵਾਨ ਸ਼ਖਸੀਅਤ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਉਹਨਾਂ ਦਿਨਾਂ ਵਿਚ ਜਦੋਂ ਮੈਂ 29 ਮਈ 1995 ਨੂੰ ਨਿਊਯਾਰਕ ਤੋਂ ਕੈਲੇਫੋਰਲੀਆ ਆਣ ਵੱਜਿਆ। ਮੇਰੀ ਰਸਮੀ ਮੁਲਾਕਾਤ ਡਾ. ਆਤਮਜੀਤ ਸਿੰਘ ਨਾਲ ਗੁਰਦੁਆਰਾ ਹੇਵਰਡ ਵਿਖੇ ਹੋਈ। ਫਿਰ ਪੰਜਾਬੀ ਸਾਹਿਤ, ਸਭਿਆਚਾਰ, ਵਿਦਿਅਕ, ਧਾਰਮਿਕ ਅਤੇ ਵਿਹਾਰਕ ਪ੍ਰੋਗਰਾਮਾਂ ਵਿਚ ਮਿਲਦੇ ਰਹੇ। ਨੇੜਤਾ ਵਧਦੀ ਗਈ, ਟੈਲੀਫੋਨ ਤੇ ਲੰਮੀਆਂ ਵਿਚਾਰਾਂ ਹੋਣ ਲੱਗੀਆਂ। ਅਸੀਂ ਮਿਲ ਕੇ ਸੈਨਹੋਜ਼ੇ ਸਟੇਟ ਯੂਨੀਵਰਸਿਟੀ ਵਿਚ ਕਈ ਧਰਮ ਅਤੇ ਵਿਰਸੇ ਦੇ ਸਫਲ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ। ਉਹਨਾਂ ਨੇ ਪਹਿਲਾਂ ਅਗਸਤ 1993 ਵਿਚ ਬਰਕਲੇ ਯੂਨੀਵਰਸਿਟੀ ਕੈਲੇਫੋਰਨੀਆ ਦੇ ਦੱਖਣੀ ਤੇ ਦੰਖਣੀ ਪੂਰਬੀ ਅਧਿਐਨ ਵਿਭਾਗ ਵਿਚ ਪੰਜਾਬੀ ਭਾਸ਼ਾ ਦਾ ਪਹਿਲਾ ਪ੍ਰੋਗਰਾਮ ਸਥਾਪਤ ਕੀਤਾ। ਸੰਨ 1998 ਵਿਚ ਉਹ ਸੈਨਹੋਜ਼ੇ ਸਟੇਟ ਯੂਨੀਵਰਸਿਟੀ ਪੰਜਾਬੀ ਭਾਸ਼ਾ ਪ੍ਰੋਗਰਾਮ ਚਲਾਉਣ ਲੱਗੇ। ਸੰਨ 2010 ਵਿਚ ਉਹਨਾਂ ਦੀ ਧਰਮ ਪਤਨੀ ਬਿਮਾਰ ਪੈ ਗਈ। ਉਹ ਹਸਪਤਾਲ ਵਿਚ ਲੰਮਾ ਸਮਾਂ ਰਹੀ। ਇਸਦੇ ਨਾਲ ਹੀ ਜੂਨ 2010 ਵਿਚ ਪੰਜਾਬੀ ਕਲਾਸਾਂ ਯੂਨੀਵਰਸਿਟੀ ਵਿਚ ਬੰਦ ਹੋ ਗਈਆ। ਇਕ ਤਾਂ ਉਹਨਾਂ ਨੂੰ ਦਿਨ-ਰਾਤ ਆਪਣੀ ਬਿਮਾਰ ਧਰਮ ਪਤਨੀ ਦੀ ਦੇਖਰੇਖ ਕਰਨੀ ਪੈਂਦੀ, ਦੂਸਰਾ ਪੰਜਾਬੀ ਕਲਾਸਾਂ ਦੁਬਾਰਾ ਸ਼ੁਰੂ ਕਰਵਾਉਣ ਲਈ ਮਾਲੀ ਸਹਾਇਤਾ ਜੁਟਾਉਣ ਲਈ ਯਤਨਸ਼ੀਲ ਸਨ। ਇਸ ਭੱਜ-ਦੌੜ ਵਿਚ ਅਤੇ ਪ੍ਰੇਬਾਨੀਆਂ ਵਿਚ ਅੰਦਰੋਂ ਉਹਨਾਂ ਦੀ ਸਿਹਤ ਵਿਗੜ ਰਹੀ ਸੀ। ਇਕ ਦਿਨ ਸਵੇਰੇ ਉਹਨਾਂ ਦੇ ਅੰਬਾਲਾ ਛਾਉਣੀ ਦੇ ਹਮਜਮਾਤੀ ਗੁਰਚਰਨ ਸਿੰਘ 'ਫਲਕ' ਸ਼ਾਇਰ ਦਾ ਫੋਨ ਆਇਆ ਕਿ ਡਾ. ਸਾਹਿਬ ਚਲਾਣਾ ਕਰ ਗਏ ਹਨ। ਮੈਂ ਕਿਹਾ ਬਿਮਾਰ ਤਾਂ ਉਹਨਾਂ ਦੀ ਧਰਮ ਪਤਨੀ ਸੀ। ਫਲਕ ਸਾਹਿਬ ਨੇ ਕਿਹਾ ਨਹੀਂ ਡਾ. ਸਾਹਿਬ ਆਪ 12 ਨਵੰਬਰ 2010 ਨੂੰ ਚਲਾਣਾ ਕਰ ਗਏ ਹਨ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿਉਂਕਿ ਮੈਂ ਅਕਸਰ ਹੀ ਉਹਨਾਂ ਦੀ ਧਰਮ ਪਤਨੀ ਦੀ ਖਬਰ ਵਾਸਤੇ ਮਿਲਦਾ ਰਹਿੰਦਾ ਸੀ। ਅਖੀਰਲੇ ਸਮੇਂ ਜਦੋਂ ਹਸਪਤਾਲ ਵਿਚ ਡਾ. ਸਾਹਿਬ ਦੀ ਵਿਗੜਦੀ ਹਾਲਤ ਵੇਖ ਕੇ ਨਰਸ ਨੇ ਸੰਭਾਲਣਾ ਚਾਹਿਆ, ਉਹਨਾਂ ਕਿਹਾ ਮੈਨੂੰ ਨਾ ਸੰਭਾਲੋ, ਜਾਣ ਦਿਓ। ਇਕ ਰਾਹ ਦਸੇਰੇ ਹਮਸਫਰ, ਨਿੱਘੇ ਮਿੱਤਰ ਤੇ ਤੁਰ ਜਾਣ ਤੇ ਭਾਰੀ ਅਫਸੋਸ ਹੋਇਆ। ਉਹਨਾਂ ਦੀ ਧਰਮ ਪਤਨੀ ਸਵਰਨਜੀਤ ਕੌਰ ਵੀ 29 ਮਈ, 2011 ਨੂੰ ਚਲਾਣਾ ਕਰ ਗਏ ਸਨ।

ਵਿਸ਼ਵ ਪ੍ਰਸਿੱਧ ਵਿਦਵਾਨ, ਉਘੇ ਅਕਾਦਮਿਕ, ਡਾਕਟਰ ਅਤੇ ਪ੍ਰੋਫੈਸਰ ਸਨ। ਜਿਹਨਾਂ ਪੰਜਾਬੀ ਮਾਂ-ਬੋਲੀ, ਧਰਮ ਤੇ ਵਿਰਸੇ ਨੂੰ ਪ੍ਰਫੁੱਲਿਤ, ਪ੍ਰਚਾਰਨ ਅਤੇ ਪ੍ਰਸਾਰਲ ਲਈ ਆਖਰੀ ਦਮ ਤੱਕ ਬੜੀ ਸ਼ਿੱਦਤ ਨਾਲ ਆਪਣਾ ਫਰਜ਼ ਨਿਭਾਇਆ। ਉਹ ਇਕ ਅਣਥੱਕ ਪਾਂਧੀ ਸਨ।

ਆਪ ਜੀ ਦਾ ਜਨਮ 7 ਅਗਸਤ 1934 ਨੂੰ ਇਕ ਅਕਾਦਮਿਕ ਪਰਿਵਾਰ ਵਿਚ ਮੁਕਤਸਰ, ਜ਼ਿਲ੍ਹਾ ਫਿਰੋਜ਼ਪੁਰ ਪੰਜਾਬ ਵਿਚ ਹੋਇਆ। ਆਪ ਜੀ ਦੇ ਪਿਤਾ ਕੇਸਰ ਸਿੰਘ ਓਬਰਾਏ ਪ੍ਰੋਫੈਸਰ ਸਨ। ਆਪ ਜੀ ਦੀ ਮਾਤਾ ਦਾ ਨਾਂ ਬਲਜੀਤ ਕੌਰ ਸੀ। ਹਾਈ ਸਕੂਲ ਤੱਕ ਦੀ ਵਿੱਦਿਆ ਸੀ. ਬੀ. ਹਾਈ ਸਕੂਲ ਅੰਬਾਲਾ ਛਾਉਣੀ ਤੋਂ ਪ੍ਰਾਪਤ ਕੀਤੀ। ਉਚੇਰੀ ਸਿੱਖਿਆ ਜੀ. ਐਮ. ਐਨ. ਕਾਲਜ ਅੰਬਾਲਾ, ਲੁਧਿਆਣਾ ਅਤੇ ਪਟਿਆਲਾ ਤੋਂ ਪ੍ਰਾਪਤ ਕੀਤੀ। ਉਹਨਾਂ ਨੂੰ ਪੀ. ਐਚ. ਡੀ. ਪੰਜਾਬੀ ਕਵੀ ਵਿਦਵਾਨ ਡਾ. ਹਰਿਭਜਨ ਸਿੰਘ ਦੀ ਅਗਵਾਈ ਹੇਠ ਦਿੱਲੀ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਖੋਜ ਵਿਸ਼ਾ ਰਿਹਾ 'ਪੰਜਵੀਂ



ਪਾਤਸ਼ਾਹੀ ਗੁਰੂ ਅਰਜਨ ਦੇਵ ਸਾਹਿਬ ਜੀ ਦੀਆਂ ਰਚਨਾਵਾਂ ਵਿਚ 'ਸ਼ਿਗਾਰ' (ਬ੍ਰਹਮ ਸੁੰਦਰਤਾ) ਦੀ ਧਾਰਨਾ 'ਤੇ ਸੀ।

20 ਸਾਲ ਦੀ ਉਮਰ ਵਿਚ ਮੁਕੰਦ ਲਾਲ ਨੈਸ਼ਨਲ ਕਾਲਜ ਯਮੁਨਾਨਗਰ ਵਿਚ ਲੈਕਚਰਾਰ ਲੱਗੇ। ਉਪਰੰਤ ਖਾਲਸਾ ਕਾਲਜ ਅਤੇ ਆਰਟਸ ਵਿਭਾਗ ਦਿੱਲੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪੰਜਾਬੀ ਅਧਿਆਪਕ-ਵਿਦਵਾਨ ਵਜੋਂ ਪ੍ਰਸਿੱਧ ਹੋਏ। ਉਹਨਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪੰਜਾਬੀ ਅਧਿਐਨ ਸਕੂਲ ਦੇ ਪ੍ਰੋਫੈਸਰ ਅਤੇ ਚੇਅਰਮੈਨ ਵਜੋਂ ਸੇਵਾ ਨਿਭਾਈ। ਉਹ ਦੋ ਵਾਰ ਪੰਜਾਬ ਰਾਜ ਪਾਠ-ਪੁਸਤਕ ਬੋਰਡ ਦੇ ਨਿਰਦੇਸ਼ਕ ਵੀ ਰਹੇ। ਜਿੱਥੇ ਉਹਨਾਂ ਨੇ ਕੇ-12 ਅਤੇ ਕਾਲਜ ਪੱਧਰ 'ਤੇ ਪੰਜਾਬ ਵਿਚ ਵਰਤੋਂ ਲਈ ਪਾਠਕ੍ਰਮ ਅਤੇ ਪਾਠ ਪੁਸਤਕਾਂ ਦੇ ਵਿਕਾਸ ਦੀ ਅਗਵਾਈ ਕੀਤੀ।

ਅੰਤਰ ਰਾਸ਼ਟਰੀ ਪੱਧਰ ਤੇ ਵਿਦੇਸ਼ੀ ਭਾਸ਼ਾਵਾਂ ਦੇ ਟੋਕੀਓ ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ ਦੀਆਂ ਜਮਾਤਾਂ ਪੜ੍ਹਾਈਆਂ। ਫਿਰ ਉਸਾਕਾ ਯੂਨੀਵਰਸਿਟੀ ਆਫ ਫੌਰਨ ਸਟਡੀਜ਼ ਵਿਖੇ ਸੈਮੀਨਾਰ ਤੇ ਗੋਸ਼ਟੀਆ ਕਰਵਾਈਆਂ। ਥਾਈਲੈਂਡ, ਯੂਨਾਈਟਿਡ ਕਿੰਗਡਮ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਸਿੱਖ ਵਿਰਸੇ ਦੀਆਂ ਪੰਜਾਬੀ ਜਮਾਤਾਂ ਪੜ੍ਹਾਈਆਂ।

ਅਗਸਤ 1993 ਵਿਚ ਯੂਨੀਵਰਸਿਟੀ ਕੈਲੇਫੋਰਨੀਆ ਬਰਕਲੇ ਅਮਰੀਕਾ ਵਿਖੇ ਪੰਜਾਬੀ ਪ੍ਰੋਗਰਾਮ ਲਾਗੂ ਕਰਨ ਦੇ ਮੋਢੀ ਸਨ। ਸੰਨ 1998 ਵਿਚ ਸੈਨਹੋਜ਼ੇ ਸਟੇਟ ਯੂਨੀਵਰਸਿਟੀ ਵਿਖੇ ਪੰਜਾਬੀ ਭਾਸ਼ਾ ਪ੍ਰੋਗਰਾਮ 'ਤੇ ਕੰਮ ਕੀਤਾ। ਇਸ ਸਮੇਂ ਦੌਰਾਨ ਉਹਨਾਂ ਦਾ ਅੰਤਰ ਧਰਮ ਅਤੇ ਪੰਜਾਬੀ ਭਾਈਚਾਰੇ ਦਾ ਇਕ ਅਦਾਰਾ ਬਣ ਗਿਆ। ਮੇਰੇ (ਪ੍ਰਮਿੰਦਰ ਸਿੰਘ ਪ੍ਰਵਾਨਾ) ਤੋਂ ਇਲਾਵਾ ਡਾ. ਮਹਿੰਦਰ ਸਿੰਘ ਮਦਾਨ, ਡਾ. ਇੰਦਰ ਮੋਹਲ ਸਿੰਘ, ਜੰਗ ਸਿੰਘ ਗਿਆਨੀ, ਆਜ਼ਾਦ ਜਲੰਧਰੀ, ਗੁਰਚਰਨ ਸਿੰਘ ਫਲਕ, ਹਰਭਜਨ ਸਿੰਘ ਬੈਂਸ, ਡਾਕਟਰ ਰਾਜਿੰਦਰ ਸਿੰਘ, ਡਾ. ਅਜੀਤਪਾਲ ਸਿੰਘ, ਡਾ. ਹਰਦੇਵ ਸਿੰਘ ਮਾਂਗਟ, ਡਾ. ਅਵਤਾਰ ਸਿੰਘ ਆਦਿ ਸ਼ਾਮਲ ਸਨ। ਜਿਹਨਾਂ ਦੇ ਸਹਿਯੋਗ ਨਾਲ ਸਿੱਖ ਧਰਮ ਅਤੇ ਵਿਰਸੇ ਦੇ ਨਾਲ ਪੰਜਾਬੀ ਸਾਹਿਤ ਬਾਰੇ ਵੱਡੀਆਂ ਕਾਨਫਰੰਸਾਂ ਦਾ ਆਯੋਜਨ ਕੀਤਾ। ਜਿਸ ਵਿਚ ਸਿੱਖ ਅਧਿਐਨ, ਸੂਫੀਵਾਦ ਦਾ ਵਿਸ਼ਵੀਕਰਨ, ਗੁਰੂ ਗ੍ਰੰਥ ਸਾਹਿਬ ਜੀ ਦਾ ਅਨਾਦਿ ਸੁਨੇਹਾ, ਗੁਰੂ ਅਰਜਨ ਦੇਵ ਸਾਹਿਬ ਜੀ ਦੇ ਜੀਵਨ ਅਤੇ ਬਾਣੀ ਰਚਨਾ ਬਾਰੇ ਆਦਿ ਵਿਸ਼ੇਸ਼ ਸਨ। ਉਹਨਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ ਕਿ ਸੈਨਹੋਜ਼ੇ ਸਟੇਟ ਯੂਨੀਵਰਸਿਟੀ ਅਮਰੀਕਾ ਦੀ ਲਾਇਬ੍ਰੇਰੀ ਦੀ ਦੂਸਰੀ ਮੰਜ਼ਲ ਤੇ ਗੁਰੂ ਨਾਨਕ ਵਿਰਾਸਤ ਨਾਂ ਹੇਠ ਪੰਜਾਬੀ ਪੁਸਤਕਾਂ ਅਤੇ ਹੋਰ ਦਰਸੀ ਸਾਧਨਾਂ ਨੂੰ ਜਗ੍ਹਾ ਦਿਵਾਈ। ਉਹਨਾਂ ਨੇ ਵੱਖ-ਵੱਖ ਸਾਹਿਤਕ ਸੰਮੇਲਨਾਂ ਦੀ ਅਗਵਾਈ ਕੀਤੀ। ਉਹਨਾਂ ਨੇ ਆਪਣੇ ਵਿਦਿਆਰਥੀਆਂ ਨੂੰ ਗੁਰਮੁਖੀ ਲਿਪੀ ਦੇ ਪ੍ਰਯੋਗ ਦੀ ਜਾਂਚ ਸਿਖਾਈ ਅਤੇ ਪੰਜਾਬੀ ਮਾਂ ਬੋਲੀ ਪ੍ਰਤੀ ਉਤਸ਼ਾਹ ਭਰਿਆ। ਉਹਨਾਂ ਨੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਵੀ ਪੰਜਾਬੀ ਜਮਾਤਾਂ ਪੜ੍ਹਾਈਆਂ।

ਦੇਸ਼-ਵਿਦੇਸ਼ ਵਿਚ ਬਹੁਤ ਸਾਰੀਆਂ ਅਕਾਦਮਿਕ ਸੰਸਥਾਵਾਂ ਜਿਵੇਂ ਪੰਜਾਬੀ ਸਾਹਿਤ ਅਕਾਦਮੀ ਅਤੇ ਅਮਰੀਕਾ ਅਤੇ ਕੈਨੇਡਾ ਵਿਚ ਸੰਸਥਾਵਾਂ ਨਾਲ ਜੁੜੇ ਸਨ। ਉਹ ਧਰਮ ਅਤੇ ਵਿਰਸੇ ਦੇ ਸਾਹਿਤ ਨੂੰ ਦੇਸ਼ ਵਿਦੇਸ਼ ਵਿਚ ਆਦਾਨ-ਪ੍ਰਦਾਨ ਰਾਹੀਂ ਪ੍ਰਫੁੱਲਿਤ ਕਰਨ ਲਈ ਹਿਕ ਪੁਲ ਦਾ ਕੰਮ ਕਰਦੇ ਸਨ।

ਉਹਨਾਂ ਦਾ ਇਕ ਵਿਦਵਾਨ ਅਤੇ ਅਧਿਆਪਨ ਵਿਚ ਉਘੇ ਸਤਿਕਾਰਯੋਗ ਸਥਾਨ ਸੀ, ਫਿਰ ਵੀ ਆਪ ਨਰਮ ਸੁਭਾਅ, ਮਿਲਾਪੜੇ, ਕੋਮਲ ਮੁਸਕਰਾਹਟ, ਮਨੁੱਖਤਾ ਦੀ ਸੇਵਾ ਅਤੇ ਮੁਆਫ ਕਰ ਦੇਣ ਵਾਲੇ ਗੁਣਸਨ। ਮਤਭੇਦ ਅਤੇ ਈਰਖਾ ਨੂੰ ਆਪਣੇ ਫਰਜ਼ ਵਿਚ ਰੁਕਾਵਟ ਨਹੀਂ ਬਣਨ ਦਿੱਤਾ। ਆਪਣੀ ਸਿਆਣਪ ਅਤੇ ਸਹਿਣਸ਼ੀਲਤਾ ਨਾਲ ਉਹਨਾਂ ਧਾਰਮਿਕ, ਸਭਿਆਚਾਰਕ ਅਤੇ ਸਾਹਿਤਕ ਵਿਰਸੇ ਪ੍ਰਤੀ ਸੁਹਿਰਦ ਫਰਜ਼ ਨਿਭਾਇਆ। ਉਹਨਾਂ ਨੇ ਮਜ਼ਬੂਤ ਇਰਾਦੇ ਨਾਲ ਵਿਦਿਆਰਥੀਆਂ ਅਤੇ ਭਾਈਚਾਰੇ ਨੂੰ ਹਮੇਸ਼ਾ ਜੋੜਿਆ। ਉਹਨਾਂ ਦੇ ਭਰਾ ਅੰਮ੍ਰਿਤਜੀਤ ਸਿੰਘ ਉਹੀਓ ਯੂਨੀਵਰਸਿਟੀ ਅਮਰੀਕਾ ਵਿਚ ਅੰਗਰੇਜ਼ੀ ਅਤੇ ਅਫਰੀਕਨ ਅਮਰੀਕਨ ਸਟੱਡੀਜ਼ ਦੇ ਉਘੇ ਪ੍ਰੋਫੈਸਰ ਨੇ ਆਪਣੇ ਵੱਡੇ ਭਰਾ ਨੂੰ ਇਕ ਕੋਮਲ ਸ਼ੇਰ ਦੱਸਿਆ ਹੈ। ਫਰਜ਼ਾਂ ਕਦਰਾਂ-ਕੀਮਤਾਂ ਦੇ ਸਟੀਲ ਪਿੰਜਰ ਵਿਚ ਸ਼ੇਰ ਦੇ ਨਾਲ ਇਕ ਲੇਲੇ ਦਾ ਨਰਮ ਦਿਲ ਵੀ ਸੀ। ਉਹ ਆਪਣੇ ਵਿਦਿਆਰਥੀਆਂ ਨਾਲ ਪਰਿਵਾਰ, ਮੇਰੇ ਜਿਹੇ ਦੋਸਤਾਂ ਅਤੇ ਭਾਈਚਾਰੇ ਵੱਲੋਂ ਉਹਨਾਂ ਦੀ ਅਦਭੁਤ ਦੇਣ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

30 ਅਪ੍ਰੈਲ 2011 ਨੂੰ ਇਕ ਸ਼ਰਧਾਂਜਲੀ ਸਮਾਰੋਹ ਚਾਂਦਨੀ ਰੋਂਸਤਰਾ ਅਮਰੀਕਾ ਵਿਚ ਹੋਇਆ। ਰਾਜਦੂਤ ਕਰਾਮਾਤ ਉਲਾ ਗੌਰੀ ਨੇ ਆਪਣੇ ਮੂਲ-ਭਾਵ ਵਿਚ ਕਿਹਾ ਕਿ ਅੱਜ ਹਿਸ ਸ਼ਰਧਾਂਜਲੀ ਸਮਾਰੋਹ ਵਿਚ ਇਕੱਠੇ ਹੋਏ ਲੇਖਕ ਵੱਖ-ਵੱਖ ਖਿੱਤੇ, ਧਰਮ ਅਤੇ ਭਾਸ਼ਾ ਦੇ ਹਨ। ਪਰ ਉਹ ਸਾਰੇ ਸਮਾਜਿਕ ਬੁਰਾਈਆਂ ਦੇ ਖਿਲਾਫ ਲਿਖਦੇ ਹਨ। ਉਸੇ ਤਰ੍ਹਾਂ ਡਾ. ਆਤਮਜੀਤ ਸਿੰਘ ਜੀ ਨੇ ਪੰਜਾਬੀ ਮਾਂ ਬੋਲੀ, ਧਰਮ ਤੇ ਵਿਰਸੇ ਨੂੰ ਪੜ੍ਹਾਇਆ ਹੈ। ਉਹਨਾਂ ਨੇ ਆਪਣੇ ਵਿਦਿਆਰਥੀਆਂ ਨੂੰ ਹਮੇਸ਼ਾ ਚੰਗੀ ਜੀਵਨ ਜਾਚ ਸਿਖਾਈ। ਉਹਨਾਂ ਨੇ ਆਪਣੇ ਹੁਨਰ ਪ੍ਰਤੀ ਹਮੇਸ਼ਾ ਬੜੀ ਹੀ ਤਨਦੇਹੀ ਅਤੇ ਇਮਾਨਦਾਰੀ ਨਾਲ ਫਰਜ਼ ਨਿਭਾਇਆ ਹੈ। ਉਹਨਾਂ ਪ੍ਰਤੀ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਉਹਨਾਂ ਦੀ ਵਿਰਾਸਤੂੰ ਹਮੇਸ਼ਾ ਅਗਾਂਹ ਤੋਰਿਆ ਜਾਵੇ। ਸਮਾਰੋਹ ਵਿਚ ਲੇਖਕ ਹਾਜ਼ਰ ਸਨ। ਡਾ. ਅੰਮ੍ਰਿਤਜੀਤ ਸਿੰਘ, ਡਾ. ਮਹਿੰਦਰ ਸਿੰਘ ਮਦਾਨ, ਕਰਾਮਾਤ ਉਲਾਂ ਗੌਰੀ, ਪ੍ਰਮਿੰਦਰ ਸਿੰਘ ਪ੍ਰਵਾਨਾ (ਪ੍ਰਬੰਧਕ), ਤਾਰਾ ਸਿੰਘ ਸਾਗਰ, ਕੁਲਦੀਪ ਸਿੰਘ ਢੀਂਡਸਾ, ਇਰੈਲੇ ਨੈਕਸੀਕਾ, ਲਾਲ ਸਿੰਘ ਭੱਟੀ (ਢੋਲੀ), ਗੁਰਚਰਨ ਸਿੰਘ ਫਲਕ, ਆਜ਼ਾਦ ਜਲੰਧਰੀ, ਹਮੀਦਾ ਚੋਪੜਾ, ਤਾਸ਼ੀ ਜਹੀਰ, ਮੁਹੰਮਦ ਅਸ਼ਰਫ ਚੌਧਰੀ, ਮੁਹੰਮਦ ਸਲੀਮ ਅਖਤਰ, ਡਾ. ਸੁਖਮੰਦਰ ਸਿੰਘ, ਜਸਜੀਤ ਕੌਰ, ਜਨਾਰੋ ਰੋਡਕਟਿਜ਼, ਮਾਇਕ ਗਰਾਵਲ, ਮੁਹੰਮਫ ਅਸ਼ਰਫ ਤੂਰ, ਡਾ. ਅਵਤਾਰ ਸਿੰਘ, ਮੁਹੰਮਦ ਸਲੀਮ, ਡਾ. ਕੁਲਬੀਰ ਥਿੰਦ, ਆਗਾ ਸਈਦ ਆਦਿ।

ਅੰਤਿਕਾ: ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਪ੍ਰਭੂ ਦੀ ਹਜ਼ੂਰੀ ਵਿਚ ਸਤਿਕਾਰੇ ਜਾਂਦੇ ਹਨ। ਪ੍ਰਮਾਤਮਾ ਆਪ ਉਹਨਾਂ ਨੂੰ ਆਪਣੇ ਗਲ ਲਾਉਂਦਾ ਹੇ। ਅੰਗ 41-42




## 6 ਨਵੰਬਰ 2021 ਲਈ ਰਾਸ਼ਟਰੀ ਪ੍ਰੈਸ ਦਿਵਸ ਸਬੰਧੀ

# ਭਾਰਤ ਨੂੰ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿੱਚ 180 ਦੇਸ਼ਾਂ ਵਿੱਚੋਂ 142ਵਾਂ ਰੈਂਕ ਪ੍ਰਾਪਤ



ਕੁਲਦੀਪ ਚੰਦ
91-9417563054

**ਹਰ ਸਾਲ 16 ਨਵੰਬਰ ਨੂੰ** ਭਾਰਤ ਵਿਚ ਰਾਸਟਰੀ ਪ੍ਰੈਸ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾਂ ਹੈ। ਇਸ ਦਿਨ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਮੀਡੀਆ ਦੀ ਭੂਮਿਕਾ ਸਬੰਧੀ ਵਿਚਾਰ ਵਟਾਂਦਰਾਂ ਕੀਤਾ ਜਾਂਦਾ ਹੈ। ਮੀਡੀਆ ਨੂੰ ਸਮਾਜ ਦਾ ਦਰਪਣ ਅਤੇ ਦੀਪਕ ਦੋਨੋਂ ਮੰਨਿਆ ਜਾਂਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਦਰਪਣ ਦਾ ਕੰਮ ਸਮਤਲ ਦਰਪਣ ਦੀ ਤਰ੍ਹਾਂ ਕੰਮ ਕਰਨਾ ਹੈ ਤਾਂ ਕਿ ਸਮਾਜ ਦੀ ਹੂ-ਬ-ਹੂ ਤਸਵੀਰ ਸਮਾਜ ਦੇ ਸਾਹਮਣੇ ਪੇਸ਼ ਕਰ ਸਕੇ। ਪਰੰਤੂ ਕਦੀ-ਕਦੀ ਨਿੱਜੀ ਸਵਾਰਥਾਂ ਦੇ ਕਾਰਨ ਇਹ ਮੀਡੀਆ ਸਮਤਲ ਦਰਪਣ ਵਾਂਗ ਕੰਮ ਨਹੀਂ ਕਰਦਾ ਹੈ ਜਿਸ ਕਾਰਨ ਸਮਾਜ ਦੀ ਉਲਟੀ, ਝੂਠੀ, ਕਾਲਪਨਿਕ ਅਤੇ ਘਿਣੋਨੀ ਤਸਵੀਰ ਵੀ ਸਾਹਮਣੇ ਆ ਜਾਂਦੀ ਹੈ। ਜੇਕਰ ਪ੍ਰੈਸ ਹੀ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿੱਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ। ਗਲੋਬਲ ਪ੍ਰੈਸ ਫਰੀਡਮ ਰੈਂਕਿੰਗ ਅਨੁਸਾਰ ਦੁਨੀਆਂ ਦੇ ਕੁੱਲ 197 ਦੇਸ਼ਾਂ ਵਿੱਚੋਂ 63 ਦੇਸ਼ਾਂ ਵਿੱਚ ਪ੍ਰੈਸ ਨੂੰ ਸੰਪੂਰਨ ਆਜ਼ਾਦੀ ਪ੍ਰਾਪਤ ਹੈ, ਜਦਕਿ 70 ਦੇਸ਼ਾਂ ਵਿੱਚ ਪ੍ਰੈਸ ਨੂੰ ਅਧੂਰੀ ਅਜ਼ਾਦੀ ਪ੍ਰਾਪਤ ਹੈ ਅਤੇ 64 ਦੇਸ਼ਾਂ ਵਿੱਚ ਪ੍ਰੈਸ ਨੂੰ ਕੋਈ ਵੀ ਆਜ਼ਾਦੀ ਪ੍ਰਾਪਤ ਨਹੀਂ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਭਾਰਤ ਨੂੰ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿੱਚ 180 ਦੇਸ਼ਾਂ ਵਿੱਚੋਂ 142ਵਾਂ ਰੈਂਕ ਪ੍ਰਾਪਤ ਹੈ ਜੋਕਿ ਖਤਰਨਾਕ ਸੰਕੇਤ ਹੈ। ਭਾਰਤੀਆ ਪ੍ਰੈਸ ਪ੍ਰੀਸ਼ਦ ਦੀ ਰਿਪੋਰਟ ਅਨੁਸਾਰ ਵਿਸ਼ਵ ਦੀ ਅੱਧੀ ਆਬਾਦੀ 2.5 ਬਿਲੀਅਨ ਅਖ਼ਬਾਰਾਂ ਰੋਜ਼ ਪੜ੍ਹਦੀ ਹੈ ਅਤੇ 600 ਮਿਲੀਅਨ ਅਬਾਦੀ ਰੋਜ਼ ਇੰਟਰਨੈੱਟ ਤੇ ਅਖ਼ਬਾਰਾਂ ਪੜ੍ਹਦੀ ਹੈ। ਅਖ਼ਬਾਰਾਂ ਦੇ ਉਦਯੋਗ ਰਾਹੀਂ 200 ਬਿਲੀਅਨ ਡਾਲਰ ਹਰ ਸਾਲ ਵਿਗਿਆਪਨਾਂ ਰਾਹੀਂ ਅੰਤਰਰਾਸ਼ਟਰੀ ਪੱਧਰ ਤੇ ਕਮਾਏ ਜਾਂਦੇ ਹਨ। ਪਹਿਲੇ ਪ੍ਰੈਸ ਆਯੋਗ ਨੇ ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਦੀ ਰੱਖਿਆ ਅਤੇ ਪੱਤਰਕਾਰਿਤਾ ਵਿੱਚ ਉੱਚ ਆਦਰਸ਼ ਕਾਇਮ ਕਰਨ ਦੇ ਉਦੇਸ਼ ਨਾਲ ਇੱਕ ਪ੍ਰੈਸ ਪਰਿਸ਼ਦ ਦੀ ਕਲਪਨਾ ਕੀਤੀ ਸੀ। 04 ਜੁਲਾਈ 1966 ਨੂੰ ਭਾਰਤ ਵਿੱਚ ਪ੍ਰੈਸ ਪਰਿਸ਼ਦ ਦੀ ਸਥਾਪਨਾ ਕੀਤੀ ਗਈ ਜਿਸ ਨੇ 16 ਨਵੰਬਰ 1966 ਤੋਂ ਆਪਣਾ ਕੰਮ ਸ਼ੁਰੂ ਕੀਤਾ। ਉਦੋਂ ਤੋਂ ਲੈ ਕੇ ਅੱਜ ਤੱਕ ਹਰ ਸਾਲ 16 ਨਵੰਬਰ ਨੂੰ ਰਾਸ਼ਟਰੀ ਪ੍ਰੈਸ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਦੁਨੀਆਂ ਵਿੱਚ ਅੱਜ ਲਗਭੱਗ 50 ਦੇਸ਼ਾਂ ਵਿੱਚ ਪ੍ਰੈਸ ਪਰਿਸ਼ਦ ਜਾਂ ਮੀਡੀਆ ਪਰਿਸ਼ਦ ਹੈ। ਪਤਰਕਾਰਿਤਾ ਵਿੱਚ ਤੱਥਾਂ ਨੂੰ ਤੋੜ-ਮਰੋੜ ਕੇ, ਵਧਾ-ਚੜ੍ਹਾਕੇ ਜਾਂ ਘਟਾਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਵੱਧ ਰਹੀ ਹੈ। ਅਕਸਰ ਹੀ ਖ਼ਬਰਾਂ ਵਿੱਚ ਪੱਖਪਾਤ ਅਤੇ ਅਸੰਤੁਲਨ ਦੇਖਣ ਨੂੰ ਮਿਲਦਾ ਹੈ ਅਤੇ ਖ਼ਬਰਾਂ ਵਿੱਚ ਨਿੱਜੀ ਸਵਾਰਥ ਸਾਫ ਝਲਕਣ ਲੱਗ ਜਾਂਦਾ ਹੈ। ਖ਼ਬਰਾਂ ਵਿੱਚ ਵਿਚਾਰਾਂ ਨੂੰ ਮਿਸ਼ਰਿਤ ਕੀਤਾ ਜਾ ਰਿਹਾ ਹੈ। ਖ਼ਬਰਾਂ ਤੇ ਆਧਾਰਿਤ ਵਿਚਾਰ ਤਾਂ ਸਵਾਗਤਯੋਗ ਹੋ ਸਕਦੇ ਹਨ ਪਰੰਤੂ ਵਿਚਾਰਾਂ ਤੇ ਆਧਾਰਿਤ ਖਬਰਾਂ ਸਮਾਜ ਲਈ ਖਤਰਨਾਕ ਹਨ। ਖੋਜੀ ਪੱਤਰਕਾਰਿਤਾ ਦੇ ਨਾਮ ਤੇ ਅੱਜ ਪੀਲੀ ਅਤੇ ਨੀਲੀ ਪੱਤਰਕਾਰਿਤਾ ਕੁਝ ਪੱਤਰਕਾਰਾਂ ਦੇ ਜੀਵਨ ਦਾ ਅਭਿੰਨ ਅੰਗ ਬਣਦੀ ਜਾ ਰਹੀ ਹੈ। ਪੱਤਰਕਾਰਿਤਾ ਆਜ਼ਾਦੀ ਤੋਂ ਪਹਿਲਾਂ ਇੱਕ ਮਿਸ਼ਨ ਸੀ। ਆਜ਼ਾਦੀ ਤੋਂ ਬਾਅਦ ਇਹ ਇੱਕ ਪ੍ਰੋਡਕਸ਼ਨ ਬਣ ਗਈ। ਐਮਰਜੈਂਸੀ ਦੌਰਾਨ ਜਦੋਂ ਪ੍ਰੈਸ ਤੇ ਸੈਂਸਰ ਲੱਗਿਆ ਸੀ ਉਦੋਂ ਪੱਤਰਕਾਰਿਤਾ ਇੱਕ ਵਾਰ ਫਿਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ। ਹੌਲੀ-ਹੌਲੀ ਪੱਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਹੁਣ ਮੀਡੀਆ ਵਿੱਚ ਉਜਾਗਰ ਹੁੰਦੀਆਂ ਘਟਨਾਵਾਂ ਦਾ ਅਸਰ ਕੁਝ ਕੁ ਘੰਟੇ ਵੇਖਣ ਨੂੰ ਮਿਲਦਾ ਹੈ ਅਤੇ ਉਸਤੋਂ ਬਾਅਦ ਉਹ ਘਟਨਾ ਖਬਰ ਬਾਸੀ ਰੋਟੀ ਵਾਂਗ ਹੋ ਜਾਂਦੀ ਹੈ। ਅੱਜ ਸਾਡੇ ਸਮਾਜ ਅਤੇ ਦੇਸ਼ ਵਿੱਚ ਆਏ ਦਿਨ ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਮੀਡੀਆ ਵਿੱਚ ਪਹੁੰਚੇ ਕੁਝ ਗਲਤ ਕਿਸਮ ਦੇ ਵਿਅਕਤੀਆਂ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵੀ ਵਿਸ਼ਵਾਸ਼ ਉਠਦਾ ਜਾ ਰਿਹਾ ਹੈ। ਬਦਲਦੇ ਹਾਲਤਾਂ ਕਾਰਨ ਕਈ ਵਾਰ ਮੀਡੀਆ ਨਾਲ ਜੁੜੇ ਵਿਅਕਤੀਆਂ ਨੂੰ ਹਾਲਤ ਨਾਲ ਸਮਝੌਤਾ ਕਰਕੇ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਇਸਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਦੇਸ਼ ਦੀ ਪ੍ਰੈਸ ਤੇ ਸਭ ਤੋਂ ਮਾੜਾ ਸਮਾਂ ਦੇਸ਼ ਵਿੱਚ ਲਗਾਈ ਗਈ ਐਮਰਜੇਂਸੀ ਦੇ ਸਮੇਂ ਆਇਆ ਸੀ। ਭਾਰਤ ਵਿੱਚ ਪ੍ਰੈਸ ਨੂੰ ਅੱਧੀ ਆਜ਼ਾਦੀ ਹੀ ਪ੍ਰਾਪਤ ਹੈ। ਭਾਰਤ ਜੋ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਹੈ ਵਿੱਚ ਪ੍ਰੈਸ ਦੀ ਅਜ਼ਾਦੀ ਵਿੱਚ ਸਰਕਾਰਾਂ ਵੱਲੋਂ ਵੀ ਰੋੜੇ ਅਟਕਾਏ ਜਾ ਰਹੇ ਹਨ। ਪਿਛਲੇ ਸਮੇਂ ਦੋਰਾਨ ਮੀਡੀਆ ਵਿਸ਼ੇਸ ਤੋਰ ਤੇ ਅਖਬਾਰਾਂ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ ਹੈ ਜਿਸ ਕਾਰਨ ਬਹੁਤੀ




ਵਾਰ ਇਹ ਸਰਕਾਰੀ ਕਰਮਚਾਰੀ ਬਣੇ ਪੱਤਰਕਾਰ ਅਪਣੇ ਅਖਬਾਰ ਲਈ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਦੂਜੇ ਪਾਸੇ ਕਈ ਵਾਰ ਕਈ ਪੱਤਰਕਾਰ ਬਣੇ ਸਰਕਾਰੀ ਕਰਮਚਾਰੀ ਅਪਣੇ ਵਿਭਾਗ ਵਿੱਚ ਤਨਦੇਹੀ ਨਾਲ ਕੰਮ ਨਹੀਂ ਕਰਦੇ ਹਨ। ਇਸ ਸਬੰਧੀ ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਦੇ ਨਿਯਮ ਬੜੇ ਸਪੱਸ਼ਟ ਹਨ ਜਿਨ੍ਹਾਂ ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਕੰਮ ਨਹੀਂ ਕਰਦੇ ਹਨ ਅਤੇ ਉਕਤ ਰੂਲਾਂ ਅਨੁਸਾਰ ਸਰਕਾਰ ਦਾ ਮੁਲਾਜ਼ਮ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ। ਕਿਸੇ ਵੀ ਮੁਲਾਜ਼ਮ ਵੱਲੋਂ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ। ਕਈ ਮੀਡੀਆ ਗਰੁੱਪ ਸਿੱਧੇ ਤੋਰ ਤੇ ਹੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੇ ਨਿਯੰਤਰਣ ਅਧੀਨ ਚੱਲ ਰਹੇ ਹਨ। ਬਹੁਤੇ ਮੀਡੀਆ ਕਰਮੀ ਅਜਿਹੇ ਆ ਗਏ ਹਨ ਜੋਕਿ ਸਿਰਫ ਪੈਸੇ ਦੇ ਅਧਾਰ ਤੇ ਹੀ ਪ੍ਰੈਸ ਦਾ ਨਾਮ ਵਰਤ ਰਹੇ ਹਨ। ਭਾਰਤੀਆ ਪ੍ਰੈਸ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਮਾਣਯੋਗ ਮਾਰਕੰਡੇ ਕਟਾਜੂ ਰਿਟਾਇਰਡ ਜੱਜ ਸੁਪਰੀਮ ਕੌਰਟ ਆਫ ਇੰਡੀਆ ਨੇ ਵੀ ਇੱਕ ਸੈਮੀਨਾਰ ਦੌਰਾਨ ਮੀਡੀਆ ਨੂੰ ਅਪਣੀ ਭੂਮਿਕਾ ਸਹੀ ਤਰੀਕੇ ਨਾਲ ਨਿਭਾਉਣ ਲਈ ਕਿਹਾ ਸੀ ਤਾਂ ਜੋ ਸਮਾਜ ਦੇ ਪੱਛੜੇ ਅਤੇ ਲਿਤਾੜੇ ਵਰਗਾਂ ਦੀਆਂ ਮੁਸ਼ਕਿਲਾਂ ਬਾਰੇ ਦੇਸ਼ ਅਤੇ ਆਮ ਲੋਕਾਂ ਨੂੰ ਪਤਾ ਚੱਲ ਸਕੇ। ਭਾਰਤ ਵਿੱਚ ਸਾਲ 2014 ਤੋਂ ਲੈ ਕੇ 2019 ਤੱਕ ਪਿਛਲੇ ਦੌਰਾਨ ਲੱਗਭੱਗ 80 ਪੱਤਰਕਾਰਾਂ ਦਾ ਕਤਲ ਕੀਤਾ ਗਿਆ। ਸਾਲ 2019-2020 ਦੌਰਾਨ ਭਾਰਤੀਆ ਪ੍ਰੈਸ ਪ੍ਰੀਸ਼ਦ ਕੋਲ 263 ਸ਼ਕਾਇਤਾਂ ਸਰਕਾਰੀ ਅਧਿਕਾਰੀਆਂ ਜਾਂ ਹੋਰ ਅਧਿਕਾਰੀਆਂ ਖਿਲਾਫ ਪ੍ਰੈਸ ਦੀ ਆਜ਼ਾਦੀ ਵਿੱਚ ਦਖਲਅੰਦਾਜ਼ੀ ਲਈ ਪ੍ਰਾਪਤ ਹੋਈਆਂ ਹਨ ਅਤੇ 722 ਪੱਤਰਕਾਰਾਂ ਖਿਲਾਫ ਮਿਲੀਆਂ ਹਨ। ਇਨ੍ਹਾਂ ਰਿਪੋਰਟਾਂ ਨੂੰ ਵੇਖਕੇ ਪਤਾ ਚੱਲਦਾ ਹੈ ਕਿ ਅੱਜ ਜਿੱਥੇ ਵੱਖ ਵੱਖ ਸਰਕਾਰੀ ਅਧਿਕਾਰੀਆਂ ਵਲੋਂ ਪ੍ਰੈਸ ਦੀ ਅਜਾਦੀ ਖਤਮ ਕਰਨ ਲਈ ਕੋਸਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਥੇ ਦੂਜੇ ਪਾਸੇ ਬਹੁਤੇ ਮੀਡੀਆ ਕਰਮੀ ਵੀ ਅਪਣੀ ਬਣਦੀ ਭੂਮਿਕਾ ਸਹੀ ਢੰਗ ਨਾਲ ਨਹੀਂ ਨਿਭਾ ਰਹੇ ਹਨ। ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਈਆਂ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। ਭਾਰਤੀਆ ਪ੍ਰੈਸ ਪ੍ਰੀਸ਼ਦ ਦੀ ਇੱਕ ਮੀਟਿੰਗ 19 ਸਤੰਬਰ 2011 ਨੂੰ ਹੋਈ ਸੀ ਜਿਸ ਵਿੱਚ ਪੱਤਰਕਾਰਾਂ ਦੀ ਸੁਰੱਖਿਆ ਲਈ ਸਬ-ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਅਤੇ ਇਸਦੇ ਨਿਰਦੇਸ਼ਾਂ ਅਨੁਸਾਰ 17 ਅਕਤੂਬਰ 2011 ਨੂੰ 6 ਮੈਂਬਰੀ ਸਬ-ਕਮੇਟੀ ਦਾ ਐਲਾਨ ਕੀਤਾ ਗਿਆ। ਇਹ ਸਬ-ਕਮੇਟੀ ਦੇਸ਼ ਦੇ ਉਹਨਾਂ 11 ਸੂਬਿਆਂ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਪੱਤਰਕਾਰੀ ਕਰਨਾ ਮੁਸ਼ਕਿਲ ਹੋ ਗਿਆ। ਇਸ ਕਮੇਟੀ ਦੀ ਰਿਪੋਰਟ ਦੇ ਅਧਾਰ ਤੇ ਭਾਰਤੀਆ ਪ੍ਰੈਸ ਪ੍ਰੀਸ਼ਦ ਨੇ ਲੋਕਤੰਤਰ ਦੇ ਚੋਥੇ ਥੰਮ ਦੀ ਰੱਖਿਆ ਲਈ ਸਰਕਾਰ ਨੂੰ ਸੁਝਾਅ ਦਿਤੇ ਹਨ ਕਿ ਪੱਤਰਕਾਰਾਂ ਦੀ ਸੁਰੱਖਿਆ ਲਈ ਇੱਕ ਕਨੂੰਨ ਬਣਾਇਆ ਜਾਵੇ ਜਿਸ ਵਿੱਚ ਇਹ ਸ਼ਾਮਿਲ ਕੀਤਾ ਜਾਵੇ ਕਿ ਜੋ ਵਿਅਕਤੀ ਕਿਸੇ ਕੰਮ ਕਰਦੇ ਪੱਤਰਕਾਰ ਜਾਂ ਸੰਪਾਦਕ ਤੇ ਕੋਈ ਹਮਲਾ ਕਰਦਾ ਹੈ ਤਾਂ ਉਸਨੂੰ ਸੱਖਤ ਸਜ਼ਾ ਦਿਤੀ ਜਾਵੇ, ਪੱਤਰਕਾਰਾਂ ਤੇ ਹਮਲਿਆਂ ਸਬੰਧੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਵਿੱਚ ਕੀਤੀ ਜਾਵੇ ਜਿੱਥੇ ਚਾਰਜਸ਼ੀਟ ਦਾਇਰ ਹੋਣ ਤੋਂ ਬਾਦ ਇੱਕ ਸਾਲ ਦੇ ਅੰਦਰ ਸੁਣਵਾਈ ਮੁਕੰਮਲ ਕੀਤੀ ਜਾਵੇ। ਜਦੋਂ ਵੀ ਕਿਸੇ ਪੱਤਰਕਾਰ ਦਾ ਕਤਲ ਹੋਵੇ ਤਾਂ ਸਾਰੀ ਜਾਂਚ ਸੀ ਵੀ ਆਈ ਤੋਂ ਕਰਵਾਈ ਜਾਵੇ ਜੋਕਿ ਤਿੰਨ ਮਹੀਨੇ ਦੇ ਵਿੱਚ ਮੁਕੰਮਲ ਕੀਤੀ ਜਾਵੇ, ਪੱਤਰਕਾਰ ਖਿਲਾਫ ਕਿਸੇ ਵੀ ਤਰਾਂ ਦੇ ਮਾਮਲੇ ਵਿੱਚ ਕਾਰਵਾਈ ਡੀ ਜੀ ਪੀ ਦੀ ਜਾਂਚ ਰਿਪੋਰਟ ਤੋਂ ਬਾਦ ਹੀ ਕੀਤੀ ਜਾਵੇ, ਜੇਕਰ ਕੋਈ ਪੱਤਰਕਾਰ ਜਾਂ ਸੰਪਾਦਕ ਮਾਰਿਆ ਜਾਦਾ ਹੈ ਤਾਂ ਰਾਜ ਸਰਕਾਰ ਉਸਦੇ ਵਾਰਿਸਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਵੇ। ਹਰ ਰਾਜ ਵਿੱਚ ਰਾਜ ਪੱਧਰ ਦੀਆਂ ਕਮੇਟੀਆਂ ਬਣਾਉਣ ਦਾ ਵੀ ਸੁਝਾਅ ਦਿਤਾ ਜਿਸ ਵਿੱਚ ਪੱਤਰਕਾਰਾਂ ਦੀਆਂ ਪ੍ਰਤੀਨਿਧ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ। ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਬਚਾਉਣ ਦੀ ਲੋੜ ਹੈ ਤਾਂ ਜੋ ਹੱਕ ਅਤੇ ਸੋਚ ਦੀ ਆਵਾਜ਼ ਬੁਲੰਦ ਰਹਿ ਸਕੇ। ਜੇਕਰ ਹੁਣ ਵੀ ਇਸ ਪ੍ਰਤੀ ਗੰਭੀਰਤਾ ਨਾਲ ਨਾ ਸੋਚਿਆ ਤਾਂ 16 ਨਵੰਬਰ ਦਾ ਦਿਹਾੜਾ ਜੋ ਕਿ ਰਾਸ਼ਟਰੀ ਪ੍ਰੈਸ ਦਿਵਸ ਵਜੋਂ ਮਨਾਇਆ ਜਾਂਦਾ ਹੈ ਦੇ ਕੋਈ ਅਰਥ ਨਹੀਂ ਰਹਿ ਜਾਣਗੇ ਜੋ ਕਿ ਸਮਾਜ ਅਤੇ ਦੇਸ਼ ਲਈ ਖਤਰਨਾਕ ਸਾਬਿਤ ਹੋਵੇਗਾ।

# ਨਹੀਂ ਭੁੱਲਦਾ ਚੁੱਲ੍ਹੇ ਵਿੱਚ ਬਣੀ ਰੋਟੀ ਦਾ ਸਵਾਦ



ਮਾਸਟਰ ਸੰਜੀਵ ਧਰਮਾਣੀ
91-94785-61356

ਚੁੱਲ੍ਹਾ ਪੇਂਡੂ ਪੰਜਾਬੀ ਸੱਭਿਆਚਾਰ , ਪਰਿਵਾਰਕ ਤੇ ਸਮਾਜਿਕ ਸਾਂਝ , ਆਪਸੀ ਪਿਆਰ , ਹਸਤਕਲਾ ਅਤੇ ਘਰ ਦੀ ਬਰਕਤ ਦੀ ਨਿਸ਼ਾਨੀ ਹੈ। ਕੁਝ ਸਾਲ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਚੁੱਲ੍ਹੇ ਦਾ ਕਾਫੀ ਚਲਣ ਸੀ , ਪਰ ਆਧੁਨੀਕਰਨ ਨਾਲ ਜਿੱਥੇ



ਹੋਰ ਕਾਫ਼ੀ ਕੁਝ ਖ਼ਤਮ ਹੀ ਹੋ ਗਿਆ , ਉੱਥੇ ਗੈਸ ਸਿਲੰਡਰ , ਬਿਜਲਈ ਚੁੱਲ੍ਹਿਆਂ , ਰੋਟੀ ਬਣਾਉਣ ਦੀਆਂ ਭਾਂਤ - ਭਾਂਤ ਦੀਆਂ ਮਸ਼ੀਨਾਂ ਤੇ ਸਾਧਨਾਂ ਆਦਿ ਦੀ ਆਮਦ ਨਾਲ ਸਾਡੇ ਰਸੋਈ ਘਰਾਂ ਅਤੇ ਵਿਹੜਿਆਂ ਵਿੱਚੋਂ ਚੁੱਲ੍ਹੇ ਖ਼ਤਮ ਹੋਣ ਕਿਨਾਰੇ ਹੋ ਗਏ। ਪੇਂਡੂ ਸੁਆਣੀਆਂ ਟੋਭਿਆਂ , ਤਲਾਬਾਂ ਜਾਂ ਢਿੱਗਾਂ ਦੀ ਚੀਕਣੀ ਮਿੱਟੀ ਪੁੱਟ ਕੇ ਲਿਆਉਂਦੀਆਂ ਅਤੇ ਭਾਂਤ - ਭਾਂਤ ਦੇ ਰੰਗ - ਰੂਪ ਦੇ ਸਥਾਈ ਜਾਂ ਚੱਕਵੇਂ - ਚੁੱਲ੍ਹੇ ਬਣਾਉਂਦੀਆਂ ਹੁੰਦੀਆਂ ਸਨ। ਫਿਰ ਉਹਨਾਂ ਨੂੰ ਗੋਹੇ - ਤੂੜੀ ਆਦਿ ਨਾਲ ਲਿੱਪ ਕੇ ਤਿਆਰ ਕਰਦੀਆਂ ਹੁੰਦੀਆਂ ਸਨ। ਅੱਗ ਬਾਲਣ ਲਈ ਭੂਕਨਾ ਜੋ ਕਿ ਲੋਹੇ ਦਾ ਬਣਿਆ ਹੁੰਦਾ ਸੀ , ਦੀ ਵਰਤੋਂ ਕਰਦੀਆਂ ਸਨ। ਲੋਕ ਗੋਬਰ ਤੋਂ ਤਿਆਰ ਪਾਥੀਆਂ , ਕਾਲੇ ਕੱਖ ਅਤੇ ਟੁੱਕੀਆਂ ਹੋਈਆਂ ਲੱਕੜਾਂ ਤੇ ਤਿੰਬੜੂ ਆਦਿ ਨਾਲ ਚੁੱਲ੍ਹੇ ਵਿੱਚ ਅੱਗ ਬਾਲਦੇ ਹੁੰਦੇ ਸੀ। ਚੁੱਲ੍ਹੇ ਦੀ ਅੱਗ ਉੱਤੇ ਤਿਆਰ ਕੀਤੀ ਰੋਟੀ, ਖ਼ਾਸ ਤੌਰ 'ਤੇ ਮੱਕੀ ਦੀ ਰੋਟੀ ਅਤੇ ਚੁੱਲ੍ਹੇ ਦੇ ਕੌਲਿਆਂ ਉੱਤੇ ਰੱਖ ਕੇ ਰਾੜ੍ਹੀ / ਤਿਆਰ ਰੋਟੀ ਤੇ ਸਰ੍ਹੋਂ ਦੇ ਸਾਗ ਦਾ ਅਨੰਦ ਅਤੇ ਸਵਾਦ ਵੱਖਰਾ ਹੀ ਹੁੰਦਾ ਸੀ , ਜੋ ਅੱਜ ਹੋਰ ਸਾਧਨਾਂ 'ਤੇ ਤਿਆਰ ਕੀਤੀ ਰੋਟੀ ਵਿੱਚ ਨਹੀਂ ਮਿਲਦਾ। ਬੱਚੇ ਅਕਸਰ ਰੋਟੀ ਬਣਨ ਤੋਂ ਬਾਅਦ ਸ਼ਕਰਕੰਦੀਆਂ ਜਾਂ ਆਲੂ ਚੁੱਲ੍ਹੇ ਦੇ ਕੌਲਿਆਂ ਵਿੱਚ ਪਾ ਕੇ ਦੱਬ ਦਿੰਦੇ ਸਨ ਅਤੇ ਕੁਝ ਦੇਰ ਬਾਅਦ ਇਹ ਭੁੰਨੇ ਹੋਏ ਆਲੂ ਤੇ ਸ਼ਕਰਕੰਦੀਆਂ ਖਾ ਕੇ ਅਥਾਹ ਖ਼ੁਸ਼ੀ ਮਹਿਸੂਸ ਕਰਦੇ ਹੁੰਦੇ ਸੀ। ਨਹਾਉਣ ਜਾਂ ਹੋਰ ਕੰਮਾਂ ਲਈ ਗਰਮ ਪਾਣੀ ਦੀ ਜ਼ਰੂਰਤ ਪੂਰੀ ਕਰਨ ਦੇ ਲਈ ਪਾਣੀ ਗਰਮ ਕਰਨ ਲਈ ਚੁੱਲ੍ਹੇ 'ਤੇ ਹੀ ਵੱਡਾ ਪਤੀਲਾ ਜਾਂ ਹੋਰ ਬਰਤਨ ਰੱਖ ਕੇ ਚੁੱਲ੍ਹੇ ਦੇ ਬਚੇ ਹੋਏ ਕੋਲ਼ਿਆਂ ਅੰਗਾਰਿਆਂ ਦੇ ਆਸਰੇ ਕੰਮ ਚਲਾ ਲਿਆ ਜਾਂਦਾ ਹੁੰਦਾ ਸੀ। ਪਰਿਵਾਰ ਦੇ ਸਾਰੇ ਜੀਅ ਇਕੱਠੇ ਹੋ ਕੇ ਪਟੜਿਆਂ , ਪੀੜ੍ਹੀ ਜਾਂ ਸਫ਼ ਆਦਿ 'ਤੇ ਬੈਠ ਕੇ ਚੁੱਲ੍ਹੇ ਕੋਲ ਹੀ ਘਰ ਬਣਾਈ ਪੂਦਨੇ ( ਪੁਦੀਨੇ) ਦੀ ਖੱਟੀ - ਮਿੱਠੀ ਚਟਨੀ ਨਾ਼ਲ ਗਰਮਾ - ਗਰਮ ਤਿਆਰ ਰੋਟੀ ਖਾਣ ਦਾ ਅਨੰਦ ਮਾਣਦੇ ਹੁੰਦੇ ਸੀ। ਕਈ



ਵਾਰ ਬੱਚੇ ਪਹਿਲਾਂ ਰੋਟੀ ਖਾਣ ਦੇ ਚੱਕਰਾਂ ਵਿੱਚ ਚਾਅ - ਚਾਅ ਵਿੱਚ ਝੂਠੀ - ਮੂਠੀ ਦਾ ਨਾਰਾਜ਼ ਵੀ ਹੋ ਜਾਇਆ ਕਰਦੇ ਸਨ। ਇਹ ਰੁੱਸਣ - ਮਨਾਉਣ ਦਾ ਵਰਤਾਰਾ ਵੀ ਚੁੱਲ੍ਹੇ - ਚੌਂਕੇ ਕਰਕੇ ਹੀ ਹੁੰਦਾ ਸੀ। ਪੇਂਡੂ ਖੇਤਰ ਵਿੱਚ ਲੋਕਾਂ ਨੂੰ ਇਹ ਚੰਗੀ ਆਦਤ ਹੁੰਦੀ ਸੀ ਕਿ ਤੜਕੇ ਉੱਠ ਕੇ ਚੁੱਲ੍ਹਾ ਬਾ਼ਲ ਕੇ ਪਾਣੀ ਆਦਿ ਗਰਮ ਕਰਨਾ ਚੁੱਲ੍ਹੇ 'ਤੇ ਰੱਖਦੇ ਹੁੰਦੇ ਸੀ। ਚੁੱਲ੍ਹੇ ਵਿੱਚ ਸੁਵੱਖਤੇ ਅੱਗ ਜਗਾ ਦੇਣਾ ਬਰਕਤ ਅਤੇ ਸਬਰ - ਸੰਤੋਖ ਦੀ ਨਿਸ਼ਾਨੀ ਹੁੰਦੀ ਸੀ। ਸਰਦੀਆਂ ਵਿੱਚ ਚੁੱਲ੍ਹੇ ਦੇ ਚਾਰੇ ਪਾਸੇ ਇਕੱਠੇ ਹੋ ਕੇ ਅੱਗ ਸੇਕਣ ਦਾ ਬੜਾ ਨਜ਼ਾਰਾ ਆਉਂਦਾ ਹੁੰਦਾ ਸੀ। ਲੋਕੀਂ ਚੁੱਲ੍ਹੇ ਦੇ ਆਲੇ - ਦੁਆਲੇ ਬੈਠ ਕੇ ਗੁੜ ਤੇ ਮੂੰਗਫਲੀਆਂ ਖਾਂਦੇ ਹੁੰਦੇ ਸੀ ਤੇ ਆਪਸ ਵਿੱਚ ਦਿਲਾਂ ਦੀਆਂ ਰਮਜ਼ਾਂ ਵੀ ਸਾਂਝੀਆਂ ਕਰ ਲੈਂਦੇ ਹੁੰਦੇ ਸੀ। ਸੁਆਣੀਆਂ ਸਮੇਂ - ਸਮੇਂ ਸਿਰ ਚੁੱਲ੍ਹੇ ਨੂੰ ਗੇਰੂ ਮਿੱਟੀ ਤੇ ਗੋਬਰ , ਤੂੜੀ ਆਦਿ ਨਾਲ ਲਿੱਪ ਕੇ ਉਸ ਦੀ ਸਾਂਭ - ਸੰਭਾਲ ਕਰਦੀਆਂ ਰਹਿੰਦੀਆਂ ਹੁੰਦੀਆਂ ਸਨ।

ਕਈ ਵਾਰ ਨਵਾਂ ਚੁੱਲ੍ਹਾ ਬਣਾਉਣ ਲਈ ਆਂਢੀਆਂ - ਗੁਆਂਢੀਆਂ ਨੂੰ ਵੀ ਮੱਦਦ ਲਈ ਬੁਲਾ ਲਿਆ ਜਾਂਦਾ ਸੀ। ਜਿਸ ਨਾਲ ਕਿ ਆਪਸੀ ਮਿਲਵਰਤਨ , ਸਾਂਝ ਤੇ ਭਾਈਚਾਰਕ ਪ੍ਰੇਮ - ਪਿਆਰ ਕਾਇਮ ਰਹਿੰਦਾ ਹੁੰਦਾ ਸੀ। ਸਮੇਂ ਦੇ ਬਦਲਣ ਨਾਲ ਚੁੱਲ੍ਹੇ - ਚੌਂਕਿਆਂ ਦਾ ਵਜੂਦ ਵੀ ਖ਼ਤਮ ਹੋ ਰਿਹਾ ਹੈ , ਪਰ ਜਿਸ ਕਿਸੇ ਨੇ ਵੀ ਦਾਦਕੇ ਜਾਂ ਨਾਨਕੇ ਘਰ ਵਿੱਚ ਬਜ਼ੁਰਗਾਂ ਕੋ਼ਲ ਬੈਠ ਕੇ ਚੁੱਲ੍ਹੇ - ਚੌਂਕੇ 'ਤੇ ਬਣੀਆਂ ਰੜ੍ਹੀਆਂ ਰੋਟੀਆਂ , ਭੁੰਨੇ ਆਲੂ ਤੇ ਸ਼ਕਰਕੰਦੀਆਂ ਦਾ ਅਨੰਦ ਓਸ ਭਲੇ ਸਮੇਂ ਮਾਣਿਆ ਹੋਵੇ , ਉਸ ਨੂੰ ਚੁੱਲ੍ਹੇ - ਚੌਂਕੇ ਨਾਲ ਜੁੜੀਆਂ ਯਾਦਾਂ ਤੇ ਬਿਤਾਇਆ ਸਮਾਂ ਕਦੇ ਨਹੀਂ ਭੁੱਲ ਸਕਦਾ।

# ਦਿੱਲੀ ਕਤਲ ਕਾਂਡ ਕੀ ਇਸ਼ਾਰਾ ਕਰਦਾ ਹੈ?

ਦਰਸ਼ਨ ਸਿੰਘ ਬਾਜਵਾ
91-98783-83053

ਦਿੱਲੀ ਦੇ ਸਿੰਘੂ ਬਾਰਡਰ 'ਤੇ ਚੱਲ ਰਹੇ ਕਿਸਾਨ ਅੰਦੋਲਨ ਵਾਲ਼ੀ ਜਗ੍ਹਾ ਪਿਛਲੇ 15 ਅਕਤੂਬਰ ਨੂੰ ਇੱਕ ਅਹਿਮ ਘਟਨਾ ਵਾਪਰੀ। ਜਿਸ ਵਿੱਚ ਨਿਹੰਗ ਸਿੰਘਾਂ ਨੇ ਤਰਨਤਾਰਨ ਜ਼ਿਲ੍ਹੇ ਨਾ਼ਲ ਸੰਬੰਧਤ ਇੱਕ ਅਨੁਸੂਚਿਤ ਜਾਤੀ ਪਰਿਵਾਰ ਦੇ ਲਖਵੀਰ ਸਿੰਘ ਦੀ ਲੱਤ ਅਤੇ ਬਾਂਹ ਕੱਟ ਦਿੱਤੀ ਅਤੇ ਇਸੇ ਹਾਲਤ ਵਿੱਚ ਉਸਨੂੰ ਪੁਲਿਸ ਦੇ ਬੈਰੀਕੇਟ 'ਤੇ ਟੰਗ ਦਿੱਤਾ ਗਿਆ। ਕੁੱਝ ਸਮਾਂ ਇਸੇ ਤਰ੍ਹਾਂ ਹੀ ਟੰਗੇ ਰਹਿਣ ਕਾਰਨ ਖ਼ੂਨ ਜ਼ਿਆਦਾ ਵਗਣ ਸਦਕਾ ਉਸਦੀ ਮੌਤ ਹੋ ਗਈ। ਉਸ ਉੱਪਰ ਦੋਸ਼ ਲੱਗਿਆ ਸੀ ਕਿ ਉਸਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ। ਬਾਅਦ ਵਿੱਚ ਦਿਖਾਇਆ ਗਿਆ ਕਿ ਜਿਸ ਪੋਥੀ ਦੀ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਗਈ ਉਸਦਾ ਨਾਮ 'ਸਰਵਲੋਹ ਗ੍ਰੰਥ' ਹੈ। ਇਸ ਕੇਸ ਵਿੱਚ ਇੱਕ ਸਰਬਜੀਤ ਸਿੰਘ ਨਾਂਅ ਦੇ ਨਿਹੰਗ ਸਿੰਘ ਨੂੰ ਪੁਲਿਸ ਦੇ ਸਾਹਮਣੇ ਪੇਸ਼ ਕੀਤਾ ਗਿਆ। ਬਾਅਦ ਵਿੱਚ ਪੁੱਛ-ਪੜਤਾਲ ਦੌਰਾਨ ਪੰਜ ਹੋਰ ਵਿਅਕਤੀਆਂ ਦਾ ਨਾਮ ਸਾਹਮਣੇ ਆਇਆ ਜਿਨ੍ਹਾਂ ਵਿੱਚੋਂ ਤਿੰਨ ਵਿਅਕਤੀਆਂ ਨੇ ਉਸੇ ਸਮੇਂ ਆਤਮ ਸਮਰਪਣ ਕਰ ਦਿੱਤਾ। ਨਿਹੰਗ ਸਿੰਘਾਂ ਦੇ ਜਥੇ ਦੇ ਮੁਖੀ ਅਮਨ ਸਿੰਘ ਨੇ ਠੋਕ ਵਜਾ ਕੇ ਇਸ ਕਾਰਵਾਈ ਦੀ ਜ਼ਿੰਮੇਂਵਾਰੀ ਲੈਂਦਿਆਂ ਕਿਹਾ ਕਿ ਜੋ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰੇਗਾ ਉਸਦਾ ਹਸ਼ਰ ਿ ੲ ਹ ੀ ਹੋਵੇਗਾ।

ਸੋਸ਼ਲ ਮੀਡੀਆ 'ਤੇ ਇੱਕ ਵੱਡੇ ਹਿੱਸੇ ਨੇ ਨਿਹੰਗ ਸਿੰਘਾਂ ਦੀ ਇਸ ਕਾਰਵਾਈ ਦਾ ਸਮਰਥਨ ਕੀਤਾ। ਪਰ ਇਸ ਮਾਮਲੇ ਨੇ ਕੁੱਝ ਕਾਰਨਾਂ ਕਰਕੇ ਇੱਕ ਨਵਾਂ ਮੋੜ ਲਿਆ। ਪਹਿਲਾ ਇਹ ਕਿ ਜਿਸ ਵਿਅਕਤੀ ਨੇ ਲਖਵੀਰ ਸਿੰਘ ਦਾ ਗੁੱਟ ਵੱਢਣ ਦੀ ਜ਼ਿੰਮੇਂਵਾਰੀ ਕਬੂਲੀ, ਜਦੋਂ ਦਿੱਲੀ ਪੁਲਿਸ ਉਸਨੂੰ ਲਿਜਾ ਰਹੀ ਸੀ ਤਾਂ ਪੱਤਰਕਾਰਾਂ ਵੱਲੋਂ ਸੁਆਲ ਕਰਦਿਆਂ ਹੋਏ ਧੱਕਾ-ਮੁੱਕੀ ਦੌਰਾਨ ਉਸ ਦੇ ਸਿਰ ਤੋਂ ਦਸਤਾਰ ਉੱਤਰ ਗਈ। ਦੁਨੀਆਂ ਇਹ ਦੇਖ ਕੇ ਹੈਰਾਨ ਹੋ ਗਈ ਕਿ ਉਸਦੇ ਕੇਸ ਛੋਟੇ-ਛੋਟੇ ਸਨ। ਜਾਣੀ ਕਿ ਥੋੜ੍ਹਾ ਸਮਾਂ ਪਹਿਲਾਂ ਹੀ ਉਸਨੇ ਕੇਸ ਰੱਖੇ ਸਨ। ਦੂਸਰਾ ਉਸਦੀ ਜਾਤੀ ਵੀ ਮਜ਼੍ਹਬੀ ਸਿੱਖ ਦੱਸੀ ਗਈ। ਜਿਸ ਕਰਕੇ ਉਸਨੂੰ ਵਰਤੇ ਜਾਣ ਦੀ ਸੰਭਾਵਨਾ ਨਜ਼ਰ ਆ ਰਹੀ ਹੈ। ਤੀਸਰਾ ਇਸ ਕੇਸ ਦੀ ਜ਼ਿੰਮੇਂਵਾਰੀ ਕਬੂਲਣ ਵਾਲੇ ਬਾਬਾ ਅਮਨ ਸਿੰਘ ਦੀ ਕੇਂਦਰੀ ਕਿਸਾਨ ਭਲਾਈ ਮੰਤਰੀ ਕੈਲਾਸ਼ ਚੌਧਰੀ ਦੇ ਘਰ ਵਿੱਚ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨਾ਼ਲ ਮੁਲਾਕਾਤ ਦੀਆਂ ਤਸਵੀਰਾਂ ਕੁੱਝ ਦਿਨਾਂ ਬਾਅਦ ਹੀ ਵਾਇਰਲ ਹੋ ਗਈਆਂ। ਕੇਂਦਰੀ ਮੰਤਰੀ ਦੇ ਨਾ਼ਲ ਖਾਣਾ ਖਾਣ ਅਤੇ ਨਰਿੰਦਰ ਸਿੰਘ ਤੋਮਰ ਦੁਆਰਾ ਬਾਬਾ ਅਮਨ ਸਿੰਘ ਨੂੰ ਸਿਰੋਪਾ ਭੇਂਟ ਕਰਨ ਦੀਆਂ ਤਸਵੀਰਾਂ ਇਸ ਵਿੱਚ ਸ਼ਾਮਲ ਹਨ। ਇਸ ਸਮੇਂ ਭਾਜਪਾ ਦੇ ਕਿਸਾਨ ਮੋਰਚੇ ਦੇ ਪ੍ਰਧਾਨ ਸੁਖਮਿੰਦਰ ਸਿੰਘ ਗਰੇਵਾਲ ਦੇ ਨਾ਼ਲ-ਨਾ਼ਲ ਤਕਰੀਬਨ ਪੰਜਾਹ ਝੂਠੇ ਮੁਕਾਬਲਿਆਂ ਵਿੱਚ ਸ਼ਮੂਲੀਅਤ ਕਬੂਲ ਕਰਨ ਵਾ਼ਲਾ ਗੁਰਮੀਤ ਸਿੰਘ ਪਿੰਕੀ ਕੈਟ ਵੀ ਸ਼ਾਮਲ ਸੀ। ਟ੍ਰਿਬਿਊਨ ਦੇ ਸੀਨੀਅਰ ਪੱਤਰਕਾਰ ਜੁਪਿੰਦਰਜੀਤ ਸਿੰਘ ਨੇ ਇਸ ਮਾਮਲੇ ਸੰਬੰਧੀ ਇੱਕ ਰਿਪੋਰਟ ਛਾਪੀ। ਪਿੰਕੀ ਕੈਟ ਨਾ਼ਲ ਸਾਂਝ ਬਾਰੇ ਬਾਬਾ ਅਮਨ ਸਿੰਘ ਖੁਦ ਵੀ ਕਬੂਲ ਕਰ ਚੁੱਕਾ ਹੈ। ਬਾਅਦ ਵਿੱਚ ਪਤਾ ਲੱਗਿਆ ਕਿ ਮ੍ਰਿਤਕ ਲਖਵੀਰ ਸਿੰਘ ਗਰੀਬ ਪਰਿਵਾਰ ਨਾਲ ਸੰਬੰਧਤ ਸੀ। ਉਹ ਨਸ਼ਾ ਕਰਨ ਦਾ ਆਦੀ ਵੀ ਸੀ। ਉਸਦੀ ਇਸ ਆਦਤ ਕਾਰਨ ਉਸਦੀ ਪਤਨੀ ਆਪਣੀਆਂ ਤਿੰਨ ਲੜਕੀਆਂ ਨੂੰ ਲੈ ਕੇ ਆਪਣੇ ਪੇਕੇ ਘਰ ਚਲੀ ਗਈ ਸੀ। ਦੂਸਰੇ ਪਾਸੇ ਸਰਬਜੀਤ ਸਿੰਘ ਦਾ ਵੀ ਆਪਣੀ ਪਤਨੀ ਨਾ਼ਲ ਤਲਾਕ ਹੋ ਚੁੱਕਿਆ ਸੀ।

ਹੁਣ ਇੱਕ ਹੋਰ ਕਹਾਣੀ ਸਾਹਮਣੇ ਆਈ ਹੈ। ਬਾਬਾ ਅਮਨ ਸਿੰਘ ਦੇ ਇੱਕ ਸਾਥੀ ਨੇ ਕਿਸੇ ਚੈਨਲ ਨਾ਼ਲ ਗੱਲਬਾਤ ਕਰਦਿਆਂ ਇਸ ਗੱਲ ਦਾ ਖੁਲਾਸਾ ਕੀਤਾ ਕਿ ਤੋਮਰ ਵੱਲੋਂ ਬਾਬਾ ਅਮਨ ਸਿੰਘ ਨੂੰ ਇੱਕ ਲੱਖ ਰੁਪਿਆ ਦਿੱਤਾ ਗਿਆ ਸੀ। ਚੈਨਲਾਂ ਵਾ਼ਲੇ ਲਖਵੀਰ ਸਿੰਘ ਦੇ ਘਰ ਪਹੁੰਚੇ ਤਾਂ ਪਤਾ ਚੱਲਿਆ ਕਿ ਲਖਵੀਰ ਸਿੰਘ ਕੁੱਝ ਸਮਾਂ ਪਹਿਲਾਂ ਕਿਸੇ ਬੰਦੇ ਨਾ਼ਲ ਗੱਲ ਕਰਿਆ ਕਰਦਾ ਸੀ ਅਤੇ ਕਿਹਾ ਕਰਦਾ ਸੀ ਕਿ ਹੁਣ ਉਸਦੀ ਪਹੁੰਚ ਉੱਚੀ ਹੋ ਗਈ ਹੈ। ਉਸ ਬੰਦੇ ਨਾ਼ਲ ਗੱਲ ਕਰਨ ਸਮੇਂ ਉਹ ਸਾਰਿਆਂ ਤੋਂ ਦੂਰ ਹੋ ਜਾਂਦਾ ਸੀ। ਉਹ ਕਿਸੇ ਸੰਧੂ ਸਾਹਿਬ ਦਾ ਨਾਂਅ ਲਿਆ ਕਰਦਾ ਸੀ। ਇਹ ਸੰਧੂ ਸਾਹਿਬ ਕੌਣ ਸੀ ਇਸਦਾ ਖੁਲਾਸਾ ਹੋਣਾ ਅਜੇ ਬਾਕੀ ਹੈ। ਸੋਸ਼ਲ ਮੀਡੀਆ ਅਨੁਸਾਰ ਗੁਰਮੀਤ ਸਿੰਘ ਪਿੰਕੀ ਕੈਟ ਵੀ ਸੰਧੂ ਹੀ ਦੱਸਿਆ ਜਾ ਰਿਹਾ ਹੈ। ਦੂਸਰਾ ਉਹਨਾਂ ਨੇ ਦੱਸਿਆ ਕਿ ਨਿਹੰਗ ਬਾਣੇ ਵਿੱਚ ਆਇਆ ਕੋਈ ਅਣਪਛਾਤਾ ਵਿਅਕਤੀ ਲਖਵੀਰ ਸਿੰਘ ਨੂੰ ਨਾ਼ਲ ਲੈ ਕੇ ਗਿਆ ਸੀ। ਉਸ ਕੋ਼ਲ ਤਾਂ ਦਿੱਲੀ ਜਾਣ ਜੋਗੇ ਪੈਸੇ ਵੀ ਨਹੀਂ ਸਨ। ਝਬਾਲ ਮੰਡੀ ਜਾਣ ਬਾਰੇ ਕਹਿ ਕੇ ਉਸਨੇ ਆਪਣੀ ਭੈਣ ਤੋਂ ਪੰਜਾਹ ਰੁਪਏ ਫੜੇ ਸਨ। ਅਸੀਮਾ ਨੰਦ ਦੇ ਕਬੂਲਨਾਮੇ ਵਾ਼ਲੀ ਇੰਟਰਵਿਊ ਪੇਸ਼ ਕਰਨ ਵਾ਼ਲੇ ਹਿੰਦੀ ਮੈਗਜ਼ੀਨ "ਕਾਰਵਾਂ" ਮੁਤਾਬਕ ਲਖਵੀਰ ਸਿੰਘ ਦੇ ਪਿੰਡ ਵਾਸੀ ਕਹਿ ਰਹੇ ਹਨ ਕਿ ਸਰਬਜੀਤ ਸਿੰਘ ਨੂੰ ਉਹਨਾਂ ਦੇ ਪਿੰਡ ਚੀਮਾ ਕਲਾਂ ਵਿਖੇ ਕਈ ਵਾਰ ਬਲੈਰੋ ਗੱਡੀ ਵਿੱਚ ਦੇਖਿਆ ਗਿਆ ਸੀ। ਦੂਸਰੇ ਨਿਹੰਗ ਸਿੰਘ ਨਰਾਇਣ ਸਿੰਘ ਅਨੁਸਾਰ ਉਸਨੇ ਲਖਵੀਰ ਨੂੰ ਬੇਦਅਬੀ ਕਰਦਾ ਨਹੀਂ ਦੇਖਿਆ। ਸਰਬਜੀਤ ਸਿੰਘ ਨੇ ਹੀ ਉਸਨੂੰ ਬੇਅਦਬੀ ਕਰਨ ਬਾਰੇ ਦੱਸਿਆ ਸੀ।



ਇੱਥੋਂ ਹੀ ਕਹਾਣੀ ਨੂੰ ਨਵਾਂ ਮੋੜ ਮਿਲਣਾ ਸ਼ੁਰੂ ਹੋ ਗਿਆ। ਅਸਲੀ ਕਹਾਣੀ ਕੀ ਹੈ ਇਸਦਾ ਪਤਾ ਕਿਸੇ ਨਿਰਪੱਖ ਜਾਂਚ ਤੋਂ ਬਾਅਦ ਹੀ ਲੱਗੇਗਾ ਪਰ ਹੁਣ ਦੀ ਕਹਾਣੀ ਕੇਂਦਰ ਸਰਕਾਰ ਦੇ ਗਹਿਰੇ ਮਕਸਦ ਵੱਲ ਕੁੱਝ ਇਸ਼ਾਰਾ ਜ਼ਰੂਰ ਕਰ ਰਹੀ ਹੈ। ਇਸ ਮੁਤਾਬਕ ਲੱਗਦਾ ਇਉਂ ਹੈ ਕਿ ਸਰਕਾਰ ਮਹਿਸੂਸ ਕਰਦੀ ਸੀ ਕਿ ਅੰਦੋਲਨ ਵਾ਼ਲੀ ਜਗ੍ਹਾ ਨੂੰ ਕਿਸਾਨਾਂ ਤੋਂ ਖਾਲੀ ਕਰਾਉਣ ਲਈ ਪਹਿਲਾਂ ਮੋਰਚੇ 'ਤੇ ਬੈਠੇ ਕਿਸਾਨਾਂ ਨੂੰ ਬਦਨਾਮ ਕਰਨਾ ਜ਼ਰੂਰੀ ਸੀ। ਇਸ ਲਈ ਸ਼ਾਇਦ ਖ਼ੁਫੀਆ ਏਜੰਸੀਆਂ ਦੁਆਰਾ ਆਪਣੇ ਖ਼ਾਸ ਪਿਆਦਿਆਂ ਰਾਹੀਂ ਲਖਵੀਰ ਸਿੰਘ ਦੀ ਐਂਟਰੀ ਕਰਵਾਈ ਗਈ ਜਿਸਨੂੰ ਮੌਕਾ ਦੇਖ ਕੇ ਪਾਰ ਬੁਲਾ ਦਿੱਤਾ ਗਿਆ।

ਬਾਬਾ ਅਮਨ ਸਿੰਘ ਦੇ ਘਰ (ਪਿੰਡ ਬੱਬਨਪੁਰ ਥਾਣਾ ਧੂਰੀ) ਵੀ ਮੀਡੀਆ ਪਹੁੰਚ ਗਿਆ। ਕੈਂਸਰ ਦੀ ਬਿਮਾਰੀ ਨਾ਼ਲ ਜੂਝ ਰਹੇ ਉਸਦੇ ਪਿਤਾ ਗਿਆਨ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਅਮਨ ਸਿੰਘ ਕਬੱਡੀ ਦਾ ਖਿਡਾਰੀ ਸੀ ਅਤੇ ਉਹ ਕੋਈ ਨਸ਼ਾ ਵੀ ਨਹੀਂ ਸੀ ਕਰਦਾ। ਪਰ ਜਦੋਂ ਤੋਂ ਨਿਹੰਗ ਸਿੰਘਾਂ ਨਾ਼ਲ ਉਸਦਾ ਮੇਲ ਹੋਇਆ ਤਾਂ ਉਹ ਬਦਲ ਗਿਆ। ਇਸ ਕਰਕੇ ਮਾਪਿਆਂ ਨੇ 2018 ਵਿੱਚ ਅਮਨ ਸਿੰਘ ਨੂੰ ਬੇਦਖਲ ਕਰ ਦਿੱਤਾ ਸੀ। ਨਿਹੰਗ ਮੁਖੀ ਬਾਬਾ ਅਮਨ ਸਿੰਘ ਦੀ ਜ਼ਿੰਦਗੀ ਉਸਦਾ ਨਿਜੀ ਮਾਮਲਾ ਹੈ। ਪਰ ਜਦੋਂ ਕਿਸੇ ਵੱਡੇ ਅੰਦੋਲਨ ਸਮੇਂ ਉਸਦੀ ਸਹਿਯੋਗੀ ਕਿਸੇ ਸੰਸਥਾ ਦੇ ਆਗੂ ਦਾ ਕਿਰਦਾਰ ਸ਼ੱਕੀ ਹੋ ਜਾਵੇ ਤਾਂ ਸੰਘਰਸ਼ ਨੂੰ ਢਾਹ ਲੱਗਣੀ ਲਾਜ਼ਮੀ ਹੈ। ਇਸ ਲਈ ਅਜਿਹੇ ਬੰਦਿਆਂ ਦੀ ਤਹਿ ਤੱਕ ਪਹੁੰਚਣਾ ਜ਼ਰੂਰੀ ਹੋ ਜਾਂਦਾ ਹੈ। ਬਾਬਾ ਅਮਨ ਸਿੰਘ ਦੁਆਰਾ ਕਿਸੇ ਨਿਹੰਗ ਸਿੰਘ ਜਥੇਬੰਦੀ ਨੂੰ ਦੱਸੇ ਤੋਂ ਬਿਨਾਂ ਭਾਜਪਾ ਸਰਕਾਰ ਦੇ ਕੇਂਦਰੀ ਮੰਤਰੀ ਦੇ ਨਾ਼ਲ ਮੀਟਿੰਗ ਕਰਨ ਅਤੇ ਇੱਕ ਲੱਖ ਰੁਪਿਆ ਲੈਣ ਦਾ ਮਾਮਲਾ ਕਾਫ਼ੀ ਤੂਲ ਫੜ ਗਿਆ ਹੈ। ਫਿਰ 21 ਅਕਤੂਬਰ ਨੂੰ ਨਿਹੰਗ ਬਾਣੇ ਵਿੱਚ ਇੱਕ ਬੰਦੇ ਨੇ ਰੇਹੜੀ ਉੱਪਰ ਮੁਰਗੇ ਲਿਜਾ ਰਹੇ ਇੱਕ ਗਰੀਬ ਬੰਦੇ ਦੀ ਕੁੱਟਮਾਰ ਕੀਤੀ। ਜਦੋਂ ਮੋਰਚੇ 'ਤੇ ਬੈਠੇ ਕਿਸਾਨਾਂ ਨੇ ਉਸ ਬੰਦੇ ਨੂੰ ਫੜਿਆ ਤਾਂ ਉਸਦੇ ਕੇਸ ਵੀ ਛੋਟੇ-ਛੋਟੇ ਸਨ। ਜਾਣੀ ਉਸਨੇ ਵੀ ਥੋੜ੍ਹਾ ਸਮਾਂ ਪਹਿਲਾਂ ਹੀ ਕੇਸ ਦਾੜ੍ਹਾ ਰੱਖ ਕੇ ਨਿਹੰਗ ਬਾਣਾ ਪਹਿਨਿਆ ਸੀ। ਪੁੱਛਗਿੱਛ ਕਰਨ 'ਤੇ ਪਤਾ ਚੱਲਿਆ ਕਿ ਉਸਦਾ ਅਸਲ ਨਾਂਅ ਨਵੀਨ ਕੁਮਾਰ ਸੰਧੂ ਹੈ ਅਤੇ ਉਹ ਕਰਨਾਲ ਦਾ ਰਹਿਣ ਵਾ਼ਲਾ ਹੈ। ਕਮਾਲ ਦੀ ਗੱਲ ਇਹ ਸੀ ਕਿ ਇਹ ਵਿਅਕਤੀ ਵੀ ਬਾਬਾ ਅਮਨ ਸਿੰਘ ਦੇ ਦਲ ਨਾ਼ਲ ਰਹਿ ਰਿਹਾ ਸੀ। ਇਸ ਮੌਕੇ ਪੱਤਰਕਾਰਾਂ ਨਾ਼ਲ ਗੱਲਬਾਤ ਕਰਦਿਆਂ ਲੱਖੇ ਸਿਧਾਣੇ ਨੇ ਉੱਥੇ ਖੜ੍ਹੇ ਨਿਹੰਗ ਮੁਖੀਆਂ ਨੂੰ ਕਿਹਾ ਕਿ ਤੁਸੀਂ ਆਪਣੇ ਵਿੱਚ ਸ਼ਾਮਲ ਕਾ਼ਲੀਆਂ ਭੇਡਾਂ ਦੀ ਸ਼ਨਾਖਤ ਕਰੋ। ਬਾਬਾ ਰਾਜਾ ਰਾਜ ਸਿੰਘ ਸਮੇਤ ਨਿਹੰਗ ਸਿੰਘਾਂ ਦੇ ਦੂਸਰੇ ਦਲਾਂ ਦੇ ਆਗੂਆਂ ਨੇ ਖੁੱਲ੍ਹ ਕੇ ਕਿਹਾ ਕਿ ਬਾਬਾ ਅਮਨ ਸਿੰਘ ਦਾ ਕੇਂਦਰੀ ਮੰਤਰੀ ਤੋਮਰ ਨਾ਼ਲ ਮੁਲਾਕਾਤ ਕਰਨ ਜਾਣਾ ਸ਼ੱਕੀ ਹੈ। ਉਹਨਾਂ ਕਿਹਾ ਕਿ ਬਾਬਾ ਅਮਨ ਸਿੰਘ ਸਾਰੇ ਮਾਮਲੇ ਬਾਰੇ ਸਪ-ਸ਼ਟੀਕਰਨ ਦੇਵੇ ਨਹੀਂ ਤਾਂ ਦਲ ਵੱਲੋਂ ਉਸ ਉੱਪਰ ਬਣਦੀ ਕਾਰਵਾਈ ਕੀਤੀ ਜਾਵੇਗੀ।

ਇਹ ਸਭ ਦੇ ਇਲਾਵਾ ਇੱਕ ਹੋਰ ਦੁਖਦਾਈ ਪਹਿਲੂ ਇਹ ਹੈ ਕਿ ਇੱਕ ਇਨਸਾਨ ਦਾ ਕਤਲ ਹੋਇਆ ਹੈ। ਕੋਈ ਕੀੜਾ ਮਕੌੜਾ ਨਹੀਂ ਮਰਿਆ। ਪਰ ਕਾਫ਼ੀ ਜ਼ਿਆਦਾ ਲੋਕ ਧਾਰਮਿਕ ਭਾਵਨਾਵਾਂ ਕਰਕੇ ਲਖਵੀਰ ਸਿੰਘ ਨੂੰ ਦਿੱਤੀ ਸਜ਼ਾ ਨੂੰ ਜਾਇਜ਼ ਠਹਿਰਾ ਰਹੇ ਹਨ। ਦੂਜੇ ਪਾਸੇ ਐਸਸੀ ਵਰਗ ਦਾ ਇੱਕ ਵੱਡਾ ਹਿੱਸਾ ਇਸ ਮਾਮਲੇ ਕਰਕੇ ਨਰਾਜ਼ਗੀ ਜਾਹਰ ਕਰ ਰਿਹਾ ਹੈ। ਉਹਨਾਂ ਨੂੰ ਮਹਿਸੂਸ ਹੁੰਦਾ ਹੈ ਕਿ ਇੱਕ ਐਸਸੀ ਨੂੰ ਮਾਰ ਦਿੱਤਾ ਗਿਆ ਅਤੇ ਦੂਸਰੇ ਨੂੰ ਜੇਲ੍ਹ ਵਿੱਚ ਸੜਨ ਮਰਨ ਲਈ ਮਜ਼ਬੂਰ ਕਰ ਦਿੱਤਾ ਗਿਆ। ਐਸਸੀ ਵਰਗ ਦੇ ਨੌਜਵਾਨ ਬੇਅਦਬੀ ਦੇ ਨਾਂਅ 'ਤੇ ਕੀਤੇ ਕਤਲ ਨੂੰ ਜਾਇਜ਼ ਠਹਿਰਾਉਣ ਵਾ਼ਲੇ ਵਿਅਕਤੀਆਂ ਨਾ਼ਲ ਆਢਾ ਲਾ ਰਹੇ ਹਨ। ਇਸ ਨਾ਼ਲ ਪੰਜਾਬ ਵਿੱਚ ਜੱਟ ਬਨਾਮ ਗੈਰ ਜੱਟ ਦੀ ਲੜਾਈ ਦੀ ਸੰਭਾਵਨਾ ਹੋ ਸਕਦੀ ਹੈ। ਜੋ ਕਿ ਪੰਜਾਬ ਅਤੇ ਸਿੱਖ ਭਾਈਚਾਰੇ ਲਈ ਖਤਰਨਾਕ ਸਾਬਿਤ ਹੋ ਸਕਦੀ ਹੈ। ਅਜਿਹਾ ਹੀ ਤਾਂ ਭਾਜਪਾ ਕਰਨਾ ਚਾਹੁੰਦੀ ਹੈ। ਭਾਜਪਾ ਵੱਲੋਂ ਕਿਸੇ ਐਸਸੀ ਨੂੰ ਮੁੱਖ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਬਣਾਉਣ ਦਾ ਪੱਤਾ ਖੇਡਦਿਆਂ ਜੱਟ ਉਮੀਦਵਾਰਾਂ ਦੇ ਜਿੱਤਣ ਵਾ਼ਲੀਆਂ 70-75 ਦੇ ਕਰੀਬ ਵਿਧਾਨ ਸਭਾ ਸੀਟਾਂ ਦੀ ਸ਼ਨਾਖਤ ਕਰਕੇ ਇੱਥੋਂ ਐਸਸੀ ਉਮੀਦਵਾਰਾਂ ਨੂੰ ਲੜਾਉਣ ਦੀਆਂ ਗੱਲਾਂ ਕੀਤੀਆਂ ਗਈਆਂ ਹਨ ਅਤੇ ਸਮਾਜਿਕ ਖਾਈ ਨੂੰ ਵਧਾਉਣ ਦੀ ਪਹਿਲਾਂ ਹੀ ਕੋਸ਼ਿਸ਼ ਕੀਤੀ ਜਾ ਚੁੱਕੀ ਹੈ। ਭਾਜਪਾ ਦੀਆਂ ਗੱਲਾਂ ਵਿੱਚ ਆ ਕੇ ਐਸਸੀ ਵਰਗ ਦਾ ਇੱਕ ਹਿੱਸਾ ਇਹ ਆਖਣ ਵੀ ਲੱਗ ਪਿਆ ਹੈ ਕਿ ਇਸ ਵਾਰ ਭਾਜਪਾ ਸਾਡਾ ਮੁੱਖ ਮੰਤਰੀ ਬਣਾਏਗੀ। ਇਹ ਸਚਾਈ ਹੈ ਕਿ ਪੰਜਾਬ ਵਿੱਚ ਭਾਜਪਾ ਦੀ ਪਹੁੰਚ ਸਿਰਫ਼ ਸਵਰਨ ਹਿੰਦੂ ਵੋਟਰ ਤੱਕ ਹੀ ਹੈ। ਜੇਕਰ ਭਾਜਪਾ ਪੰਜਾਬ ਜਿੱਤਣਾ ਚਾਹੁੰਦੀ ਹੈ ਤਾਂ ਐਸਸੀ ਵਰਗ ਨੂੰ ਨਾ਼ਲ ਜੋੜਨਾ ਜ਼ਰੂਰੀ ਹੋਵੇਗਾ। ਜੇ ਇਹੋ ਜਿਹਾ ਮਾਹੌਲ ਰਿਹਾ ਤਾਂ ਭਾਜਪਾ ਕੁੱਝ ਕਾਮਯਾਬੀ ਹਾਸਲ ਕਰ ਸਕਦੀ ਹੈ।

ਇਸਦਾ ਇੱਕ ਹੋਰ ਪਹਿਲੂ ਇਹ ਵੀ ਹੈ ਕਿ ਇੱਕ ਪੋਥੀ ਨਾ਼ਲ ਛੇੜਛਾੜ ਦੇ ਮਾਮਲੇ ਨੂੰ ਲੈ ਕੇ ਇੱਕ ਇਨਸਾਨ ਨੂੰ ਲੱਤ ਬਾਂਹ ਵੱਢ ਕੇ ਟੰਗ ਦੇਣ ਦਾ ਮਾਮਲਾ ਦੁਨੀਆਂ ਭਰ ਵਿੱਚ ਉੱਛਲਿਆ ਹੈ। ਵਿਦੇਸ਼ਾਂ ਵਿੱਚ ਵਸਦੇ ਕੁੱਝ ਸਿੱਖਾਂ ਨੂੰ ਇਹ ਡਰ ਸਤਾਉਣ ਲੱਗਿਆ ਹੈ ਕਿ ਦੂਸਰੇ ਦੇਸ਼ਾਂ ਦੇ ਲੋਕ ਇਸ ਕਾਰਵਾਈ ਨੂੰ ਤਾਲਿਬਾਨੀ ਕਰਾਰ ਦੇਣਗੇ ਜਿਸ ਨਾ਼ਲ ਸਾਰੇ ਸਿੱਖਾਂ ਦੀ ਛਵੀ ਹੀ ਇਹੋ ਜਿਹੀ ਬਣ ਸਕਦੀ ਹੈ। ਅੱਜ ਦੁਨੀਆਂ ਵਿੱਚ ਤਾਲਿਬਾਨ ਜਾਂ ਆਈਐਸ ਦੇ ਲੜਾਕਿਆਂ ਨੂੰ ਖਤਰਨਾਕ ਅਤੇ ਬੇਰਹਿਮ ਮੰਨਿਆ ਜਾ ਰਿਹਾ ਹੈ। ਡਰ ਹੈ ਕਿ ਕਿਤੇ ਕੱਲ੍ਹ ਨੂੰ ਸਿੱਖਾਂ ਉੱਪਰ ਵੀ ਇਸ ਤਰ੍ਹਾਂ ਦਾ ਹੀ ਟੈਗ ਨਾ ਲੱਗ ਜਾਵੇ।

ਵਰਣਨਯੋਗ ਹੈ ਕਿ ਕੁਛ ਸਾਲ ਪਹਿਲਾਂ ਅਮਰੀਕਾ ਦੇ ਇੱਕ ਪਟਰੌਲ ਪੰਪ 'ਤੇ ਕੰਮ ਕਰ ਰਹੇ ਇੱਕ ਸਿੱਖ ਨੂੰ ਉਸਦੀ ਦਸਤਾਰ ਕਰਕੇ ਤਾਲਿਬਾਨੀ ਸਮਝ ਕੇ ਇੱਕ ਗੋਰੇ ਨੇ ਗੋ਼ਲੀ ਮਾਰ ਦਿੱਤੀ ਸੀ। ਉਦੋਂ ਸਿੱਖਾਂ ਅਤੇ ਅਫ਼ਗਾਨੀਆਂ ਵਿਚਲੇ ਫ਼ਰਕ ਦੀ ਪਛਾਣ ਕਰਵਾਉਣ ਲਈ ਸਿੱਖਾਂ ਨੂੰ ਵਿਸ਼ੇਸ਼ ਤੌਰ 'ਤੇ ਇੱਕ ਮੁਹਿੰਮ ਚਲਾਉਣੀ ਪਈ ਸੀ। ਜੇਕਰ ਹੁਣ ਦਿੱਲੀ ਦੇ ਕਾਂਡ ਦੀ ਅਸਲੀਅਤ ਸਾਹਮਣੇ ਨਾ ਆਈ ਅਤੇ ਅਸਲੀ ਦੋਸ਼ੀਆਂ ਨੂੰ ਸਜ਼ਾ ਨਾ ਮਿਲੀ ਤਾਂ ਸਿੱਖਾਂ ਨੂੰ ਵੀ ਇਸੇ ਕੈਟਾਗਰੀ ਵਿੱਚ ਗਿਣ ਲਏ ਜਾਣ ਦੀ ਸੰਭਾਵਨਾ ਹੈ।

ਇਸਦਾ ਵਿਦੇਸ਼ੀਂ ਵਸਦੇ ਸਿੱਖਾਂ ਨੂੰ ਬਹੁਤ ਜ਼ਿਆਦਾ ਨੁਕਸਾਨ ਹੋ ਸਕਦਾ ਹੈ। ਇਸਦੇ ਨਾ਼ਲ ਹੀ ਦੇਸ਼ ਭਰ 'ਚ ਵਸਦੇ ਜਾਂ ਕਿਸੇ ਕਾਰਨ ਦੂਸਰੇ ਸੂਬਿਆਂ ਵਿੱਚ ਗਏ ਸਿੱਖਾਂ ਨੂੰ ਵੀ ਇਸਦਾ ਹਰਜਾਨਾ ਤਾਰਨਾ ਪੈ ਸਕਦਾ ਹੈ। ਇਸਦੇ ਨਾ਼ਲ ਹੀ ਇਸ ਨਾ਼ਲ ਸਰਕਾਰ ਨੂੰ ਕਿਸਾਨਾਂ ਨੂੰ ਬਦਨਾਮ ਕਰਨ ਦਾ ਮੌਕਾ ਮਿ਼ਲੇਗਾ। ਕਿਸਾਨੀ ਸੰਘਰਸ਼ ਨੂੰ ਇਸਦੀ ਢਾਹ ਲੱਗ ਸਕਦੀ ਹੈ। ਸਿੱਖ ਧਰਮ ਨੂੰ ਵੀ ਇਸਦਾ ਨੁਕਸਾਨ ਹੋਣ ਦੀ ਸੰਭਾਵਨਾ ਹੈ। ਬੇਅਦਬੀ ਦਾ ਬਹਾਨਾ ਬਣਾ ਕੇ ਕੁੱਝ ਸ਼ਰਾਰਤੀ ਲੋਕ ਆਪਣੀਆਂ ਦੁਸ਼ਮਣੀਆਂ ਕੱਢਣ ਲੱਗ ਜਾਣਗੇ। ਭਾਈ ਰਣਜੀਤ ਸਿੰਘ ਢੱਡਰੀਆਂ ਵਾ਼ਲਿਆਂ ਅਨੁਸਾਰ ਕਿਤੇ ਇਹ ਨਾ ਹੋ ਜਾਵੇ ਕਿ ਗੁਰਦੁਆਰੇ ਅੰਦਰ ਜਾਂਦੇ ਸਮੇਂ ਹਰ ਗੈਰ ਸਿੱਖ ਨੂੰ ਸੋਚਣਾ ਪਿਆ ਕਰੇ।

# ਗਲੋਬਲ ਟੀਚਰ ਅਵਾਰਡ ਜੇਤੂ ਅਧਿਆਪਕ ਕਸ਼ਮੀਰ ਸਿੰਘ ਗਿੱਲ

ਸਿੱਖਿਆ ਜਗਤ ਵਿਚ ਸੰਦਲੀ ਪੈੜਾਂ ਪਾਉਣ ਵਾਲੇ ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਅਧਿਆਪਕ ਕਸ਼ਮੀਰ ਸਿੰਘ ਗਿੱਲ ਨੇ 2021 ਦਾ ਗਲੋਬਲ ਟੀਚਰ ਅਵਾਰਡ ਪ੍ਰਾਪਤ ਕਰਕੇ ਪੰਜਾਬ ਅਤੇ ਭਾਰਤੀ ਸਿੱਖਿਆ ਸੰਸਾਰ ਨਾਲ ਜੁੜੇ ਸਭ ਅਧਿਆਪਕਾਂ ਦੀ ਸ਼ਾਨ ਵਧਾਈ ਹੈ।ਉਸਨੇ ਸਿੱਖਿਆ ਜਗਤ ਵਿਚ ਆਪਣੀਆਂ ਨਿਵੇਕਲੀਆਂ ਗਤੀਵਿਧੀਆਂ ਨਾਲ 2017 ਵਿਚ ਰਾਜ ਅਧਿਆਪਕ ਪੁਰਸਕਾਰ ਵੀ ਪ੍ਰਾਪਤ ਕੀਤਾ ਹੋਇਆ ਹੈ।ਉਸਦੀ ਜੀਵਨ ਸਾਥਣ ਉਸਦੇ ਮੋਢੇ ਨਾਲ ਮੋਢਾ ਜੋੜਕੇ ਚੱਲ ਰਹੀ ਹੈ।ਕੁਲਦੀਪ ਕੌਰ ਸਰਕਾਰੀ ਸੈਕੰਡਰੀ ਸਕੂਲ ਛੇਹਰਟਾ ਵਿਚ ਲੈਕਚਰਾਰ ਬਾਇਓਲੋਜੀ ਹੈ ਅਤੇ ਰਾਜ ਅਧਿਆਪਕ ਪੁਰਸਕਾਰ ਪ੍ਰਾਪਤ ਕਰ ਚੁੱਕੀ ਹੈ।ਇਹ ਜੋੜੀ ਸਿੱਖਿਆ ਜਗਤ ਨੂੰ ਸਮਰਪਿਤ ਹੋ ਕੇ ਨਵੀਂ ਪਨੀਰੀ ਲਈ ਨਰੋਈਆਂ ਪੈੜਾਂ ਪਾ ਰਹੀ ਹੈ।ਵੱਡਿਆਂ ਨੂੰ ਸਤਿਕਾਰਨਾ, ਬਰਾਬਰ ਦਿਆਂ ਨੂੰ ਵਿਚਾਰਨਾ ਅਤੇ ਨਵਿਆਂ ਨੂੰ ਦੁਲਾਰਨਾ ਉਹਨਾਂ ਦੀ ਸ਼ਖਸ਼ੀਅਤ ਦਾ ਖਾਸ ਗੁਣ ਹੈ। ਜਿਸ ਸਦਕਾ ਸਮਾਜ ਦੇ ਹਰ ਵਰਗ ਵਿਚ ਬਰਾਬਰ ਸਤਿਕਾਰ ਹਾਸਲ ਕਰ ਰਹੇ ਹਨ।ਇਥੇ ਇਹ ਕਹਾਵਤ ਸੱਚ ਢੁਕਦੀ ਹੈ ਕਿ ਜੋੜੀਆਂ ਜੱਗ ਥੋੜੀਆਂ।ਸੱਚੀ ਸੁੱਚੀ ਅਜਿਹੀਆਂ ਜੋੜੀਆਂ ਨੂੰ ਸਲਾਮ ਕਰਨਾ ਬਣਦਾ ਹੈ।

ਕਸ਼ਮੀਰ ਸਿੰਘ ਗਿੱਲ ਭਾਵੇਂ ਖੁਦ ਅਰਥ ਸ਼ਾਸ਼ਤਰ ਦੇ ਲੈਕਚਰਾਰ ਹਨ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਕਾਰੀ ਸੈਕੰਡਰੀ ਸਕੂਲ ਸੰਗਤਪੁਰਾ ਵਿਚ ਆਪਣੀਆਂ ਮਹਿਕਾਂ ਵੰਡ ਰਹੇ ਹਨ।ਉਹਨਾਂ ਦੇ ਸਕੂਲ ਦਾ ਹਰ ਕੋਨਾ ਸਿੱਖਿਆ, ਸਾਹਿਤ, ਸੱਭਿਆਚਾਰ ਅਤੇ ਗਿਆਨ ਵਿਗਿਆਨ ਦਾ ਸੁਨੇਹਾ ਦਿੰਦਾ ਹੈ।ਕਈ ਸੰਸਥਾਵਾਂ ਨਾਲ ਮਿਲਕੇ ਉਸਦੇ ਵਾਤਾਵਰਨ ਦੀ ਸਾਂਭ ਸੰਭਾਲ ਲਈ ਹਜ਼ਾਰਾਂ ਦਰੱਖਤ ਲਾਏ ਅਤੇ ਪਾ਼ਲ ਕੇ ਛਾਂਵਾਂ ਦੇਣ ਵਾਲੇ ਕੀਤੇ ਹਨ।ਇਸੇ ਤਰ੍ਹਾਂ ਪੰਛੀਆਂ ਦੀਆਂ ਖਤਮ ਹੋ ਰਹੀਆਂ ਪ੍ਰਜਾਤੀਆਂ ਵਾਸਤੇ ਘਰ ਵਿਚ ਪੰਛੀਆਂ ਦੀ ਰੱਖ ਤਿਆਰੀ ਕੀਤੀ ਹੋਈ।ਉਸ ਵਲੋਂ ਤਿਆਰ ਕੀਤੇ ਆਲ੍ਹਣਿਆਂ ਵਿਚ ਵੰਨ ਸੁਵੰਨੇ ਪੰਛੀਆਂ ਦੀ ਸੁਰੀਲੀ ਆਵਾਜ਼ ਵਿਚ ਗੀਤ ਸੁਣੇ ਜਾ ਸਕਦੇ ਹਨ। ਸਮਾਜ ਸੇਵੀ ਕਾਰਜਾਂ ਵਿਚ ਉਹ ਸਦਾ ਮੂਹਰੀ ਰਹਿੰਦਾ ਹੈ।ਬਾਲ ਭਲਾਈ ਲਈ ਤਾਂ ਉਹ ਕਦੀ ਆਪਣੀ ਪ੍ਰਵਾਹ ਨਹੀਂ ਕਰਦਾ ਸਗੋਂ ਉਸਦੇ ਜੀਵਨ ਨੂੰ ਸ਼ਿੰਗਾਰਨ ਸੁਆਰਨ ਵਿਚ ਪੂਰਨ ਰੂਪ ਨਾਲ ਆਪਾ ਵਾਰਦਾ ਹੈ।ਲੋੜਵੰਦਾਂ ਦੀ ਮਦਦ ਕਰਕੇ ਉਸਨੂੰ ਇਲਾਹੀ ਆਨੰਦ ਮਿਲਦਾ ਹੈ।ਅਰਥ ਸ਼ਾਸ਼ਤਰ ਨੂੰ ਵੀ ਸਮਾਜ ਸ਼ਾਸ਼ਤਰ ਨਾਲ ਜੋੜ ਕੇ ਜੀਵਨ ਵਿਚ ਸਫਲਤਾ ਦੀ ਰਾਹ ਦਿਖਾਉਂਦਾ ਹੈ। ਪੜ੍ਹਾਉਣ ਦੀਆਂ ਦਿਲਚਸਪ ਵਿਧੀਆਂ ਕਰਕੇ ਹੀ ਉਹ ਵਿਦਿਆਰਥੀਆਂ ਦਾ ਹਰਮਨ ਪਿਆਰਾ ਅਧਿਆਪਕ ਹੈ। ਦਿਨ ਰਾਤ ਉਹਨਾਂ ਦੀ ਬਿਹਤਰੀ ਵਿਚ ਜੁੜਿਆ ਦਿਖਾਈ ਦਿੰਦਾ ਹੈ।ਅਸਲ ਵਿਚ ਉਹ ਸ਼ਹਿਦ ਦੀ ਮੱਖੀ ਵਾਂਗ ਜਿਥੋਂ ਵੀ ਗਿਆਨ ਦਾ ਰਸ ਮਿਲਦਾ ਹੈ ਲੈ ਕੇ ਵਿਦਿਆਰਥੀ ਵਿਚ ਵੰਡਦਾ ਰਹਿੰਦਾ ਹੈ।ਉਸਦਾ ਕਹਿਣਾ ਹੈ ਕਿ ਹਰ ਅਧਿਆਪਕ ਨੂੰ ਇਹ ਮਿਸ਼ਨ ਬਨਾਉਣਾ ਚਾਹੀਦਾ ਹੈ।ਇਸੇ ਵਿਚ ਹੀ ਸਭ ਦੀ ਭਲਾਈ ਹੈ।



ਸਿੱਖਿਆ ਸਕੱਤਰ ਪੰਜਾਬ ਸ਼੍ਰੀ ਕ੍ਰਿਸ਼ਨ ਕੁਮਾਰ ਨੂੰ ਉਸਦੀਆਂ ਸਰਗਰਮੀਆਂ ਦੀ ਵਿਸ਼ੇਸ਼ ਸ਼ਲਾਘਾ ਕਰਦਿਆਂ ਆਖਿਆ ਕਿ ਗਿੱਲ ਵਰਗੇ ਅਧਿਆਪਕਾਂ ਦੀ ਬਦੌਲਤ ਸਿੱਖਿਆ ਜਗਤ ਬੁਲੰਦੀਆਂ ਵੱਲ ਵਧ ਰਿਹਾ ਹੈ।ਉਸਦੀਆਂ ਬਹੁਪੱਖੀ ਗਤੀਵਿਧੀਆਂ ਵਿਚ ਯੋਗ ਵੀ ਸ਼ਾਮਿਲ ਹੈ। ਖੇਡ ਖੇਤਰ ਵਿਚ ਉਸ ਦੁਆਰਾ ਤਿਆਰ ਕੀਤੀ ਅਥਲੀਟ ਮਨਦੀਪ ਕੌਰ ਚੀਮਾ ਏਸ਼ੀਅਨ ਮੈਡਲਿਸਟ ਅਤੇ ਉਲੰਪੀਅਨ ਬਣ ਚੁੱਕੀ ਹੈ। ਇਕ ਨਹੀਂ ਕਈ ਪ੍ਰੇਰਨਾਦਾਇਕ ਗੀਤਾਂ ਨੂੰ ਲਿਖ ਅਤੇ ਗਾਉਣ ਤੋਂ ਬਾਅਦ ਵਧੀਆ ਫਿਲਮਾਂਕਣ ਨਾਲ ਪੂਰੀ ਦੁਨੀਆ ਵਿਚ ਪ੍ਰਸਾਰਿਤ ਜਰ ਚੁੱਕਾ ਹੈ।ਉਸ ਕੋਲ ਕਲਾ ਦਾ ਅਥਾਹ ਭੰਡਾਰ ਹੈ।ਕਦੀ ਉਹ ਕਲਾਕਾਰ ਤੋਂ ਕਦੀ ਸਾਹਿਤਕਾਰ ਬਣਕੇ ਨਵੀਆਂ ਖੋਜਾਂ ਕਰਦਾ ਹੈ।ਇਕ ਵਿਗਿਆਨੀ ਵਾਂਗ ਆਪਣੇ ਵਿਸ਼ੇ ਨੂੰ ਹਰ ਕਿਸੇ ਦੇ ਜੀਵਨ ਨੂੰ ਸ਼ਿੰਗਾਰਨ ਲਈ ਤਿਆਰ ਕਰਦਾ ਰਹਿੰਦਾ ਹੈ।ਉਸਨੇ ਸਕੂਲ ਵਿਚ ਕੰਧਾਂ ਅਤੇ ਕਮਰਿਆਂ ਨੂੰ ਆਪਣੀ ਕਲਾ ਨਾਲ ਖੁਦ ਸ਼ਿੰਗਾਰਿਆ ਹੋਇਆ ਹੈ।ਹਿੰਦੀ ਦੇ ਪਾਠਕ੍ਰਮ ਦੀਆਂ ਸਭ ਕਵਿਤਾਵਾਂ ਆਪਣੀ ਆਵਾਜ਼ ਵਿਚ ਗਾਈਆਂ ਹਨ।ਇਸ ਤਰ੍ਹਾਂ ਬਾਲ ਮਨ ਤੇ ਗਹਿਰਾ ਪ੍ਰਭਾਵ ਪਾਉਂਦੀਆਂ ਹਨ।ਉਹ ਅਧਿਆਪਕ ਸਾਥੀਆਂ ਨੂੰ ਕਠਪੁਤਲੀਆਂ ਬਨਾਉਣਾ,ਗਾਇਕੀ, ਸੰਗੀਤਕਾਰੀ, ਚਿੱਤਰਕਾਰੀ ਸਮੇਤ ਅਨੇਕਾਂ ਕਲਾਵਾਂ ਦੀ ਸਿੱਖਿਆ ਕਾਰਜਸ਼ਲਾਵਾਂ ਰਾਹੀਂ ਦਿੰਦਾ ਰਹਿੰਦਾ ਹੈ।ਉਸ ਕੋਲ ਹਰ ਵਿਸ਼ੇ ਨਾਲ ਸੰਬੰਧਤ ਗਿਆਨ ਵਿਗਿਆਨ ਮੌਜੂਦ ਹੈ ਜਿਸਦੀ ਵਰਤੋਂ ਕਰਕੇ ਸਿੱਖਿਆ ਸੰਸਾਰ ਵਿਚ ਰੌਸ਼ਨੀਆਂ ਵੰਡਦਾ ਹੈ। ਗਲੋਬਲ ਟੀਚਰ ਅਵਾਰਡ ਹਾਸਲ ਕਰਨ ਵਾਸਤੇ ਦੁਨੀਆ ਦੇ 110 ਦੇਸ਼ਾਂ ਵਿਚੋਂ 87 ਹਜ਼ਾਰ ਅਧਿਆਪਕ ਨੇ ਨਾਮਜਦਗੀਆਂ ਭਰੀਆਂ ਸਨ।ਇਹਨਾਂ ਵਿਚ ਪੰਜਾਬ ਦੇ ਸਿਰਫ ਦੋ ਅਧਿਆਪਕ ਹੀ ਇਹ ਮਾਣ ਪ੍ਰਾਪਤ ਕਰਨ ਵਿਚ ਸਫ਼ਲ ਹੋਏ।ਸਫ਼ਲਤਾ ਦੇ ਝੰਡੇ ਗੱਡਣ ਵਾਲਾ ਗਿੱਲ ਸਵਰਗਵਾਸੀ ਮਾਤਾ ਸਵਰਨ ਕੌਰ ਅਤੇ ਪਿਤਾ ਜਗੀਰ ਸਿੰਘ ਦਾ ਲਾਡਲਾ ਬਣਿਆ। ਉਹਨਾਂ ਉਸਦੀ ਸ਼ਖਸ਼ੀਅਤ ਘੜਨ ਵਿਚ ਖੁਦ ਮਿਹਨਤ ਅਤੇ ਘਾਲਣਾ ਘਾਲੀ। ਮਾਪਿਆਂ ਦੀ ਦੇਣ ਨੂੰ ਸਦਾ ਯਾਦ ਰੱਖਣ ਵਾਲਾ ਗਿੱਲ ਆਪਣੇ ਅਧਿਆਪਕਾਂ ਦਾ ਆਦਰ ਮਾਣ ਕਦੀਂ ਨਹੀਂ ਭੁੱਲਦਾ। ਉਸਦਾ ਕਹਿਣਾ ਹੈ ਉਹ ਅਜ ਜਿਸ ਮੁਕਾਮ ਤੇ ਹੈ ਉਸ ਵਿਚ ਮਾਪੇ ਤੇ ਅਧਿਆਪਕਾਂ ਦੀ ਬਦੌਲਤ ਹੈ।ਆਪਣੀ ਬੇਟੀ ਅਰਮਨਦੀਪ ਕੌਰ ਨਾਲ ਅੰਮ੍ਰਿਤਸਰ ਵਿਚ ਵਸਦੇ ਕਸ਼ਮੀਰ ਸਿੰਘ ਗਿੱਲ ਅਤੇ ਉਸਦੀ ਜੀਵਨ ਸਾਥਣ ਕੁਲਦੀਪ ਕੌਰ ਨੇ ਇਸ ਸਮਾਜ ਦੇ ਨੈਣ ਨਕਸ਼ ਸੁਆਰਨ ਦਾ ਬੀੜਾ ਚੁਕਿਆ ਹੋਇਆ ਹੈ। ਸਿੱਖਿਆ ਨੂੰ ਕਲਾਤਮਿਕ ਢੰਗ ਨਾਲ ਬੱਚਿਆਂ ਹਵਾਲੇ ਕਰਨ ਦੀ ਇਸ ਜੋੜੀ ਕੋਲ ਅਨੂਠੀ ਕਲਾ ਹੈ।ਇਨਸਾਨੀਅਤ ਦੇ ਇਹ ਪਹਿਰੇਦਾਰ ਬਣਕੇ ਸਮਾਜ ਦੇ ਬੌਨੇ ਅੰਗਾਂ ਨੂੰ ਵਿਕਸਤ ਕਰਨ ਲਈ ਯਤਨਸ਼ੀਲ ਹਨ।ਇਸ ਜੋੜੀਆਂ ਦੀਆਂ ਵੰਨ-ਸੁਵੰਨੀਆਂ ਸਰਗਰਮੀਆਂ ਬਾਕੀਆਂ ਲਈ ਪ੍ਰੇਰਕ ਪ੍ਰਸੰਗ ਹਨ। ਸਾਡੀ ਦੁਆ ਹੈ ਕਿ ਇਹ ਸਦਾ ਰੌਸ਼ਨ ਚਿਰਾਗ ਬਣੇ ਰਹਿਣ।

**- ਬਲਜਿੰਦਰ ਮਾਨ 98150-18947**

# ਕਲਮ ਤੇ ਤੇਗ਼ ਦੇ ਧਨੀ : ਬਾਬਾ ਦੀਪ ਸਿੰਘ ਜੀ ਸ਼ਹੀਦ

ਬਾਬਾ ਦੀਪ ਸਿੰਘ ਜੀ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ।ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ।ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ। ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।



ਡਾ.ਚਰਨਜੀਤ ਸਿੰਘ ਗੁਮਟਾਲਾ
0019375739812

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੂੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ।ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਸ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ। ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ ਸੀ । ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

ਅਹਿਮਦ ਸ਼ਾਹ ਦੁਰਾਨੀ ਜੋ ਸਿੱਖਾਂ ਦੇ ਸਖ਼ਤ ਵਿਰੁੱਧ ਸੀ ਅਤੇ ਸਿੱਖਾਂ ਨੂੰ ਖ਼ਤਮ ਕਰਨ ਉੱਤੇ ਤੁਲਿਆ ਹੋਇਆ ਸੀ, ਆਪਣੇ 1757 ਈ: ਦੇ ਹਿੰਦੁਸਤਾਨ ਦੇ ਹਮਲੇ ਵੇਲੇ ਦਿੱਲੀ ਤੋਂ ਵਾਪਿਸ ਜਾਂਦਾ ਹੋਇਆ ਕੁਝ ਦੇਰ ਲਈ ਲਾਹੌਰ ਠਹਿਰਿਆ।



ਉਸ ਨੇ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ ਅਤੇ ਸ਼ਹਿਰ ਦੀਆਂ ਇਮਾਰਤਾਂ ਨੂੰ ਢਾਹਿਆ। ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। । ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ। ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਉਹ ਆਪਣਾ ਪਾਵਨ ਸੀਸ਼ ਖੱਬੇ ਹੱਥ ਤੇ ਧਰ ਕੇ ਆਪਣਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ 13 ਨਵੰਬਰ 1757 ਈ ਨੂੰ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜਕਲ੍ਹ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।

ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸੰਗਤਾਂ ਵੱਲੋ ਆਪ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਮ ਮਨਾਇਆ ਜਾ ਰਿਹ ਹੈ।

# 10ਵਾਂ ਵਿਸ਼ਾਲ ਕਬੱਡੀ ਕੱਪ ਅਤੇ ਚੈਪੀਅਨਸਿਪ ਪਿੰਡ ਬਾਗੜੀਆਂ ਵਿਖੇਂ 19 ਅਤੇ 20 ਨਵੰਬਰ ਨੂੰ ਬੜੀ ਧੂਮ ਨਾਲ ਹੋਵੇਗਾ : ਕਾਲਾ ਬਾਗੜੀਆਂ

**ਭੁਲੱਥ, 16 ਨਵੰਬਰ (ਗੋਗਨਾ) –** ਭੁਲੱਥ ਦੇ ਨੇੜਲੇ ਪਿੰਡ ਬਾਗੜੀਆਂ ਵਿਖੇਂ 10ਵਾਂ ਵਿਸ਼ਾਲ ਕਬੱਡੀ ਕੱਪ ਅਤੇ ਚੈਪੀਂਅਨਸ਼ਿਪ ਮਿੱਤੀ 19 ਅਤੇ 20 ਨਵੰਬਰ ਨੂੰ ਬੜੀ ਧੂਮ ਧਾਮ ਨਾਲ ਕਰਵਾਇਆ ਜਾ ਰਿਹਾ ਹੈ।ਦਸਮੇਸ਼ ਸਪੋਰਟਸ ਕਲੱਬ ਅਤੇ ਸਾਹਿਬਜ਼ਾਦੇ ਸਪੋਰਟਸ ਕਲੱਬ ਪਿੰਡ ਬਾਗੜੀਆ ਦੇ ਸਰਪ੍ਰਸਤ ਨਾਮਵਰ ਕਬੱਡੀ ਖਿਡਾਰੀਆਂ ਦੇ ਨਾਲ ਸਮਾਜ ਸੇਵੀ ਕਾਲਾ ਬਾਗੜੀਆ ਅਤੇ ਗੱਬਰ ਬਾਗੜੀਆ ਨੇ ਸ਼ਾਝੇ ਤੋਰ ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 10ਵੇਂ ਸਾਲ ਚ' ਪ੍ਰਵੇਸ਼ ਇਹ ਵਿਸ਼ਾਲ ਕਬੱਡੀ ਕੱਪ ਅਤੇ ਅਤੇ ਚੈਪੀਅਨਸ਼ਿਪ ਚ' ਪੂਰੇ ਪੰਜਾਬ ਤੋ ਇਲਾਵਾ ਹਰਿਆਣਾ ਤੋ ਵੀ ਨਾਮਵਰ 12 ਟੀਮਾਂ ਇਸ ਚੈਪੀਅਨਸ਼ਿਪ ਵਿੱਚ ਹਿੱਸਾ ਲੈਣਗੀਆਂ। ਜਿਸ ਦਾ ਪਹਿਲਾ ਇਨਾਮ 4,00,000 (ਚਾਰ ਲੱਖ) ਅਤੇ ਦੂਜਾ ਇਨਾਮ 3,00,000(ਤਿੰਨ ਲੱਖ) ਰੁਪਏ ਹੋਵੇਗਾ। ਅਤੇ ਪੂਰੇ ਟੂਰਨਾਮੈਂਟ ਦੇ ਉੱਤਮ ਰਹਿਣ ਵਾਲੇ ਰੇਡਰ ਤੇ ਜਾਫੀ ਨੂੰ 1,25,000 (ਸਵਾ ਲੱਖ) ਰੁਪਏ ਦਿੱਤਾ ਜਾਵੇਗਾ। ਅਤੇ ਇਸ ਵਾਰ ਕਲੱਬਾਂ ਨੇ ਫੈਸਲਾ ਲੈਂਦੇ ਹੋਏ ਹਰ ਟੀਮ ਚ' ਦੋ-ਦੋ ਅਤੇ ਤਿੰਨ- ਤਿੰਨ ਜ਼ਿਲ੍ਹੇ ਇਕੱਠੇ ਕਰਕੇ ਇਸ ਕਬੱਡੀ ਚੈਪੀਅਨਸ਼ਿਪ ਲਈ ਟੀਮਾਂ ਬਣਾਈਆਂ ਗਈਆਂ ਹਨ। ਇਸ ਦੇ ਨਾਲ ਸੈਮੀ ਫ਼ਾਈਨਲ ਚ' ਹਾਰਨ ਵਾਲ਼ੀ ਟੀਮ ਨੂੰ ਇਕ ਲੱਖ ਰੁਪਿਆ ਅਤੇ ਹਾਰਨ ਵਾਲੀਆ ਟੀਮਾਂ 60,000, 60,000 ਹਜ਼ਾਰ ਰੁਪਏ ਦਾ ਇਨਾਮ ਦਿੱਤ ਜਾਵੇਗਾ।

ਇੰਨਾਂ ਪ੍ਰਬੰਧਕਾਂ ਨੇ ਦੱਸਿਆ ਕਿ ਅਮਰੀਕਾ ਅਤੇ ਕੈਨੇਡਾ ਅਤੇ ਯੂਰਪ ਚ' ਵੱਸਦੇ ਇਲਾਕੇ ਦੇ ਐਨਆਰਅਈਜ ਵੀਰਾ ਨੇ ਇਸ ਮਹਾਨ ਕਬੱਡੀ ਚੈਪੀਅਨਸ਼ਿਪ ਪਲਦੀ ਲੱਖਾ ਰੁਪਏ ਦਾ ਕਲੱਬ ਨੂੰ ਸਹਿਯੋਗ ਦਿੱਤਾ ਹੈ। ਉਹਨਾਂ ਸਮੂੰਹ ਇਲਾਕਾ ਨਿਵਾਸਿਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਟੂਰਨਾਮੈਂਟ ਦੀ ਰੌਣਕ ਨੂੰ ਵਧਾਉਣ ਲਈ ਵੱਧ ਤੋ ਵੱਧ ਗਿਣਤੀ ਚ' ਪੁੱਜਣ ਦੀ ਕ੍ਰਿਪਾਲਤਾ ਕਰਨ। ਸੰਗਤ ਲਈ ਜਿੱਥੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਅਤੇ ਨਾਲ ਉੱਥੇ ਗੁਰੂ ਦਾ ਲੰਗਰ ਵੀ ਚੱਲੇਗਾ। ਹੋਰ ਵਿਸ਼ੇਸ਼ ਜਾਣਕਾਰੀ ਲਈ ਆਪ ਕਾਲਾ ਬਾਗੜੀਆਂ ਦੇ ਫ਼ੋਨ ਨੰਬਰ 98725-37152 ਅਤੇ ਗੱਬਰ ਬਾਗੜੀਆਂ ਨਾਲ ਫ਼ੋਨ 98764-25842 ਤੇ ਸੰਪਰਕ ਕਰ ਸਕਦੇ ਹੋ।

# ਸਵ: ਦਵਿੰਦਰ ਸਿੰਘ ਚੀਮਾ ਯਾਦਗਾਰੀ ਆਲ ਓਪਨ ਫੁੱਟਬਾਲ ਟੂਰਨਾਮੈਂਟ 27 ਤੋਂ 29 ਨਵੰਬਰ ਤੱਕ ਪਿੰਡ ਉੱਚਾ ਜਿਲ੍ਹਾ ਜਲੰਧਰ ਵਿਖੇਂ ਕਰਵਾਇਆ ਜਾਵੇਗਾ

**ਨਿਊਯਾਰਕ, 16 ਨਵੰਬਰ (ਰਾਜ ਗੋਗਨਾ)—**ਕੁਝ ਸਾਲ ਪਹਿਲੇ ਨਿਊਯਾਰਕ ਦੇ ਰਿਚਮੰਡ ਹਿੱਲ ਦੇ ਇਲਾਕੇ ਚ' ਰਹਿੰਦੇ ਇਕ ਨੋਜਵਾਨ ਦਵਿੰਦਰ ਸਿੰਘ ਚੀਮਾ ਸਪੁੱਤਰ ਨਿਰਮਲ ਸਿੰਘ ਚੀਮਾ ਜੋ ਇਕ ਕਾਰ ਸੜਕ ਹਾਦਸੇ ਚ' ਆਪਣੇ ਘਰ ਨੂੰ ਵਾਪਿਸ ਆਉਂਦੇ ਮਾਰਿਆਂ ਗਿਆ ਸੀ ਉਹਨਾਂ ਦੀ ਯਾਦ ਵਿੱਚ ਦਵਿੰਦਰ ਸਿੰਘ ਚੀਮਾ ਆਲ ਓਪਨ ਫੁੱਟਬਾਲ ਟੂਰਨਾਮੈਂਟ ਮਿੱਤੀ 27 ਤੋ 29 ਨਵੰਬਰ ਨੂੰ (ਤਿੰਨ ਰੋਜ਼ਾ ) ਪਿੰਡ ਉੱਚਾ ਜਿਲ੍ਹਾ ਜਲੰਧਰ ਵਿਖੇਂ ਕਰਵਾਇਆਂ ਜਾ ਰਿਹਾ ਹੈ।ਸਵ:ਦਵਿੰਦਰ ਸਿੰਘ ਚੀਮਾ ਦੇ ਕੈਲੀਫੋਰਨੀਆ ਰਹਿੰਦੇ ਮਾਮੇ ਦੇ ਮੁੰਡੇ ਭਰਾ ਕਿਰਨਦੀਪ ਸਿੰਘ ਸੰਧੂ ਨੇ ਫ਼ੋਨ ਵਾਰਤਾ ਦੋਰਾਨ ਇਹ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਪ੍ਰਬੰਧਕਾਂ ਵੱਲੋ ਜੇਤੂ ਟੀਮ ਨੂੰ ਪਹਿਲਾ ਨਗਦ ਇਨਾਮ 21,000 ਹਜ਼ਾਰ ਅਤੇ ਦੂਜਾ 11,000 ਹਜ਼ਾਰ ਰੱਖਿਆਂ ਗਿਆ ਹੈ।ਕਲੱਬ ਦੇ ਪ੍ਰਬੰਧਕਾਂ ਵੱਲੋ ਦਿੱਤੀਆਂ ਗਈਆਂ ਸ਼ਰਤਾਂ ਮੁਤਾਬਿਕ ਰੈਫ਼ਰੀ ਦਾ ਫੈਸਲਾ ਆਖਰੀ ਹੋਵੇਗਾ। ਅਤੇ ਬਜੈਕਸਨ ਫੀਸ 1000 ਰੁਪਈਏ ਹੋਵੇਗੀ। ਹਾਰਿਆ ਖਿਡਾਰੀ ਦੂਜੀ ਟੀਮ ਵੱਲੋ ਨਹੀਂ ਖੇਡ ਸਕੇਗਾ।ਐਂਟਰੀ ਦੀ ਆਖਰੀ ਮਿੱਤੀ 25 ਨਵੰਬਰ ਹੋਵੇਗੀ। ਨਸ਼ਾ ਕਰਕੇ ਕੋਈ ਵੀ ਖਿਡਾਰੀ ਗਰਊਡ ਵਿੱਚ ਨਾ ਆਵੇ। ਹੋਰ ਜਾਣਕਾਰੀ ਲਈ ਫ਼ੋਨ ਨੰਬਰ: 84279-83083 ਤੇ ਤੇਜਿੰਦਰ ਸਿੰਘ ਸੰਧੂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# ਸਿਟੀ ਮੈਰਾਥਨ ਵਿੱਚ ਬੌਰਨ ਰਨਰਜ਼ ਗਰੁੱਪ ਚਮਕਿਆ

**ਪਟਿਆਲਾ, 15 ਨਵੰਬਰ–** ਸ਼ਾਹੀ ਸ਼ਹਿਰ ਵਿੱਚ ਜਨਹਿੱਤ ਸੰਮਤੀ ਵੱਲੋਂ ਕਰਵਾਈ ਗਈ ਅੱਠਵੀ ਹਾਫ ਮੈਰਾਥਨ ਵਿੱਚ ਬੌਰਨ ਰਨਰਜ਼ (ਰਜਿ) ਗਰੁੱਪ ਦੇ ਅਥਲੀਟਾਂ ਨੇ ਹੂੰਝਾ ਫੇਰ ਜਿੱਤ ਹਾਸਲ ਕਰਕੇ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ। ਇਸ ਬਾਬਤ ਜਾਣਕਾਰੀ ਦਿੰਦੇ ਹੋਏ ਗਰੁੱਪ ਦੇ ਪ੍ਰਧਾਨ ਸੁਖਚੈਨ ਸਿੰਘ ਸੁੱਖੀ ਨੇ ਦੱਸਿਆ ਕਿ ਮੈਰਾਥਨ ਵਿੱਚ ਗਰੁੱਪ ਦੇ ਅਥਲੀਟਾਂ ਨੇ ਆਪੋ ਆਪਣੇ ਉਮਰ ਵਰਗ ਵਿੱਚ ਹੋਏ ਮੁਕਾਬਲੇ ਵਿੱਚ ਸ਼ਾਨਦਾਰ ਦੌੜ ਲਗਾਕੇ ਗਰੁੱਪ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾਂ ਦੱਸਿਆ ਕਿ 21 ਕਿਲੋਮੀਟਰ ਦੀ ਦੂਰੀ ਵਿੱਚ ਅਮਰਜੀਤ ਕੌਰ ਪ੍ਰਭ ਪਹਿਲੇ, ਗਗਨ ਚੋਪੜਾ ਦੂਜੇ, ਜਸਵਿੰਦਰ ਸਿੰਘ ਜੱਸੀ ਤੀਜੇ ਸਥਾਨ ਤੇ ਰਹੇ। 10 ਕਿਲੋਮੀਟਰ ਦੀ ਦੂਰੀ ਵਿੱਚ ਜਸਵੀਰ ਖਾਨ ਨੇ ਪਹਿਲਾ ਜਦਕਿ ਪੰਜ ਕਿਲੋਮੀਟਰ ਦੀ ਰੇਸ ਵਿੱਚ ਜਸਪਾਲ ਕੌਰ ਨੇ ਪਹਿਲਾ, ਪਾਇਲ ਨੇ ਦੂਜਾ ਅਤੇ ਅਮਨਪ੍ਰੀਤ ਕੌਰ ਨੇ ਤੀਜਾ ਸਥਾਨ, 2 ਕਿਲੋਮੀਟਰ ਵਿੱਚ ਸਾਹਿਲ ਖਾਨ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਗਰੁੱਪ ਦੇ ਹੋਰ ਦੌੜਾਕ ਰਾਕੇਸ਼ ਕੁਮਾਰ, ਮੋਹਨਦੀਪ ਸਿੰਘ, ਗੁਰਮੀਤ ਸਿੰਘ, ਸੰਦੀਪ ਸਿੰਘ, ਸੁਰਿੰਦਰ ਸਿੰਘ, ਸੁਭਾਸ ਕੁਮਾਰ, ਬੇਲਾ, ਗੁਰਪ੍ਰੀਤ ਸਿੰਘ ਗੁਰੀ, ਜਸਪ੍ਰੀਤ ਰਾਜਾ ਆਦਿ ਵੀ ਆਪਣੀ ਰਨਿੰਗ ਸਪੀਡ ਵਿੱਚ ਚੰਗਾ ਸੁਧਾਰ ਕਰਕੇ ਛਾਪ ਛੱਡਣ ਵਿੱਚ ਕਾਮਯਾਬ ਰਹੇ। ਸੰਮਤੀ ਵੱਲੋਂ ਗਰੁੱਪ ਦੇ ਸੀਨੀਅਰ ਅਥਲੀਟ ਪੂਰਨ ਸਿੰਘ ਗਰੇਵਾਲ, ਈਸ਼ਵਰ ਚੌਧਰੀ ਅਤੇ ਕੁਲਵਿੰਦਰ ਸਿੰਘ ਮੋਮੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।



### 15 ਨਵੰਬਰ ਸ਼ਹੀਦੀ ਦਿਨ

# ਸ਼ਹੀਦ ਬਾਬਾ ਦੀਪ ਸਿੰਘ



ਰਮੇਸ਼ ਬੱਗਾ ਚੋਹਲਾ
91-94631-32719

ਸ਼ਹੀਦ ਉਸ ਕੌਮ ਦਾ ਸਰਮਾਇਆ ਅਤੇ ਉਸ ਮਿੱਟੀ ਦਾ ਮਾਣ ਹੁੰਦੇ ਹਨ, ਜਿਸ ਵਿੱਚ ਉਨ੍ਹਾਂ ਦਾ ਜਨਮ ਹੁੰਦਾ ਹੈ। ਉਹ ਕੌਮਾਂ ਵੀ ਧੰਨਤਾ ਦੇ ਯੋਗ ਹੁੰਦੀਆਂ ਹਨ, ਜਿਹੜੀਆਂ ਆਪਣੇ ਪੁਰਖਿਆਂ ਦੀਆ ਘਾਲਣਾਵਾਂ ਨੂੰ ਅਕਸਰ ਚਿੱਤਵਦੀਆਂ ਰਹਿੰਦੀਆਂ ਹਨ।ਕਿਸੇ ਸ਼ਾਇਰ ਦਾ ਕਥਨ ਹੈ: ਉਸ ਕੌਮ ਨੂੰ ਸਮਾਂ ਨਹੀਂ ਮੁਆਫ ਕਰਦਾ ,ਜਿਹੜੀ ਮੁੱਲ ਨਾ ਤਾਰੇ ਕੁਰਬਾਨੀਆਂ ਦਾ।

ਸ਼ਹੀਦ ਅਤੇ ਸ਼ਹਾਦਤ ਅਰਬੀ ਜ਼ਬਾਨ ਦੇ ਸ਼ਬਦ ਹਨ। ਸ਼ਹਾਦਤ ਦਾ ਸ਼ਬਦੀ ਅਰਥ ਗਵਾਹੀ ਦੇਣੀ ਜਾਂ ਸਾਖੀ ਭਰਨੀ ਹੁੰਦਾ ਹੈ। ਇਸ ਤਰ੍ਹਾਂ ਸ਼ਹੀਦ ਕਿਸੇ ਕੌਮ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਦੇ ਸਦੀਵੀ ਅਤੇ ਸੱਚੇ ਗਵਾਹ ਹੁੰਦੇ ਹਨ।

ਦੀਨ ਦੁਖੀਆਂ ਦੀ ਰਖਵਾਲੀ, ਸਤਿ ਧਰਮ ਤੇ ਮਨੁੱਖਤਾ ਦੀ ਖਾਤਰ ਸਮੇਂ-ਸਮੇਂ ਦੇਸ਼ ਕੌਮ ਅਤੇ ਸਮਾਜ ਉਪਰ ਆਏ ਸੰਕਟਾਂ ਦਾ ਖਿੜੇ ਮੱਥੇ ਸਵਾਗਤ ਕਰਨਾ, ਇਨ੍ਹਾਂ ਸੰਕਟਾਂ ਦਾ ਡੱਟ ਕੇ ਮੁਕਾਬਲਾ ਕਰਨਾ, ਇਸ ਮੁਕਾਬਲੇ ਨੂੰ ਕਿਸੇ ਨਿਰਣਾਇਕ ਮੌੜ ਤੇ ਲੈ ਜਾਣ ਤੱਕ ਆਪਣੇ ਕਦਮ ਪਿਛਾਂਹ ਨਾ ਪੁੱਟਣੇ ਅਤੇ ਆਪਣੇ ਮਨੋਰਥ ਦੀ ਸਿੱਧੀ ਲਈ ਆਪਾ ਤੱਕ ਵਾਰ ਦੇਣਾ ਹੀ ਸ਼ਹੀਦਾਂ ਦੀ ਪਹਿਚਾਣ ਹੁੰਦੀ ਹੈ । ਇਹ ਪਹਿਚਾਣ ਮੌਤ ਦੀਆ ਵਾਦੀਆਂ ਵਿੱਚੋ ਲੰਘ ਕੇ ਹੀ ਕਰਵਾਈ ਜਾ ਸਕਦੀ ਹੈ। ਕਿਉਂਕਿ :-

ਸੂਰਾ ਸੋ ਪਹਿਚਾਨੀਐ ਜੁ ਲਰੇ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੇ ਕਬਹੂ ਨ ਛਾਡੈ ਖੇਤ ॥

ਇਸ ਤਰ੍ਹਾਂ ਸ਼ਹੀਦ ਦੀ ਆਤਮਾ ਨਿਰਮਲ ਅਤੇ ਉਦੇਸ਼ ਸ਼ਪਸ਼ਟ ਹੁੰਦਾ ਹੈ, ਜਿਸ ਨੂੰ ਭਾਈ ਗੁਰਦਾਸ ਜੀ ਇਸ ਤਰ੍ਹਾਂ ਤਸਦੀਕ ਕਰਦੇ ਹਨ:-

ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ॥

ਸ਼ਹੀਦ ਫੌਲਾਦੀ ਇਰਾਦੇ ਦਾ ਮਾਲਕ ਹੁੰਦਾ ਹੈ, ਜਿਸ ਦੇ ਵਿਚਾਰਾਂ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਦੇ ਇਰਾਦੇ ਅਤੇ ਵਿਚਾਰਾਂ ਦੀ ਮਲਕੀਅਤ ਰੱਖਣ ਵਾਲੇ ਸਨ ਬਾਬਾ ਦੀਪ ਸਿੰਘ ਜੀ ਸ਼ਹੀਦ। ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ (ਹੁਣ ਤਰਨ ਤਾਰਨ) ਦੀ ਤਹਿਸੀਲ ਪੱਟੀ ਦੇ ਪਿੰਡ ਪਹੂਵਿੰਡ ਵਿਖੇ ਰਹਿਣ ਵਾਲੇ ਇਕ ਸਧਾਰਨ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਮ ਬਾਲਕਾਂ ਵਾਂਗ ਬਾਬਾ ਜੀ ਦੇ ਬਚਪਨ ਦਾ ਨਾਮ ਵੀ ਦੀਪਾ ਰੱਖਿਆ ਗਿਆ। ਜਦੋਂ ਦੀਪੇ ਦੀ ਉਮਰ 18 ਸਾਲ ਦੀ ਹੋਈ ਤਾਂ ਉਹ ਆਪਣੇ ਮਾਤਾ-ਪਿਤਾ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਗਿਆ। ਕੁੱਝ ਦਿਨ ਰਹਿ ਕੇ ਦੀਪੇ ਦੇ ਮਾਤਾ-ਪਿਤਾ ਤਾਂ ਵਾਪਸ ਪਿੰਡ ਪਹੂਵਿੰਡ ਆ ਗਏ ਪਰ ਦੀਪਾ ਇੱਥੇ ਹੀ ਰਹਿ ਪਿਆ। ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਦੀਪੇ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਮੋੜ ਆ ਗਿਆ ਅਤੇ ਉਹ ਦੀਪੇ ਤੋ ਦੀਪ ਸਿੰਘ ਬਣ ਗਿਆ ।

ਸ੍ਰੀ ਅਨੰਦਪੁਰ ਸਾਹਿਬ ਰਹਿ ਕੇ ਦੀਪ ਸਿੰਘ ਨੇ ਸ਼ਸਤਰ ਤੇ ਸ਼ਾਸਤਰ ਵਿਦਿਆ ਵਿਚ ਬਰਾਬਰੀ ਨਾਲ ਮੁਹਾਰਤ ਹਾਸਲ ਕਰ ਲਈ। 20-22 ਸਾਲ ਦੀ ਉਮਰ ਤੱਕ ਦੀਪ ਸਿੰਘ ਨੇ ਜਿੱਥੇ ਭਾਈ ਮਨੀ ਸਿੰਘ ਵਰਗੇ ਉਸਤਾਦ ਕੋਲੋਂ ਗੁਰਬਾਣੀ ਦਾ ਚੋਖਾ ਗਿਆਨ ਹਾਸਲ ਕਰ ਲਿਆ ਉੱਥੇ ਉਹ ਇੱਕ ਨਿਪੁੰਨ ਸਿਪਾਹੀ ਵੀ ਬਣ ਗਿਆ। ਕੁੱਝ ਸਮੇਂ ਬਾਅਦ ਦੀਪ ਸਿੰਘ ਆਪਣੇ ਪਿੰਡ ਪਹੂਵਿੰਡ ਆ ਗਿਆ।ਪਿੰਡ ਆ ਕੇ ਉਸ ਨੇ ਆਸ-ਪਾਸ ਦੇ ਇਲਾਕੇ ਵਿਚ ਧਰਮ ਪ੍ਰਚਾਰ ਦੇ ਕਾਰਜ ਨੂੰ ਬੜੀ ਹੀ ਲਗਨ ਅਤੇ ਸ਼ਰਧਾ-ਭਾਵਨਾ ਨਾਲ ਕਰਨਾ ਆਰੰਭ ਕਰ ਦਿੱਤਾ, ਜਿਸ ਦਾ ਨੌਜਵਾਨ ਤਬਕੇ 'ਤੇ ਬਹੁਤ ਹੀ ਸਾਰਥਿਕ ਅਤੇ ਸੁਚੱਜਾ ਪ੍ਰਭਾਵ ਪੈਣ ਲੱਗਾ।

ਜਦੋਂ ਦਸਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੀ ਵਿਉਂਤਬੰਦੀ ਕੀਤੀ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਦੇ ਨਾਲ-ਨਾਲ ਬਾਬਾ ਦੀਪ ਸਿੰਘ ਦਾ ਵੀ ਭਰਪੂਰ ਸਹਿਯੋਗ ਲਿਆ।ਬਾਬਾ ਜੀ ਤੋਂ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਵਾਉਣ ਦੀ ਸੇਵਾ ਲਈ ਗਈ।ਬਾਬਾ ਦੀਪ ਸਿੰਘ ਨੇ ਸ੍ਰੀ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕਰਕੇ ਚਾਰੇ ਤਖਤਾਂ ਨੂੰ ਭੇਜੇ।ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਜੀ ਨੇ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਪੂਰਨ ਰੂਪ ਵਿੱਚ ਬਾਬਾ ਜੀ ਨੂੰ ਸੌਂਪ ਦਿੱਤੀ। ਇਸ ਜ਼ਿੰਮੇਵਾਰੀ ਨੂੰ ਬਾਬਾ ਦੀਪ ਸਿੰਘ ਨੇ ਬੜੀ ਹੀ ਤਨਦੇਹੀ ਅਤੇ ਸਿਦਕਦਿਲੀ ਨਾਲ ਨਿਭਾਇਆ।

1709 ਈ: ਵਿੱਚ ਜਦੋਂ ਬੰਦਾ ਸਿੰਘ ਬਹਾਦਰ ਵੱਲੋਂ ਜ਼ਾਲਮਾਂ ਵੱਲੋਂ ਕੀਤੀਆਂ ਗਈਆਂ ਧੱਕੇਸ਼ਾਹੀਆਂ ਦਾ ਹਿਸਾਬ ਚੁੱਕਤਾ ਕਰਨ ਲਈ ਪੰਜਾਬ ਨੂੰ ਮੁਹਾਰਾਂ ਮੋੜੀਆਂ ਤਾਂ ਬਾਬਾ ਦੀਪ ਸਿੰਘ ਨੇ ਸੈਂਕੜੇ ਮਰਜੀਵੜਿਆਂ ਦੀ ਫੌਜ ਨਾਲ ਲੈ ਕੇ ਉਨ੍ਹਾਂ ਦਾ ਡੱਟਵਾਂ ਸਾਥ ਦਿੱਤਾ। ਇਸ ਸਾਥ ਸਦਕਾ ਹੀ ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਬਾਬਾ ਜੀ ਵੱਲੋਂ ਇਸ ਜੰਗ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਕਾਰਨ ਹੀ ਉਨ੍ਹਾਂ ਨੂੰ ਜਿੰਦਾ ਸ਼ਹੀਦ ਦੇ ਖਿਤਾਬ ਨਾਲ ਨਿਵਾਜ਼ਿਆ ਜਾਂਦਾ ਹੈ। ਬਾਬਾ ਦੀਪ ਸਿੰਘ ਜੀ ਸ਼ਹੀਦੀ ਮਿਸਲ ਦੇ ਜੱਥੇਦਾਰ ਵੀ ਸਨ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ ਤੇ ਕਈ ਹਮਲੇ ਕੀਤੇ।ਇਨ੍ਹਾਂ ਹਮਲਿਆਂ ਦੌਰਾਨ ਉਸ ਦੀਆਂ ਫੌਜਾਂ ਦਾ ਰਾਹ ਰੋਕਣ ਵਾਲੇ ਸਿੱਖਾਂ ਤੋਂ ਉਹ ਬਹੁਤ ਪ੍ਰੇਸ਼ਾਨ ਅਤੇ ਦੁਖੀ ਸੀ। ਆਪਣੀ ਪ੍ਰੇਸ਼ਾਨੀ ਅਤੇ ਦੁੱਖ ਨੂੰ ਘੱਟ ਕਰਨ ਭਾਵ ਸਿੱਖੀ ਦਾ ਖੁਰਾ ਖੋਜ ਮਿਟਾਉਣ ਲਈ ਉਸ ਨੇ ਆਪਣੇ ਪੁੱਤਰ ਤੈਮੂਰ ਨੂੰ ਪੰਜਾਬ ਦਾ ਗਵਰਨਰ ਥਾਪ ਦਿੱਤਾ ਅਤੇ ਉਸ ਦੇ ਸਹਿਯੋਗ ਲਈ ਇੱਕ ਜਾਲਮ ਸੁਭਾਅ ਤੇ ਸੈਨਾਪਤੀ ਜਹਾਨ ਖਾਂ ਦੀ ਨਿਯੁਕਤੀ ਕਰ ਦਿੱਤੀ। ਜਹਾਨ ਖਾਂ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅੰਮ੍ਰਿਤਸਰ ਵਿੱਚ ਪਵਿੱਤਰ ਸਰੋਵਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਹੋਂਦ ਕਾਇਮ ਹੈ,ਸਿੱਖਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਨ੍ਹਾਂ ਦੋਹਾਂ ਸੋਮਿਆ ਤੋਂ ਉਨ੍ਹਾਂ ਨੂੰ ਨਵਾਂ ਜੀਵਨ ਅਤੇ ਉਤਸ਼ਾਹ ਮਿਲਦਾ ਹੈ। 1760 ਈ. ਵਿੱਚ ਜਹਾਨ ਖਾਂ ਨੇ ਅੰਮ੍ਰਿਤਸਰ ਨੂੰ ਸਦਰ ਮੁਕਾਮ ਬਣਾ ਲਿਆ। ਇਸ ਮੁਕਾਮ ਦੌਰਾਨ ਉਸ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ।

ਜਦੋਂ ਜਹਾਨ ਖਾਂ ਦੀ ਇਸ ਵਧੀਕੀ ਦੀ ਖ਼ਬਰ ਜਥੇਦਾਰ ਭਾਗ ਸਿੰਘ ਨੇ ਤਲਵੰਡੀ ਸਾਬੋ ਵਿਖੇ ਆ ਕਾ ਬਾਬਾ ਦੀਪ ਸਿੰਘ ਨੂੰ ਦਿੱਤੀ ਤਾਂ ਉਨ੍ਹਾਂ ਦਾ ਖ਼ੂਨ ਉਬਾਲੇ ਖਾਣ ਲੱਗਾ। ਅਰਦਾਸਾ ਸੋਧ ਕੇ ਬਾਬਾ ਜੀ ਨੇ 18 ਸੇਰ ਦਾ ਖੰਡਾ ਉਠਾ ਲਿਆ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦਿੱਤੇ।

ਦਮਦਮਾ ਸਾਹਿਬ ਤੋਂ ਚੱਲਣ ਸਮੇਂ ਉਨ੍ਹਾਂ ਨਾਲ ਕੁਝ ਗਿਣਤੀ ਦੇ ਹੀ ਸਿੰਘ ਸਨ ਪਰ ਰਸਤੇ ਵਿੱਚ ਜੱਥੇਦਾਰ ਗੁਰਬਖਸ਼ ਸਿੰਘ ਆਨੰਦਪੁਰੀ ਵੀ ਆ ਰਲਿਆ।ਚੱਲਦਿਆਂ-ਚਲਦਿਆਂ ਕਾਫ਼ਲਾ ਵੱਧਦਾ ਗਿਆ। ਬਾਬਾ ਜੀ ਨੇ ਇਸ ਢੰਗ ਨਾਲ ਵੰਗਾਰਿਆ ਕਿ ਤਰਨਤਾਰਨ ਤੱਕ ਪਹੁੰਚ ਕੇ ਲਾੜੀ ਮੌਤ ਨੂੰ ਵਰਨ ਜਾ ਰਹੇ ਸਿੰਘਾਂ ਦੀ ਗਿਣਤੀ ਸੈਕੜਿਆਂ ਤੋਂ ਹਜਾਰਾਂ ਤੱਕ ਪਹੁੰਚ ਗਈ। ਇੱਥੇ ਆ ਕੇ ਬਾਬਾ ਜੀ ਨੇ ਆਪਣੇ ਖੰਡੇ ਨਾਲ ਇੱਕ ਲਕੀਰ ਵਾਹ ਦਿਤੀ ਤੇ ਕਿਹਾ ਕਿ "ਜਿਸ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਅ ਹੈ ਉਹ ਟੱਪ ਜਾਵੇ ਅਤੇ ਜਿਸ ਨੂੰ ਮੌਤ ਤੋਂ ਡਰ ਲੱਗਦਾ ਹੈ ਉਹ ਪਿਛਾਂਹ ਹੱਟ ਜਾਵੇ"। ਪਰ ਜਿਹੜਾ ਵੀ ਕਾਫ਼ਲਾ ਹੁਣ ਤੱਕ ਬਾਬਾ ਜੀ ਨਾਲ ਜੁੜ ਚੁੱਕਿਆ ਸੀ ਉਹ ਸਾਰਾ ਹੀ ਸ਼ਹੀਦੀਆਂ ਦਾ ਚਾਅ ਲੈ ਕੇ ਆਇਆ ਸੀ। ਇਸ ਕਰਕੇ ਸਾਰਾ ਕਾਫ਼ਲਾ ਹੀ ਲਕੀਰ ਪਾਰ ਕਰ ਗਿਆ ਅਤੇ ਬਾਬਾ ਜੀ ਨੇ ਖ਼ੁਸ਼ੀ ਵਿੱਚ ਜੈਕਾਰਾ ਛੱਡ ਦਿੱਤਾ।

ਦੂਜੇ ਪਾਸੇ ਜਹਾਨ ਖਾਂ ਨੂੰ ਜਦੋਂ ਬਾਬਾ ਜੀ ਦੇ ਕਾਫ਼ਲੇ ਦੀ ਅੰਮ੍ਰਿਤਸਰ ਵੱਲ ਆਉਣ ਦੀ ਖ਼ਬਰ ਮਿਲੀ ਤਾਂ ਉਸ ਨੇ ਆਪਣੇ ਇੱਕ ਜਰਨੈਲ ਅਤਈ ਖਾਂ ਦੀ ਅਗਵਾਈ ਵਿੱਚ ਇੱਕ ਵੱਡੀ ਫ਼ੌਜ ਸਿੰਘਾਂ ਦਾ ਰਾਹ ਰੋਕਣ ਲਈ ਭੇਜ ਦਿੱਤੀ। ਗੋਹਲਵੜ ਨੇ ਸਥਾਨ 'ਤੇ ਲਹੂ ਡੋਲਵੀਂ ਲੜਾਈ ਹੋਈ। ਸਿੰਘਾਂ ਦੇ ਜੈਕਾਰਿਆਂ ਅਤੇ ਲਲਕਾਰਿਆਂ ਨਾਲ ਅਫ਼ਗਾਨੀ ਫ਼ੌਜਾਂ ਦੇ ਹੌਂਸਲੇ ਪਸਤ ਹੋਣ ਲੱਗੇ ਅਤੇ ਉਹ ਪਿਛਲਖ਼ੁਰੀ ਹੋਣ ਲੱਗੀਆਂ ।

ਇਸ ਸਮੇਂ ਦੌਰਾਨ ਯਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਬਾਬਾ ਦੀਪ ਸਿੰਘ ਜੀ ਨਾਲ ਮੁਕਾਬਲੇ 'ਤੇ ਆ ਗਏ।ਯਕੂਬ ਖਾਂ ਅਤੇ ਬਾਬਾ ਜੀ ਵਿਚਲੇ ਫਸਵੀਂ ਟੱਕਰ ਹੋਈ ਪਰ ਯਕੂਬ ਖਾਂ ਬਾਬਾ ਜੀ ਦੇ ਵਾਰ ਦੀ ਤਾਬ ਨਾ ਝੱਲ ਸਕਿਆ।ਯਕੂਬ ਖਾਂ ਨੂੰ ਢੇਰੀ ਹੁੰਦਿਆਂ ਦੇਖ ਕੇ ਇੱਕ ਹੋਰ ਅਫ਼ਗਾਨੀ ਜਵਾਨ ਅਸਮਾਨ ਖਾਂ ਵੀ ਮੈਦਾਨ-ਏ-ਜੰਗ ਵਿਚ ਆ ਨਿੱਤਰਿਆ।ਦੋਹਾਂ ਦੇ ਸਾਂਝੇ ਵਾਰ ਨਾਲ ਬਾਬਾ ਜੀ ਦਾ ਸੀਸ ਧੜ ਨਾਲੋਂ ਵੱਖ ਹੋ ਗਿਆ।

ਨਾਲ ਦੇ ਇੱਕ ਸਿੰਘ ਨੇ ਜਦੋਂ ਬਾਬਾ ਦੀਪ ਸਿੰਘ ਨੂੰ ਅਰਦਾਸ ਸਮੇਂ ਕੀਤਾ ਹੋਇਆ ਪ੍ਰਣ ਯਾਦ ਕਰਵਾਇਆ ਤਾਂ ਉਹ ਕੱਟੇ ਹੋਏ ਸੀਸ ਨੂੰ ਆਪਣੇ ਖੱਬੇ ਹੱਥ ਦਾ ਆਸਰਾ ਦੇ ਕੇ ਸੱਜੇ ਹੱਥ ਵਿਚ ਫੜੇ ਹੋਏ ਖੰਡੇ ਨਾਲ ਦੁਸ਼ਮਣਾਂ ਦੇ ਆਹੂ ਲਾਹੁਣ ਲੱਗ ਪਏ।ਆਪਣੇ ਕੀਤੇ ਹੋਏ ਪ੍ਰਣ ਨੂੰ ਨਿਭਾਅ ਕੇ ਬਾਬਾ ਦੀਪ ਸਿੰਘ ਜੀ ਨੇ ਆਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਭੇਟ ਕਰ ਦਿੱਤਾ ਅਤੇ 11 ਨਵੰਬਰ 1760 ਈ. ਨੂੰ ਸ਼ਹਾਦਤ ਦਾ ਜਾਮ ਪੀ ਗਏ।

# ਸ਼ਾਸਨ ਪ੍ਰਸ਼ਾਸਨ ਵਿਚ ਹਿੱਸੇਦਾਰ ਬਣਕੇ ਹੀ ਬਹੁਜਨ ਸਮਾਜ ਜ਼ਿੰਦਗੀ ਦੇ ਹਰ ਪਹਿਲੂ 'ਚ ਅੱਗੇ ਵਧ ਸਕਦਾ ਹੈ



ਲਾਲ ਸਿੰਘ ਸੁਲਹਾਣੀ
91-98721-55120

ਪੰਜਾਬ ਦੀ ਆਰਥਿਕ ਤੌਰ ਤੇ ਸਾਧਨ ਸੰਪੰਨ ਤੇ ਰਾਜਨੀਤਕ ਤੌਰ ਤੇ ਚੇਤੰਨ ਪਛੜੀਆਂ ਸ਼੍ਰੇਣੀਆਂ ਚੋਂ ਅੱਗੇ ਵਧੀ ਕੰਬੋਜ਼ ਬਰਾਦਰੀ ਦੇ ਇਕ ਸਾਹਿਬੇ ਜਾਇਦਾਦ ਤੇ ਪੜ੍ਹੇ ਲਿਖੇ ਵਿਅਕਤੀ ਕਰਨਲ ਚਰਨਦੀਪ ਸਿੰਘ (ਸੀ। ਡੀ। ਸਿੰਘ) ਕੰਬੋਜ਼ ਨੂੰ ਮੋਹਨ ਸਿੰਘ ਫਲੀਆਂ ਵਾਲਾ ਨੂੰ ਹਟਾਕੇ ਬਹੁਜਨ ਸਮਾਜ ਪਾਰਟੀ ਪੰਜਾਬ ਦਾ ਪ੍ਰਧਾਨ ਬਣਾ ਦਿੱਤਾ ਗਿਆ। ਹਰਭਜਨ ਲਾਖਾ ਜੀ ਨੇ ਆਪਣੇ ਇਕ ਚੇਲੇ ਮਾਹਲਪੁਰ ਦੇ ਵਿਧਾਇਕ ਅਵਤਾਰ ਸਿੰਘ ਕਰੀਮਪੁਰੀ ਨੂੰ ਆਪਣੀ ਥਾਂ ਤੇ ਜਨਰਲ ਸਕੱਤਰ ਬਣਵਾ ਦਿੱਤਾ। ਉਹਨੇ ਪੰਜਾਬ ਵਿਚ ਨਵੀਂ ਸਫਬੰਦੀ ਕਰਨੀ ਸ਼ੁਰੂ ਕਰ ਦਿੱਤੀ। ਇਥੋਂ ਤਕ ਕਿ ਉਹਨੇ ਨਵ ਨਿਯੁਕਤ ਪ੍ਰਧਾਨ ਨੂੰ ਆਪਣੇ ਪ੍ਰਭਾਵ ਥੱਲੇ ਰੱਖਣ ਦੇ ਯਤਨ ਆਰੰਭ ਕਰ ਦਿੱਤੇ। ਕੂਪਨਾਂ ਦੀ ਵੰਡ ਸਮੇਂ ਜਨਰਲ ਸਕੱਤਰ ਵਲੋਂ ਪੰਜਾਬ ਪਰਧਾਨ ਨਾਲ ਸਰਕਟ ਜਲੰਧਰ ਦੀ ਮੀਟਿੰਗ ਵਿੱਚ ਕੀਤਾ ਗਿਆ ਅਪਮਾਨ-ਜਨਕ ਵਿਹਾਰ ਪੰਜਾਬ ਬਸਪਾ ਕਾਰਕੁਨਾਂ ਚ ਚਰਚਾ ਦਾ ਵਿਸ਼ਾ ਬਣ ਚੁੱਕਾ ਸੀ । ਬਿੱਲੀ ਨੇ ਸ਼ੇਰ ਪੜ੍ਹਾਇਆ ਤੇ ਉਹ ਬਿੱਲੀ ਨੂੰ ਖਾਣ ਆਇਆ ਦੀ ਕਹਾਵਤ ਮੁਤਾਬਕ ਆਪਣੇ ਸਿਆਸੀ ਗੁਰੂ ਲਾਖੇ ਨੂੰ ਖੁੱਡੇ ਲਾਈਨ ਲਾਉਣ ਲਈ ਸਾਜਸ਼ਾਂ ਘੜਨ ਲੱਗ ਗਿਆ। ਜਦੋਂ ਕਿ ਵਿਧਾਨ ਸਭਾ ਚ ਵਿਰੋਧੀ ਧਿਰ ਦੇ ਆਗੂ ਸਤਨਾਮ ਸਿੰਘ ਕੈਂਥ ਨਾਲ ਉਹਦਾ ਪਹਿਲਾਂ ਹੀ 36 ਦਾ ਅੰਕੜਾ ਸੀ। ਮੈਂ ਪੰਜਾਬ ਬਸਪਾ ਦਾ ਉਪ ਪ੍ਰਧਾਨ ਸੀ ਤੇ ਮੇਜਰ ਪਿਰਤਪਾਲ ਸਿੰਘ ਕਿਸਾਨ ਵਿੰਗ ਪੰਜਾਬ ਦਾ ਪ੍ਰਧਾਨ ਸੀ ਤੇ ਚੌਧਰੀ ਦਰਸ਼ਨ ਲਾਲ ਦੁਆਬਾ ਖੇਤਰ ਦਾ ਇੰਚਾਰਜ। ਅਸੀਂ ਇਸ ਨਵੇਂ ਵਰਤਾਰੇ ਪ੍ਰਤੀ ਸੁਚੇਤ ਸਾਂ ਤੇ ਬਸਪਾ ਮੁਖੀ ਸਾਹਿਬ ਕਾਂਸ਼ੀ ਰਾਮ ਨੂੰ ਇਸ ਬਾਰੇ ਜਾਣੂ ਕਰਵਾਉਣ ਲਈ ਮਿਲਣ ਦਾ ਸਮਾਂ ਮੰਗ ਲਿਆ। ਉਹਨਾਂ ਨੇ ਸਾਨੂੰ ਸ਼ਹੀਦ ਲੀਲਾ ਰਾਮ ਦੀ ਯਾਦ ਵਿਚ ਜੀਂਦ (ਹਰਿਆਣਾ) ਵਿਖੇ ਕੀਤੇ ਜਾ ਰਹੇ ਭਾਰਤੀ ਹਿੱਸੇਦਾਰੀ ਸੰਮੇਲਨ ਵਿਚ 28 ਨਵੰਬਰ 1995 ਨੂੰ ਬੁਲਾ ਲਿਆ ਤੇ ਸੰਮੇਲਨ ਸ਼ੁਰੂ ਹੋਣ ਤੋਂ ਪਹਿਲਾਂ ਜੀਂਦ ਦੇ ਰੈਸਟ ਹਾਊਸ ਵਿੱਚ ਪੁੱਜਣ ਲਈ ਆਖਿਆ । ਸਾਬਕਾ ਮੈਂਬਰ ਪਾਰਲੀਮੈਂਟ ਹਰਭਜਨ ਲਾਖਾ ਸਹਿਤ ਜਦੋਂ ਅਸੀਂ ਸਾਹਿਬ ਨੂੰ ਮਿਲੇ ਤਾਂ ਉਹਨਾਂ ਨੇ ਜਿਉਂ ਹੀ ਪੰਜਾਬ ਚ ਬਸਪਾ ਦੀਆਂ ਗਤੀਵਿਧੀਆਂ ਬਾਰੇ ਪੁੱਛਿਆ ਤਾਂ ਲਾਖਾ ਇਕ ਦਮ ਕਹਿਣ ਲੱਗੇ ਕਿ ਸੱਭ ਕੁਝ ਬਿਲਕੁੱਲ ਠੀਕ ਚਲ ਰਿਹਾ ਹੈ ਜੀ ਤਾਂ ਮੇਜਰ ਪਿਰਤਪਾਲ ਕਹਿਣ ਲੱਗੇ ਕਿ ਸਾਹਿਬ ਲਾਖਾ ਜੀ ਆਪ ਨੂੰ ਸਹੀ ਰਿਪੋਰਟ ਨਹੀਂ ਦੇ ਰਹੇ ਪੰਜਾਬ ਵਿਚ ਸਭ ਅੱਛਾ ਨਹੀਂ ਹੈ। ਅਸੀ ਵਿਸਥਾਰ ਨਾਲ ਉਹਨਾਂ ਨੂੰ ਪੰਜਾਬ ਦੇ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ ਤਾਂ ਉਹ ਗੰਭੀਰ ਹੁੰਦਿਆਂ ਲਾਖਾ ਜੀ ਨੂੰ ਕੋਸਣ ਲੱਗੇ।

ਉਸ ਉਪਰੰਤ ਅਸੀਂ ਸਾਹਿਬ ਨਾਲ ਰੈਲੀ ਸਥਾਨ ਤੇ ਹੁਡਾ ਕੰਪਲੈਕਸ ਮੈਦਾਨ ਚ ਪੁੱਜ ਗਏ। ਅੱਖਾਂ ਵਿਛਾਈ ਬੈਠੇ ਹਰਿਆਣਾ ਦੇ ਉਤਸ਼ਾਹੀ ਕਾਰਜਕਰਤਾਵਾਂ ਨੇ ਢੋਲ ਢਮਕਿਆਂ ਨਾਲ ਆਪਣੇ ਮਸੀਹਾ ਤੇ ਬਹੁਜਨ ਨਾਇਕ ਸਾਹਿਬ ਕਾਂਸ਼ੀ ਰਾਮ ਦਾ ਜ਼ੋਰਦਾਰ ਸੁਆਗਤ ਕੀਤਾ।

ਬਸਪਾ ਦੀ ਇਤਿਹਾਸਕ ਰੈਲੀ ਨੂੰ ਸ੍ਰੀ ਅਮਨ ਕੁਮਾਰ ਨਾਗਰਾ ਪ੍ਰਧਾਨ ਬਸਪਾ ਹਰਿਆਣਾ, ਕਰਨਲ ਸੀ ਡੀ ਸਿੰਘ ਕੰਬੋਜ ਪ੍ਰਧਾਨ ਬਸਪਾ ਪੰਜਾਬ, ਮੇਜਰ ਪਿਰਤਪਾਲ ਸਿੰਘ ਪ੍ਰਧਾਨ ਕਿਸਾਨ ਵਿੰਗ ਪੰਜਾਬ , ਸ੍ਰੀਮਤੀ ਸੁਖਵਿੰਦਰ ਕੌਰ ਸੈਣੀ ਪ੍ਰਧਾਨ ਇਸਤਰੀ ਵਿੰਗ ਬਸਪਾ ਪੰਜਾਬ , ਡਾਕਟਰ ਬਲਦੇਵ ਸੈਣੀ ਕੁਰਕਸ਼ੇਤਰ, ਲਛਮਣ ਰਾਮ ਜਮੁਨਾ ਨਗਰ, ਦਲਸ਼ੇਰ ਸਿੰਘ ਜੀਂਦ, ਕਾਲੂ ਰਾਮ ਨਿਲਹਾਨੀ ਸਿਰਸਾ, ਸੂਰਜ ਸਿੰਘ ਜਾਂਗੜਾ ਲੁਹਾਰੂ ਭਿਵਾਨੀ, ਜੀ ਪੀ ਨਿੰਬਲ ਪਰੈਸ ਸਕੱਤਰ, ਸ੍ਰੀ ਮਤੀ ਫੂਲ ਬਾਈ ਜਰਨਲ ਸਕੱਤਰ ਬਸਪਾ ਮਹਿਲਾ ਵਿੰਗ ਹਰਿਆਣਾ, ਮਹਿੰਦਰ ਪੰਚਾਲ, ਕਰਨੈਲ ਸਿੰਘ ਔਡਾਂ, ਰਣਵੀਰ ਸਿੰਘ, ਰਾਧਾ ਕਿਸ਼ਨ ਬਾਲਮੀਕ, ਬਜੀਰ ਸਿੰਘ , ਸੀਤਾ ਰਾਮ ਕਸ਼ਿਅਪ, ਵੇਦ ਪ੍ਰਕਾਸ਼ , ਨਰ ਸਿੰਘ ਮੇਘਵਾਲ ਪ੍ਰਧਾਨ ਸਟੂਡੈਂਟਸ ਵਿੰਗ ਬਸਪਾ ਹਰਿਆਣਾ ਦੇ ਵਿਚਾਰ ਸੁਣਨ ਤੋਂ ਬਾਅਦ ਬਸਪਾ ਸੁਪ੍ਰੀਮੋ ਸਾਹਿਬ ਕਾਂਸ਼ੀ ਰਾਮ ਜੀ ਨੇ ਮਾਈਕ ਸੰਭਾਲਦਿਆਂ ਖੁਸ਼ੀ ਦੇ ਰੌਂਅ ਚ ਆਖਿਆ ਕਿ ਇਸ ਖੇਤਰ ਚ ਹੜ੍ਹਾਂ ਕਾਰਨ ਖਰਾਬ ਹੋਈ ਸਥਿਤੀ ਦੇ ਬਾਵਜੂਦ ਆਪ ਆਪਣੇ ਛੋਟੇ ਛੋਟੇ ਸਾਧਨਾਂ ਦਾ ਇਸਤੇਮਾਲ ਕਰਕੇ ਭਾਰੀ ਗਿਣਤੀ ਵਿਚ ਇਕੱਠੇ ਹੋਏ ੳ। ਇਹ ਖੁਸ਼ੀ ਦੀ ਗੱਲ ਹੈ। ਜੇ ਆਪ ਦੋ ਪਹੀਏ ਦੋ ਪੈਰਾਂ ਦਾ ਇਸਤੇਮਾਲ ਕਰਕੇ ਇਧਰ ਆਉਂਦੇ ਤਾਂ ਇਸ ਤੋਂ ਵੀ ਜ਼ਿਆਦਾ ਖੁਸੀ ਹੁੰਦੀ। ਜੇ ਬਹੁਜਨ ਸਮਾਜ ਨੇ ਆਪਣੇ ਅਸਲੀ ਟਿਕਾਣੇ ਤੇ ਪੁੱਜਣਾ ਹੈ ਤਾਂ ਉਸਨੂੰ ਆਪਣੇ ਛੋਟੇ ਛੋਟੇ ਸਾਧਨਾਂ ਦਾ ਵਡੇ ਪੱਧਰ ਤੇ ਇਸਤੇਮਾਲ ਕਰਨਾ ਚਾਹੀਦਾ ਹੈ। ਜੇਕਰ ਲੋਕ ਜੀਂਦ ਦੇ ਨੇੜਲੇ ਵੀਹ ਕਿਲੋਮੀਟਰ ਤੋਂ ਹੱਥਾਂ ਵਿਚ ਨੀਲੇ ਝੰਡੇ ਤੇ ਬੈਨਰ ਫੜਕੇ ਪੈਦਲ ਅਤੇ100- 150 ਕਿਲੋਮੀਟਰ ਤੋਂ ਬਾਈ ਸਾਈਕਲਾਂ ਤੇ ਨੀਲੇ ਝੰਡੇ ਲਾਕੇ ਨਾਅਰੇ ਮਾਰਦੇ ਕਾਫਲੇ ਬਣਾ ਕੇ ਆਉਂਦੇ ਤਾਂ ਇਸ ਦਾ ਵੱਖ਼ਰਾ ਈ ਪ੍ਰਭਾਵ ਹੁੰਦਾ। ਦੋ ਪੈਰਾਂ ਅਤੇ ਦੋ ਪਹੀਆਂ ਤੇ ਚਲਣ ਵਾਲਿਆਂ ਦੀ ਮੂਵਮੈਂਟ ਕਦੇ ਫੇਲ੍ਹ ਨਹੀਂ ਹੋ ਸਕਦੀ। ਪਰ ਮੈਨੂੰ ਕਿਸੇ ਕੋਨੇ ਚ ਸਾਈਕਲ ਖੜ੍ਹੇ ਨਜ਼ਰ ਨਹੀਂ ਆਉਂਦੇ। ਫਿਰ ਵੀ ਆਪ ਛੋਟੇ ਛੋਟੇ ਸਾਧਨ ਲੈਕੇ, ਆਪ ਆਪਣਾ ਥੋੜ੍ਹਾ ਥੋੜ੍ਹਾ ਧਨ ਇਕੱਠਾ ਕਰਕੇ, ਸਾਧਨ ਕਿਰਾਏ ਤੇ ਲੈਕੇ ਪੁੱਜੇ ੳ ਖੁਸ਼ੀ ਦੀ ਗੱਲ ਹੈ। ਭਾਰਤੀ ਹਿੱਸੇਦਾਰੀ ਅੰਦੋਲਨ ਦਾ ਜ਼ਿਕਰ ਕਰਦਿਆਂ ਉਹਨਾਂ ਨੇ ਆਖਿਆ ਕਿ ਇਹ ਅੰਦੋਲਨ ਵੀ ਦੂਜੇ ਅੰਦੋਲਨਾਂ ਦੀ ਤਰ੍ਹਾਂ ਸਾਡੀ ਮੂਵਮੈਂਟ ਦਾ ਇਕ ਅਹਿਮ ਅੰਗ ਹੈ। ਜਿਵੇਂ ਭਾਰਤੀ ਕਿਸਾਨ ਮਜ਼ਦੂਰ ਅੰਦੋਲਨ, ਭਾਰਤੀ ਸਫਾਈ ਮਜ਼ਦੂਰ ਅੰਦੋਲਨ, ਭਾਰਤੀ ਦਸਤਕਾਰ ਅੰਦੋਲਨ, ਭਾਰਤੀ ਸਰਨਾਰਥੀ ਅੰਦੋਲਨ ਹੈ ਓਸੇ ਤਰ੍ਹਾਂ ਭਾਰਤੀ ਹਿੱਸੇਦਾਰੀ ਇਕ ਵੱਡੇ ਪੱਧਰ ਦਾ ਅੰਦੋਲਨ ਹੈ। ਬਹੁਜਨ ਸਮਾਜ ਦੀ ਹਿੱਸੇਦਾਰੀ ਜ਼ਿੰਦਗੀ ਦੇ ਹਰ ਪਹਿਲੂ ਵਿਚ ਹੋਣੀ ਚਾਹੀਦੀ ਹੈ। ਲੇਕਿਨ ਸ਼ਾਸਨ ਪ੍ਰਸ਼ਾਸਨ ਵਿਚ ਤਾਂ ਬਹੁਤ ਜ਼ਰੂਰੀ ਹੈ। ਕਿਉਂਕਿ ਜਿਨ੍ਹਾਂ ਲੋਕਾਂ ਦੀ ਸ਼ਾਸਨ ਪ੍ਰਸ਼ਾਸਨ ਵਿਚ ਹਿੱਸੇਦਾਰੀ ਨਹੀਂ ਹੁੰਦੀ, ਹਕੂਮਤ ਵਿਚ ਹਿੱਸੇਦਾਰੀ ਨਹੀਂ ਹੁੰਦੀ, ਉਹ ਜ਼ਿੰਦਗੀ ਦੇ ਹਰ ਪਹਿਲੂ ਵਿਚ ਪਿਛੇ ਰਹਿ ਜਾਂਦੇ ਹਨ।

ਬਾਬਾ ਸਾਹਿਬ ਅੰਬੇਡਕਰ ਨੇ ਪੜ੍ਹਾਈ ਲਿਖਾਈ ਦਾ ਪ੍ਰਬੰਧ ਕਰਕੇ, ਸਹੂਲਤਾਂ ਹਾਸਲ ਕਰਕੇ, ਰਿਜ਼ਰਵੇਸ਼ਨ ਦਾ ਇੰਤਜ਼ਾਮ ਕਰਕੇ ਪ੍ਰਸ਼ਾਸਨ ਵਿਚ ਵੱਡੇ ਪਧਰ ਤੇ ਹਿੱਸੇਦਾਰੀ ਕਰਵਾਈ ਹੈ। ਲੇਕਿਨ ਸ਼ਾਸਨ ਵਿਚ ਹਿੱਸੇਦਾਰੀ ਲਈ ਬਹੁਜਨ ਸਮਾਜ ਨੂੰ ਆਪਣੇ ਬਲਬੂਤੇ ਤੇ ਆਪਣੇ ਆਪ ਨੂੰ ਤਿਆਰ ਕਰਨਾ ਪਵੇਗਾ। ਪ੍ਰਸ਼ਾਸਨ ਵਿਚ ਹਿੱਸੇਦਾਰੀ ਸਾਨੂੰ ਸਾਡੇ ਬਜ਼ੁਰਗਾਂ ਦੇ ਸੰਘਰਸ਼ ਦੀ ਬਦੌਲਤ ਹਾਸਲ ਹੋਈ ਹੈ। ਲੇਕਿਨ ਸ਼ਾਸਨ ਵਿਚ ਹਿੱਸੇਦਾਰੀ ਲਈ ਆਪਣੇ ਆਪ ਨੂੰ ਤਿਆਰ ਕਰਕੇ, ਸਮਾਜ ਨੂੰ ਤਿਆਰ ਕਰਕੇ ਸੰਘਰਸ਼ ਕਰਨਾ ਹੋਵੇਗਾ। ਹਰਿਆਣਾ ਪ੍ਰਦੇਸ਼ ਚੋਂ 10 ਮੈਂਬਰ ਪਾਰਲੀਮੈਂਟ ਤੇ 90 ਵਿਧਾਇਕ ਚੁਣ ਕੇ ਜਾਂਦੇ ਹਨ। ਉਹਨਾਂ ਵਿਚ ਹਿੱਸੇਦਾਰੀ ਲਈ ਆਪਣੇ ਆਪ ਨੂੰ ਤਿਆਰ ਕਰਨਾ ਹੋਵੇਗਾ। ਸਮਾਜ ਨੂੰ ਤਿਆਰ ਕਰਨਾ ਹੋਵੇਗਾ। ਜੇ ਉਤਰ ਪ੍ਰਦੇਸ਼ ਵਿਚ ਅਜਿਹਾ ਹੋ ਸਕਦਾ ਹੈ ਤਾਂ ਹਰਿਆਣਾ ਪ੍ਰਦੇਸ਼ ਚ ਕਿਉਂ ਨਹੀਂ ਹੋ ਸਕਦਾ। ਉਤਰ ਪ੍ਰਦੇਸ਼ ਦੇ ਮੁਕਾਬਲੇ ਹਰਿਆਣਾ ਬਹੁਤ ਛੋਟਾ ਸੂਬਾ ਹੈ। ਏਥੇ ਮਅਨ-ਅਗਏ (ਪ੍ਰਬੰਧ) ਕਰਨਾ ਆਸਾਨ ਕੰਮ ਹੈ। ਹਰਿਆਣਾ ਚ ਕਈ ਕਿਸਮ ਦੀਆਂ ਪਾਰਟੀਆਂ ਹਨ। ਕਾਂਗਰਸ ਪਾਰਟੀ ਜੋ ਦੇਸ ਵਿਆਪੀ ਪਾਰਟੀ ਹੈ ਉਹ ਭੀ ਇਧਰ ਹੈ, ਭਾਰਤੀ ਜਨਤਾ ਪਾਰਟੀ, ਸਮਾਜਵਾਦੀ ਪਾਰਟੀ, ਜਨਤਾ ਪਾਰਟੀ, ਹਰਿਆਣਾ ਵਿਕਾਸ ਪਾਰਟੀ ਹੈ ਸਭ ਜੀਂਦ ਵਿਚ ਰੈਲੀਆਂ ਰੱਖਣਾ ਚਾਹੁਣਗੇ। ਜਿਵੇਂ ਪਾਣੀਪਤ ਲੜਾਈ ਲਈ ਮਸ਼ਹੂਰ ਹੈ ਇਉਂ ਹੀ ਜੀਂਦ ਰਾਜਨੀਤਕ ਲੜਾਈ ਲਈ ਮਸ਼ਹੂਰ ਹੈ।ਖ਼ਾਸ ਕਰ ਕੇ ਉਸ ਮੈਦਾਨ ਵਿਚ ਜਿਧਰ ਆਪ ਲੋਕ ਇਕੱਠੇ ਹੋਏ ੳ। ਤੁਹਾਡੇ ਵਲੋਂ ਕੀਤੇ ਗਏ ਭਾਰੀ ਇਕੱਠ ਨਾਲ ਜਿੱਥੇ ਤੁਹਾਡਾ ਹੌਸਲਾ ਵਧਿਆ ਹੈ ਉਥੇ ਦੁਸ਼ਮਣ ਦਾ ਹੌਸਲਾ ਪਸਤ ਹੋਇਆ ਹੈ। ਇਸ ਤਰ੍ਹਾਂ ਦੇ ਇਕੱਠ ਹਰਿਆਣਾ ਦੇ ਦਸ ਹਿੱਸਿਆਂ 'ਚ ਕਰਕੇ ਆਪਣਾ ਹੌਸਲਾ ਵਧਾਉਣਾ ਹੋਵੇਗਾ। ਅੰਬਾਲਾ ਕੈਂਟ ਦਾ ਗਾਂਧੀ ਮੈਦਾਨ ਓਵਰ ਫਲੋਅ ਕਰਕੇ ਦੁਸ਼ਮਣ ਦਾ ਹੌਂਸਲਾ ਪਸਤ ਕਰਨਾ ਹੋਵੇਗਾ।

ਉਹਨਾਂ ਨੇ ਆਖਿਆ ਕਿ ਅਸੀਂ ਇਕ ਨਾਅਰਾ ਲਾਉਂਦੇ ਹਾਂ "ਜੋ ਜ਼ਮੀਨ ਸਰਕਾਰੀ ਹੈ, ਵੋਹ ਜ਼ਮੀਨ ਹਮਾਰੀ ਹੈ"

ਉਤਰ ਪ੍ਰਦੇਸ਼ 'ਚ 18 ਮਹੀਨੇ ਗਠਜੋੜ ਦੀ ਸਰਕਾਰ ਤੇ ਸਾਢੇ 4 ਮਹੀਨੇ ਆਪਣੇ ਬਲਬੂਤੇ ਤੇ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਬਣਾਕੇ ਐਨੀ ਜ਼ਮੀਨ ਪਿੰਡਾਂ ਦੇ ਬੇਜ਼ਮੀਨੇ ਲੋਕਾਂ ਵਿਚ ਵੰਡੀ ਹੈ ਜਿੰਨੀ ਦੇਸ ਦੇ ਸਾਰੇ ਸੂਬਿਆਂ

**(ਬਾਕੀ ਸਫਾ 30 'ਤੇ)**

# ਪੰਜਾਬ ਦੇ ਕਾਂਗਰਸੀ ਆਪਣਾ ਆਲ੍ਹਣਾ ਬਣਾਉਣ ਅਤੇ ਢਾਹੁਣ ਵਿੱਚ ਮੋਹਰੀ

ਪੰਜਾਬ ਕਾਂਗਰਸ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੰਘ ਸਿੱਧੂ ਦਾ ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿੱਚ ਇਕਸੁਰਤਾ ਨਾਲ ਨਿਭਣਾ ਸ਼ੁਭ ਸੰਕੇਤ ਦੇ ਰਿਹਾ ਹੈ। ਪ੍ਰੰਤੂ ਪਿਛਲੇ ਸਮਝੌਤਿਆਂ ਦੇ ਮੱਦੇ ਨਜ਼ਰ ਇਸ ਇਕਸੁਰਤਾ ਦਾ ਲੰਬੇ ਸਮੇਂ ਲਈ ਚਲਣਾ ਅਸੰਭਵ ਲਗਦਾ ਹੈ। ਕਿਉਂਕਿ ਪੰਜਾਬ ਕਾਂਗਰਸ ਵਿੱਚ ਕੁਰਸੀ ਯੁਧ ਦਾ ਘਮਾਸਾਨ ਜ਼ੋਰ ਸ਼ੋਰ ਨਾਲ ਚਲਦਾ ਰਿਹਾ ਹੈ। ਮੁੱਖ ਮੰਤਰੀ ਬਦਲਣ ਤੋਂ ਬਾਅਦ ਵੀ ਉਹੀ ਖਿਚੋਤਾਣ ਬਰਕਰਾਰ ਰਹੀ ਹੈ। ਕਾਂਗਰਸੀ ਨੇਤਾ ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਕੁਰਸੀ ਹਥਿਆਉਣ ਤੋਂ ਬਾਅਦ ਖੁਦ ਵੀ ਸਾਰੇ ਉਸੇ ਕੁਰਸੀ ‘ਤੇ ਟਪੂਸੀ ਮਾਰਕੇ ਚੜ੍ਹਨ ਲਈ ਜਦੋਜਹਿਦ ਕਰ ਰਹੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਕੁਰਸੀ ਖਾਲੀ ਨਹੀਂ ਪ੍ਰੰਤੂ ਨੇਤਾ ਮੁੱਦਿਆਂ ਦੀ ਆੜ ਵਿੱਚ ਕੁਰਸੀ ਦੀ ਲੜਾਈ ਵਿੱਚ ਉਲਝੇ ਪਏ ਹਨ। ਮੁੱਖ ਮੰਤਰੀ ਨੂੰ ਬਦਲਣ ਦੀ ਮੰਗ ਸਮੇਂ, ਉਨ੍ਹਾਂ ਵੱਲੋਂ ਉਠਾਏ ਗਏ ਮੁੱਦੇ ਖੂਹ ਖਾਤੇ ਪੈ ਗਏ ਲਗਦੇ ਹਨ। ਉਨ੍ਹਾਂ ਨੂੰ ਉਦੋਂ ਵੀ ਪਤਾ ਸੀ ਕਿ ਇੰਨੇ ਥੋੜ੍ਹੇ ਸਮੇਂ ਵਿੱਚ ਸਾਰੇ ਵਾਅਦੇ ਪੂਰੇ ਨਹੀਂ ਕੀਤੇ ਜਾ ਸਕਣਗੇ? ਮੁੱਖ ਮੰਤਰੀ ਦੀ ਕੁਰਸੀ ਖੋਹਣ ਵਿੱਚ ਤਾਂ ਸਾਰੇ ਇਕਜੁੱਟ ਸਨ ਪ੍ਰੰਤੂ ਕੁਰਸੀ ‘ਤੇ ਕਾਬਜ਼ ਹੋਣ ਲਈ ਅੱਡੋ ਫਾਟੀ ਹੋ ਕੇ ਤਰਲੋਮੱਛੀ ਹੋ ਰਹੇ ਹਨ। ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿੱਚ ਸਰਕਾਰ ਨੂੰ ਵਿਰੋਧੀਆਂ ਵੱਲੋਂ ਨਿੰਦਣਾ ਤਾਂ ਕੁਦਰਤੀ ਹੈ ਪ੍ਰੰਤੂ ਆਪਣਿਆਂ ਵੱਲੋਂ ਲੱਤਾਂ ਖਿਚਣ ਤੋਂ ਲੋਕਾਂ ਵਿੱਚ ਪ੍ਰਭਾਵ ਚਲਿਆ ਗਿਆ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਕਰਕੇ ਨਹੀਂ ਹਟਾਇਆ ਗਿਆ ਸਗੋਂ ਕੁਰਸੀ ਪ੍ਰਾਪਤ ਕਰਨਾ ਮੁੱਖ ਮੰਤਵ ਸੀ। ਚਰਨਜੀਤ ਸਿੰਘ ਚੰਨੀ ਨੇ ਆਮ ਆਦਮੀ ਦਾ ਮੁੱਖ ਮੰਤਰੀ ਬਣਕੇ ਆਮ ਆਦਮੀ ਪਾਰਟੀ ਦਾ ਏਜੰਡਾ ਖੋਹ ਲਿਆ ਹੈ। ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਦੇ ਲੋਕ ਹਿੱਤ ਦੇ ਫ਼ੈਸਲਿਆਂ ਦੀ ਫੂਕ ਕੱਢ ਦਿੱਤੀ ਹੈ। ਪੰਜਾਬ ਦੇ ਕਾਂਗਰਸੀ ਹਮੇਸ਼ਾ ਕਈ ਖੇਤਰਾਂ ਵਿੱਚ ਮਾਹਰਕੇ ਮਾਰਕੇ ਮੋਹਰੀ ਦੀ ਭੂਮਿਕਾ ਨਿਭਾਉਂਦੇ ਰਹੇ ਹਨ। ਸਿਆਸੀ ਤਾਕਤ ਲੈਣ ਅਤੇ ਵਿਰੋਧੀ ਨੂੰ ਢਾਹੁਣ ਲਈ ਸਮਾਜਿਕ ਕਦਰਾਂ ਕੀਮਤਾਂ ਨੂੰ ਵੀ ਦਾਅ ‘ਤੇ ਲਾ ਦਿੰਦੇ ਹਨ। ਸਿਆਸੀ ਤਾਕਤ ਹਥਿਆਉਣ ਲਈ ਸੀਨੀਅਰ ਨੇਤਾਵਾਂ ਨੂੰ ਮਾਈ ਬਾਪ ਤੱਕ ਕਹਿ ਦਿੰਦੇ ਹਨ। ਬਦਲਣ ਲੱਗੇ ਵੀ ਗਿਰਗਟ ਦੀ ਤਰ੍ਹਾਂ ਰੰਗ ਬਦਲ ਲੈਂਦੇ ਹਨ। ਪੰਜਾਬ ਕਾਂਗਰਸ ਦੀ ਖਿਚੋਤਾਣ ਇਸਦਾ ਜਿਉਂਦਾ ਜਾਗਦਾ ਸਬੂਤ ਹੈ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਸਿੱਖਾਂ ਦੇ ਸਭ ਤੋਂ ਪਵਿਤਰ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਾਂਗਰਸ ਪਾਰਟੀ ਦੀ ਕੇਂਦਰੀ ਸਰਕਾਰ ਵੱਲੋਂ ਬਲਿਊ ਸਟਾਰ ਅਪ੍ਰੇਸ਼ਨ ਕਰਕੇ ਬੇਹੁਰਮਤੀ ਕਰਨ ਤੋਂ ਬਾਅਦ ਵੀ 1992, 2002 ਅਤੇ 2017 ਵਿੱਚ ਤਿੰਨ ਵਾਰ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਈ ਗਈ। ਜਦੋਂ 2017 ਵਿੱਚ ਸਮੁੱਚੇ ਦੇਸ਼ ਵਿੱਚ ਕਾਂਗਰਸ ਪਾਰਟੀ ਦੇ ਮਾੜੇ ਦਿਨ ਸਨ, ਕਾਂਗਰਸ ਪਾਰਟੀ ਦੇ ਅਕਸ ਨੂੰ ਖ਼ੋਰਾ ਲੱਗ ਰਿਹਾ ਸੀ ਤਾਂ ਉਸ ਸਮੇਂ ਵੀ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਦੀ ਸਰਕਾਰ ਬਣ ਗਈ ਸੀ। ਪੰਜਾਬ ਦੇ ਕਾਂਗਰਸੀਆਂ ਨੇ ਆਮ ਆਦਮੀ ਪਾਰਟੀ ਦੇ ਭੁਚਾਲ ਵਰਗੇ ਉਭਾਰ ਨੂੰ ਵੀ ਰੋਕ ਕੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸਰਕਾਰ ਬਣਾ ਦਿੱਤੀ ਸੀ। ਪੰਜਾਬ ਕਾਂਗਰਸ ਨੇ ਇਹ ਚੋਣਾ ਜਿੱਤਣ ਲਈ ਪ੍ਰਸ਼ਾਂਤ ਕਿਸ਼ੋਰ ਨੂੰ ਰਣਨੀਤੀਕਾਰ ਬਣਾਕੇ ਮੋਹਰੀ ਦੀ ਭੂਮਿਕਾ ਨਿਭਾਈ ਸੀ। ਭਾਵ ਪੰਜਾਬ ਦੇ ਸਿਆਸਤਦਾਨਾਂ ਨੂੰ ਆਪਣੀ ਕਾਬਲੀਅਤ ‘ਤੇ ਸ਼ੱਕ ਹੋਇਆ ਸੀ, ਜਿਸ ਕਰਕੇ ਰਣਨੀਤੀਕਾਰ ਦੀ ਮਦਦ ਲਈ ਗਈ ਸੀ। ਇਸ ਤੋਂ ਵੀ ਵੱਡੀ ਗੱਲ ਇਹ ਪੰਜਾਬ ਵਿੱਚ ਹੀ ਹੋਈ ਕਿ ਲੋਕਾਂ ਨੇ ਵੋਟਾਂ ਇਕ ਵਿਅਕਤੀ ਕੈਪਟਨ ਅਮਰਿੰਦਰ ਸਿੰਘ ਦੇ ਨਾਮ ਨੂੰ ਪਾਈਆਂ ਸਨ। ਜਾਣੀ ਕਿ ਪਾਰਟੀ ਨਾਲੋਂ ਵਿਅਕਤੀ ਸਰਵੋਤਮ ਸਮਝਿਆ ਗਿਆ ਸੀ। ਵੋਟਰ ਕੈਪਟਨ ਅਮਰਿੰਦਰ ਸਿੰਘ ਨੂੰ ਅਕਾਲੀਆਂ ਦੇ ਸਿੱਖ ਨੇਤਾਵਾਂ ਨਾਲੋਂ ਚੰਗਾ ਸਿੱਖ ਸਮਝਦੇ ਸਨ। ਮਈ 2019 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਸਮੁੱਚੇ ਦੇਸ਼ ਵਿੱਚ ਕਾਂਗਰਸ ਪਾਰਟੀ ਸਿਰਫ਼ 44 ਲੋਕ ਸਭਾ ਦੀਆਂ ਸੀਟਾਂ ਜਿੱਤ ਸਕੀ, ਜਿਨ੍ਹਾਂ ਵਿੱਚ 8 ਇਕੱਲੇ ਪੰਜਾਬ ਵਿੱਚੋਂ ਜਿੱਤੀਆਂ ਸਨ। ਫਿਰ ਕਾਂਗਰਸ



ਨੇ ਇਕ ਹੋਰ ਨਵੀਂ ਵਾਅਦਿਆਂ ਦੀ ਝੜੀ ਲਾਉਣ ਵਿੱਚ ਵੀ ਪਹਿਲ ਕਦਮੀ ਕੀਤੀ ਸੀ। ਭਾਵ ਵਾਅਦਿਆਂ ਅਤੇ ਮੁਦਿਆਂ ਦੀ ਇਕੱਠੀ ਸਿਆਸਤ ਦੀ ਸ਼ੁਰੂਆਤ ਕੀਤੀ। ਇਕ ਹੋਰ ਪਹਿਲ ਧਾਰਮਿਕ ਪਵਿਤਰ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਅਤੇ ਨਸ਼ੇ ਖ਼ਤਮ ਕਰਨ/ਨਸ਼ਿਆਂ ਦਾ ਲੱਕ ਤੋੜਨ ਦਾ ਵਾਅਦਾ ਕੀਤਾ ਸੀ। ਜਦੋਂ ਕਿ ਭਾਰਤ ਧਰਮ ਨਿਰਪੱਖ ਦੇਸ਼ ਹੈ, ਇਥੇ ਧਰਮ ਦੀ ਆੜ ਵਿੱਚ ਵੋਟਾਂ ਨਹੀਂ ਮੰਗੀਆਂ ਜਾ ਸਕਦੀਆਂ। ਚੋਣ ਜਿੱਤਣ ਲਈ ਟਕਰਾਓ ਦੀ ਹਮਲਾਵਰ ਨੀਤੀ ਅਪਣਾਈ ਗਈ। ਟਕਰਾਓ ਵਿੱਚੋਂ ਕਾਂਗਰਸ ਸਰਕਾਰ ਪ੍ਰਗਟ ਹੋਈ ਪ੍ਰੰਤੂ ਸਰਕਾਰ ਬਣਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਟਕਰਾਓ ਦੀ ਨੀਤੀ ਨੂੰ ਤਿਲਾਂਜ਼ਲੀ ਦੇ ਕੇ ਨਵੀਂ ਸਿਆਸੀ ਚਾਲ ਚਲੀ। ਜਿਹੜੀ ਉਨ੍ਹਾਂ ਨੂੰ ਪੁੱਠੀ ਪੈ ਗਈ ਕਿਉਂਕਿ ਪੰਜਾਬ ਦੇ ਲੋਕ ਉਨ੍ਹਾਂ ‘ਤੇ ਬਾਦਲ ਪਰਿਵਾਰ ਨਾਲ ਰਲੇ ਹੋਏ ਦਾ ਇਲਜ਼ਾਮ ਲਾਉਣ ਲੱਗ ਪਏ। ਸਿਆਸਤ ਵਿੱਚ ਕਿਸੇ ਪਾਰਟੀ ਦੇ ਨੇਤਾਵਾਂ ਵਿੱਚ ਵਿਚਾਰਾਂ ਦਾ ਵਖਰੇਵਾਂ ਹੋਣਾ ਆਮ ਜਿਹੀ ਗੱਲ ਹੁੰਦੀ ਹੈ ਪ੍ਰੰਤੂ ਇਸ ਵਖਰੇਵੇਂ ਨੂੰ ਸਿਆਸੀ ਪਲੇਟਫਾਰਮ ਦੀ ਥਾਂ ਆਮ ਇਕੱਠਾਂ ਵਿੱਚ ਪ੍ਰਗਟਾਉਣਾ ਜ਼ਾਇਜ਼ ਨਹੀਂ ਸਮਝਿਆ ਜਾਂਦਾ। ਪ੍ਰੰਤੂ ਪੰਜਾਬ ਕਾਂਗਰਸ ਦੇ ਨੇਤਾਵਾਂ ਨੇ ਪਹਿਲੀ ਵਾਰ ਬਠਿੰਡਾ ਵਿਖੇ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਲੋਕ ਸਭਾ ਦੀ ਚੋਣ ਵਿੱਚ ਕੀਤੀ ਰੈਲੀ ਵਿੱਚ ਪ੍ਰਿਅੰਕਾ ਗਾਂਧੀ ਦੀ ਹਾਜ਼ਰੀ ਵਿੱਚ ਅਸਿਧੇ ਢੰਗ ਨਾਲ ਸ਼ਰੇਆਮ ਆਪਣੀ ਹੀ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਫ਼ਰੈਂਡਲੀ ਮੈਚ ਕਹਿਕੇ ਵੀ ਮੋਹਰੀ ਦੀ ਭੂਮਿਕਾ ਨਿਭਾਈ। ਜਿਸਦੇ ਨਤੀਜੇ ਵਜੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਲੋਕ ਸਭਾ ਦੀ ਚੋਣ ਹਾਰ ਗਏ। ਇਸ ਤੋਂ ਬਾਅਦ ਤਾਂ ਗਾਹੇ ਵਗਾਹੇ ਅਜਿਹੇ ਕਿੰਤੂ ਪ੍ਰੰਤੂ ਕਰਨਾ ਆਮ ਜਹੀ ਗੱਲ ਹੋ ਗਈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ 4 ਸਾਲ ਤੋਂ ਬਾਅਦ ਕੁੱਝ ਕਾਂਗਰਸੀਆਂ ਜਿਨ੍ਹਾਂ ਵਿੱਚ ਨਵਜੋਤ ਸਿੰਘ ਸਿੱਧੂ ਮੁੱਖ ਨੇਤਾ ਸਨ, ਸਰਕਾਰ ਦੀ ਕਾਰਗੁਜ਼ਾਰੀ ਨੂੰ ਆੜੇ ਹੱਥੀਂ ਟਵੀਟ ਕਰਕੇ ਲੈਣਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਉਨ੍ਹਾ ਪਹਿਲਕਦਮੀ ਕੀਤੀ ਕਿ ਉਨ੍ਹਾਂ ਦਾ ਕੈਪਟਨ ਅਮਰਿੰਦਰ ਸਿੰਘ ਨਹੀਂ ਸਗੋਂ ਰਾਹੁਲ ਗਾਂਧੀ ਹਨ। ਫੇਰ ਤਾਂ ਸਰਕਾਰੀ ਸ਼ਹਿ ‘ਤੇ ਮੰਤਰੀਆਂ, ਹੋਰ ਨੇਤਾਵਾਂ ਅਤੇ ਵਿਧਾਨਕਾਰਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦਾ ਕੈਪਟਨ ਕਹਿਣਾ ਸ਼ੁਰੂ ਕਰ ਦਿੱਤਾ। ਇਕ ਕਿਸਮ ਨਾਲ ਪਹਿਲੀ ਵਾਰ ਕੈਪਟਨ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਨੂੰ ਸਿੱਧੀ ਵੰਗਾਰ ਦਿੱਤੀ ਗਈ। ਇਕ ਦੂਜੇ ਦੀਆਂ ਲੱਤਾਂ ਪਬਲੀਕਲੀ ਖਿਚਣ ਦੀ ਕਸ਼ਮਕਸ਼ ਵੀ ਪੰਜਾਬ ਦੇ ਕਾਂਗਰਸੀਆਂ ਨੇ ਕੀਤੀ। ਇਥੇ ਹੀ ਬਸ ਨਹੀਂ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧ ਕਰਨ ਦੇ ਬਾਵਜੂਦ ਰਾਜ ਵਿੱਚ ਸਿਆਸੀ ਤਾਕਤ ਦਾ ਦੂਜਾ ਧੁਰਾ ਬਣਾਉਣ ਲਈ ਸੁਨੀਲ ਕੁਮਾਰ ਜਾਖੜ ਨੂੰ ਪ੍ਰਧਾਨਗੀ ਤੋਂ ਹਟਾਕੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਣਾ ਦਿੱਤਾ ਗਿਆ। ਨਵਜੋਤ ਸਿੰਘ ਸਿੱਧੂ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਢਿਲੀ ਕਾਰਗੁਜ਼ਾਰੀ ਦੇ ਪਰਦੇ ਫਾਸ਼ ਕਰਨੇ ਸ਼ੁਰੂ ਕਰ ਦਿੱਤੇ। ਇਕ ਕਿਸਮ ਨਾਲ ਸਰਕਾਰ ਅਤੇ ਪਾਰਟੀ ਵਿੱਚ ਟਕਰਾਓ ਪੈਦਾ ਹੋ ਗਿਆ। ਪਾਰਟੀ ਦਾ ਅਕਸ ਡਿਗਣ ਲੱਗ ਪਿਆ। ਏਸੇ ਤਰ੍ਹਾਂ ਕਾਂਗਰਸ ਹਾਈ ਕਮਾਂਡ ਨੇ ਕੈਪਟਨ ਅਮਰਿੰਦਰ ਦੀ ਲੀਡਰਸ਼ਿਪ ਨੂੰ ਵੰਗਾਰਨ ਤੋਂ ਬਾਅਦ ਵਿਧਾਨਕਾਰਾਂ ਨੂੰ ਦਿੱਲੀ ਤਲਬ ਕਰਕੇ ਉਨ੍ਹਾਂ ਤੋਂ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਬਾਰੇ ਰਾਏ ਮੰਗੀ ਗਈ। ਫਿਰ ਇਹ ਵੀ ਪਹਿਲੀ ਵਾਰ ਹੋਇਆ ਕਿ ਰਾਹੁਲ ਗਾਂਧੀ ਨੇ ਪੰਜਾਬ ਦੇ ਵਿਧਾਨਕਾਰਾਂ ਨੂੰ ਸਿੱਧੇ ਫੋਨ ਕਰਕੇ ਪੁਛਣਾ ਸ਼ੁਰੂ ਕਰ ਦਿੱਤਾ ਕਿ ਤੁਹਾਡੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਕੀ ਰਾਏ ਹੈ? ਫਿਰ ਮੁੱਖ ਮੰਤਰੀ ਨੂੰ ਬੁਲਾਕੇ ਕੇਂਦਰੀ ਨੇਤਾਵਾਂ ਦੀ ਤਿੰਨ ਮੈਂਬਰੀ ਕਮੇਟੀ ਨੇ ਉਨ੍ਹਾਂ ਦੀ ਸਰਕਾਰ ਦੀ ਕਾਰਗੁਜ਼ਾਰੀ ਦੀ ਰਿਪੋਰਟ ਲਈ ਅਤੇ ਆਪਣੇ ਵੱਲੋਂ 18 ਨੁਕਾਤੀ ਪ੍ਰੋਗਰਾਮ ਲਾਗੂ ਕਰਨ ਲਈ ਦਿੱਤਾ ਗਿਆ। ਇਸ 18 ਨੁਕਾਤੀ ਪ੍ਰੋਗਰਾਮ ਨੂੰ ਨਾ ਲਾਗੂ ਕਰਨ ਕਰਕੇ ਵਿਧਾਨਕਾਰਾਂ ਨੂੰ ਦੁਬਾਰਾ ਦਿੱਲੀ ਬੁਲਾਇਆ ਗਿਆ। ਇਹ ਸਾਰਾ ਕੁਝ ਕਰਨ ਨੂੰ ਕਾਂਗਰਸ ਹਾਈ ਕਮਾਂਡ ਉਤਸ਼ਾਹਤ ਕਰ ਰਹੀ ਸੀ। ਫਿਰ ਇਹ ਵੀ ਪਹਿਲੀ ਵਾਰ ਹੋਇਆ ਕਿ ਪੰਜਾਬ ਕਾਂਗਰਸ ਦੀ ਲੈਜਿਸਲੇਚਰ ਪਾਰਟੀ ਦੀ ਮੀਟਿੰਗ ਕਾਂਗਰਸ ਹਾਈ ਕਮਾਂਡ ਨੇ ਸਿੱਧੀ ਪੰਜਾਬ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਸ਼ਾਮ 4-00 ਵਜੇ ਬੁਲਾ ਲਈ ਜਦੋਂ ਕਿ ਇਹ ਅਧਿਕਾਰ ਲੈਜਿਸਲੇਚਰ ਪਾਰਟੀ ਦੇ ਨੇਤਾ ਅਰਥਾਤ ਮੁੱਖ ਮੰਤਰੀ ਨੂੰ ਹੁੰਦਾ ਹੈ।



ਉਜਾਗਰ ਸਿੰਘ
91-94178 13072

ਅਖ਼ੀਰ ਸੋਨੀਆਂ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸਵੇਰੇ ਮੀਟਿੰਗ ਤੋਂ ਪਹਿਲਾਂ ਹੀ ਅਸਤੀਫਾ ਦੇਣ ਲਈ ਆਖ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਲੈਜਿਸਲੇਚਰ ਪਾਰਟੀ ਦੀ ਮੀਟਿੰਗ ਆਪਣੀ ਰਿਹਾਇਸ਼ ਮਹਿੰਦਰ ਬਾਗ ਸ਼ੀਸ਼ਵਾਂ ਵਿਖੇ ਦੁਪਹਿਰ 2-00 ਵਜੇ ਹਾਈ ਕਮਾਂਡ ਵਾਲੀ ਮੀਟਿੰਗ ਤੋਂ ਪਹਿਲਾਂ ਹੀ ਬੁਲਾ ਲਈ। ਕਾਂਗਰਸ ਹਾਈ ਕਮਾਂਡ ਨੇ ਵਿਧਾਨਕਾਰਾਂ ਨੂੰ ਕੈਪਟਨ ਅਮਰਿੰਦਰ ਸਿੰਘ ਵਾਲੀ ਮੀਟਿੰਗ ਵਿੱਚ ਜਾਣ ਤੋਂ ਰੋਕ ਦਿੱਤਾ। ਜਿਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਰਾਜਪਾਲ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ। ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਬਗਾਬਤ ਕਰਨ ਲਈ ਤਾਂ ਉਹ ਇਕਮੁੱਠ ਸਨ ਪ੍ਰੰਤੂ ਜਦੋਂ ਉਨ੍ਹਾਂ ਦੀ ਥਾ ਮੁੱਖ ਮੰਤਰੀ ਬਣਾਉਣ ਦੀ ਗੱਲ ਆਈ ਤਾਂ ਸਾਰੇ ਹੀ ਉਮੀਦਵਾਰ ਬਣ ਬੈਠੇ। ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ। ਪ੍ਰੰਤੂ ਮੰਤਰੀ ਮੰਡਲ ਦੇ ਗਠਨ ਮੌਕੇ ਫਿਰ ਤਲਵਾਰਾਂ ਕੱਢ ਲਈਆਂ। ਇਥੇ ਹੀ ਬਸ ਨਹੀਂ ਨਵਜੋਤ ਸਿੰਘ ਸਿੱਧੂ ਜਿਨ੍ਹਾਂ ਨੇ ਕੈਪਟਨ ਵਿਰੁਧ ਬਗਾਬਤ ਦੀ ਅਗਵਾਈ ਕੀਤੀ ਸੀ, ਉਹ ਹੀ ਨਵੇਂ ਮੁੱਖ ਮੰਤਰੀ ਦੇ ਫੈਸਲਿਆਂ ਦੇ ਵਿਰੋਧ ਵਿੱਚ ਆਪਣੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇ ਗਏ। ਆਪੇ ਬਣਾਏ ਮੁੱਖ ਮੰਤਰੀ ਨੂੰ ਠੂਠਾ ਵਿਖਾ ਦਿੱਤਾ। ਫਿਰ ਹਾਈ ਕਮਾਂਡ ਨੇ ਸਮਝੌਤਾ ਇਕ ਧਾਰਮਿਕ ਸਥਾਨ ‘ਤੇ ਲਿਜਾ ਕੇ ਕੀਤਾ ਪ੍ਰੰਤੂ ਤੀਜੇ ਦਿਨ ਸਮਝੌਤਾ ਤੋੜ ਕੇ ਫਿਰ ਆਪਣੀ ਹੀ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ। ਇਸ ਸਮੇਂ ਮੁੱਖ ਮੰਤਰੀ ਅਤੇ ਪ੍ਰਧਾਨ ਦੋਹਾਂ ਦੇ ਰਸਤੇ ਵੱਖਰੇ ਹਨ। ਇਸ ਪ੍ਰਕਾਰ ਪੰਜਾਬ ਕਾਂਗਰਸ ਦੇ ਨੇਤਾ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਅਤੇ ਢਾਹੁਣ ਵਿੱਚ ਆਪ ਹੀ ਮੋਹਰੀ ਦੀ ਭੂਮਿਕਾ ਨਿਭਾ ਰਹੇ ਹਨ। ਭਾਵ ਵਿਰੋਧੀ ਪਾਰਟੀ ਦਾ ਰੋਲ ਵੀ ਉਨ੍ਹਾਂ ਨੂੰ ਆਪ ਹੀ ਨਿਭਾਉਣਾ ਪੈ ਰਿਹਾ ਹੈ। ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾ ਵਿੱਚ ਵਿਰੋਧੀਆਂ ਦੇ ਜਿੱਤਣ ਦਾ ਰਾਹ ਪੱਧਰਾ ਕਰ ਰਹੇ ਹਨ। ਹਾਈ ਕਮਾਂਡ ਆਪਣੇ ਕੀਤੇ ਫ਼ੈਸਲੇ ‘ਤੇ ਪਛਤਾ ਰਹੀ ਹੋਵੇਗੀ ਕਿਉਂਕਿ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਰਹਿੰਦੀ ਖੂੰਹਦੀ ਪਛਾਣ ਵੀ ਖ਼ਤਮ ਹੋਣ ਕਿਨਾਰੇ ਕਰ ਦਿੱਤੀ। ਕਾਂਗਰਸੀ ਭਰਾਵੋ ਤੇਲ ਦੇਖੋ ਤੇਲ ਦੀ ਧਾਰ ਵੇਖੋ ਤੁਹਾਡੀ ਕਿਸਮਤ ਕਿਸ ਕਰਵਟ ਬੈਠਦੀ ਹੈ। ਵੈਸੇ ਜ਼ਮੀਨ ਪੈਰਾਂ ਹੇਠੋਂ ਨਿਕਲ ਚੁੱਕੀ ਹੈ।

# ਢਾਹਾਂ ਸਾਹਿਤ ਪੁਰਸਕਾਰ ਨੂੰ ਸਮਰਪਿਤ ਹੋਵੇਗਾ ਬ੍ਰਿਟਿਸ਼ ਕੋਲੰਬੀਆ ਕੈਨੇਡਾ ਵਿਚ ਪੰਜਾਬੀ ਸਾਹਿਤ ਹਫਤਾ

**ਬੰਗਾ/ਵੈਨਕੂਵਰ : (ਸੰਤੋਖ ਸਿੰਘ ਜੱਸੀ)** ਪੰਜਾਬੀ ਸਾਹਿਤਕ ਖੇਤਰ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੇ ਸੂਬੇ ਬੀ।ਸੀ। (ਬ੍ਰਿਟਿਸ਼ ਕੋਲੰਬੀਆ) ਵਿਚ 13 ਨਵੰਬਰ ਤੋਂ 19 ਨਵੰਬਰ ਤੱਕ ਪੰਜਾਬੀ ਸਾਹਿਤ ਹਫਤਾ ਮਨਾਇਆ ਜਾ ਰਿਹਾ ਹੈ ਜੋ ਕਿ ਮਾਂ ਬੋਲੀ ਪੰਜਾਬੀ ਦੇ ਨਾਮਵਰ ਢਾਹਾਂ ਸਾਹਿਤ ਪੁਰਸਕਾਰ ਨੂੰ ਸਮਰਪਿਤ ਹੋਵੇਗਾ। ਇਹ ਐਲਾਨ ਅੱਠਵੇਂ ਢਾਹਾਂ ਸਾਹਿਤ ਪੁਰਸਕਾਰ ਦੇ ਵੈਨਕੂਵਰ ਕੈਨੇਡਾ ਤੋਂ ਹੋਏ ਆਨਲਾਈਨ ਜ਼ੂਮ ਵਰਚੂਅਲ ਸਨਮਾਨ ਸਮਾਗਮ ਵਿਚ ਬੀਬੀ ਰਚਨਾ ਸਿੰਘ ਐਮ ਐਲ ਏ/ਨਸਲਵਾਦ ਵਿਰੋਧੀ ਸੰਸਦੀ ਸਕੱਤਰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਨੇ ਕੀਤਾ । ਇਸ ਮੌਕੇ ਉਹਨਾਂ ਨੇ ਸਾਲ 2021 ਦੇ ਢਾਹਾਂ ਸਾਹਿਤ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੱਤੀ। ਉਹਨਾਂ ਨੇ ਪ੍ਰਸਿੱਧ ਸਮਾਜ ਸੇਵਕ ਬਾਬਾ ਬੁੱਧ ਸਿੰਘ ਢਾਹਾਂ ਦੇ ਫਰੰਜਦ ਅਤੇ ਢਾਹਾਂ ਸਾਹਿਤ ਪੁਰਸਕਾਰ ਦੇ ਬਾਨੀ ਬਰਜਿੰਦਰ ਸਿੰਘ ਢਾਹਾਂ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਆਪਣੀ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪਸਾਰ ਅਤੇ ਇਸ ਵਿੱਚ ਰਚੇ ਜਾ ਰਹੇ ਗਲਪ ਸਾਹਿਤ ਨੂੰ ਉੱਚਾ ਚੁੱਕਣ ਲਈ ਕੀਤੇ ਕਾਰਜਾਂ ਲਈ ਮੁਬਾਰਕਾਂ ਦਿੱਤੀਆਂ ਅਤੇ ਭਾਰੀ ਸ਼ਾਲਾਘਾ ਵੀ ਕੀਤੀ ।

ਕਰੋਨਾ ਮਹਾਂਮਾਰੀ ਕਰਕੇ ਹੋਏ ਵਰਚੂਅਲ ਸਨਮਾਨ ਸਮਾਗਮ ਵਿਚ ਮੁੱਖ ਪ੍ਰਬੰਧਕ ਸ੍ਰੀ ਬਰਜਿੰਦਰ ਸਿੰਘ ਢਾਹਾਂ ਨੇ ਢਾਹਾਂ ਸਾਹਿਤ ਪੁਰਸਕਾਰ ਬਾਰੇ ਤੇ ਜਿਊਰੀ ਮੈਂਬਰਾਂ ਬਾਰੇ ਜਾਣਕਾਰੀ ਦਿੱਤੀ।ਸ੍ਰੀ ਢਾਹਾਂ ਨੇ ਕਿਹਾ ਕਿ ਢਾਹਾਂ ਪੁਰਸਕਾਰ ਦਾ ਉਦੇਸ਼ ਸਰਹੱਦਾਂ ਤੋਂ ਪਾਰ ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨਾ ਅਤੇ ਵਿਸ਼ਵ ਪੱਧਰ ’ਤੇ ਪੰਜਾਬੀ ਸਾਹਿਤਕਾਰਾਂ ਨੂੰ ਪੰਜਾਬੀ ਸਾਹਿਤ ਦੀ ਸਿਰਜਣਾ ਲਈ ਉਤਸ਼ਾਹਿਤ ਕਰਨਾ ਹੈ। ਸਾਲ 2021 ਵਿਚ 25 ਹਜ਼ਾਰ ਡਾਲਰ ਦਾ ਪੁਰਸਕਾਰ ਸ੍ਰੀ ਨੈਨ ਸੁੱਖ (ਲਾਹੌਰ, ਲਹਿੰਦਾ ਪੰਜਾਬ, ਪਾਕਿਸਤਾਨ) ਜਿਨ੍ਹਾਂ ਦੀ ਸ਼ਾਹਮੁਖੀ ਲਿਪੀ ਵਿਚ ਪ੍ਰਕਾਸ਼ਿਤ ਕਹਾਣੀ ਸੰਗ੍ਰਿਹ 'ਜੋਗੀ, ਸੱਪ, ਤ੍ਰਾਹ' ਨੇ ਜਿੱਤਿਆ ਹੈ। ਜਦ ਕਿ ਦਸ ਦਸ ਹਜ਼ਾਰ ਡਾਲਰ ਦੇ ਦੋ ਪੁਰਸਕਾਰਾਂ ਵਿਚ ਫਾਈਨਲਿਸਟ ਪੰਜਾਬੀ ਲੇਖਿਕਾ ਡਾ। ਸਰਘੀ ਜੰਮੂ (ਅੰਮ੍ਰਿਤਸਰ, ਪੰਜਾਬ, ਭਾਰਤ) ਦਾ ਗੁਰਮੁਖੀ ਵਿਚ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਆਪਣੇ ਆਪਣੇ ਮਰਸੀਏ' ਅਤੇ ਫਾਈਨਲਿਸਟ ਸ੍ਰੀ ਬਲਬੀਰ ਮਾਧੋਪੁਰੀ (ਨਵੀਂ ਦਿੱਲੀ, ਭਾਰਤ) ਦੇ ਗੁਰਮੁਖੀ ਵਿਚ ਪ੍ਰਕਾਸ਼ਿਤ ਨਾਵਲ 'ਮਿੱਟੀ ਬੋਲ ਪਈ' ਨੇ ਜਿੱਤੇ ਹਨ । ਇਸ ਸਮਾਗਮ ਵਿਚ ਜੇਤੂ ਸ੍ਰੀ ਨੈਨ ਸੁਖ (ਲਹਿੰਦਾ ਪੰਜਾਬ), ਫਾਈਨਲਿਸਟ ਡਾ। ਸਰਘੀ ਜੰਮੂ ਅਤੇ ਫਾਈਨਲਿਸਟ ਸ੍ਰੀ ਬਲਬੀਰ ਮਾਧੋਪੁਰੀ ਨੇ ਆਪਣੇ ਵਿਚਾਰਾਂ ਦੀ ਸਰੋਤਿਆਂ ਨਾਲ ਸਾਂਝ ਪਾਈ।ਇਸ ਮੌਕੇ ਪ੍ਰਸਿੱਧ ਲੇਖਕ ਅਤੇ ਢਾਹਾਂ ਇਨਾਮ ਸਲਾਹਕਾਰ ਕਮੇਟੀ ਦੇ ਮੁਖੀ ਸ੍ਰੀ ਸਾਧੂ ਬਿਨਿੰਗ, ਗੁਰਮੁਖੀ ਜਿਊਰੀ ਦੇ ਮੁਖੀ ਪ੍ਰੋ ਡਾ ਜਸਪਾਲ ਕੌਰ (ਦਿੱਲੀ) ਅਤੇ ਸੈਂਟ੍ਰਲ ਜਿਊਰੀ ਦੇ ਮੁਖੀ ਡਾ ਖੋਲਾ ਇਫਤਿਖਾਰ ਚੀਮਾ (ਫੈਸਲਾਬਾਦ) ਨੇ ਆਪਣੇ ਸੰਬੋਧਨ ਵਿਚ ਢਾਹਾਂ ਪੁਰਸਕਾਰ ਜੇਤੂਆਂ ਅਤੇ ਉਹਨਾਂ ਦੇ ਪੰਜਾਬੀ ਸਾਹਿਤ ਸਫਰ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਢਾਹਾਂ ਪੁਰਸਕਾਰ 2020 ਦੇ ਜੇਤੂ ਸ੍ਰੀ ਕੇਸਰਾ ਰਾਮ ਨੇ ਆਪਣੇ ਵਿਚਾਰ ਪਰਗਟ ਕਰਦਿਆਂ ਦੱਸਿਆ ਕਿ ਇਨਾਮ ਜਿੱਤਣ ਤੋਂ ਬਾਅਦ ਉਨ੍ਹਾਂ ਨੂੰ ਹੋਰ ਵਧੀਆ ਲਿਖਣ ਦੀ ਜ਼ੁੰਮੇਵਾਰੀ ਦਾ ਅਹਿਸਾਸ ਹੋਇਆ ਹੈ। ਆਨਲਾਈਨ ਸਮਾਗਮ ਦੀ ਸੰਚਾਲਨਾ ਬੀਬੀ ਤਰੰਨਮ ਥਿੰਦ ਨੇ ਬਾਖੂਬੀ ਨਾਲ ਕੀਤੀ ਅਤੇ ਪਿਛਲੇ ਅੱਠ ਸਾਲਾਂ ਦੇ ਪੁਰਸਕਾਰ ਦੇ ਸਫਰ ਬਾਰੇ ਚਾਨਣਾ ਵੀ ਪਾਇਆ। ਪੁਰਸਕਾਰ ਦੇ ਸਬਮਿਸ਼ਨਜ਼ ਕੋਔਰਡੀਨੇਟਰ ਹਰਿੰਦਰ ਕੌਰ ਢਾਹਾਂ ਵੀ ਇਸ ਸਮਾਗਮ ਵਿੱਚ ਸ਼ਾਮਲ ਸਨ। ਸਾਲ 2021 ਦੇ ਢਾਹਾਂ ਪੁਰਸਕਾਰ ਜੇਤੂਆਂ ਨੂੰ ਸਨਮਾਨ ਚਿੰਨ ਫਰਵਰੀ 2022 ਵਿਚ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿਚ ਹੋਣ ਵਾਲੇ ਸਨਮਾਨ ਸਮਾਰੋਹਾਂ ਵਿਚ ਭੇਟ ਕੀਤੇ ਜਾਣਗੇ।ਵਰਨਣਯੋਗ ਹੈ ਕਿ ਢਾਹਾਂ ਸਾਹਿਤ ਪੁਰਸਕਾਰ ਵੈਨਕੂਵਰ ਕੈਨੇਡਾ ਵਿੱਚ ਸ੍ਰੀ ਬਰਜਿੰਦਰ ਸਿੰਘ ਢਾਹਾਂ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਰੀਟਾ ਢਾਹਾਂ ਵੱਲੋਂ ਸਥਾਪਤ ਕੀਤਾ ਗਿਆ ਹੈ । ਇਹ ਪੁਰਸਕਾਰ ਪੰਜਾਬੀ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਵਿਚ ਲਿਖੀਆਂ ਗਈਆਂ ਤਿੰਨ ਸਰਵੋਤਮ ਕਿਤਾਬਾਂ ਨੂੰ ਦਿੱਤਾ ਜਾਂਦਾ ਹੈ।ਪੰਜਾਬੀ ਕੈਨੇਡਾ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਵਿਚ ਸ਼ਾਮਿਲ ਹੈ। ਇਸ ਸਾਲ 40 ਪੁਸਤਕਾਂ ਪੁਰਸਕਾਰ ਵਾਸਤੇ ਪ੍ਰਾਪਤ ਹੋਈਆਂ ਸਨ। ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਲਿਖੇ ਹੋਏ ਪੰਜਾਬੀ ਸਾਹਿਤ ਲਈ ਇਹ ਪੁਰਸਕਾਰ ਲਹਿੰਦੇ ਅਤੇ ਚੜ੍ਹਦੇ ਪੰਜਾਬਾਂ ਵਿਚ ਹੀ ਨਹੀਂ ਪੂਰੀ ਦੁਨੀਆ ਵਿਚ ਵੱਸਦੇ ਪੰਜਾਬੀਆਂ ਲਈ ਸਾਂਝਾਂ ਦਾ ਪੁੱਲ ਬਣ ਗਿਆ ਹੈ । ਢਾਹਾਂ ਸਾਹਿਤ ਪੁਰਸਕਾਰ 2021 ਦੇ ਸਮਾਗਮ ਵਿਚ ਪੂਰੀ ਦੁਨੀਆਂ ਤੋਂ ਵੱਡੀ ਗਿਣਤੀ ਵਿਚ ਲੇਖਕ ਅਤੇ ਮਾਂ ਬੋਲੀ ਦੇ ਸ਼ੁੱਭਚਿੰਤਕਾਂ ਨੇ ਆਨਲਾਈਨ ਸ਼ਿਰਕਤ ਕੀਤੀ ਅਤੇ ਜੇਤੂਆਂ ਨੂੰ ਵਧਾਈ ਦਿੱਤੀ।



ਅੰਤਰਰਾਸ਼ਟਰੀ ਪੰਜਾਬੀ ਸਾਹਿਤ ਇਨਾਮ ਢਾਹਾਂ ਪੁਰਸਕਾਰ 2021 ਦੇ ਆਨਲਾਈਨ ਵਰਚੂਅਲ ਸਨਮਾਨ ਸਮਾਗਮ ਵਿਚ ਬ੍ਰਿਟਿਸ਼ ਕੋਲੰਬੀਆ ਦਾ ਪੰਜਾਬੀ ਸਾਹਿਤ ਹਫਤੇ ਬਾਰੇ ਐਲਾਨ ਕਰਦੇ ਹੋਏ ਬੀਬੀ ਰਚਨਾ ਸਿੰਘ ਐਮ ਐਲ ਏ/ਨਸਲਵਾਦ ਵਿਰੋਧੀ ਸੰਸਦੀ ਸਕੱਤਰ, ਬੀ ਸੀ, ਕੈਨੇਡਾ (ਪੰਜਾਬੀ ਸਾਹਿਤ ਹਫਤਾ ਐਲਾਨ ਵਾਲੇ ਨੋਟੀਫੀਕੇਸ਼ਨ ਨਾਲ) ਅਤੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਬਰਜਿੰਦਰ ਸਿੰਘ ਢਾਹਾਂ, ਸ੍ਰੀ ਨੈਨ ਸੁੱਖ, ਡਾ। ਸਰਘੀ ਜੰਮੂ, ਸ੍ਰੀ ਬਲਬੀਰ ਮਾਧੋਪੁਰੀ, ਸ੍ਰੀ ਕੇਸਰਾ ਰਾਮ, ਸ੍ਰੀ ਸਾਧੂ ਬਿਨਿੰਗ, ਡਾ ਖੋਲਾ ਇਫਤਿਖਾਰ ਚੀਮਾ, ਪ੍ਰੋ ਡਾ ਜਸਪਾਲ ਕੌਰ ਅਤੇ ਸਮਾਗਮ ਦੀ ਸੰਚਾਲਨਾ ਕਰਦੇ ਹੋਏ ਬੀਬੀ ਤਰੰਨਮ ਥਿੰਦ।

# ਗੁਰਮਤਿ ਸਿਧਾਂਤਾਂ 'ਤੇ ਪਹਿਰਾ ਦਿੰਦਾ ਬਹੁ-ਕਲਾਵਾਂ ਦਾ ਜਾਨਦਾਰ ਸੁਮੇਲ : ਕੰਵਲਜੀਤ ਕੌਰ ਗੁਰਦਾਸਪੁਰੀ



ਪ੍ਰੀਤਮ ਲੁਧਿਆਣਵੀ
9876428641

ਗੁਰਮਤਿ ਸਿਧਾਂਤਾਂ 'ਤੇ ਪਹਿਰਾ ਦੇ ਰਹੇ, ਪੰਜਾਬ ਦੇ ਸਰਹੱਦੀ ਖੇਤਰ ਗੁਰਦਾਸਪੁਰ ਵਿੱਚ ਪੈਂਦੇ ਪਿੰਡ ਮਹਿਮਾ ਚੱਕ ਦੇ ਜੰਮਪਲ ਸਾਹਿਤਕਾਰ, ਅਦਾਕਾਰ ਅਤੇ ਸੁਰੀਲੀ ਅਵਾਜ਼ ਦੀ ਮਲਿਕਾ ਬੀਬੀ ਕੰਵਲਜੀਤ ਕੌਰ ਗੁਰਦਾ-ਸਪੁਰੀ ਜੀ ਸਾਹਿਤਕ ਅਤੇ ਸੰਗੀਤਕ ਖੇਤਰ ਦਾ ਜਾਣਿਆ-ਪਛਾਣਿਆ ਸਿਰਮੌਰ ਹਸਤਾਖਰ ਹਨ। ਅਗਾਹਵਧੂ ਸੋਚ ਦੇ ਧਾਰਨੀ ਪਿਤਾ ਸ: ਲਾਲ ਸਿੰਘ ਅਤੇ ਮਾਤਾ ਸ੍ਰੀਮਤੀ ਕੁਲਦੀਪ ਕੌਰ ਜੀ ਦੀ ਲਾਡਲੀ ਕੰਵਲਜੀਤ ਕੌਰ ਆਪਣਾ ਨਾਇਕ, ਬਾਣੀ ਦੇ ਰਸੀਏ ਅਤੇ ਬਲੰਦ ਅਵਾਜ





ਦੇ ਮਾਲਕ ਆਪਣੇ ਪਿਤਾ ਜੀ ਨੂੰ ਹੀ ਮੰਨਦੇ ਹਨ। ਬਚਪਨ ਤੋਂ ਹੀ ਬਹੁਤ ਗੰਭੀਰ ਸੂਝ-ਬੂਝ ਵਾਲੀ ਮੁਟਿਆਰ ਕੰਵਲਜੀਤ ਕੌਰ ਜੀ ਨੇ ਨੌਂਵੀਂ ਜਮਾਤ ਵਿੱਚ ਪੜ੍ਹਦਿਆਂ ਮਾਸਟਰ ਤਾਰਾ ਸਿੰਘ ਜੀ ਦੀ ਪ੍ਰੇਰਨਾ ਸਦਕਾ ਅੰਮ੍ਰਿਤ ਪਾਨ ਕੀਤਾ। ਸਾਦਗੀ, ਨਿਮਰਤਾ, ਭੋਲੇਪਨ ਤੇ ਸਿਆਣਪ ਦੀ ਇਹ ਮੂਰਤ ਜੋ ਸਕੂਲ ਅਤੇ ਕਾਲਜਾਂ ਵਿੱਚ ਹੈੱਡ-ਗਰਲ ਵੀ ਰਹੇ ਹਨ, ਵਿੱਦਿਅਕ ਯੋਗਤਾ ਪੱਖੋਂ ਐਮ. ਏ. (ਪੰਜਾਬੀ), ਬੀ. ਐੱਡ ਹਨ।

ਇਕ ਮੁਲਾਕਾਤ ਦੌਰਾਨ ਗੁਰਦਾਸਪੁਰੀ ਜੀ ਨੇ ਦੱਸਿਆ ਕਿ ਉਨ੍ਹਾਂ ਨੇ 2009 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੂਥਫੈਸਟੀਵਲ ਮੁਕਾਬਲਿਆਂ ਦੌਰਾਨ ਲੋਕ ਗੀਤਾਂ ਵਿਚ ਤੀਜਾ ਅਤੇ ਸਵੈ-ਰਚਿਤ ਕਵਿਤਾ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ। 2010 ਵਿੱਚ ਲੋਕ ਕਲਾ ਪਰਦਰਸ਼ਨੀ ਵਿੱਚ ਵੀ ਇਨਾਮ ਹਾਸਿਲ ਕੀਤਾ। ਪੜ੍ਹਾਈ ਉਪਰੰਤ ਆਪ 11 ਸਾਲ ਤੋਂ ਉਹ ਕਲਗੀਧਰ ਟਰੱਸਟ ਬੜੂ ਸਾਹਿਬ ਵਿੱਚ ਅਧਿਆਪਨ ਕਿੱਤੇ ਨਾਲ ਜੁੜੇ ਹੋਏ ਹਨ। ਉਹਨਾਂ ਨੇ ਅਕਾਲ ਅਕੈਡਮੀ ਕਾਲੇਕੇ, ਅਕਾਲ ਅਕੈਡਮੀ ਬੜੂ ਸਾਹਿਬ ਵਿਖੇ ਬਤੌਰ ਅਧਿਆਪਕਾ ਦੀ, ਅਕਾਲ ਅਕੈਡਮੀ ਰਾਮਸਿੰਘਪੁਰ 59 ਜੀ ਬੀ (ਰਾਜਸਥਾਨ) ਅਤੇ ਅਕਾਲ ਅਕੈਡਮੀ ਮਧੀਰ (ਮੁਕਤਸਰ) ਵਿੱਖੇ ਬਤੌਰ ਪ੍ਰਿੰਸੀਪਲ ਸੇਵਾ ਨਿਭਾਈ। ਹੁਣ ਉਹ ਅਕਾਲ ਅਕੈਡਮੀ ਵਛੋਆ ਵਿਖੇ ਵਾਈਸ ਪ੍ਰਿੰਸੀਪਲ ਦੀ ਸੇਵਾ ਨਿਭਾ ਰਹੇ ਹਨ। ਕੰਵਲਜੀਤ ਕੌਰ ਜੀ ਨੇ ਕਿਹਾ, ''ਕੁਝ ਸਮਾਂ ਪਹਿਲਾਂ ਹੀ ਮੇਰਾ ਰਾਬਤਾ ਪੰਥ ਦੇ ਮਹਾਨ ਰਾਗੀ ਭਾਈ ਸਾਹਿਬ ਭਾਈ ਬਰਿੰਦਰ ਸਿੰਘ ਗੁਰਦਾਸਪੁਰੀ ਜੀ ਨਾਲ ਹੋਇਆ ਹੈ। ਉਹ ਸਤਿਕਾਰਯੋਗ ਸ਼ਖਸੀਅਤ ਮੇਰੇ ਉਸਤਾਦ ਜੀ ਮੈਨੂੰ ਸਿੱਖਿਆ ਦੇ ਰਹੇ ਹਨ।'' ਇਸ ਤੋਂ ਇਲਾਵਾ ਇਸਤਰੀ ਲਿਖਾਰੀ ਮੰਚ ਗੁਰਦਾਸਪੁਰ ਜ਼ਿਲ੍ਹੇ ਦੇ ਪ੍ਰਧਾਨ ਕੰਵਲਜੀਤ ਕੌਰ ਜੀ ਨੇ ਜਿੱਥੇ ਅੰਮ੍ਰਿਤਪਾਲ ਬਿੱਲਾ ਜੀ ਨਾਲ, ਪੰਜਾਬੀ ਫਿਲਮ, 'ਲਾਈਫ ਆਫ ਸਿੱਖ' ਅਤੇ 'ਵਿਸਾਖੀ' ਵਿਚ ਕੰਮ ਕੀਤਾ, ਉਥੇ ਇੰਟਰਨੈਸ਼ਨਲ ਪੱਧਰ 'ਤੇ ਕਰਵਾਏ ਗਏ ਕਵੀ ਦਰਬਾਰ, 'ਕੂੰਜਾਂ ਦੀ ਪਰਵਾਜ' ਲਿਖਾਰੀ ਸਭਾ ਸਿਆਟਲ ਅਮਰੀਕਾ, ਇੰਟਰਨੈਸ਼ਨਲ ਸਰਬ ਸਾਂਝਾ ਕਵੀ ਦਰਬਾਰ ਟਰਾਂਟੋ ਕੈਨੇਡਾ, ਸਾਂਝੀ ਆਵਾਜ਼ ਰੇਡੀਓ ਮੈਲਬੌਰਨ ਆਸਟ੍ਰੇਲੀਆ, ਪੱਕੀਆਂ ਥਾਂਵਾਂ ਪਾਕਿਸਤਾਨ ਆਦਿ ਵਿੱਚ ਵੀ ਭਾਗ ਲੈਕੇ ਸਭ ਦੇ ਮਨਾਂ ਤੇ ਅਮਿੱਟ ਛਾਪ ਛੱਡੀ ਹੈ। ਜ਼ਿਕਰ ਯੋਗ ਹੈ ਕਿ ਕੰਵਲਜੀਤ ਕੌਰ ਜੀ ਨੇ ਨਾ-ਸਿਰਫ਼ ਧਾਰਮਿਕ ਅਤੇ ਸਮਾਜ ਲਈ ਸੇਧਆਤਮਕ ਰਚਨਾਵਾਂ ਹੀ ਰਚੀਆਂ ਹਨ, ਬਲਕਿ ਚਲੰਤ ਮਾਮਲਿਆਂ ਦੀ ਗੱਲ ਕਰਦਿਆਂ ਕਿਸਾਨੀ ਮੁੱਦਿਆਂ 'ਤੇ ਨਿਡੱਰ ਹੋ ਕੇ ਨਾਦਰਸ਼ਾਹੀ ਸਰਕਾਰਾਂ ਦੇ ਫੁਰਮਾਨਾਂ ਨੂੰ ਖੁੱਲ੍ਹ ਕੇ ਲਾਹਨਤਾਂ ਵੀ ਪਾਈਆਂ ਹਨ। ਉਨ੍ਹਾਂ ਨੇ ਹਮੇਸਾਂ ਹੱਕ ਸੱਚ ਤੇ ਇਨਸਾਫ ਲਈ ਲਿਖਿਆ ਹੈ। ਕਿਸਾਨੀ ਸੰਘਰਸ਼ ਦੇ ਹਿੱਤ ਵਿਚ, 'ਜੀਹਨੇ ਤੇਰੇ ਮੂੰਹ ਦੇ ਵਿਚ ਪਾਉਣੀ ਬੁਰਕੀ, ਉਨ੍ਹਾਂ ਦੇ ਹੱਕਾਂ ਦਾ ਕਾਹਤੋਂ ਘਾਣ ਕੀਤਾ ਏ' ਇੰਗਲੈਂਡ ਦੀ ਕੰਪਨੀ ਗੋਲਡ ਰਿਕਾਰਡਜ ਵੱਲੋਂ ਰਿਲੀਜ ਕੀਤਾ ਗਿਆ ਕੰਵਲਜੀਤ ਕੌਰ ਜੀ ਦੀ ਆਪਣੀ ਕਲਮ ਦਾ ਲਿਖਿਆ ਅਤੇ ਆਪਣੀ ਆਵਾਜ਼ ਵਿਚ ਰਿਕਾਰਡ ਗੀਤ ਖ਼ੂਬ ਚਰਚਾ ਵਿਚ ਹੈ।

ਕੰਵਲਜੀਤ ਕੌਰ ਗੁਰਦਾਸਪੁਰੀ ਜੀ ਦੀਆ ਰਚਨਾਵਾਂ ਨੂੰ ਜਿੱਥੇ ਅਜੀਤ, ਲਿਸ਼ਕਾਰਾ ਟਾਈਮਜ, ਵਰਡਲਜ ਪੰਜਾਬੀ ਟਾਈਮਜ, ਸਾਂਝ -ਸਵੇਰਾ, ਨਿਰਪੱਖ ਆਵਾਜ, ਪਿੰਡੋਂ ਆਈਆਂ ਡਾਕਾ, ਕਲਮਾਂ ਦਾ ਕਾਫਲਾ, ਵਰਲਡ ਪੀਸ ਮਿਸ਼ਨ, ਪੰਜਾਬੀ ਸਾਂਝ ਜਰਮਨੀ, ਸ਼ਬਦ ਕਾਫਲਾ ਪੁਰਤਗਾਲ ਆਦਿ ਦੇਸ਼-ਵਿਦੇਸ਼ ਦੀਆਂ ਅਖ਼ਬਾਰਾਂ ਤੇ ਮੈਗਜੀਨਾਂ ਵਿੱਚ ਵਿਸੇਸ ਥਾਂ ਮਿਲ ਚੁੱਕੀ ਹੈ ਉਥੇ, 'ਅਹਿਸਾਸਾਂ ਦੀ ਸਾਂਝ', 'ਸਾਂਝ ਦਿਲਾਂ ਦੀ', 'ਮਿੱਟੀ ਦੇ ਬੋਲ' ਨਾਂ ਦੀਆਂ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਵੀ ਉਨ੍ਹਾਂ ਸ਼ਮੂਲੀਅਤ ਕੀਤੀ ਹੈ। ਹੁਣ ਉਹ ਜਲਦੀ ਹੀ ਆਪਣਾ ਮੌਲਿਕ ਕਾਵਿ-ਸੰਗ੍ਰਹਿ ਪਾਠਕਾਂ ਲਈ ਲੈ ਕੇ ਹਾਜ਼ਰ ਹੋ ਰਹੇ ਹਨ।

ਕੰਵਲਜੀਤ ਕੌਰ ਜੀ ਇੱਥੋਂ ਤੱਕ ਦਾ ਮੁਕਾਮ ਹਾਸਲ ਕਰਨ ਦਾ ਸਿਹਰਾ ਹਰ ਪਲ ਸਾਥ ਦੇਣ ਵਾਲੇ ਆਪਣੇ ਜੀਵਨ-ਸਾਥੀ ਸ. ਹਰਮੀਤ ਸਿੰਘ ਤੇ ਪਰਿਵਾਰ ਸਿਰ ਦੇਣ ਦੇ ਨਾਲ-ਨਾਲ ਸਾਹਿਤਕ ਖੇਤਰ ਦੀਆਂ ਆਪਣੇ ਨਾਲ ਵਿਚਰ ਰਹੀਆਂ ਸ਼ਖ਼ਸੀਅਤਾਂ ਦੇ ਸਿਰ ਦਿੰਦੇ ਹੋਏ ਉਨ੍ਹਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਵੀ ਕਰਦੇ ਹਨ।


ਸਾਹਿਤਿਕ ਜਗਤ ਵਿੱਚ ਲਗਾਤਾਰ ਵੱਡਮੁੱਲਾ ਯੋਗਦਾਨ ਪਾ ਰਹੇ ਬਹੁ ਕਲਾਵਾਂ ਦੇ ਸੁਮੇਲ ਮੁਟਿਆਰ ਕੰਵਲਜੀਤ ਕੌਰ ਗੁਰਦਾਸਪੁਰੀ ਜੀ ਨੂੰ ਮਾਲਕ ਮੰਜ਼ਲਾਂ ਤਹਿ ਕਰਦਿਆਂ ਸਰਗਰਮ ਕਦਮੀਂ ਤੁਰੇ ਰਹਿਣ ਦਾ ਅਸ਼ੀਰਵਾਦ ਤੇ ਬਲ ਬਖਸ਼ਦੇ ਰਹਿਣ ! ਆਮੀਨ!

## ਪੁਸਤਕ ਸਮੀਖਿਆ


ਪੁਸਤਕ ਦਾ ਨਾਂ : ਕਲਮ ਦੀ ਆਹਟ (ਕਾਵਿ-ਸੰਗ੍ਰਹਿ)
ਲੇਖਿਕਾ : ਰਾਜਨਦੀਪ ਕੌਰ ਮਾਨ
ਪੰਨੇ : 135, ਕੀਮਤ : 250/-
ਪ੍ਰਕਾਸ਼ਕ : ਪ੍ਰੀਤ ਪਬਲੀਕੇਸ਼ਨ, ਨਾਭਾ

ਰਾਜਨਦੀਪ ਕੌਰ ਮਾਨ ਸਾਹਿਤ ਤੇ ਸੱਭਿਆਚਾਰਕ ਜਗਤ ਵਿਚ ਅਨੇਕਾਂ ਸਟੇਜਾਂ ਉਤੇ ਸਨਮਾਨਿਆ-ਸਤਿਕਾਰਿਆ ਵਿਦਵਾਨ, ਸੰਜ਼ੀਦਾ, ਸੁਹਿਰਦ, ਦੂਰ-ਅੰਦੇਸ਼, ਸੰਵੇਦਨਸ਼ੀਲ ਤੇ ਲੋਕ ਹਿੱਤਾਂ ਦਾ ਪਹਿਰੇਦਾਰ ਹਸਤਾਖਰ ਹੈ। ਹਥਲਾ ਕਾਵਿ-ਸੰਗ੍ਰਹਿ ਕਹਿਣ ਨੂੰ ਭਾਂਵੇ ਕਿ ਉਨ੍ਹਾਂ ਦਾ ਪਲੇਠਾ ਕਾਵਿ-ਸੰਗ੍ਰਹਿ ਹੈ, ਪਰ ਉਨ੍ਹਾਂ ਨੇ ਕਈ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਕਲਮੀ ਸਾਂਝਾਂ ਪਾਲਣ ਦੇ ਨਾਲ-ਨਾਲ ਜਿੱਥੇ ਦੇਸ਼-ਵਿਦੇਸ਼ ਦੇ ਹਰ ਪੰਜਾਬੀ ਪੇਪਰ ਤੇ ਮੈਗਜੀਨ ਤੱਕ ਕਲਮੀ ਪਹੁੰਚ ਕੀਤੀ ਹੈ, ਉਥੇ ਕਵੀ-ਦਰਬਾਰਾਂ ਤੇ ਵਿਸ਼ਾਲ ਸਮਾਗਮਾਂ ਦਾ ਹਿੱਸਾ ਬਣਨ ਵਿਚ ਵੀ ਉਹ ਪਿੱਛੇ ਨਹੀਂ ਰਹੇ। ਫਿਰ ਰੇਡੀਓ ਰੰਗ ਐਫ ਐਮ ਅਤੇ ਰੇਡੀਓ ਪੰਜਾਬ ਟੂ-ਡੇਅ ਦੀ ਹੋਸਟ ਦੀ ਅਹਿਮ ਜਿੰਮੇਵਾਰੀ ਨਿਭਾਂਉਂਦਿਆਂ ਉਨ੍ਹਾਂ ਨੇ ਸਾਹਿਤ, ਸਮਾਜ ਤੇ ਸੱਭਿਆਚਾਰ ਲਈ ਹੋਰ ਵੀ ਬਹੁਤ ਵਡੇਰੇ ਤੇ ਚੰਗੇਰੇ ਮਾਅਰਕੇ ਮਾਰੇ ਹਨ।

ਹੱਥਲੀ ਪੁਸਤਕ ਜੋ ਕਿ ਉਨ੍ਹਾਂ ਨੇ ਕਿਸਾਨੀ ਸੰਘਰਸ਼ ਨੂੰ ਸਮਰਪਿਤ ਕੀਤੀ ਹੈ, ਵਿਚ, 'ਉਠ ਜਾਗ ਓਏ ਕਿਸਾਨਾਂ', 'ਕਿਸਾਨੀ 'ਤੇ ਕਬਿਤ', 'ਨਿੱਕੇ ਸ਼ੇਰ ਲਈ', 'ਤੂੰ ਸੁੱਤਾ ਜਾਗੇਂ ਨਾ', 'ਝੰਡਾ ਇੰਨਕਲਾਬ ਦਾ', 'ਪੰਜਾਬ ਸਿੰਘਾਂ', 'ਕਿਰਸਾਣੀ ਦੀ ਦੀਵਾਲੀ' ਅਤੇ 'ਕਲਮਾਂ ਵਾਲਿਓ' ਆਦਿ ਦੁਆਰਾ ਅੰਨ ਦਾਤਾ ਪ੍ਰਤੀ ਹਮਦਰਦੀ ਤੇ ਕਿਸਾਨੀ ਮੁਸ਼ਕਲਾਂ ਵਰਨਣ ਕੀਤੀਆਂ ਹਨ। 'ਭੱਠਿਆਂ ਦਾ ਗੀਤ', 'ਬਾਲ ਮਜ਼ਦੂਰੀ ਇਕ ਲਾਹਨਤ', ਕਿਰਤੀ ਮਜਦੂਰਾਂ ਦੇ ਹਾਲਾਤਾਂ ਨੂੰ, 'ਇਕ ਅਰਜ਼ ਮਾਨਵਤਾ ਲਈ' ਪਾਣੀ ਦੀ ਕਿੱਲਤ ਨੂੰ, 'ਨਿੱਕੇ ਨਿੱਕੇ ਜਗਨੂੰ' ਅਮਨ ਤੇ ਸ਼ਾਂਤੀ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਂਦੀਆਂ




ਬਾਕਮਾਲ ਰਚਨਾਵਾਂ ਹਨ। ਕਵਿੱਤਰੀ ਖੁਦ ਔਰਤ-ਵਰਗ ਨਾਲ ਸਬੰਧਤ ਹੋਣ ਕਰ ਕੇ ਉਨ੍ਹਾਂ ਨੇ ਔਰਤ ਦੇ ਦਰਦ ਨੂੰ ਵੀ ਗਹਿਰਾਈ ਦੀ ਤਹਿ ਤੱਕ ਬਿਆਨਿਆ ਹੈ। ਇਸ ਮੰਤਵ ਦੀ ਪੂਰਤੀ ਕਰਦੀਆਂ, 'ਨਾਰੀ ਯੁੱਗ', 'ਅੱਲ੍ਹੜ ਉਮਰ ਦੀ ਅਰਜ਼', 'ਧੀਆਂ ਸਿਰ ਦਾ ਤਾਜ', 'ਨੰਨ੍ਹੀ ਪਰੀ', 'ਮਾਏ ਨੀ', 'ਮੈਂ ਜਗ ਜਣਨੀ', 'ਔਰਤ' ਤੇ 'ਕਵਿਤਾ' (101 ਸਫਾ), 'ਨੀਵੀਂ ਜਾਤ' ਆਦਿ ਮਾਂ, ਧੀ, ਭੈਣ ਤੇ ਔਰਤ ਦੇ ਇਰਦ-ਗਿਰਦ ਘੁੰਮਦੀਆਂ ਦਰਦ-ਭਿੰਜੀਆਂ ਰਚਨਾਵਾਂ ਹਨ। ਇਸੇ ਤਰ੍ਹਾਂ, 'ਤੇਰੀ ਮਹਿਕ',




'ਸੁੱਚਾ ਅਹਿਸਾਸ','ਸਾਵਣ', 'ਕਦੀ ਵਿਹਲ ਮਿਲੀ', 'ਕਵਿਤਾ' (52 ਸਫ਼ਾ),' ਕੋਈ ਅਣਜਾਣਾ', 'ਨੈਣਾਂ ਦੇ ਦੁੱਖ', 'ਬਿਰਹਾ ਦੀ ਹੂਕ', 'ਬਿਰਹਾ ਦੀ ਪੀੜ', 'ਬੱਦਲਾਂ ਪਿੱਛੇ ਚੰਨ', 'ਰੇਸ਼ਮੀ ਯਾਦਾਂ' ਤੇ 'ਪੈੜਾਂ' ਆਦਿ ਸੱਜਣਾਂ ਪ੍ਰਤੀ ਪਾਕਿ-ਮੁਹੱਬਤ, ਮੋਹ-ਪਿਆਰ ਤੇ ਬਿਰਹਾ ਦੇ ਅਹਿਸਾਸਾਂ ਨੂੰ ਪ੍ਰਗਟਾਉਂਦੀਆਂ ਰਚਨਾਵਾਂ ਹਨ। ਆਪਣਿਆਂ ਤੋਂ ਮਿਲੇ, ਹੱਡੀਂ ਹੰਢਾਏ ਨਿੱਜ ਦਰਦ ਨੂੰ ਵੀ ਪੁਸਤਕ ਵਿਚ ਕਾਫੀ ਜਗ੍ਹਾ ਦਿੱਤੀ ਹੈ ਕਵਿੱਤਰੀ ਨੇ। ਮਿਸਾਲ ਵਜੋਂ, 'ਇਹ ਦਿਨ ਵੀ ਰਹਿਣੇ ਯਾਦ', 'ਜ਼ਖ਼ਮ', 'ਤੂੰ ਵੀ ਕਰ ਅਹਿਸਾਸ ਖਤਮ', 'ਆ ਮਿਲ ਪਿਆਰੇ', 'ਦਰਦ', 'ਕੁਝ ਖ਼ਵਾਬ', 'ਪੀੜ ਪ੍ਰਾਹੁਣੀ', 'ਖ਼ਵਾਇਸ਼', 'ਪਿਆਸੀ ਰੇਤ', 'ਬੋਲੀਆਂ' (93), 'ਗ਼ਜ਼ਲ' (103), 'ਪੀੜਾਂ', 'ਦਰਦ', 'ਅੱਧਾ ਚਿਹਰਾ', 'ਨਵੀਆਂ ਰਾਹਾਂ' ਤੇ 'ਚਿਣਗ' ਆਦਿ ਦਰਦ 'ਚ ਡੁੱਬ ਕੇ ਲਿਖੀਆਂ ਰਚਨਾਵਾਂ ਹਨ। 'ਨਿੱਕੇ ਕਦਮ' ਇਕ ਸੇਧਆਤਮਕ ਪਾਏਦਾਰ ਰਚਨਾ ਹੈ, ਜਦ ਕਿ 'ਮਾਂ ਰੱਬ ਦਾ ਰੂਪ' ਅਤੇ 'ਮਾਂ' ਰਚਨਾਵਾਂ ਪੁਸਤਕ ਨੂੰ ਸਿਖਰਤਾ ਪ੍ਰਦਾਨ ਕਰਦੀਆਂ ਰਚਨਾਵਾਂ ਹਨ। 'ਵੰਗਾਰ', 'ਮਾਂ-ਬੋਲੀ' ਤੇ 'ਸੰਨ ਸੰਤਾਲੀ' ਦੀ ਆਪਣੀ ਉਚ ਅਹਿਮੀਅਤ ਹੈ। ਇੱਥੇ ਹੀ ਬਸ ਨਹੀਂ, ਕਵਿੱਤਰੀ ਨੇ ਵਧ ਰਹੇ ਨਸ਼ਿਆਂ, ਟੁੱਟਦੇ-ਭੱਜਦੇ ਰਿਸ਼ਤਿਆਂ, ਦੇਸ਼-ਭਗਤੀ, ਦੁਨੀਆਂ ਦੇ ਦੋਮੂੰਹੇ ਕਿਰਦਾਰ, ਬਚਪਨ ਦੇ ਹੰਢਾਏ ਪਲਾਂ ਤੇ ਰਾਜਨੀਤਿਕਾਂ ਦੇ ਭੈੜੇ ਕਿਰਦਾਰ ਆਦਿ ਵਿਸ਼ਿਆਂ ਨੂੰ ਵੀ ਨਾ-ਸਿਰਫ ਛੋਹਿਆ ਹੀ, ਬਲਕਿ ਬਾਖੂਬੀ ਨਿਭਾਇਆ ਵੀ ਹੈ।

ਕੁੱਲ ਮਿਲਾ ਕੇ ਕਵਿੱਤਰੀ ਰਾਜਨਦੀਪ ਕੌਰ ਮਾਨ ਦਾ, ਸ਼ਾਨਦਾਰ ਤੇ ਜਾਨਦਾਰ ਪਰਿਵਾਰਕ ਗੁਲਦਸਤਾ, 'ਕਲਮ ਦੀ ਆਹਟ' ਹਰ ਘਰ ਦੀ ਲਾਇਬਰੇਰੀ ਦਾ ਸ਼ਿੰਗਾਰ ਬਣਨ ਦਾ ਦਮ ਰੱਖਦਾ ਹੈ। ਹਰ ਉਮਰ ਦੇ ਪਾਠਕ ਲਈ ਰੂਹ ਨਾਲ ਪੜ੍ਹਨ ਤੇ ਮਾਨਣ ਯੋਗ ਕਾਵਿ-ਸੰਗ੍ਰਹਿ ਪੰਜਾਬੀ ਮਾਂ-ਬੋਲੀ ਦੀ ਝੋਲ਼ੀ ਪਾਉਣ ਲਈ ਕਵਿੱਤਰੀ ਨੂੰ ਦਿਲ ਦੀਆਂ ਗਹਿਰਾਈਆਂ 'ਚੋਂ ਮੁਬਾਰਕ ਦਿੰਦਾ ਹੋਇਆ ਇਸ ਕਲਮੀ-ਚਸ਼ਮੇ ਦੇ ਨਿਰੰਤਰ ਵਗਦਿਆਂ ਕਾਵਿਕ ਖੁਸ਼ਬੂਆਂ ਵਿਖੇਰਦੇ ਰਹਿਣ ਦੀਆਂ ਦੁਆਵਾਂ ਤੇ ਕਾਮਨਾਵਾਂ ਵੀ ਕਰਦਾ ਹਾਂ।

**-ਪ੍ਰੀਤਮ ਲੁਧਿਆਣਵੀ (ਚੰਡੀਗੜ੍ਹ),**
**9876428641**

# ਸ਼ਾਸਨ ਪ੍ਰਸ਼ਾਸਨ ਵਿਚ ਹਿੱਸੇਦਾਰ ਬਣਕੇ ਹੀ ਬਹੁਜਨ ਸਮਾਜ ਜ਼ਿੰਦਗੀ ਦੇ ਹਰ ਪਹਿਲੂ 'ਚ ਅੱਗੇ ਵਧ ਸਕਦਾ ਹੈ

**(ਸਫਾ 21 ਦੀ ਬਾਕੀ)**

ਵੱਲੋਂ ਮਿਲਕੇ ਵੀ ਨਹੀਂ ਵੰਡੀ ਗਈ। ਜੇ ਹਰਿਆਣਾ ਪ੍ਰਦੇਸ਼ ਵਿਚ ਸ਼ਾਸਨ ਵਿਚ ਹਿੱਸੇਦਾਰੀ ਆਪਣੇ ਹੱਥ ਆਉਂਦੀ ਹੈ ਤਾਂ ਭਾਰਤੀ ਹਿੱਸੇਦਾਰੀ ਅੰਦੋਲਨ ਤਹਿਤ ਜੋ ਲੋਕ ਖੇਤਾਂ ਚ ਕੰਮ ਕਰਦੇ ਹਨ , ਅਨਾਜ ਪੈਦਾ ਕਰਦੇ ਹਨ ਪਰ ਉਹਨਾਂ ਕੋਲ ਖੇਤ ਨਹੀਂ ਉਹਨਾਂ ਨੂੰ ਖੇਤ ਦਿੱਤੇ ਜਾ ਸਕਦੇ ਹਨ।

ਉਹਨਾਂ ਨੇ ਦੱਸਿਆ ਕਿ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਕੋਲ ਤਾਂ ਖਰਚਣ ਲਈ ਕੇਵਲ 8000 ਕਰੋੜ ਦਾ ਬਜਟ ਹੈ। ਪਰ ਉਤਰ ਪ੍ਰਦੇਸ਼ ਚ ਮਾਇਆਵਤੀ ਦੀ ਸਰਕਾਰ ਨੇ 9500 ਕਰੋੜ ਖਰਚ ਕੇ 12000 ਪਿੰਡਾਂ ਨੂੰ ਜ਼ਿੰਦਗੀ ਦੇ ਹਰ ਪਹਿਲੂ ਵਿਚ ਵਡੇ ਪੱਧਰ ਹਿਸੇਦਾਰ ਬਣਾ ਦਿਤਾ। ਜਿਨ੍ਹਾਂ ਪਿੰਡਾਂ ਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਪੰਜਾਹ ਫ਼ੀਸਦੀ ਸੀ। ਉਹਨਾਂ ਪਿੰਡਾਂ ਨੂੰ ਚੁਣਕੇ ਅੰਬੇਡਕਰ ਪਿੰਡ ਦਾ ਨਾਂ ਦਿੱਤਾ ਗਿਆ। ਇਸ ਲਈ ਅਨੁਸੂਚਿਤ ਜਾਤੀ ਦੇ ਲੋਕ ਜਿਨ੍ਹਾਂ ਨਾਲ ਸਭ ਤੋਂ ਵਧ ਅਨਿਆਂ ਹੋਇਆ , ਜਿਨ੍ਹਾਂ ਨੂੰ ਸਭ ਤੋਂ ਜ਼ਿਆਦਾ ਪਛਾੜਿਆ ਗਿਆ, ਲਤਾੜਿਆ ਗਿਆ ਉਹਨਾਂ ਨੇ ਜ਼ਿੰਦਗੀ ਦੇ ਹਰ ਪਹਿਲੂ ਵਿਚ ਹਿੱਸੇਦਾਰੀ ਹਾਸਲ ਕੀਤੀ ਕਿਉਂ ਕਿ ਸ਼ਾਸਨ ਪ੍ਰਸ਼ਾਸਨ ਵਿਚ ਬਹੁਜਨ ਸਮਾਜ ਦੀ ਹਿੱਸੇਦਾਰੀ ਸੀ। ਸ਼ਾਸਨ ਪ੍ਰਸ਼ਾਸਨ ਵਿਚ ਹਿੱਸੇਦਾਰੀ ਹਾਸਲ ਕਰਕੇ ਬਹੁਤ ਵੱਡਾ ਕੰਮ ਕੀਤਾ ਗਿਆ।

ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਂ ਰਾਸ਼ਟਰ ਵਿਚ ਤਾਂ ਬਹੁਤ ਜ਼ਿਆਦਾ ਜ਼ਮੀਨ ਹੈ ਪਰ ਹਰਿਆਣਾ ਤੇ ਪੰਜਾਬ ਵਿੱਚ ਜ਼ਮੀਨ ਘੱਟ ਹੈ। ਅਗਰ ਸਰਕਾਰੀ ਜ਼ਮੀਨ ਨਹੀਂ ਤਾਂ ਦੂਜਾ ਪ੍ਰਬੰਧ ਕੀਤਾ ਜਾ ਸਕਦਾ ਹੈ। ਜੇ ਖੇਤ ਨਹੀਂ ਤਾਂ ਬਦੇਸ਼ਾਂ ਦੀ ਤਰ੍ਹਾਂ ਕਾਰਖਾਨੇ ਹੋਣੇ ਚਾਹੀਦੇ ਹਨ।

ਜੇਕਰ ਬਦੇਸ਼ੀ ਕੰਪਨੀ ਆਉਂਦੀ ਹੈ ਤਾਂ ਏਅਰਕ-ਡੀਸ਼ਨ ਕਾਰਖਾਨਿਆਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਅਗਰ ਖੇਤ ਹਨ ਤਾਂ ਖੇਤ ਹਾਸਲ ਕੀਤੇ ਜਾ ਸਕਦੇ ਹਨ। ਜੇ ਖੇਤ ਨਹੀਂ ਤਾਂ ਦੂਜਾ ਪ੍ਰਬੰਧ ਕੀਤਾ ਜਾ ਸਕਦਾ ਹੈ। ਇਹ ਤਦ ਹੀ ਕੀਤਾ ਜਾ ਸਕਦਾ ਹੈ ਜੇ ਸਾਸਨ ਪ੍ਰਸ਼ਾਸਨ ਵਿਚ ਹਿੱਸੇਦਾਰੀ ਹੋਵੇ। ਉਹਨਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਬਹੁਜਨ ਸਮਾਜ ਕਿਸੇ ਦੂਜੇ ਤੇ ਨਿਰਭਰ ਨਾ ਰਹਿ ਕੇ, ਆਪਣੇ ਬਲਬੂਤੇ ਤੇ, ਆਪਣੇ ਛੋਟੇ ਛੋਟੇ ਸਾਧਨਾਂ ਦਾ ਇਸਤੇਮਾਲ ਕਰਕੇ ਆਪਣੇ ਆਪ ਨੂੰ ਤਿਆਰ ਕਰੇ। ਆਪਣੀ ਹਿੱਸੇਦਾਰੀ ਹਾਸਲ ਕਰੇ ਅਤੇ ਜ਼ਿੰਦਗੀ ਦੇ ਹਰ ਪਹਿਲੂ ਵਿਚ ਅੱਗੇ ਵੱਧਣ ਦੀ ਕੋਸ਼ਿਸ਼ ਕਰੇ। ਮੰਚ ਤੇ ਸਾਬਕਾ ਮੈਂਬਰ ਪਾਰਲੀਮੈਂਟ ਹਰਭਜਨ ਲਾਖਾ, ਲਾਲ ਸਿੰਘ ਸੁਲਹਾਣੀ ਉਪ ਪ੍ਰਧਾਨ ਬਸਪਾ ਪੰਜਾਬ, ਚੌਧਰੀ ਦਰਸ਼ਨ ਲਾਲ , ਸ੍ਰੀਮਤੀ ਈਸ਼ਵਰ ਕੌਰ ਨਰਵਾਲ ਪ੍ਰਧਾਨ ਮਹਿਲਾ ਵਿੰਗ ਹਰਿਆਣਾ ਪ੍ਰਦੇਸ਼, ਮਾਨ ਸਿੰਘ ਗੁਜਰ, ਦੇਵੀ ਰਾਮ ਪੰਵਾਰ, ਨਰੇਸ਼ ਯਾਦਵ ਤੇ ਹੋਰ। ਆਗੂ ਉਪਸਥਿਤ ਸਨ।

# Raja
## SWEETS & CATERING



AUTHORIZED CATERER FOR MAJOR 5-STAR HOTELS

**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets



# INDIA MARKET
## SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



# HAPPY BAZAAR

**INDIAN, PAKISTANI & FIJJIAN GROCERIES**

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।


EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



**ਸਾੜੀ ਸਪੈਸ਼ਲਟੀ**
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



**KASH FABRICS**
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਭਾਰਤੀ ਸੁਤੰਤਰਤਾ ਦੇ ਮੋਹਰੀ ਕਬੀਲੇ, ਬਿਰਸਾ ਮੁੰਡਾ ਅਤੇ ਵੰਸ਼



ਹਰਦੀਪ ਸਿੰਘ ਚੁੰਬਰ
+91-94636-01616

**ਅਜਾਦੀ ਦੀ ਸੁਰੂਆਤ ਅਤੇ ਆਦਿਵਾਸੀ ਕਬੀਲੇ**

ਕਿਸੇ ਰੁਜ਼ਗਾਰਦਾ ਪ੍ਰਬੰਧ ਕੀਤੇ ਬਿਨਾ, ਮੌਜੂਦਾ ਜੀਵਨ ਸਹਾਰੇ ਤੋਂ ਬਾਦਖਲ ਕਰ ਅਣਮਨੁੱਖੀ ਕੰਮ ਹੈ। ਵੱਡੇ ਉਦਯੋਗਾਂ ਦੀ ਸਥਾਪਨਾ, ਡੈਮਾਂ ਦੀ ਉਸਾਰੀ ਅਤੇ ਆਦਿਵਾਸੀ ਖੇਤਰਾਂ ਵਿੱਚ ਵਿਕਾਸ ਯੋਜਨਾਵਾਂ ਦੀ ਸ਼ੁਰੂਆਤ ਸਥਾਨਕ ਆਬਾਦੀ ਦੇ ਉਜਾੜੇ ਦਾ ਕਾਰਨ ਬਣਦੀ ਰਹੀ ਹੈ। ਹਜ਼ਾਰਾਂ ਕਬੀਲੇ ਦੇ ਪਰਿਵਾਰ ਆਪਣੇ ਰਵਾਇਤੀ ਨਿਵਾਸ ਸਥਾਨਾਂ ਤੋਂ ਉਜੜੇ ਜਾਂਦੇ ਰਹੇ ਹਨ ਬਾਹਰੀ ਲੋਕਾਂ ਦੇ ਦਾਖਲ ਹੋਣ ਨਾਲ ਆਦਿਵਾਸੀ ਦੀ ਰਵਾਇਤੀ ਨੁਕਸਾਨਦੇਹੀਹੁੰਦੀ ਰਹੀ ਹੈ। ਇਸੇ ਕਾਰਨ ਅੰਦੋਲਨ ਹੁੰਦੇ ਹਨ, ਕੋਈ ਅੰਦੋਲਨਜੀਵੀ ਨਹੀਂ ਹੁੰਦਾ। ਜਿਹੜੇ ਕੁੱਝ ਲੋਕ ਨਵੀਂ ਆਰਥਿਕ ਅਤੇ ਵਿਦਿਅਕ ਸਰਹੱਦਾਂ ਦਾ ਲਾਭ ਲੈ ਸਕਦੇ ਸਨ, ਉਹ ਆਪਣੇ ਹਾਲਾਤ ਨੂੰ ਬਿਹਤਰ ਬਣਾਉਣ ਦੇ ਯੋਗ ਹੋ ਗਏ ਸਨ, ਜਦੋਂਕਿ ਕਬਾਇਲੀਆਂ ਦਾ ਇੱਕ ਵੱਡਾ ਹਿੱਸਾ, ਨਵੀਆਂ ਚੁਣੌਤੀਆਂ ਨਾਲ ਸਿੱਝਣ ਲਈ ਤਿਆਰ ਨਹੀਂ ਰਿਹਾ, ਹੌਲੀ ਹੌਲੀ ਸਮਾਜ ਅਤਿ ਦੇਗਰੀਬ ਵਰਗਾਂ ਵਿੱਚ ਸ਼ਾਮਿਲ ਹੋ ਗਿਆ ਹੈ। ਉਹਨਾ ਆਰਥਿਕ ਅਤੇ ਸਮਾਜਿਕ ਅਸਮਾਨਤਾਵਾਂ ਦੇ ਵਿਰੁੱਧ, ਉਨ੍ਹਾਂ ਨੇ ਸਮੂਹਿਕ ਆਵਾਜ਼ ਬੁਲੰਦ ਕੀਤੀ।

ਜਿਵੇਂ ਹੀ ਬ੍ਰਿਟਿਸ਼ ਨੇ 1757 ਵਿੱਚ ਪੂਰਬੀ ਭਾਰਤ ਦੇ ਉੱਤੇ ਕਬਜ਼ਾ ਕਰ ਲਿਆ, ਕਬੀਲੇ ਦੇ ਲੋਕਾਂ ਕੋਲੋਂ ਜਮੀਂਨਾ ਖੋਹ ਕੇਭਾਰਤੀ ਸ਼ਾਹੂਕਾਰਾਂ, ਜਿੰਮੀਦਾਰਾਂ ਨੂੰ ਦੇ ਦਿਤੀ ਅਤੇ ਉਹਨਾ ਕਬਾਈਲੀ ਕਿਸਾਨਾਂ ਤੋਂ ਭਾਰੀ ਲਗਾਨ ਲੈਣਾ ਸੁਰੂ ਕਰ ਦਿਤਾ। ਕਰਜਿਆਂ ਦੇ ਬੋਝ ਥੱਲੇ ਦੱਬੇ ਝਾਰਖੰਡ, ਬਿਹਾਰ,ਛੱਤੀਸਗੜ, ਉੜੀਸਾ ਅਤੇ ਬੰਗਾਲ ਦੇ ਆਦਿ-ਵਾਸੀ ਕਬੀਲਿਆਂ ਦੇ ਲੋਕ ਬਸਤੀਵਾਦੀ ਸ਼ਾਸਨ, ਪ੍ਰਸ਼ਾਸ਼ਨਦੀ ਬਗਾਵਤ ਕੀਤੀ। ਇਹੋ ਹੀ ਭਾਰਤ ਦੇ ਆਮ ਲੋਕਾਂ ਦੀ ਅਜਾਦੀ ਦੇ ਪਹਿਲੇ ਅੰਦੋਲਨ ਸਨ। 1768 ਵਿੱਚ ਹੀ ਘੁੰਮਸਰ ਦੇ ਜਗੀਰੂ ਰਾਜਾ ਕ੍ਰਿਸ਼ਣਾ ਭੰਜਾ ਦੇ ਅਧੀਨ, ਕੌਂਧਾ ਨੇ ਬ੍ਰਿਟਿਸ਼ ਵਿਰੁੱਧ ਇੱਕ ਲੜਾਈ ਲੜੀ ਅਤੇ ਬਹੁਤ ਸਾਰੇ ਆਪਣੀ ਜਾਨ ਤੋਂ ਹੱਥ ਧੋ ਬੈਠੇ।1772 ਵਿਚ ਪਹਾਰੀਆ ਬਗ਼ਾਵਤ ਸ਼ੁਰੂ ਹੋਈ ਜਿਸ ਤੋਂ ਬਾਅਦ ਤਿਲਕਾ ਮਾਂਝੀ ਦੀ ਅਗਵਾਈ ਵਿਚ ਪੰਜ ਸਾਲਾਂ ਤੱਕ ਵੱਡੀ ਬਗ਼ਾਵਤ ਹੋਈ,ਉਸ ਨੂੰ ਭਾਗਲਪੁਰ ਵਿਚ 1785 ਵਿਚ ਫਾਂਸੀ ਦੇ ਦਿੱਤੀ ਗਈ ਸੀ।

ਸੰਥਾਲ ਇੱਕ ਖੇਤੀਬਾੜੀ ਕਬੀਲਾ ਸਮੂਹ ਹੈ ਜੋ ਮੁੱਖ ਤੌਰ ਤੇ ਪੁਰਾਤਨ ਬਿਹਾਰ ਵਿੱਚ ਕੇਂਦਰਿਤ ਰਹੇ ਹਨ। ਵੱਡੀ ਕਿਸਾਨੀ ਬਗਾਵਤ 1855-1856 ਵਿਚ ਹੋਈ, ਜੋ ਕਿ 1793 ਦੀ ਸਥਾਈ ਲੈਂਡ ਸੈਟਲਮੈਂਟ ਦੀ ਸਥਾਪਨਾ ਕਾਰਨ ਹੋਈ ਸੀ। ਇਸ ਸਮਝੌਤੇ ਤੋਂ ਬਾਅਦ ਅੰਗਰੇਜ਼ਾਂ ਨੇ ਸਾਰੀ ਸਾਰੀ ਸੰਥਾਲੀਆਂ ਤੋਂ ਖੋਹ ਲਈ। ਜ਼ਿਮੀਂਦਾਰਾਂ ਨੇ ਇਨ੍ਹਾਂ ਜ਼ਮੀਨਾਂ ਨੂੰ ਅੰਗਰੇਜ਼ਾਂ ਦੀ ਨਿਲਾਮੀ 'ਤੇ ਲੈ ਲਈ ਅਤੇ ਉਨ੍ਹਾਂ ਨੂੰ ਬਹੁਤ ਮਹਿੰਗੇ ਟੈਕਸ ਅਦਾਇਗੀ ਉੱਕੇ ਕਾਸ਼ਤ ਲਈ ਕਬੀਲੇ ਦੇ ਕਿਸਾਨਾਂ ਨੂੰ ਦੇ ਦਿੱਤੀ।ਜੁਲਮ ਅਤੇ ਅੰਦੋਲਨ ਦਾ ਅਟੁੱਟ ਸਿਲਸਲਾ ਕਦੇ ਖਤਮ ਨਹੀਂ ਹੋਇਆ। 1832-34, 1837, 1853, 1855 ਦੇ ਅੰਦੋਲਨਾਂ ਨੂੰ ਪ੍ਰਮੁੱਖ ਹਨ। ਸੰਥਾਲੀਆਂ ਵਿੱਚ ਬਗਾਵਤ ਦਾ ਬਿਗਲ ਸਿਧੋ ਅਤੇ ਕਾਨੋ ਭਰਾਵਾਂ ਨੇ ਬਜਾਇਆ। 30 ਜੂਨ, 1855 ਨੂੰ ਸੰਥਾਲ ਦੀ ਵਿਸ਼ਾਲ ਰੈਲੀ, ਦਸ ਹਜ਼ਾਰ ਤੋਂ ਵੱਧ, ਨੇ ਉਨ੍ਹਾਂ ਦੇ ਸ਼ੋਸ਼ਣ ਅਤੇ ਜ਼ੁਲਮ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਸਿੱਧੋ ਅਤੇ ਕਾਨੋ ਦੀ ਅਗਵਾਈ ਵਾਲੀ 'ਰੈਲੀ' ਵਿੱਚ ਦਮਨਕਾਰੀ ਸ਼ਾਸਨ ਨੂੰ ਖਤਮ ਕਰਨ ਦੀ ਸਹੁੰ ਚੁੱਕੀ ਅਤੇ ਇਸ ਨੇ ਇਕ ਸੁਤੰਤਰ ਸੰਥਾਲੀ ਰਾਜ ਸਥਾਪਤ ਕਰਨ ਦੀ ਕੋਸ਼ਿਸ ਕੀਤੀ। ਹਜਾਰਾਂ ਲੋਕ ਸ਼ਹੀਦ ਹੋਏ ਸਨ। ਆਖਰਸਿੱਧੋ ਅਤੇ ਕਾਨੋ ਨੂੰ ਚੌਰਾਹੇ ਵਿੱਚ ਬੋਹੜ ਦੇ ਦਰਖਤ ਨਾਲ ਫਾਂਸੀ ਦੇ ਦਿਤੀ ਸੀ। ਉਹਨਾ ਦੇ ਦੋ ਹੋਰ ਭਰਾ ਅਤੇ ਦੋ ਭੈਣਾ ਨੇ ਵੀ ਸੰਥਾਲ ਹੂਲ ਵਿੱਚ ਕੁਰਬਾਨੀ ਦਿਤੀ।

ਸਿਲਸਲਾ ਇੱਥੇ ਹੀ ਖਤਮ ਨਹੀਂ ਹੋਇਆ, ਭਾਰਤੀ ਕਬੀਲਿਆਂ ਦੇ ਲੋਕ ਸੁਤੰਤਰਤਾ ਸੰਗਰਾਮੀ, ਧਾਰਮਿਕ ਆਗੂ ਅਤੇ ਲੋਕ ਨਾਇਕ ਸੀ ਜੋ ਮੁੰਡਾ ਕਬੀਲੇ ਨਾਲ ਸਬੰਧਤ ਸੀ। ਉਸਨੇ ਬ੍ਰਿਟਿਸ਼ ਰਾਜ ਦੇ ਸਮੇਂ, 19 ਵੀਂ ਸਦੀ ਦੇ ਅਖੀਰ ਵਿੱਚ ਬੰਗਾਲ ਪ੍ਰੈਸੀਡੈਂਸੀ (ਹੁਣ ਝਾਰਖੰਡ) ਵਿੱਚ ਕਬੀਲੇ ਦੇ ਦੀ ਅੰਦੋਲਨ ਦੀ ਅਗਵਾਈ ਕੀਤੀ, ਜਿਸ ਨਾਲ ਉਸਨੂੰ ਭਾਰਤੀ ਸੁਤੰਤਰਤਾ ਲਹਿਰ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਣ ਸ਼ਖਸੀਅਤ ਬਣਾਇਆ ਗਿਆ। ਬਗ਼ਾਵਤ ਮੁੱਖ ਤੌਰ 'ਤੇ ਖੁੰਟੀ, ਤਾਮਰ, ਸਰਵਾੜਾਅਤੇਬਾਂਡਗਾਂਵਦੇਮੁੰਡਾਪੱਟੀਵਿਚਕੇਂਦਰਿਤਸੀ। ਬਿਰਸਾ ਮੁੰਡਾ ਅੰਦੋਲਨ ਦਾ ਮਹਾਂ ਨਾਇਕ ਸੀ।

**ਅਰੰਭ ਦਾ ਜੀਵਨ**

ਬਿਰਸਾ ਮੁੰਡਾ ਦਾ ਜਨਮ 15 ਨਵੰਬਰ 1875 ਉਲਿਹਾਤੂ ਵਿੱਚ ਪਿਤਾ ਸੁਗਾਨਾ ਮੁੰਡਾ ਅਤੇ ਮਾਤਾ ਕਰਮੀ ਮੁੰਡਾ ਦੇ ਘਰ ਹੋਇਆ। ਉਲੀਹਾਤੂ ਦਾ ਦਾਅਵਾ ਪਿੰਡ ਵਿਚ ਰਹਿੰਦੇ ਬਿਰਸਾ ਦੇ ਵੱਡੇ ਭਰਾ ਕੋਮਟਾ ਮੁੰਡਾ 'ਤੇ ਰਿਹਾ ਕਰਦਾ ਸੀ ਉਸ ਦਾ ਘਰ ਹਾਲੇ ਵੀ ਇਕ ਖਸਤਾ ਹਾਲਤ ਵਿਚ ਮੌਜੂਦ ਹੈ। ਬਿਰਸਾ ਦਾ ਪਿਤਾਸੁਗਾਨਾ ਮੁੰਡਾ, ਮਾਤਾ ਕਰਮੀ ਮੁੰਡਾ, ਅਤੇ ਛੋਟਾ ਭਰਾ, ਪਾਸਨਾ ਮੁੰਡਾ, ਉਲੀਹਾਤੂ ਛੱਡ ਕੇ ਬਾਰਾਬਾਂਕੀ ਦੇ ਨੇੜੇ ਕੁਰੁੰਬਦਾ ਖੇਤੀ ਮਜ਼ਦੂਰੀ (ਸਾਂਝੇਦਰੀ) ਜਾਂ ਫਸਲਾਂ ਦੇ ਹਿੱਸੇਦਾਰੀ (ਰਿਆਤ) ਵਜੋਂ ਰੁਜ਼ਗਾਰ ਦੀ ਭਾਲ ਵਿੱਚਚਲੇ ਗਏ। ਕੁਰੁੰਬਦਾ ਵਿਖੇ, ਬਿਰਸਾ ਦਾ ਵੱਡਾ ਭਰਾ, ਕੌਮਟਾ ਅਤੇ ਉਸਦੀ ਭੈਣ, ਦਾਸਕੀਰ ਦਾ ਜਨਮ ਹੋਇਆ ਸੀ। ਉਥੋਂ ਪਰਿਵਾਰ ਬਾਂਬਾ ਚਲਾ ਗਿਆ ਜਿੱਥੇ ਬਿਰਸਾ ਦੀ ਵੱਡੀ ਭੈਣ ਚੰਪਾ ਦਾ ਜਨਮ ਹੋਇਆ ਸੀ।

ਬਿਰਸਾ ਦੇ ਮੁਢਲੇ ਸਾਲ ਉਸ ਦੇ ਮਾਪਿਆਂ ਨਾਲ ਚਲਕਾੜ ਵਿਖੇ ਬਿਤਾਏ। ਉਸ ਦਾ ਮੁਢਲਾ ਜੀਵਨ ਇਕ ਔਸਤ ਮੁੰਡਾ ਬੱਚੇ ਨਾਲੋਂ ਬਹੁਤ ਵੱਖਰਾ ਨਹੀਂ ਸੀ। ਲੋਕ-ਕਥਾ ਦਸਦੀਆਂ ਹਨ ਕਿ ਉਸਦੇ ਦੋਸਤਾਂ ਨਾਲ ਰੇਤ ਮਿੱਟੀ ਵਿਚ ਖੇਡਣਾ, ਬੋਹੋਂਦਾ ਦੇ ਜੰਗਲ ਵਿੱਚ ਭੇਡਾਂ ਵੀ ਚਰਾਈਆਂ। ਜਦੋਂ ਉਹ ਵੱਡਾ ਹੋਇਆ, ਉਸਨੇ ਬੰਸਰੀ ਵਜਾਉਣ ਵਿੱਚ ਰੁਚੀ ਬਣ ਗਈ ਸੀ, ਜਿਸ ਵਿੱਚ ਉਹ ਮਾਹਰ ਹੋ ਗਿਆ ਸੀ। ਉਹ ਹੱਥ ਵਿਚ ਤੌਇਲਾ, ਕੱਦੂ ਤੋਂ ਬਣਿਆ ਇਕ ਤਾਰਾ ਵਾਲਾ ਸਾਜ ਅਤੇ ਉਸਦੀ ਕਮਰ ਨਾਲ ਬੰਨੀ ਹੋਈ ਬੰਸਰੀ ਹਮੇਸ਼ਾ ਨਾਲ ਰਹਿੰਦੀ ਸੀ। ਉਸਨੇ ਬਚਪਨ ਦੇ ਦਿਨ ਰੋਮਾਂਚਕ ਪਲ ਕੁਸ਼ਤੀ ਦੇ ਮੈਦਾਨ ਵਿੱਚ ਬਿਤਾਏ ਸਨ। ਗਰੀਬੀ ਦੇ ਕਾਰਨ ਬਿਰਸਾ ਉਸਦੇ ਮਾਮੇ ਦੇ ਪਿੰਡ ਅਯੁਭਾਟੂ ਚਲਿਆ ਗਿਆ।ਕੋਮਟ ਮੁੰਡਾ, ਉਸਦਾ ਸਭ ਤੋਂ ਵੱਡਾ ਭਰਾ, ਜੋ ਕਿ ਦਸ ਸਾਲਾਂ ਦੀ ਸੀ, ਕੁੰਡੀ ਬਰਤੋਲੀ ਚਲਾ ਗਿਆ, ਇੱਕ ਮੁੰਡਾਲੜਕੀ ਵਿਆਹ ਕਰਵਾ ਲਿਆ ਅਤੇ ਅੱਠ ਸਾਲ ਇਥੇ ਰਿਹਾ, ਅਤੇ ਫਿਰ ਆਪਣੇ ਪਿਤਾ ਅਤੇ ਛੋਟੇ ਭਰਾ ਨਾਲ ਚਲਕਾੜ ਵਿਖੇ ਨਾਲ ਰਿਹਾ।

ਅਯੁਭਟੂ ਵਿਖੇ ਬਿਰਸਾ ਦੋ ਸਾਲ ਰਿਹਾ। ਉਹ ਇਕ ਜੈਪਾਲ ਨਾਗ ਦੁਆਰਾ ਚਲਾਇਆ ਜਾਂਦਾ ਸਾਲਗਾ ਵਿਖੇ ਸਕੂਲ ਗਿਆ, ਆਪਣੀ ਮਾਂ ਦੀ ਛੋਟੀ ਭੈਣ ਜੋਨੀ ਦੇ ਨਾਲ, ਜੋ ਉਸਦਾ ਬਹੁਤ ਖਿਆਲ ਰਖਦੀ ਸੀ, ਜਦੋਂ ਉਸਦਾ ਵਿਆਹ ਹੋਇਆ ਸੀ, ਤਾਂ ਉਸਦੇ ਨਵੇਂ ਘਰ ਖਟੰਗਾ ਗਿਆ, ਜਿੱਥੇ ਉਹ ਇਕ ਈਸਾਈ ਮਿਸ਼ਨਰੀ ਦੇ ਸੰਪਰਕ ਵਿਚ ਆਇਆ ਜਿਸਨੇ ਪਿੰਡ ਦੇ ਕੁਝ



ਪਰਿਵਾਰਾਂ ਦਾ ਦੌਰਾ ਕੀਤਾ ਜੋ ਈਸਾਈ ਬਣ ਗਏ ਸਨ।ਜਿਵੇਂ ਕਿ ਉਹ ਪੜ੍ਹਾਈ ਵਿਚ ਤੇਜ ਸੀ, ਜੈਪਾਲ ਨਾਗ ਨੇ ਉਸ ਨੂੰ ਜਰਮਨ ਮਿਸ਼ਨ ਸਕੂਲ ਵਿਚ ਦਾਖਲ ਹੋਣ ਦੀ ਸਿਫਾਰਸ਼ ਕੀਤੀ ਅਤੇ ਬਿਰਸਾ ਨੇ ਈਸਾਈ ਧਰਮ ਅਪਣਾ ਲਿਆ ਅਤੇ ਇਸ ਦਾ ਨਾਂ ਬਦਲ ਕੇ ਬਿਰਸਾ ਡੇਵਿਡ ਰੱਖਿਆ ਗਿਆ, ਜੋ ਬਾਅਦ ਵਿਚ ਬਿਰਸਾ ਦਾਊਦ ਬਣ ਗਿਆ।ਕੁਝ ਸਾਲ ਪੜ੍ਹਨ ਤੋਂ ਬਾਅਦ, ਉਸਨੇ ਜਰਮਨ ਮਿਸ਼ਨ ਸਕੂਲ ਛੱਡ ਦਿੱਤਾ।

**ਰਚਨਾਤਮਕ ਅਵਧੀ (1886-1894)**

1886 ਤੋਂ 1890 ਤੱਕ ਚਾਈਬਾਸਾ ਵਿਖੇ ਬਿਰਸਾ ਦੇ ਲੰਮੇ ਸਮੇਂ ਲਈ ਰਹਿਣਾ ਉਨ੍ਹਾਂ ਦੇ ਜੀਵਨ ਦਾ ਇੱਕ ਮਹੱਤਵਪੂਰਣ ਸਮਾਂ ਸੀ। ਇਸ ਅਵਧੀ ਜਰਮਨ ਅਤੇ ਰੋਮਨ ਕੈਥੋਲਿਕ ਈਸਾਈ ਅੰਦੋਲਨਾਂਦੀ ਸੀ। ਸੁਤੰਤਰਤਾ ਸੰਘਰਸ਼ ਦੇ ਮੱਦੇਨਜ਼ਰ ਸੁਗਾਨਾ ਮੁੰਡਾ ਆਪਣੇ ਬੇਟੇ ਨੂੰ ਸਕੂਲ ਤੋਂ ਹਟਾ ਲਿਆ ਸੀ। 1890 ਵਿਚ ਚਾਈਬਾਸਾ ਛੱਡਣ ਤੋਂ ਜਲਦੀ ਬਾਅਦ ਬਿਰਸਾ ਅਤੇ ਉਸਦੇ ਪਰਿਵਾਰ ਨੇ ਜਰਮਨ ਮਿਸ਼ਨ ਦੀ ਮੈਂ-ਬਰਸ਼ਿਪ ਛੱਡ ਦਿੱਤੀ ਅਤੇ ਈਸਾਈ ਧਰਮ ਛੱਡ ਦਿਤਾ ਅਤੇ ਆਪਣੀ ਮੂਲ ਰਵਾਇਤੀ ਕਬਾਇਲੀ ਧਾਰਮਿਕ ਪ੍ਰਣਾਲੀ ਵੱਲ ਮੁੜ ਗਿਆ।

ਸਰਦਾਰ ਅੰਦੋਲਨ ਚਲਦੇ ਦੇ ਮੱਦੇਨਜ਼ਰ ਉਸਨੇ ਗੋਰਬੇਰਾ ਛੱਡ ਦਿੱਤਾ। ਉਸਨੇ ਪੋਰਹਟ ਖੇਤਰ ਵਿੱਚ ਗਿਡਿਉਨ ਦੇ ਪੀਰਿੰਗ ਦੀ ਅਗਵਾਈ ਵਿੱਚ, ਸੁਰੱਖਿਅਤ ਜੰਗਲ ਵਿੱਚ ਮੁੰਡੇ ਸਮਾਜ ਦੇ ਰਵਾਇਤੀ ਅਧਿਕਾਰਾਂ ਉੱਤੇ ਪਾਬੰਦੀਆਂ ਲਗਾਈਆਂ, ਇਸੇ ਅਸ਼ਾਂਤੀ ਤੋਂ ਪੈਦਾ ਹੋਏ ਅੰਦੋਲਨ ਵਿੱਚ ਹਿੱਸਾ ਲਿਆ। 1893-94 ਦੌਰਾਨ ਪਿੰਡਾਂ ਦੀਆਂ ਸਾਰੀਆਂ ਬੰਜਰ ਜ਼ਮੀਨਾਂ, ਜਿਨ੍ਹਾਂ ਦੀ ਮਾਲਕੀ ਸਰਕਾਰ ਦੇ ਖਾਤੇ ਵਿੱਚ ਸੀ, ਨੂੰ 1882 ਦੇ ਭਾਰਤੀ ਜੰਗਲਾਤ ਐਕਟ ਤ਼ੀ ਅਧੀਨ ਸੁਰੱਖਿਅਤ ਜੰਗਲਾਂ ਵਿਚ ਸ਼ਾਮਿਲ ਕਰ ਦਿੱਤਾ ਗਿਆ ਸੀ। ਪੱਛਮੀ ਸਿੰਘਭੂਮੀ ਵਿਚ ਜਿਵੇਂ ਕਿ ਲੋਹਾਰਡਾਗਾ ਵਿਚ, ਜੰਗਲ ਬੰਦੋਬਸਤ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ ਸੀ। ਜੰਗਲਾਂ ਵਿਚਲੇ ਪਿੰਡਾਂ ਨੂੰ ਸਹੂਲਤਾਂ ਵਾਲੇ ਅਕਾਰ ਦੇ ਬਲਾਕਾਂ ਵਿਚ ਨਿਸ਼ਾਨਬੱਧ ਕੀਤਾ ਗਿਆ ਜਿਸ ਵਿਚ ਪਿੰਡਾਂ ਦੀਆਂ ਸਾਈਟਾਂ ਅਤੇ ਕਾਸ਼ਤ ਯੋਗ ਅਤੇਬੰਜਰ ਜਮੀਨਾਂ ਸ਼ਾਮਲ ਸਨ ਜੋ ਪਿੰਡਾਂ ਦੀਆਂ ਜ਼ਰੂਰਤਾਂ ਲਈ ਕਾਫ਼ੀ ਸਨ। 1894 ਵਿਚ, ਬਿਰਸਾ ਇਕ ਤਾਕਤਵਰ ਨੌਜਵਾਨ, ਸਮਝਦਾਰ ਅਤੇ ਸੂਝਵਾਨ ਬਣ ਗਿਆ ਸੀ, ਅਤੇ ਬਾਰਸ਼ ਨਾਲ ਨੁਕਸਾਨੇ ਗਏ ਗਰਬੇਰਾ ਵਿਖੇ ਡੋਂਬਰੀ ਟੈਂਕ ਦੀ ਮੁਰੰਮਤ ਕਰਵਾਇਆ ਸੀ।

ਪੱਛਮੀ ਸਿੰਘਭੂਮ ਜ਼ਿਲੇ ਦੇ ਪਿੰਡ ਸਕਾਰਾ ਦੇ ਗੁਆਂਢਵਿੱਚ ਇੱਕ ਪ੍ਰਦੇਸ ਵਿੱਚ, ਉਸਨੇ ਇੱਕ ਲੜਕੀ ਨੂੰ ਢੁਕਵਾਂ ਜੀਵਨ ਸਾਥੀ ਮੰਨਕੇ, ਵਿਆਹ ਦੀ ਇੱਛਾ ਨਾਲ ਉਸਦੇ ਮਾਪਿਆਂ ਨੂੰ ਗਹਿਣੇ ਦਿਤੇ। ਉਸ ਤੋ ਬਾਅਦ ਅੰਦੋਲਨ ਕਾਰਨ ਜੇਲ੍ਹ ਚਲਾ ਗਿਆ, ਜੇਲ੍ਹ ਤੋਂ ਵਾਪਸ ਆਉਣ ਤਕ, ਉਹ ਵਫ਼ਾਦਾਰ ਨਹੀਂ ਰਹੀ ਸੀ, ਉਸਨੂੰ ਛੱਡ ਦਿੱਤਾ। ਇਕ ਹੋਰ ਔਰਤ ਜਿਸ ਨੇ ਚੱਲਕਾੜ ਵਿਖੇ ਉਸ ਦੀ ਸੇਵਾ ਕੀਤੀ, ਉਹ ਮਥਿਆਸ ਮੁੰਡਾ ਦੀ ਭੈਣ ਸੀ। ਜੇਲ੍ਹ ਤੋਂ ਰਿਹਾ ਹੋਣ ਤੇ, ਕੋਨੇਸਰ ਦੇ ਮਥੁਰਾ ਮੁੰਡਾ ਦੀ ਧੀ ਕਾਲੀ ਮੁੰਡਾ ਦੇ ਘਰ ਸੀ, ਉਸ ਨੂੰ ਬਿਰਸਾ ਦੀਆਂ ਪਤਨੀ ਬਣਨ ਲਈ ਜੋਰ ਦਿਤਾ। ਉਸਨੇ ਉਨ੍ਹਾਂ ਨੂੰ ਝਿੜਕਿਆ ਅਤੇ ਉਸਦੇ ਪਤੀ ਕੋਲ ਭੇਜ ਦਿੱਤਾ। ਇਕ ਹੋਰ ਚੰਗੀ-ਜਾਣੀ-ਪਛਾਣੀ ਲੜਕੀ ਜੋ ਬਿਰਸਾ ਨਾਲ ਰਹੀ, ਉਹ ਬੁਰਦੀਹ ਦੀ ਸਾਲੀ ਸੀ।

ਬਿਰਸਾ ਨੇ ਆਪਣੀ ਜ਼ਿੰਦਗੀ ਦੇ ਬਾਅਦ ਦੇ ਪੜਾਅ 'ਬਰਾਬਰੀ, ਭਾਈਚਾਰੇ' ਤੇ ਜ਼ੋਰ ਦਿੱਤਾ। ਬਿਰਸਾ ਕਿਸਾਨੀ ਦੇ ਸਭ ਤੋਂ ਹੇਠਲੇ ਹਿੱਸਿਆਂ ਵਿਚੋਂ ਉਠਿਆ ਸੀ।ਬਿਰਸਾ ਦੇ ਆਪਣੇ ਤਜ਼ਰਬੇ ਨੇ, ਰੁਜ਼ਗਾਰ ਦੀ ਭਾਲ ਵਿੱਚ ਜਗ੍ਹਾ-ਜਗ੍ਹਾ ਜਾ ਕੇ, ਉਸਨੂੰ ਖੇਤੀ ਦੀਆਂ ਪ੍ਰੇਸ਼ਾਨੀਆਂ ਅਤੇ ਜੰਗਲਾਤ ਦੇ ਮਾਮਲਿਆਂ ਬਾਰੇ ਗਹਿਰੀ ਸਮਝ ਸੀ; ਉਹ ਦਿਨ ਰਾਤ ਮਿਹਨਤ ਕਰਕੇ ਸੰਗਠਨ ਖਰਾ ਕਰਨ ਵਿੱਚ ਲਗਾ ਹੋਇਆ ਸੀ। ਉਹ ਰਾਤ ਰਾਤ



ਭਰ ਮੀਚਿੰਗਾਂ ਕਰਦਾ ਲੋਕਾਂ ਨੂੰ ਸਮਝਾਉਂਦਾ। ਉਸ ਦੀ ਕਬੀਲੇ ਦੇ ਅੰਦੋਲਨ ਵਿਚ ਸਰਗਰਮ ਭਾਗੀਦਾਰੀ ਸੀ।

**ਨਵਾਂ ਧਰਮ**

ਜੇਲ੍ਹ ਤੋਂ ਆਉਣ ਦੇ ਬਾਅਦ ਉਹ ਕੁੱਝ ਸਰੀਰਕ ਸਮਸਿਆਵਾਂ ਦਾ ਇਲਾਜ ਵੀ ਕਰਨ ਲਗ ਪਿਆ ਸੀ। ਇਸ ਨਾਲ ਉਸ ਦਾ ਸਮਾਜ ਨਾਲ ਸੰਪਰਕ ਵਧ ਗਿਆ ਸੀ। ਬਿਰਸਾ ਨੂੰ ਰਵਾਇਤੀ ਕਬਾਇਲੀ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ ਜਿਹੜਾ ਕਿ ਜ਼ਿਆਦਾਤਰ ਇਸਾਈ ਮਿਸ਼ਨਰੀ ਕਾਰਜਾਂ ਦੁਆਰਾ ਪ੍ਰਭਾਵਿਤ ਹੋਇਆ ਸੀ। ਬਹੁਤ ਸਾਰੇ ਆਦੀਵਾਸੀ ਪਹਿਲਾਂ ਹੀ ਈਸਾਈ ਧਰਮ ਵਿੱਚ ਬਦਲ ਗਏ ਸਨ। ਉਸਨੇ ਚਰਚ ਅਤੇ ਇਸ ਦੇ ਤਰੀਕਿਆਂ ਜਿਵੇਂ ਕਿ ਟੈਕਸ ਵਸੂਲਣਾ ਅਤੇ ਧਰਮ ਪਰਿਵਰਤਨ ਦੀ ਅਲੋਚਨਾ ਕੀਤੀ। ਉਹ ਖ਼ੁਦ ਪ੍ਰਚਾਰਕ ਅਤੇ ਉਨ੍ਹਾਂ ਦੇ ਰਵਾਇਤੀ ਕਬਾਇਲੀ ਧਰਮ ਦਾ ਆਗੂ ਬਣ ਗਿਆ, ਅਤੇ ਜਲਦੀ ਹੀ, ਉਸਨੇ ਇੱਕ ਚੰਗਾਚਮਤਕਾਰੀ ਪ੍ਰਚਾਰਕਾਂ ਦੀ ਸਾਖਾ ਬਣਾਈ। ਮੁੰਡੇ, ਓਰੌਨਾਂ ਅਤੇ ਖਾਰੀਆ ਉਸਨੂੰ ਵੇਖਣ ਅਤੇ ਉਨ੍ਹਾਂ ਦੀਆਂ ਬਿਮਾਰੀਆਂ ਤੋਂ ਇਲਾਜ਼ ਲਈ ਚੱਕੜ ਪਹੁੰਚਦੇ। ਬਰਵਾੜੀ ਅਤੇ ਚੈਚਰ ਤਕ ਦੀ ਓਰੌਨ ਅਤੇ ਮੁੰਡਾ ਦੋਵਾਂ ਦੀ ਆਬਾਦੀ ਯਕੀਨਨ "ਬਿਰਸਟੀ" ਬਣ ਗਈ।ਬਿਰਸਾ ਮੁੰਡਾ ਨੇ ਆਦਿਵਾਸੀ ਲੋਕਾਂ ਨੂੰ ਆਪਣੀ ਅਸਲ ਰਵਾਇਤੀ ਕਬਾਇਲੀ ਧਾਰਮਿਕ ਪ੍ਰਣਾਲੀ ਨੂੰ ਅਪਨਾਉਣ ਦੀ ਸਲਾਹ ਦੇਣਾ ਸ਼ੁਰੂ ਕੀਤਾ। ਉਸ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਤ ਹੋ ਕੇ, ਉਹ ਆਦਿਵਾਸੀ ਲੋਕਾਂ ਲਈ ਇਕ ਸੰਤ ਸ਼ਖਸੀਅਤ ਬਣ ਗਿਆ ਅਤੇ ਉਨ੍ਹਾਂ ਨੇ ਉਸ ਤੋਂ ਅਸ਼ੀਰਵਾਦ ਦੀ ਮੰਗ ਕੀਤੀ।

ਖੇਤੀਬਾੜੀ ਟੁੱਟਣ ਅਤੇ ਸਭਿਆਚਾਰ ਤਬਦੀਲੀ ਦੀਆਂ ਦੋਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ, ਬਿਰਸਾ ਨੇ ਮੁੰਡਾ ਦੇ ਨਾਲ ਮਿਲ ਕੇ ਉਸਦੀ ਅਗਵਾਈ ਹੇਠ ਕਈ ਵਿਦਰੋਹ ਅਤੇ ਵਿਦਰੋਹਾਂ ਦੀ ਲੜੀ ਦਾ ਹੁੰਗਾਰਾ ਭਰਿਆ। 1895 ਵਿਚ, ਤਾਮਾਰ ਦੇ ਚੱਕੜ ਪਿੰਡ ਵਿਚ, ਬਿਰਸਾ ਮੁੰਡਾ ਨੇ ਈਸਾਈ ਧਰਮ ਤਿਆਗਦਿਆਂ, ਆਪਣੇ ਸਾਥੀ ਕਬੀਲਿਆਂ ਨੂੰ ਇਕੋ ਰੱਬ ਦੀ ਪੂਜਾ ਕਰਨ ਅਤੇ ਬੋਂਗਾਸ ਦੀ ਪੂਜਾ ਛੱਡਣ ਲਈ ਕਿਹਾ। ਉਸਨੇ ਆਪਣੇ ਆਪ ਨੂੰ ਇੱਕ ਨਬੀ ਘੋਸ਼ਿਤ ਕੀਤਾ ਜੋ ਆਪਣੇ ਲੋਕਾਂ ਦੇ ਗੁਆਚੇ ਹੋਏ ਰਾਜ ਨੂੰ ਮੁੜ ਪ੍ਰਾਪਤ ਕਰਨ ਆਇਆ ਸੀ। ਉਨ੍ਹਾਂ ਕਿਹਾ ਕਿ ਮਹਾਰਾਣੀ ਵਿਕਟੋਰੀਆ ਦਾ ਰਾਜ ਖ਼ਤਮ ਹੋ ਗਿਆ ਅਤੇ ਮੁੰਡਾ ਰਾਜ ਸ਼ੁਰੂ ਹੋ ਗਿਆ। ਉਸਨੇ ਰਾਇਤਾਂ (ਕਿਰਾਏਦਾਰ ਕਿਸਾਨਾਂ) ਨੂੰ ਬਿਨਾਂ ਕਿਰਾਏ ਦਾ ਭੁਗਤਾਨ ਕਰਨ ਦੇ ਆਦੇਸ਼ ਦਿੱਤੇ। ਮੁੰਡਿਆਂ ਨੇ ਉਸ ਨੂੰ ਧਰਤੀ ਦਾ ਪਿਤਾ ਕਿਹਾ।

**ਬਿਰਸਾ ਮੁੰਡਾ ਦੀ ਕਬਾਇਲੀ ਲਹਿਰ**

ਬਿਰਸਾ ਮੁੰਡਾ ਦਾ ਨਾਅਰਾ ਬ੍ਰਿਟਿਸ਼ ਰਾਜ ਨੂੰ ਧਮਕਾ ਰਿਹਾ ਸੀ, ਅਬੂ ਰਾਜ ਜਾਨਾ, ਮਹਾਰਾਣੀ ਰਾਜ ਟੂੰਡੂ ਜਨ ("ਰਾਣੀ ਦਾ ਰਾਜ ਖਤਮ ਹੋ ਜਾਵੇ ਅਤੇ ਸਾਡੀ ਰਾਜ ਸਥਾਪਤ ਹੋਵੇ") - ਝਾਰਖੰਡ, ਉ-ੜੀਸਾ, ਬਿਹਾਰ, ਪੱਛਮੀ ਬੰਗਾਲ ਅਤੇ ਮੱਧ ਪ੍ਰਦੇਸ਼ਦੇ ਇਲਾਕਿਆਂ ਵਿੱਚ ਅੱਜ ਵੀ ਯਾਦ ਕਰਦੇ ਹਨ।ਬ੍ਰਿਟਿਸ਼ ਬਸਤੀਵਾਦੀ ਪ੍ਰਣਾਲੀ ਨੇ ਕਬੀਲਿਆਂ ਦੀ ਖੇਤੀ ਪ੍ਰਣਾਲੀ ਦੇ ਜਗੀਰਦਾਰੀ ਰਾਜ ਵਿੱਚ ਤਬਦੀਲੀ ਨੂੰ ਤੇਜ਼ ਕਰ ਦਿੱਤਾ। ਉਹਨਾ ਛੋਟਾ ਨਾਗ-ਪੁਰ ਦੇ ਮੁਖੀਆਂ ਦੁਆਰਾ ਗੈਰ-ਕਬਾਇਲੀ ਕਿਸਾਨੀ ਨੂੰ ਜ਼ਮੀਨਾਂ ਵਿੱਚ ਵੱਸਣ ਅਤੇ ਕਾਸ਼ਤ ਕਰਨ ਲਈ ਬੁਲਾਇਆ ਗਿਆ। ਇਸ ਨਾਲ ਆਦਿਵਾਸੀਆਂ ਦੇ ਕਬਜ਼ੇ ਹੇਠਲੀਆਂ ਜ਼ਮੀਨਾਂ ਦਾ ਬਟਵਾਰਾ ਹੋ ਗਿਆ। ਠੇਕੇਦਾਰਾਂ ਦੀ ਨਵੀਂ ਜਮਾਤ ਵਧੇਰੇ ਲਾਲਚੀ ਕਿਸਮ ਦੀ ਸੀ ਅਤੇ ਉਨ੍ਹਾਂ ਦੇ ਜ਼ਿਆਦਾ ਤੋਂ ਜ਼ਿਆਦਾ ਮੁਨਾਫਾ ਬਣਾਉਣ ਵੱਚ ਲਗੀ ਹੋਈ ਸੀ। 1856 ਵਿਚ ਲਗਭਗ 600 ਨਵੀਆਂ ਜਾਗੀਰਾ ਖੜ੍ਹੀਆਂ ਹੋਈਆਂ, ਇਹਨਾ ਦੇ ਅਧਿਕਾ ਖੇਤਰ ਇਕ ਪਿੰਡ ਤੋਂ 150 ਪਿੰਡਾਂ ਤਕ ਦੇ ਸਨ।ਨਵੇਂ ਕਾਨੂੰਨ ਨਾਲ ਕਿਸਾਨਾਂ ਦ ਅਧਿਕਾਰਾਂ ਨੂੰ ਖ਼ਤਮ ਕਰ ਦਿੱਤਾ ਗਿਆ ਸੀ। ਕੁਝ ਪਿੰਡਾਂ ਵਿਚ,ਉਹ ਆਪਣੇ ਮਾਲਕੀ ਅਧਿਕਾਰ ਪੂਰੀ ਤਰ੍ਹਾਂ ਗੁਆ ਚੁੱਕੇ ਸਨ ਅਤੇ ਖੇਤ ਮਜ਼ਦੂਰਾਂ ਦੀ ਸਥਿਤੀ ਵਿਚ ਆ ਗਏ ਸਨ।

ਇਸ ਅਫਵਾਹ ਕਾਰਨ ਕਿ ਜਿਹੜਾ ਬਿਰਸਾ ਦੀ ਹੁਕਮਾਂ ਦੀ ਪਾਲਣ ਨਹੀਂ ਕਰੇਗਾ ਉਸ ਦਾ ਕਤਲੇਆਮ ਕੀਤਾ ਜਾਵੇਗਾ, ਬਿਰਸਾ ਨੂੰ 24 ਅਗਸਤ 1895 ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। 28 ਜਨਵਰੀ 1898 ਨੂੰ, ਜੇਲ੍ਹ ਤੋਂ ਰਿਹਾ ਹੋਣ ਤੋਂ ਬਾਅਦ, ਉਹ ਆਪਣੇ ਪੈਰੋਕਾਰਾਂ ਦੇ ਨਾਲ ਰਿਕਾਰਡ ਇਕੱਠਾ ਕਰਨ ਅਤੇ ਮੰਦਰ ਨਾਲ ਨਸਲੀ ਸੰਬੰਧ ਸਥਾਪਤ ਕਰਨ ਲਈ ਚੁਟੀਆ ਚਲਾ ਗਿਆ। ਉਨ੍ਹਾਂ ਕਿਹਾ ਕਿ ਮੰਦਰ ਕੋਲਾਂ ਦਾ ਹੈ। ਈਸਾਈ ਮਿਸ਼ਨਰੀਆਂ ਨੇ ਬਿਰਸਾ ਅਤੇ ਉਸਦੇ ਪੈਰੋਕਾਰਾਂ ਨੂੰ ਗ੍ਰਿਫਤਾਰ ਕਰਨਾ ਚਾਹਿਆ, ਜੋ ਧਰਮ ਪਰਿਵਰਤਨ ਕਰ-ਾਉਣ ਲਈ ਉਨ੍ਹਾਂ ਨੂੰ ਧਮਕਾ ਰਹੇ ਸਨ। ਬਿਰਸਾ ਦੋ ਸਾਲ ਭੂਮੀਗਤ ਰਿਹਾ ਪਰ ਗੁਪਤ ਮੀਟਿੰਗਾਂ ਕਰਦਾ ਰਿਹਾ। ਇਸ ਸਮੇਂ ਦੌਰਾਨ ਉਹ ਜਾਗਨਨਾਥ ਮੰਦਰ ਗਿਆ। ਉਲਗੁਲਾਨ (ਕ੍ਰਾਂਤੀ) ਦਾ ਐਲਾਨ ਕਰਨ ਲਈ1899 ਦੇ ਕ੍ਰਿਸਮਸ ਦੇ ਦਿਨ ਆਲੇ ਦੁਆਲੇ ਦੇ ਲਗਭਗ 7000 ਆਦਮੀ ਅਤੇ ਔਰਤਾਂ ਇਕੱਠੇ ਹੋਏ, ਜੋ ਛੇਤੀ ਹੀ ਖੁੰਟੀ, ਤਾਮਰ, ਬਸੀਆਅਤੇਰਾਂਚੀਵਿੱਚ ਫੈਲ ਗਿਆ। ਮੁਰੂਹੂ ਵਿਖੇ ਐਂਗਲੀਕਨ ਮਿਸ਼ਨ ਅਤੇ ਸਰਵਾਦਾ ਵਿਖੇ ਰੋਮਨ ਕੈਥੋਲਿਕ ਮਿਸ਼ਨ ਮੁੱਖ ਨਿਸ਼ਾਨਾ ਸਨ। "ਬਿਰਸਟ" ਨੇ ਖੁੱਲ੍ਹ ਕੇ ਐਲਾਨ ਕੀਤਾ ਕਿ ਅਸਲ ਦੁਸ਼ਮਣ ਬ੍ਰਿਟਿਸ਼ ਸਨ ਨਾ ਕਿ ਈਸਾਈ, ਮੁੰਡਿਆਂ ਨੇ ਅਤੇ ਬ੍ਰਿਟਿਸ਼ ਵਿਰੁੱਧ ਫੈਸਲਾਕੁੰਨ ਯੁੱਧ ਕਰਨ ਦਾ ਸੱਦਾ ਦਿੱਤਾ। ਬ੍ਰਿਟਿਸ਼ ਅਤੇ ਉਹਨਾ ਦੇ ਵਫ਼ਾਦਾਰ ਲੋਕ ਉਹਨਾ ਦੇ ਨਿਸ਼ਨੇ ਉਤੇ ਸਨ।

5 ਜਨਵਰੀ 1900 ਨੂੰ, ਬਿਰਸਾ ਦੇ ਪੈਰੋਕਾਰਾਂ ਨੇ ਏਟਕਦੇਹ ਵਿਖੇ ਦੋ ਪੁੱਲੀਸ ਕਾਂਸਟੇਬਲ ਨੂੰ ਮਾਰ ਦਿੱਤਾ। 7 ਜਨਵਰੀ ਨੂੰ, ਉਨ੍ਹਾਂ ਨੇ ਖੁੰਟੀ ਥਾਣੇ 'ਤੇ ਹਮਲਾ ਕੀਤਾ, ਇਕ ਕਾਂਸਟੇਬਲ ਨੂੰ ਮਾਰ ਦਿੱਤਾ ਅਤੇ ਸਥਾਨਕ ਸ਼ਾਹੂਕਾਰ ਅਤੇ ਅੰਗਰੇਜ਼ ਪਿੱਠੂਆਂ ਦੇ ਘਰਢਾਹ ਦਿੱਤੇ। ਕਮਿਸ਼ਨਰ, ਏ। ਫੋਬਜ਼ ਅਤੇ ਡਿਪਟੀ ਕਮਿਸ਼ਨਰ, ਐਚ।ਸੀ। ਸਟਰੈਟਫੀਲਡ, ਬਗ਼ਾਵਤ ਨੂੰ ਕੁਚਲਣ ਲਈ 150 ਬੰਦਿਆ ਦੀ ਫੌਜ ਲੈ ਕੇ ਖੁੰਟੀ ਭੱਜ ਦਿਤੀ। ਬ੍ਰਿਟਿਸ਼ ਪ੍ਰਸ਼ਾਸਨ ਨੇ ਬਿਰਸਾ ਉਤੇ 500 ਰੁਪਏ ਦਾ ਇਨਾਮ ਰਖ ਦਿਤਾ। ਬ੍ਰਿਟਿਸ਼ ਫੌਜਾਂ ਨੇ ਡੁੰਬਰੀ ਹਿੱਲ ਵਿਖੇ ਮੁੰਡਾ ਗੁਰੀਲਿਆਂ 'ਤੇ ਹਮਲਾ ਕੀਤਾ ਅਤੇ ਅੰਨ੍ਹੇਵਾਹ ਫਾਇਰਿੰਗ ਕੀਤੀ ਅਤੇ ਸੈਂਕੜੇ ਲੋਕਾਂ ਦੀ ਮੌਤ ਹੋ ਗਈ। ਬਿਰਸਾ ਸਿੰਘਭੂਮ ਦੀਆਂ ਪਹਾੜੀਆਂ ਵੱਲ ਭੱਜ ਗਿਆ। ਉਸਨੂੰ 3 ਫਰਵਰੀ 1900 ਨੂੰ ਚਕਰਧਰਪੁਰ ਦੇ ਜਾਮਕੋਪਾਈ ਜੰਗਲ ਵਿੱਚ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਰਾਂਚੀ ਦੇ ਅਨੁਸਾਰ, ਪੱਤਰ ਦੇ ਅਨੁਸਾਰ, 460 ਕਬਾਇਲੀਆਂ ਨੂੰ 15 ਵੱਖ-ਵੱਖ ਅਪਰਾਧਿਕ ਮਾਮਲਿਆਂ ਵਿੱਚ ਦੋਸ਼ੀ ਬਣਾਇਆ ਗਿਆ ਸੀ, ਜਿਨ੍ਹਾਂ ਵਿੱਚੋਂ 63 ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਕ ਨੂੰ ਮੌਤ ਦੀ ਸਜ਼ਾ, 39 ਨੂੰ ਉਮਰ ਕੈਦ ਦੀ ਆਵਾਜਾਈ ਅਤੇ 23 ਨੂੰ ਚੌਦਾਂ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਮੁਕੱਦਮੇ ਦੌਰਾਨ ਜੇਲ੍ਹ ਵਿੱਚ ਬਿਰਸਾ ਮੁੰਡਾ ਸਮੇਤ ਛੇ ਮੌਤਾਂ ਹੋਈਆਂ। ਬਿਰਸਾ ਮੁੰਡਾ ਦੀ ਮੌਤ 9 ਜੂਨ 1900 ਨੂੰ ਜੇਲ੍ਹ ਵਿੱਚ ਹੋਈ।

ਉਸ ਦੀ ਮੌਤ ਤੋਂ ਬਾਅਦ, ਲਹਿਰ ਫਿੱਕੀ ਪੈ ਗਈ। 1908 ਵਿਚ, ਬਸਤੀਵਾਦੀ ਸਰਕਾਰ ਨੇ ਛੋਟਾਨਾਗਪੁਰ ਕਿਰਾਏਦਾਰੀ ਐਕਟ (ਸੀ।ਐਨ।ਟੀ।) ਲਾਗੂ ਕੀਤਾ, ਜੋ ਕਿ ਕਬਾਇਲੀ ਜ਼ਮੀਨਾਂ ਦੇ ਗ਼ੈਰ-ਕਬਾਇਲੀਆਂ ਨੂੰ ਤਬਦੀਲ ਕਰਨ 'ਤੇ ਰੋਕ ਲਗਾ ਦਿਤੀ।

**ਯਾਦਗਾਰਾਂ ਅਤੇ ਸਨਮਾਨ**

ਭਾਰਤ ਦੇ ਸਾਰੇ ਰਾਜਾਂ ਵਿੱਚ ਕਬੀਲਿਆਂ ਦੇ

(ਬਾਕੀ ਸਫਾ 34 'ਤੇ)

# ਦਿੱਲੀ ਦੀ ਖ਼ੁਸ਼ਬੂ



ਚਰਨਜੀਤ ਸਿੰਘ ਪੰਨੂ
ਕੈਲੀਫੋਰਨੀਆ
+1 4086084961

ਖ਼ੁਸ਼ਬੂ ਨਾਮ ਦੀ ਉਹ ਲੜਕੀ ਜਦੋਂ ਦੀ ਇਸ ਕੰਪਨੀ ਵਿਚ ਆਈ ਹੈ, ਸਾਰੇ ਦਫ਼ਤਰ ਦਾ ਮਾਹੌਲ ਹੀ ਬਦਲ ਗਿਆ ਹੈ। ਸਾਰਾ ਚੁਫੇਰਾ ਉਸ ਦੇ ਆਗਮਨ ਨਾਲ ਗੁਲਾਬੀ ਭਾਅ ਮਾਰਦਾ ਫੁੱਲਾਂ ਵਾਂਗ ਖਿੜ ਉੱਠਿਆ ਹੈ। ਸਭ ਕੁੱਝ ਬਦਲਿਆ ਬਦਲਿਆ ਲੱਗ ਰਿਹਾ ਹੈ। ਉਸ ਦਾ ਨਾਮ ਵੀ ਤਾਂ ਐਸਾ ਹੈ... ਖ਼ੁਸ਼ਬੂ! .... ਹਾਂ ਨਾਮ ਲੈਂਦਿਆਂ ਵੀ ਤੇ ਉਸ ਦੀ ਹੋਂਦ ਨਾਲ ਵੀ ਵਾਤਾਵਰਨ ਕੁੱਝ ਸ਼ਰਾਬੀ ਜਿਹਾ ਸੁਗੰਧਤ ਹੋ ਜਾਂਦਾ ਹੈ ਤੇ ਉਸ ਦੀ ਮਹਿਕ ਹਰ ਕੋਨੇ ਤੱਕ ਬਿਖਰ ਜਾਂਦੀ ਹੈ।

ਉਹ ਬਿਨਾਂ ਝੱਕ ਹਰ ਇੱਕ ਨਾਲ ਬਾਤ ਪਾਉਂਦੀ ਹੈ। ਹਰ ਇਕ ਨੂੰ ਬਾਏ ਬਾਏ, ਗੁੱਡ ਮਾਰਨਿੰਗ, ਨਮਸਤੇ ਕਹਿੰਦੀ, ਹੱਥ ਜੋੜਦੀ ਹੈ। ਹਰ ਕਿਸੇ ਨਾਲ ਨਿਸ਼ੰਗ ਗੱਲ ਕਰਦੀ, ਥੋੜੇ ਹੀ ਸਮੇਂ ਵਿਚ ਦਫ਼ਤਰ ਦੀ ਰੌਣਕ ਬਣ ਜਾਂਦੀ ਹੈ। ਮੈਂ ਹੀ ਹਾਂ ਇਕ ਅਜਿਹਾ ਵਿਅਕਤੀ, ਜਿਸ ਨੂੰ ਉਹਨੇ ਅਜੇ ਤੱਕ ਨਮਸਤੇ ਨਹੀਂ ਕਹੀ। ਮੇਰਾ ਅੰਦਰ ਮੱਚ ਉੱਠਦਾ ਹੈ, ਮੈਨੂੰ ਉਸ ਨਾਲ ਈਰਖਾ ਜਿਹੀ ਹੋਣ ਲਗਦੀ ਹੈ, ਨਫ਼ਰਤ ਹੁੰਦੀ ਹੈ, ਹੋਰਾਂ ਨਾਲ ਵੀ ਜੋ ਉਸ ਨਾਲ ਹਿੱਚ ਹਿੱਚ ਹੀ ਹੀ ਕਰਦੇ ਰਹਿੰਦੇ ਨੇ।

ਉਹ ਹਰ ਰੋਜ਼ ਸਵੇਰੇ ਪੌੜੀਆਂ ਚੜ੍ਹ ਉੱਪਰ ਹਾਲ ਵਿਚ ਪ੍ਰਵੇਸ਼ ਕਰਦੀ ਹੈ। ਮੈਂ ਹੁਣ ਦੋ ਚਾਰ ਮਿੰਟ ਪਹਿਲਾਂ ਹੀ ਆਪਣੀ ਕੁਰਸੀ 'ਤੇ ਬਿਰਾਜਮਾਨ ਹੋ ਜਾਂਦਾ ਹਾਂ। ਪਤਾ ਨਹੀਂ ਕੀ ਠਰਕ ਉੱਤਰ ਆਇਆ ਕਿ ਮੈਂ ਉਸ ਦੇ ਉੱਪਰ ਚੜ੍ਹਨ ਦਾ ਅੰਦਾਜ਼ਾ ਵਾਲਾਂ ਦੀਆਂ ਲਿਟਾਂ ਨੂੰ ਗਹਿਰਾ ਝਟਕਾ ਦੇਣ ਦਾ ਹੁਨਰ ਤੇ ਠੱਪ-ਠੱਪ ਕਰਦੀ ਉਸ ਦੀ ਹਿਰਨੀ ਜਿਹੀ ਚਾਲ ਮਿਣਦਾ ਰਹਿੰਦਾ ਹਾਂ। ਉਹ ਲੰਮੇ-ਲੰਮੇ ਕਾਹਲੇ ਕਦਮ ਪੁੱਟਦੀ ਆਸੇ ਪਾਸੇ ਝਾਕਦੀ, ਸਭ ਨੂੰ ਸਿਰ ਨਿਵਾਉਂਦੀ, ਸ਼ੁੱਭਕਾਮਨਾਵਾਂ ਭਰੀਆਂ ਮੁਸਕਾਨਾਂ ਵੰਡਦੀ, ਵੱਡੇ ਸਾਹਿਬ ਦੇ ਕਮਰੇ ਅੰਦਰ ਚਲੀ ਜਾਂਦੀ ਹੈ ਤੇ ਦੋ ਚਾਰ ਮਿੰਟ ਵਿਚ ਕਪਾਹ ਦੀ ਫੁੱਟੀ ਵਾਂਗ ਖਿੜੀ ਪਿੱਛੇ ਮੁੜ ਕੇ ਨੁੱਕਰ ਵਿਚ ਰਿਸੈੱਪਸ਼ਨ ਸੀਟ 'ਤੇ ਬੈਠ ਜਾਂਦੀ ਹੈ।

ਮੈਂ ਉਸ ਵੱਲ ਵੇਖਦਾ ਹਾਂ, ਉਸ ਦੀ ਇਹ ਸਾਰੀ ਕਿਰਿਆ ਮੈਂ ਬੜੇ ਗਹੁ ਨਾਲ ਦੇਖੀ ਜਾਂਦਾ ਹਾਂ ਪਰ ਜਦ ਉਹ ਮੇਰੇ ਵੱਲ ਵੇਖਦੀ ਹੈ, ਮੈਂ ਅੱਖਾਂ ਨੀਵੀਂਆਂ ਪਾ ਲੈਂਦਾ ਹਾਂ। ਜਿੰਨਾ ਚਿਰ ਉਸ ਦੇ ਪੈਰਾਂ ਦੀ ਆਹਟ ਮੇਰੀ ਕੈਬਿਨ ਤੋਂ ਅੱਗੇ ਨਹੀਂ ਜਾਂਦੀ, ਮੈਂ ਕਾਗ਼ਜ਼ਾਂ ਵਿਚ ਮੱਥਾ ਗੱਡੀ ਰੱਖਦਾ ਹਾਂ ਤੇ ਫਿਰ ਉਸ ਦੇ ਪਿੱਛੇ, ਉਸ ਦੀ ਪਿੱਠ ਨਿਹਾਰਦਾ ਰਹਿੰਦਾ ਹਾਂ। ਪਤਾ ਨਹੀਂ ਕਿਉਂ? ਮੈਂ ਆਪਣੇ ਆਪ ਨੂੰ ਕੋਸਦਾ ਵੀ ਹਾਂ। ਇਹ ਵੀ ਭਲਾ ਕੀ ਮਜਾਲ ਹੋਈ?

ਉਹ ਦਿੱਲੀ ਤੋਂ ਕਿਵੇਂ ਤਿਗੜਮਬਾਜ਼ੀ ਲਗਾ ਕੇ ਇੱਥੇ ਆਈ ਹੈ। ਮੈਨੂੰ ਦਿੱਲੀ ਦੀਆਂ ਕੁੜੀਆਂ ਤੋਂ ਬੜੀ ਐਲਰਜੀ ਹੈ, ਬੜਾ ਡਰ ਜਿਹਾ ਲੱਗਣ ਲਗਦਾ ਹੈ। ਬੜੀਆਂ ਖੁੱਲ੍ਹੀਆਂ ਹੁੰਦੀਆਂ ਨੇ, ਬੜੀਆਂ ਗੁਸਤਾਖ਼ ਹੁੰਦੀਆਂ ਨੇ, ਬੜੀਆਂ ਬੇਕਿਰਕ ਹੁੰਦੀਆਂ ਨੇ ਤੇ ਪਤਾ ਨਹੀਂ ਕੀ ਕੀ ਸੁਣਿਆ ਮੈਂ ਦਿੱਲੀ ਬਾਰੇ। ਖ਼ਾਸ ਕਰਕੇ ਪਿਛਲੇ ਦਿਨਾਂ ਦੀ ਵੱਡੇ ਸਾਹਿਬ ਦੀ ਚਿਤਾਵਨੀ ਕਿ ਦਿੱਲੀ ਦੀਆਂ ਕੁੜੀਆਂ ਪੱਛਮੀ ਸਭਿਅਤਾ ਦੇ ਨੇੜੇ ਹੋਣ ਤੇ ਪੰਜਾਬੀ ਸਭਿਅਤਾ ਤੋਂ ਬਹੁਤ ਦੂਰ ਨੇ ਤੇ ਬਾਗ਼ੀ ਹੋ ਰਹੀਆਂ ਨੇ, ਮੈਨੂੰ ਧੁੜਕੂ ਜਿਹਾ ਲੱਗਾ ਰਹਿੰਦਾ ਹੈ। ਮੈਂ ਆਪਣੇ ਆਪ ਨੂੰ ਇਸ ਤੋਂ ਅਣਭਿੱਜ ਰੱਖਣ ਦੀ ਕੋਸ਼ਿਸ਼ ਕਰਦਾ ਹਾਂ।

'ਮੈਂ ਕੀ ਲੈਣਾ ਇਹਨਾਂ ਗੱਲਾਂ ਤੋਂ? ਜਦ ਆਪਾਂ ਇਹਨਾਂ ਗੱਡੀਆਂ ਦੇ ਬੈਲ ਹੀ ਨਹੀਂ ਤਾਂ ਅਸੀਂ ਕੀ ਲੈਣਾ, ਸਾਨੂੰ ਕੀ? ਜਿਸ ਪਿੰਡ ਨਹੀਂ ਜਾਣਾ ਉਸ ਦਾ ਰਾਹ ਕਿਉਂ ਪੁੱਛੀਏ?' ਪਰ ਖ਼ੁਸ਼ਬੂ ਦਾ ਹੁਣ ਤੱਕ ਦਾ ਵਿਵਹਾਰ ਤੇ ਸਲੀਕਾ ਦਿੱਲੀ ਬਾਰੇ ਦਿੱਤੇ ਗਏ ਵਿਸ਼ਲੇਸ਼ਣ ਨਾਲ ਮੇਲ ਨਹੀਂ ਖਾਂਦਾ। ਚਾਰੇ ਉਂਗਲਾਂ ਇਕੋ ਜਿਹੀਆਂ ਨਹੀਂ ਹੁੰਦੀਆਂ। ਮੈਂ ਉਸ ਬਾਰੇ ਕੋਈ ਸਪਸ਼ਟ ਦਲੀਲ ਬਣਾਉਣ ਤੋਂ ਅਸਮਰਥ ਹੁੰਦਾ ਹੋਇਆ ਵੀ ਉਸ ਵੱਲ ਖਿੱਚਿਆ ਜਾ ਰਿਹਾ ਸਾਂ।

'ਹਾਏ! ਨਮਸਕਾਰ ਸਰ!'

ਮੈਂ ਆਪਣਾ ਹਥਲਾ ਕੰਮ ਕਰੀ ਜਾਂਦਾ ਹਾਂ।

'ਮੈਂ ਆਈ ਕਮ ਇਨ ਸਰ?' ਉਸ ਦੀ ਕੋਮਲ ਜਿਹੀ ਆਵਾਜ਼ ਸੀ। ਮੈਂ ਘੜੀ ਦੇਖਦਾ ਹਾਂ... ਇਕ ਵੱਜ ਕੇ ਪੰਜ ਮਿੰਟ ਹੋਏ ਨੇ।

'ਆਓ!.... ਆਓ.... ਹਾਂ ਬੈਠੋ... ਮੈਡਮ।' ਮੈਂ ਅੰਦਰੋਂ ਖੀਵਾ ਹੋ ਜਾਂਦਾ ਹਾਂ। ਕਲਮ ਛੱਡ ਕੇ ਉਸ ਨੂੰ ਬੈਠਣ ਦਾ ਇਸ਼ਾਰਾ ਕਰਦਾ ਹਾਂ।

'ਮੁਆਫ਼ ਕਰਨਾ ਸਰ! ਆਪ ਕੋ ਡਿਸਟਰਬ ਕੀਆ।'

'ਨੋ ਮੈਟਰ ਟੇਕ ਹੈਵ ਏ ਸੀਟ....।'

ਏਨਾ ਕੁ ਕਹਿ ਕੇ ਮੈਂ ਆਪਣੇ ਆਪ ਨੂੰ ਅਗਲੇ ਪਲਾਂ ਲਈ ਸੁਚੇਤ... ਤਿਆਰ ਕਰਦਾ ਹਾਂ। ਅਚਨਚੇਤ ਉਸ ਦੀ ਹੋਂਦ ਨੇ ਸਾਰਾ ਕੈਬਿਨ ਖ਼ੁਸ਼ਬੂ ਨਾਲ ਭਰ ਦਿੱਤਾ। ਉਸ ਨੇ ਹਲਕੀ ਕਰੀਮ ਪਾਊਡਰ ਵੀ ਲਗਾ ਰੱਖੀ ਸੀ ਤੇ ਨਾਲ ਉਸ ਦੇ ਨਾਮ ਖ਼ੁਸ਼ਬੂ ਦੀ ਮਹਿਕ, ਉਸ ਦੇ ਹੱਸੂੰ ਹੱਸੂੰ ਕਰਦੇ ਦੰਦਾਂ 'ਚੋਂ ਬਾਹਰ ਕਿਰ ਪਈ।

'ਸਰ ਤੁਸੀਂ ਹਰ ਵੇਲੇ ਕੰਮ ਵਿਚ ਮਸਰੂਫ਼ ਰਹਿੰਦੇ ਹੋ।' ਨਖ਼ਰੇਲੇ ਜਿਹੇ ਅੰਦਾਜ਼ ਵਿਚ ਉਸ ਦੇ ਸ਼ਬਦ ਟੁਣਕਾਰ ਕਰਦੇ ਹਨ।

'ਹਾਂ ਮੈਡਮ! ਸਰਕਾਰੀ ਕੰਮ ਤਾਂ ਕਰਨਾ ਹੀ ਹੈ। ਸਰਕਾਰ ਪੈਸੇ ਜੁ ਦਿੰਦੀ ਹੈ।'

'ਤੁਹਾਨੂੰ ਪਤਾ ਸਰ! ਤੁਸੀਂ ਮੇਰੀ ਕਿੰਨੀ ਬੇਪਤੀ ਕਰਦੇ ਹੋ ਹਰ ਰੋਜ਼?'

ਮੇਰੇ ਪੈਰਾਂ ਥੱਲਿਓਂ ਜ਼ਮੀਨ ਖਿਸਕਣ ਲਗਦੀ ਹੈ, ਅਸਮਾਨ ਘੁੰਮਣ ਲਗਦਾ ਹੈ।

'ਬੇਇੱਜ਼ਤੀ! ਤੇ ਤੁਹਾਡੀ? ਮੈਂ? ਉਹ ਕਿਵੇਂ?ਮੈਂ ਘਬਰਾਹਟ ਛੁਪਾਉਣ ਦੀ ਕੋਸ਼ਿਸ਼ ਕਰਦਾ ਹਾਂ।

'ਮੈਂ ਤੁਹਾਨੂੰ ਹਰ ਰੋਜ਼ ਵਿੱਸ਼ ਕਰਦੀ ਹਾਂ, ਨਮਸਤੇ ਕਹਿੰਦੀ ਹਾਂ, ਤੇ ਤੁਸੀਂ ਮੈਨੂੰ ਵੇਖ ਕੇ ਨੀਵੀਂ ਪਾ ਲੈਂਦੇ ਹੋ। ਦੱਸੋ ਸਰ! ਦੱਸੋ! ਮੈਂ ਤੁਹਾਡਾ ਕੀ ਵਿਗਾੜਿਆ ਹੈ।' ਉਹ ਹਿਰਖ ਨਾਲ ਭਰੀ ਲਾਲ ਪੀਲੀ ਹੋਈ ਪਈ ਰੋਣ ਹਾਕੀ ਹੋ ਜਾਂਦੀ ਹੈ।

'ਨਹੀਂ ਮੈਡਮ ਨਹੀਂ! ਮੇਰਾ ਕਦੇ ਵੀ ਅਜਿਹਾ ਕੋਈ ਇਰਾਦਾ ਨਹੀਂ ਹੋਇਆ ਤੁਹਾਨੂੰ ਛੁਟਿਆਉਣ ਦਾ।' ਮੈਂ ਉਸ ਨੂੰ ਝੂਠੀ ਜਿਹੀ ਤਸੱਲੀ ਦਿੰਦਾ ਹਾਂ।

'ਸਰ! ਨੌਕਰੀ ਤਾਂ ਤੁਸੀਂ ਵੀ ਕਰਦੇ ਹੋ ਤੇ ਮੈਂ ਵੀ! ਸਰਕਾਰੀ ਨੌਕਰੀ! ਤੁਸੀਂ ਮੇਰੇ ਵੱਡੇ ਅਫ਼ਸਰ ਹੋ ਤੇ ਮੈਂ ਤੁਹਾਡੀ ਵਰਕਰ! ਪਰ ਇਸ ਤੋਂ ਜ਼ਰਾ ਕੁ ਉੱਪਰ ਸਾਡਾ ਹੋਰ ਵੀ ਫ਼ਰਜ਼ ਬਣਦਾ ਹੈ ਸਮਾਜ ਵਿਚ, ਕਿ ਅਸੀਂ ਇਕ ਦੂਸਰੇ ਦੀ ਕਦਰ ਕਰੀਏ, ਇੱਜ਼ਤ ਕਰੀਏ, ਆਪ ਕਰੀਏ ਤੇ ਹੋਰਾਂ ਤੋਂ ਕਰਾਈਏ... ਤੁਸੀਂ ਮੇਰੇ ਕੰਮ ਆਓ ਤੇ ਮੈਂ ਤੁਹਾਡੇ ਕੰਮ ਆ ਸਕਾਂ। ਪਤਾ ਨਹੀਂ ਕਿਹੜੇ ਵੇਲੇ ਕੀਹਦੀ ਲੋੜ ਪੈ ਜਾਣੀ ਹੈ, ਕਿਸੇ ਵੇਲੇ ਖੋਟਾ ਪੈਸਾ ਵੀ ਕੰਮ ਆ ਜਾਂਦਾ ਹੈ।'

'ਨਮਸਤੇ! ਨਮਸਤੇ!.... ਨਮਸਤੇ.... ਨਮਸਤੇ...।' ਮੈਂ ਰਟ ਲਗਾਉਣ ਲਗਦਾ ਹਾਂ... ਲਗਾਈ ਜਾਂਦਾ ਹਾਂ।

'ਸੌਰੀ ਮੈਡਮ! ਮੈਂ ਸਾਰੇ ਦਿਨਾਂ ਦਾ ਭਾਂਗਾ ਅੱਜ ਇੱਕੋ ਦਿਨ ਪੂਰਾ ਕਰ ਦਿੰਦਾ ਹਾਂ... ਨਮਸਤੇ.... ਨਮਸਤੇ... ਨਮਸਤੇ...?'

'ਬੱਸ! ਬੱਸ! ਸਰ.... ਬੱਸ...।' ਉਹ ਖਿੜ ਪੈਂਦੀ ਹੈ... ਸਾਰੀ ਦੀ ਸਾਰੀ, ਉੱਪਰ ਤੋਂ ਲੈ ਕੇ ਥੱਲੇ ਤੱਕ।

'ਬੱਸ ਏਨੀ ਹੀ ਤਾਂ ਗੱਲ ਸੀ, ਤੁਸੀਂ ਐਵੇਂ ਸ਼ਰਮਾਉਂਦੇ ਰਹੇ, ਨੀਵੀਂਆਂ ਪਾਉਂਦੇ ਰਹੇ, ਮੁੱਖ ਛੁਪਾਉਂਦੇ ਰਹੇ।'

ਉਹ ਹੱਸਦੀ ਹੱਸਦੀ ਬਾਹਰ ਚਲੀ ਗਈ, ਮੇਰੇ ਗੋਚਰੇ ਮਣਾਂ ਮੂੰਹੀਂ ਸਵਾਲ ਬਿਖੇਰ ਕੇ। ਵੱਡੇ ਸਾਹਿਬ ਵੀ ਬਾਹਰ ਨਿਕਲ ਕੇ ਇੱਧਰ ਝਾਤੀ ਮਾਰਦੇ ਮੁਸਕਰਾਉਂਦੇ ਫਿਰ ਵਾਪਸ ਅੰਦਰ ਚਲੇ ਗਏ। ਉਨ੍ਹਾਂ ਦਾ ਇਸ ਤਰ੍ਹਾਂ ਕਸੂਤਾ ਜਿਹਾ ਵੇਖਣਾ, ਬੇਢੱਬਾ ਤੇ ਬੇਲੋੜਾ ਹੱਸਣਾ ਮੇਰੇ ਅੰਦਰ ਕਈ ਤੌਖਲੇ ਖੜੇ ਕਰ ਗਿਆ।

ਕੁੱਝ ਦਿਨਾਂ ਬਾਅਦ ਸਾਹਿਬ ਦਾ ਬੁਲਾਵਾ ਆ ਗਿਆ। ਚਪੜਾਸੀ ਦੇ ਹੱਥੀਂ ਸੁਨੇਹਾ ਸੀ।

'ਸਾਹਿਬ ਯਾਦ ਕਰਦੇ ਨੇ।'

ਸੁਣ ਕੇ ਮੈਂ ਸੋਚੀਂ ਪੈ ਗਿਆ। ਜ਼ਰੂਰ ਕੋਈ ਉਸ ਦਿਨ ਦੀ ਖ਼ੁਸ਼ਫਹਿਮੀ ਦੀ ਹੀ ਕਾਰਸਤਾਨੀ ਹੋਵੇਗੀ। ਵੈਸੇ ਤਾਂ ਬਿਨਾਂ ਖ਼ਾਸ ਕੰਮ ਤੋਂ ਸਾਹਿਬ ਵੀ ਨਹੀਂ ਬੁਲਾਉਂਦੇ ਤੇ ਮੈਂ ਵੀ ਸਾਹਿਬ ਦੇ ਅਗਾੜੀ ਜਾਣ ਤੋਂ ਕਤਰਾਉਂਦਾ ਹਾਂ।

'ਯੈਸ ਸਰ...।'

ਚਪੜਾਸੀ ਪੜਦਾ ਸਰਕਾ ਕੇ ਮੇਰੇ ਲੰਘਣ ਦੀ ਜਗ੍ਹਾ ਬਣਾ ਦਿੰਦਾ ਹੈ।

'ਆਓ ਬੈਠੋ।'

ਸਾਹਿਬ ਅੱਗੇ ਵਧਾ ਕੇ ਹੱਥ ਮਿਲਾਉਂਦਾ ਹੈ। ਉਸ ਦੇ ਮੱਥੇ 'ਤੇ ਮੁਸਕਰਾਹਟ ਹੈ।

'ਤੁਹਾਨੂੰ ਪਤਾ ਤੁਸੀਂ ਇਸ ਦਫ਼ਤਰ ਦੇ ਦੂਸਰੇ ਵੱਡੇ ਅਧਿਕਾਰੀ ਹੋ?'

'ਹਾਂ ਜੀ ਸਰ!... ਕੀ ਗ਼ਲਤੀ ਹੋ ਗਈ ਮੈਥੋਂ... ਵੱਡੇ ਅਧਿਕਾਰੀ ਤੋਂ?'

'ਹਰ ਆਦਮੀ ਨੂੰ, ਹਰ ਅਫ਼ਸਰ ਨੂੰ ਹਾਲਾਤ ਅਨੁਸਾਰ ਬਦਲਣਾ ਚਾਹੀਦੇ, ਅੱਖਾਂ ਮੀਟ ਕੇ ਗੁਜ਼ਾਰਾ ਨਹੀਂ ਹੋਣਾ, ਤੁਸੀਂ ਸ਼ਰੀਫ਼ ਹੋ, ਮੈਨੂੰ ਪਤਾ ਤੁਸੀਂ ਸ਼ਰਾਫ਼ਤ ਵਰਤਦੇ ਹੋ।' ਉਸ ਨੇ ਲੈਕਚਰ ਸ਼ੁਰੂ ਕਰ ਦਿੱਤਾ।

'ਨਹੀਂ ਸਰ! ਨਹੀਂ!' ਸਾਹਿਬ ਦੇ ਸ਼ਰਾਫ਼ਤ ਸ਼ਬਦ ਨਾਲ ਮੈਨੂੰ ਲੱਗਾ ਜਿਵੇਂ ਉਸ ਨੇ ਮੈਨੂੰ ਗਾਲ੍ਹ ਕੱਢੀ ਹੋਵੇ।

'ਨਹੀਂ ਜਨਾਬ! ਮੈਂ ਅੱਖਾਂ ਵੀ ਨਹੀਂ ਮੀਟਦਾ ਤੇ ਸ਼ਰਾਫ਼ਤ ਵੀ ਨਹੀਂ ਵਰਤਦਾ! ਮੈਨੂੰ ਪਤਾ ਸ਼ਰੀਫ਼ ਅਫ਼ਸਰ ਹਮੇਸ਼ਾ ਕਮਜ਼ੋਰ ਹੁੰਦਾ ਹੈ ਤੇ ਆਪਣੇ ਫ਼ੈਸਲੇ ਨਿਡਰਤਾ ਤੇ ਇਮਾਨਦਾਰੀ ਨਾਲ ਨਹੀਂ ਲੈ ਸਕਦਾ, ਨਾ ਹੀ ਨਿਭਾ ਸਕਦਾ ਹੈ।'

'ਸ਼ਾਬਾਸ਼! ਵੈਰੀ ਗੁੱਡ! ਮੈਨੂੰ ਇਹੋ ਅਫ਼ਸੋਸ ਹੈ ਕਿ ਤੁਸੀਂ ਸਭ ਕੁੱਝ ਜਾਣਦੇ ਹੋਏ ਵੀ ਅੱਖਾਂ ਮੀਟਦੇ ਹੋ, ਮੀਟਦੇ ਹੋ...।' ਸਾਹਿਬ ਨੇ ਹੋਰ ਜ਼ੋਰ ਦੇ ਕੇ ਜ਼ਰਾ ਉਚੇਰੀ ਆਵਾਜ਼ ਵਿਚ ਬੋਲ ਕੇ ਮੈਨੂੰ ਭਰਮਾਉਣ ਦੀ ਚਾਲ ਚੱਲੀ।

'ਪਰ! ਪਰ! ਸਰ! ਮੈਂ ਅੱਖਾਂ ਮੀਟ ਕੇ ਵੀ ਸਭ ਕੁੱਝ ਦੇਖਦਾ ਹਾਂ ਮੇਰੀਆਂ ਬੰਦ ਅੱਖਾਂ ਵੀ ਸਭ ਕੁੱਝ ਵੇਖਦੀਆਂ ਹਨ, ਜਾਣਦੀਆਂ ਹਨ।'

'ਬਹੁਤ ਅੱਛਾ! ਮੈਨੂੰ ਇਹੀ ਉਮੀਦ ਹੈ, ਤੁਹਾਡੇ ਵਰਗੇ ਸੁਯੋਗ ਅਧਿਕਾਰੀ ਤੋਂ। ਤੁਹਾਨੂੰ ਪਤਾ ਤੁਹਾਡੇ ਦਫ਼ਤਰ ਵਿਚ ਇਕ ਘੋੜੀ ਆਈ ਹੈ... ਘੋੜੀ?'

ਮੈਂ ਝੇਪ ਜਾਂਦਾ ਹਾਂ। ਉਸ ਦਾ ਸ਼ਰਾਰਤੀ ਮਨ ਫਿਰ ਉਗਲਦਾ ਹੈ, ਮੈਂ ਉਸ ਨਾਲ ਨਜ਼ਰਾਂ ਮਿਲਾਉਂਦਾ ਹਾਂ।

'ਹਾਂ... ਹਾਂ.... ਘੋੜੀ! ਤੇ ਇਕ ਵਛੇਰੀ ਵੀ...।' ਸਾਹਿਬ ਦੇ ਚਿੱਟੇ ਭਰਵੱਟੇ ਖੜ੍ਹੇ ਹੋ ਜਾਂਦੇ ਨੇ।

'ਸੌਰੀ ਸਰ! ਤੁਹਾਡੀਆਂ ਇਹ ਗੁੰਝਲ ਭਰੀਆਂ ਬੁਝਾਰਤਾਂ ਮੇਰੀ ਸਮਝ ਤੋਂ ਬਾਹਰ ਨੇ।'

'ਏਸੇ ਲਈ ਤੇ ਮੈਂ ਕਹਿੰਦਾ ਹਾਂ ਕਿ ਤੁਸੀਂ ਨਾਸਮਝ ਹੋ, ਅੱਖਾਂ ਮੀਟ ਕੇ ਰੱਖਦੇ ਹੋ।' ਉਸ ਨੇ ਮੇਜ਼ 'ਤੇ ਆਪਣਾ ਪੰਜਾ ਠੱਪ-ਠਪਾਇਆ।

'ਦਿੱਲੀ ਦੀ ਮੈਡਮ ਆਈ ਹੈ...।'

'ਮੈਨੂੰ ਪਤਾ ਸਰ...।'

'ਉਸ ਨੇ ਸਾਰੇ ਦਫ਼ਤਰ ਵਿਚ ਤੂਫ਼ਾਨ ਮਚਾ ਰੱਖਿਆ ਹੈ...।'

'ਨਹੀਂ ਸਰ! ਮੈਂ ਕਦੇ ਮਹਿਸੂਸ ਨਹੀਂ ਕੀਤਾ...।'

'ਤੁਸੀਂ ਕਰੋਗੇ ਵੀ ਨਹੀਂ! ਅੱਖਾਂ ਨੀਵੀਂਆਂ ਰੱਖਦੇ ਹੋ ਨਾ, ਕੰਨ ਬੰਦ ਕਰਕੇ ਰੱਖਦੇ ਹੋ, ਤੁਸੀਂ ਕੀ ਮਹਿਸੂਸ ਕਰੋਗੇ?' ਉਸ ਦੀ ਜ਼ੁਬਾਨ ਤੋਂ ਬੇ-ਵਜਾ ਤਲਖ਼ੀ ਸੁਣ ਕੇ ਮੇਰੀ ਜ਼ੁਬਾਨ ਵੀ ਜ਼ਰਾ ਭਾਰੀ ਹੋ ਗਈ।

'ਨਹੀਂ ਸਰ! ਤੁਸੀਂ ਗਲਤ ਇਲਜ਼ਾਮ ਲਗਾ ਰਹੇ ਹੋ। ਅਜਿਹਾ ਕੋਈ ਤੂਫ਼ਾਨ ਮੈਂ ਦਫ਼ਤਰ ਵਿਚ ਮਹਿਸੂਸ ਨਹੀਂ ਕੀਤਾ। ਇਹ ਤੁਹਾਡੇ ਆਪਣੇ ਮਨ ਦਾ ਤੂਫ਼ਾਨ ਹੈ, ਤੁਹਾਡਾ ਅੰਦਰਲਾ ਸ਼ੋਰ ਹੈ ਜੋ ਤੁਹਾਨੂੰ ਬੇਚੈਨ ਕਰ ਰਿਹਾ। ਕਹੀਂ ਕੋਈ ਐਸੀ ਬਾਤ ਤੋਂ ਨਹੀਂ, ਚੋਰ ਕੀ ਦਾੜ੍ਹੀ ਮੈਂ ਤਿਣਕਾ।' ਗ਼ੁੱਸੇ ਵਿਚ ਮੈਥੋਂ ਕਹਿ ਹੋ ਗਿਆ।

'ਨਹੀਂ, ਮੇਰੇ ਦੋਸਤ ਮੇਰਾ ਇਹ ਮਤਲਬ ਨਹੀਂ! ਬਿਲਕੁਲ ਨਹੀਂ! ਨਾਰਾਜ਼ ਮੱਤ ਹੋਵੋ। ਉਸ ਦੇ ਨਾਲ ਇਕ ਲੜਕੀ ਵੀ ਹੈ... ਹਰਾਮੀ ਲੜਕੀ।'

ਸੱਠਵਿਆਂ ਨੂੰ ਪੁੱਜ ਰਹੇ ਬਜ਼ੁਰਗ ਦੇ ਮੂੰਹੋਂ ਅਜਿਹੀ ਘਟੀਆ ਤੇ ਨੀਚ ਸ਼ਬਦਾਵਲੀ ਸੁਣ ਕੇ ਮੇਰਾ ਮਨ ਹੋਰ ਉਚਾਟ ਹੋ ਗਿਆ ਕਿ ਇਸ ਦੇ ਘਰ ਆਪਣੀਆਂ ਭੈਣਾਂ, ਧੀਆਂ, ਨੂੰਹਾਂ ਜਾਂ ਹੋਰ ਨੌਕਰੀ ਕਰਦੀਆਂ ਔਰਤਾਂ ਨਹੀਂ? ਜੋ ਇਹ ਹੋਰਨਾਂ ਬਾਰੇ ਅਜਿਹੇ ਅਪ-ਸ਼ਬਦ ਕੂੜ-ਕੁਸੱਤ ਬੋਲ ਰਿਹਾ ਹੈ।

'ਫਿਰ?'

ਮੇਰਾ ਖ਼ੁਸ਼ਕ ਰੁੱਖਾ ਜਿਹਾ ਸੰਖੇਪ ਉੱਤਰ ਸੁਣ ਕੇ ਉਹ ਕੋਡਾ ਹੋ ਕੇ ਮੇਜ਼ ਉੱਪਰੋਂ ਮੂੰਹ ਮੇਰੇ ਵੱਲ ਵਧਾ ਕੇ ਨੇੜੇ ਕਰ ਲੈਂਦਾ ਹੈ।

'ਉਹ ਤੁਹਾਡੇ ਕੋਲ ਆਏਗੀ! ਲੜਕੀ ਨੂੰ ਵੀ ਨੌਕਰੀ 'ਤੇ ਰੱਖ ਲਓ, ਵਛੇਰੀ ਹੈ ਵਛੇਰੀ। ਹਾਂ.... ਰੱਖ ਲਓ...।' ਸਿਫ਼ਾਰਸ਼ ਦੇ ਮੂਡ ਵਿਚ ਉਹ ਬਾਂਦਰਾਂ ਵਾਲੀ ਹਾਸੀ ਹੱਸਦਾ ਹੈ।

'ਉਹ ਦਿੱਲੀ ਦੰਗਿਆਂ ਦੀ ਵਿਧਵਾ ਹੈ ਤੇ ਉਸੇ ਸਮੇਂ ਦੀ ਹੀ ਉਸ ਦੀ ਉਪਜ ਇਹ ਲੜਕੀ... ਹਾਂ... ਹਾਂ... ਹਾਂ ਰੱਖ ਲਓ ਉਸ ਨੂੰ ਡੇਲੀਵੇਜ 'ਤੇ... ਕੰਮ ਆਏਗੀ ਤੁਹਾਡੇ।'

'ਮੁਆਫ਼ ਕਰਨਾ ਸਰ! ਜੈਸੇ ਕਹੋ ਕਰ ਲਵਾਂਗੇ, ਅੱਜ ਮੇਰੀ ਤਬੀਅਤ ਕੁੱਝ ਠੀਕ ਨਹੀਂ, ਸਿਰ ਦਰਦ ਹੈ ਬਹੁਤ।' ਮੈਂ ਉਸ ਨੂੰ ਝਟਕ ਦਿੰਦਾ ਹਾਂ।

ਮੈਂ ਆਪਣੇ ਅੰਤਰ ਧਿਆਨ ਵਿਚ ਖੁੱਭਿਆ ਬੈਠਾ ਆਪਣੇ ਆਪ ਨੂੰ ਕੋਸ ਰਿਹਾ ਸਾਂ। ਕਿਉਂ ਨਾ ਮੈਂ ਸਾਹਿਬ ਨੂੰ ਹੋਰ ਖਰੀਆਂ ਖਰੀਆਂ ਸੁਣਾ ਦਿੱਤੀਆਂ ਕਿ ਮੈਨੂੰ ਅਜਿਹੀ ਜ਼ਲੀਲ ਦਲਦਲ ਵਿਚ ਨਾ ਫਸਾਓ ਤੇ ਕਿਸੇ ਦੀ ਧੀ ਭੈਣ ਬਾਰੇ ਅਜਿਹੇ ਅਪ-ਸ਼ਬਦ ਨਾ ਬੋਲੋ। ਸਾਹਿਬ ਦੇ ਮਨ ਵਿਚ ਬਣੀ ਖ਼ੁਸ਼ਬੂ ਦੀ ਤਸਵੀਰ ਤੇ ਖ਼ੁਸ਼ਬੂ ਦੇ ਬਾਹਰਲੇ ਪ੍ਰਤੱਖ ਆਚਾਰ ਤੇ ਇਖ਼ਲਾਕ ਵਿਚ ਜਿਮੀਂ ਅਸਮਾਨ ਦਾ ਫ਼ਰਕ, ਮੈਂ ਕਿੰਨਾ ਚਿਰ ਤੋਲਦਾ ਰਿਹਾ। ਮੱਛੀ ਪੱਥਰ ਚੱਟ ਕੇ ਮੁੜਦੀ ਹੈ, ਆਪੇ ਛਿੱਤਰ ਖਾ ਕੇ ਮੁੜ ਆਏਗਾ ਇਹ ਵੀ। ਮੇਰੇ ਮਨ ਨੇ ਸ਼ਾਹਦੀ ਭਰੀ।

ਥੋੜੇ ਦਿਨਾਂ ਬਾਦ ਖ਼ੁਸ਼ਬੂ ਦੀ ਮਹਿਕ ਧਵਾਂਖੀ ਜਿਹੀ ਲੱਗਣ ਲੱਗੀ। ਉਹ ਕੁੱਝ ਗੰਭੀਰ ਜਿਹੀ ਸੀ, ਸ਼ਾਇਦ ਸਾਹਿਬ ਨੇ ਝਿੜਕ ਦਿੱਤੀ ਹੋਵੇ। ਉਸ ਦਾ ਲੁੱਛੂੰ ਲੁੱਛੂੰ ਕਰਦਾ ਚਿਹਰਾ ਅੱਜ ਘੋਰ ਉਦਾਸੀ ਵਿਚ ਉਲਝਿਆ ਪਿਆ ਸੀ। ਕਾਲਾ ਸੂਟ, ਕਾਲਾ ਦੁਪੱਟਾ, ਕਾਲੀ ਗੁਰਗਾਬੀ, ਕਾਲੀਆਂ ਚੂੜੀਆਂ ਤੇ ਕਾਲੀ ਬਿੰਦੀ ਲਗਾਈ, ਜਿਵੇਂ ਉਹ ਕਿਸੇ ਸੂਫ਼ੀ ਬਿਰਹਣ ਸਾਧਵੀ ਨੂੰ ਮੂਰਤੀਮਾਨ ਕਰ ਰਹੀ ਹੋਵੇ, ਚੁੱਪ ਚਾਪ ਉਦਾਸ ਆਪਣੀ ਸੀਟ 'ਤੇ ਮਗਨ ਸੀ। ਸਵੇਰ ਤੋਂ ਹੀ ਅੱਜ ਜਿਵੇਂ ਉਸ ਨੇ ਆਪਣੇ ਸਾਰੇ ਗੁਲਾਬੀ ਅੰਦਾਜ਼ ਸੁਰੱਖਿਅਤ ਰੱਖ ਲਏ ਸਨ। ਗ਼ਮਗੀਨ ਮੁਦਰਾ ਵਿਚ ਚਿੰਤਾ ਤੇ ਗ਼ਮਾਂ ਦੀ ਮੂਰਤ ਬਣੀ ਬੈਠੀ ਮੈਥੋਂ ਨਾ ਸਹਾਰ ਹੋਈ। ਇੰਟਰ-ਕਾਮ ਰਾਹੀਂ ਉਸ ਨੂੰ ਬੁਲਾ ਹੋ ਗਿਆ।

'ਯੈਸ ਸਰ!' ਜਿਵੇਂ ਪਹਿਲਾਂ ਹੀ ਉਡੀਕ ਰਹੀ ਹੋਵੇ, ਮੇਰੇ ਸਾਹਮਣੇ ਖੜੀ ਸੀ।

ਮੈਂ ਉਸ ਵੱਲ ਵੇਖਦਾ ਹਾਂ। ਸਿਰ ਤੋਂ ਪੈਰਾਂ ਤੱਕ ਕਾਲੀ।

'ਤੁਸੀਂ ਕਿਹਾ ਕੁੱਝ ਸਰ?'

'ਹਾਂ... ਹਾਂ... ਆਓ ਬੈਠੋ...।'

'ਤੁਸੀਂ ਮੇਰਾ ਕਾਲਾ ਡਰੈੱਸ ਵੇਖ ਰਹੇ ਹੋ? ਹੈਰਾਨ ਹੋ ਰਹੇ ਹੋ? ਹੈ ਨਾ ਸਰ?'

'ਬਈ ਕਮਾਲ ਦੀ ਔਰਤ ਹੈ ਇਹ।'

'ਮੇਰੇ ਮਨ ਦੀ ਗੱਲ ਤੂੰ ਬੁੱਝ ਲਈ ਖ਼ੁਸ਼ਬੂ।' ਮੈਂ ਥੋੜਾ ਜਿਹਾ ਮੁਸਕਰਾਉਂਦੇ ਉਸ ਦੀ ਦੂਰ-ਅੰਦੇਸ਼ੀ ਦੀ ਸਰਾਹਨਾ ਕੀਤੀ।

'ਕਾਲੀ ਕੋਇਲ! ਤੂੰ ਕਿਤ ਗੁਣ ਕਾਲੀ?' ਪਤਾ ਨਹੀਂ ਕਿਵੇਂ, ਸਹਿਜ ਸੁਭਾ ਮੇਰੇ ਕੋਲੋਂ ਏਨਾ ਖੁੱਲ੍ਹਾ ਸਵਾਲ ਨਿਕਲ ਗਿਆ।

'ਆਪਣੇ ਪ੍ਰੀਤਮ ਕੇ ਹਉਂ ਬਿਰਹੋਂ ਜਾਲੀ।' ਤੁਰੰਤ ਹਾਜ਼ਰ-ਜੁਆਬ! ਉਹ ਥੋੜਾ ਜਿੰਨਾ ਸ਼ਰਮਾਈ, ਹਉਕਾ ਲਿਆ, ਅੱਥਰੂ ਭਰ ਆਈ ਤੇ ਸਵਾਲ ਦਾ ਜੁਆਬ ਦੇ ਗਈ।

'ਸਰ! ਅੱਜ ਮੇਰਾ ਮਨ ਬਹੁਤ ਦੁਖੀ ਹੈ, ਅੱਜ ਮੈਂ ਆਪਣਾ ਦਿਲ ਕਿਸੇ ਕੋਲ ਫੋਲਣਾ ਚਾਹੁੰਦੀ ਹਾਂ, ਢੇਰੀ ਕਰਨਾ ਚਾਹੁੰਦੀ ਹਾਂ।'

'ਐਸੀ ਵੀ ਕਿਆ ਬਾਤ ਹੋ ਗਈ ਮੈਡਮ? ਘਰ ਵਾਲੇ ਨਾਲ ਲੜ ਕੇ ਆਈ ਹੋ? ਜਾਂ ਸੱਸ ਸਹੁਰੇ ਨਾਲ?' ਮੈਂ ਉਸ ਦੀ ਸੰਜੀਦਗੀ ਦਾ ਥਾਹ ਲਗਾਉਂਦਾ ਕਾਰਨ ਤੱਕ ਪਹੁੰਚਣਾ ਚਾਹੁੰਦਾ ਹਾਂ।

'ਸਰ ਲੰਮੀ ਕਹਾਣੀ ਹੈ... ਸੁਣਨਾ ਚਾਹੋ ਤਾਂ ਮਿਹਰਬਾਨੀ! ਜੇ ਮੇਰੇ ਲਈ ਸਮਾਂ ਕੱਢ ਸਕੋ ਤਾਂ ਕਹੀਂ ਬਾਹਰ ਚੱਲਾਂਗੇ।'

ਉਸ ਦੀਆਂ ਡਲ੍ਹਕਦੀਆਂ ਅੱਖਾਂ 'ਚ ਤਰਲੇ ਭਰ ਆਏ। ਉਸ ਦੀ ਵਿਚਾਰੀਆਂ ਵਾਲੀ ਤੱਕਣੀ ਤੇ ਲਿਲ੍ਹਕੜੀ ਨੇ ਮੇਰੀਆਂ ਸੋਚਾਂ ਨੂੰ ਬੇਹੋਸ਼ ਕਰ ਦਿੱਤਾ।

'ਚਲੋ ਆਲ ਰਾਈਟ! ਲੰਚ ਟਾਈਮ ਹੋਣ ਵਾਲਾ ਹੈ।'

ਮੈਂ ਉਸ ਦੀ ਕਹਾਣੀ ਸੁਣਨ ਲਈ ਬਿਹਬਲ ਹੋ ਉੱਠਦਾ ਹਾਂ। ਦੋ ਘੰਟੇ ਦੀ ਥੋੜ੍ਹ-ਚਿਰੀ ਛੁੱਟੀ ਲਿਖ ਕੇ ਅੰਦਰ ਭੇਜ ਦਿੰਦਾ ਹਾਂ। ਟਾਈਮ-ਆਊਟ ਕਰਕੇ ਫਾਈਲਾਂ ਸਮੇਟ ਕੇ ਪਾਸੇ ਕਰਕੇ ਬਾਹਰ ਨਿਕਲ ਜਾਂਦੇ ਹਾਂ, ਪਾਰਕ ਵਿਚ।

'ਤੁਹਾਨੂੰ ਪਤਾ ਸਰ! ਅੱਜ ਇਕੱਤੀ ਅਕਤੂਬਰ ਹੈ?'

ਘਾਹ 'ਤੇ ਪਸੱਕਾ ਮਾਰਦੀ ਉਸ ਨੇ ਪਹਿਲੇ ਸ਼ਬਦ ਨਾਲ ਹੀ ਮੈਨੂੰ ਝੰਜੋੜ ਦਿੱਤਾ। ਮੈਂ ਘੜੀ ਵਿਚਲੀ ਤਰੀਕ ਵੱਲ ਝਾਤੀ ਮਾਰੀ।

'ਹਾਂ ਇਕੱਤੀ ਅਕਤੂਬਰ।'

'ਕੀ ਹੋਇਆ ਸੀ ਉਸ ਦਿਨ?' ਉਸ ਨੇ ਅਚਨਚੇਤ ਕੀਤੇ ਦੂਸਰੇ ਸਵਾਲ ਨੇ ਮੈਨੂੰ ਲੜਖੜਾ ਦਿੱਤਾ। ਮੈਂ ਦਿਮਾਗ਼ 'ਤੇ ਜ਼ੋਰ ਪਾ ਕੇ ਉਸ ਦੇ ਉੱਤਰ ਦੀ ਤਲਾਸ਼ ਕਰਨ ਲੱਗਾ।

'ਜਨਾਬ! ਅੱਜ ਉਹ ਦਿਨ ਹੈ, ਜਦ ਉੱਨੀ ਸੌ ਚੁਰਾਸੀ ਵਿਚ ਭਾਰਤ ਮਾਤਾ ਦੀ ਦਿੱਲੀ ਵਿਖੇ ਜੰਗਲ ਰਾਜ ਆਇਆ ਸੀ। ਇਕ ਦਰਖ਼ਤ ਡਿੱਗਿਆ ਸੀ ਵੱਡਾ ਸਾਰਾ, ਜਿਸ ਨਾਲ ਧਰਤੀ ਕੰਬਦੀ ਰਹੀ ਸੀ ਕਿੰਨੀ ਦੇਰ, ਜਲਦੀ ਰਹੀ ਸੀ ਕਿੰਨੇ ਦਿਨ....। ਦੰਗੇ ਭੜਕੇ ਸਨ, ਮਕਾਨ ਜਲੇ ਸਨ, ਟਰੱਕ ਜਲੇ ਸਨ, ਅਸਮਾਨ ਜਲੇ ਸਨ, ਮਨੁੱਖਤਾ ਜਲੀ ਸੀ, ਸਿੱਖ ਜਲੇ ਸਨ, ਸਿੱਖਾਂ ਦੇ ਗਲ ਟਾਇਰਾਂ ਦੇ ਹਾਰ ਪਾਏ ਗਏ ਸਨ, ਪੈਟਰੋਲ ਨਾਲ ਜਲਾਏ ਗਏ ਸਨ....।' ਉਸ ਦੀਆਂ ਅੱਖਾਂ ਲਹੂ ਚੋਅ ਰਹੀਆਂ ਸਨ।

'ਹਾਂ ਮੈਡਮ! ਇਹ ਭਿਆਨਕ ਕਤਲੇਆਮ! ਨਸਲਕੁਸ਼ੀ ਦੀ ਘਿਣਾਉਣੀ ਦਾਸਤਾਨ, ਹਜ਼ਾਰਾਂ ਬੇਗੁਨਾਹਾਂ ਨੂੰ ਭੁੰਨਦਾ ਖ਼ੂਨੀ ਸਾਕਾ ਕਿਸੇ ਕੋਲੋਂ ਵੀ ਛੁਪਿਆ ਨਹੀਂ।' ਮੇਰੀਆਂ ਅੱਖਾਂ ਵਿਚੋਂ ਵੀ ਆਪ ਮੁਹਾਰੇ ਹੀ ਹੰਝੂ ਕਿਰ ਆਏ।

'ਅੱਜ ਉਸ ਦਿਨ ਦੀ ਅਠਾਰ੍ਹਵੀਂ ਵਰ੍ਹੇ-ਗੰਢ ਹੈ, ਜਦ ਮੇਰੇ ਸਾਹਮਣੇ ਮੇਰੇ ਸੱਜਣ ਪ੍ਰੇਮੀ ਮੰਗੇਤਰ ਦੀਆਂ ਬਾਂਹਾਂ ਬੰਨ੍ਹ ਕੇ ਉਸ 'ਤੇ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ ਸੀ ਜ਼ਾਲਮਾਂ ਨੇ ਤੇ ਉਹ... ਖ਼ੁਸ਼ਬੂ... ਖ਼ੁਸ਼ਬੂ ਪੁਕਾਰਦਾ ਦੋ ਚਾਰ ਮਿੰਟ 'ਚ ਤੜਫ਼ਦਾ ਲੜਖੜਾਉਂਦਾ ਢੇਰੀ ਹੋ ਗਿਆ ਸੀ। ਮੈਨੂੰ ਇਕ ਟਰੱਕ ਵਿਚ ਸੁੱਟ ਕੇ ਇਕ ਮਕਾਨ ਵਿਚ ਪਹੁੰਚਾ ਦਿੱਤਾ ਗਿਆ ਸੀ, ਜਿੱਥੇ ਮੇਰੇ ਜਿਹੀਆਂ ਕਈ ਹੋਰ ਨਿਕਰਮਣਾਂ ਲਹੂ ਲੁਹਾਨ ਹੋਈਆਂ ਪਈਆਂ ਦਰਿੰਦਿਆਂ ਦੀ ਹਵਸ ਦਾ ਸ਼ਿਕਾਰ ਬਣੀਆਂ ਸਨ। ਮੰਡੀ ਬਣੀ ਹੋਈ ਸੀ ਅਬਲਾਵਾਂ ਦੀ।'

ਗੱਲ ਸਾਫ਼ ਮੇਰੇ ਜ਼ਿਹਨ ਵਿਚ ਉੱਤਰ ਗਈ। ਉਹ ਮੇਰਾ ਹੁੰਗਾਰਾ ਉਡੀਕਣ ਤੋਂ ਬਿਨਾਂ ਹੀ ਵਿਖਿਆਨ ਕਰਦੀ ਜਾ ਰਹੀ ਸੀ। ਮੈਂ ਸੁਮਕੇ ਮਾਰਦਾ ਉਸ ਨਾਲ ਹਮਦਰਦੀ ਪ੍ਰਗਟਾਉਂਦਾ ਹਾਂ-ਹੂੰ ਕਰੀ ਜਾਂਦਾ ਸਾਂ।

'ਸਰ! ਮੁੱਤਅਸਬੀ ਦੰਗੇ ਦਿੱਲੀ ਦੇ ਹੋਣ ਜਾਂ ਗੁਜਰਾਤ ਦੇ, ਕਸ਼ਮੀਰ ਦੀ ਲੜਾਈ ਹੋਵੇ, ਅਫ਼ਗ਼ਾਨ ਦੀ, ਰੂਸ ਦੀ, ਅਮਰੀਕਾ ਦੀ, ਈਰਾਨ ਜਾਂ ਪਾਕਿਸਤਾਨ ਦੀ, ਬਾਹਰੀ ਹਮਲੇ ਦੇ ਨਾਲ ਇਕ ਅੰਤਰੀਵੀ ਹਮਲਾ ਵੀ ਹੁੰਦਾ ਹੈ, ਜੋ ਸਭ ਤੋਂ ਪਹਿਲਾਂ ਔਰਤਾਂ ਦੀ ਆਬਰੂ ਤੇ ਹੁੰਦਾ ਹੈ। ਬੰਬਾਂ, ਬੰਦੂਕਾਂ, ਤੋਪਾਂ, ਗੋਲਿਆਂ ਦੇ ਨਾਲ ਲਿੰਗਾਂ ਦਾ ਵੀ ਵਾਰ ਚੱਲਦਾ ਹੈ। ਔਰਤਾਂ ਦਾ ਬਦਨ ਲੜਾਈ ਦਾ ਮੈਦਾਨ ਬਣਦਾ ਹੈ, ਇਕਪਾਸੜ ਲੜਾਈ ਹੁੰਦੀ ਹੈ। ਫ਼ੌਜੀਆਂ ਦੀ ਰੱਤ ਡੁੱਲ੍ਹਦੀ ਹੈ, ਔਰਤਾਂ ਦੀ ਪੱਤ ਰੁਲਦੀ ਹੈ। ਔਰਤ ਲੁੱਟ ਦਾ ਮਾਲ ਬਣਦੀ ਹੈ ਤੇ ਲੁੱਟ ਦੇ ਮਾਲ ਦੇ ਨਾਲ ਔਰਤ ਵੀ ਲੁੱਟੀ ਜਾਂਦੀ ਹੈ। ਇਤਿਹਾਸ ਵਿਚ ਬਹੁਤ ਘੱਟ ਹੀ ਇਹ ਅਲੇਖ ਆਇਆ ਹੈ ਕਿ ਜਦ ਔਰਤ ਨੇ ਅੱਗੋਂ ਵਿਰੋਧ ਕੀਤਾ ਹੋਵੇ। ਉਸ ਨੇ ਆਪਣੀ ਇੱਜ਼ਤ ਬਚਾਉਣ ਖ਼ਾਤਰ ਜਾਂ ਜਾਨ ਬਖ਼ਸ਼ਾਉਣ ਖ਼ਾਤਰ ਆਬਰੂ ਲੁਟਾਈ ਹੈ ਤੇ ਰੱਬ ਦੀ ਰਜ਼ਾ ਮੰਨ ਕੇ ਸੈਕਸ ਦਾ ਸ਼ੋਸ਼ਣ ਝੱਲਿਆ ਤੇ ਹੰਢਾਇਆ ਹੈ।

ਫਿਰ ਉਸੇ ਹੀ ਰਾਤ ਪੁਲਿਸ ਦੀਆਂ ਹੋਣਗੀਆਂ ਜਾਂ ਮਿਲਟਰੀ ਦੀਆਂ, ਗੱਡੀਆਂ ਆ ਗਈਆਂ।

'ਚਲੋ ਤੁਹਾਨੂੰ ਰਾਹਤ ਕੈਂਪਾਂ ਵਿਚ ਪਹੁੰਚਾ ਦਿੰਦੇ ਹਾਂ, ਬਾਹਰ ਖ਼ਤਰਾ ਹੈ।'

'ਦਹਿਸ਼ਤਗਰਦ ਧਾੜਵੀਆਂ ਦਾ ਹਜੂਮ ਬੇਮੁਹਾਰਾ ਟੋਲਿਆਂ ਦੇ ਟੋਲੇ, ਹੱਥਾਂ ਵਿਚ ਜਗਦੀਆਂ ਮਸ਼ਾਲਾਂ ਲੈ ਕੇ ਸੜਕਾਂ ਗਲੀ ਮੁਹੱਲਿਆਂ ਵਿਚ ਦਨਦਨਾਉਂਦਾ ਫ਼ਿਰਕੂ ਜ਼ਹਿਰ ਵਰ੍ਹਾ ਰਿਹਾ ਸੀ। ਆਦਮ-ਬੋ ਆਦਮ-ਬੋ ਕਰਦਾ, ਜਨੂਨ ਉਗਲੱਛਦਾ ਭੜਕਾਊ ਨਾਅਰਿਆਂ ਨਾਲ ਲਲਕਾਰੇ ਮਾਰਦਾ ਧਾੜਵੀਆਂ ਦਾ ਹੜ੍ਹ, ਪਿੱਛੇ ਬਲਦੇ ਭਾਂਬੜ ਛੱਡ ਕੇ ਅੱਗੇ ਅੱਗੇ ਵਧ ਰਿਹਾ ਸੀ ਜੰਗਲ ਦੀ ਅੱਗ ਵਾਂਗ। ਉਨ੍ਹਾਂ ਨੂੰ ਕਿਸੇ ਪੁਲਸ ਜਾਂ ਮਿਲਟਰੀ ਨੇ ਵਰਜਣ ਜਾਂ ਨੱਥ ਪਾਉਣ ਦੀ ਜ਼ਿੰਮੇਵਾਰੀ ਨਾ ਨਿਭਾਈ। ਅਮਨ ਕਾਨੂੰਨ ਦੇ ਰਾਖੇ ਕੰਨ ਵਲ੍ਹੇਟ ਕੇ ਕੰਨਾਂ-ਘੇਸਲ ਮਾਰ ਕੇ ਤਮਾਸ਼ਬੀਨਾਂ ਵਾਂਗ ਗਲ ਪਿਆ ਢੋਲ ਵਜਾਉਂਦੇ ਰਹੇ। ਆਪਣੇ

**(ਬਾਕੀ ਅਗਲੇ ਸਫੇ 'ਤੇ)**

# ਦਿੱਲੀ ਦੀ ਖ਼ੁਸ਼ਬੂ

(ਸਫਾ 33 ਦੀ ਬਾਕੀ)

ਇਲਾਕੇ ਦੀ ਤੇ ਮੁਹੱਲੇ ਦੀ ਸੁੱਖ ਸਾਂਦਿ ਪੁੱਛੀ ਤਾਂ ਸਿਪਾਹੀ ਚੁੱਪ ਡੂੰਨ-ਵੱਟਾ ਜਿਹਾ ਬਣ ਗਿਆ।'

'ਕੁੱਝ ਨਹੀਂ ਬਚਾ ਉਧਰ, ਭੁਲ ਜਾਓ....। ਚਲੋ ਗਾੜੀ ਮੈਂ....।'

ਸਾਰੀਆਂ ਬੰਧਕ ਬਣਾਈਆਂ ਗਊਆਂ ਵਰਗੀਆਂ ਵਿਚਾਰੀਆਂ ਇਕ ਦੂਜੀ ਤੋਂ ਅੱਗੇ ਭੇਡਾਂ ਵਾਂਗਰ ਟਰੱਕਾਂ 'ਤੇ ਚੜ੍ਹ ਗਈਆਂ। ਹਨੇਰੇ ਦਾ ਫ਼ਾਇਦਾ ਉਠਾ ਕੇ ਮੈਂ ਸੜਕ ਦੇ ਦੂਜੇ ਪਾਸੇ ਹੋ ਤੁਰੀ। ਦੇਖਿਆ ਇਹ ਤਾਂ ਡਰੇਨ ਸੀ, ਗੰਦਾ ਨਾਲਾ। ਇਹਨਾਂ ਕੋਲੋਂ ਮਾਸ ਨੁਚਵਾਉਣ ਨਾਲੋਂ ਤਾਂ ਮਰਨਾ ਚੰਗਾ ਹੈ। ਮੈਂ ਉੱਧਰ ਛਾਲ ਮਾਰਨੀ ਚਾਹੀ ਪਰ ਮੇਰੇ ਮਨ ਨੇ ਮੈਨੂੰ ਫਿਟਕਾਰ ਪਾਈ। ਮੁਸੀਬਤਾਂ ਤੋਂ ਡਰ ਕੇ ਆਤਮਘਾਤ ਕਰਨਾ ਗੁਨਾਹ ਹੈ। ਇਸ ਰਾਤ ਤੋਂ ਬਾਦ ਸੂਰਜ ਚੜ੍ਹੇਗਾ ਤੇ ਦਿਨ ਵੀ ਚੜ੍ਹੇਗਾ ਜ਼ਰੂਰ।

ਸਾਰੀ ਰਾਤ ਮੈਂ ਬਦਬੂ ਮਾਰਦੇ ਉਸ ਨਾਲੇ ਦੀ ਅੰਦਰਲੀ ਢਲਾਣ ਤੇ ਪੌੜੀ-ਨੁਮਾ ਫੱਟੇ ਨਾਲ ਲਿਪਟ ਕੇ ਲੰਘਾਈ। ਉਹ ਸਾਰੀ ਭਿਆਨਕ ਰਾਤ, ਜੰਗ ਦੇ ਮੈਦਾਨ ਵਾਂਗ ਜਲਦੀ ਦਿੱਲੀ ਵੇਖ ਮੈਂ ਹਰ ਪਲ ਹਰ ਮਿੰਟ ਘੁਲ-ਘੁਲ ਕੇ ਮਰਦੀ ਰਹੀ। ਮੌਤ ਦੀ ਹੋਣੀ ਮੇਰੇ ਸਿਰ 'ਤੇ ਮੰਡਲਾਉਂਦੀ ਰਹੀ। ਕੈਂਪ ਚੋਂ ਚੁੱਕਿਆ ਖੇਸੀ ਵਰਗਾ ਕੰਬਲ ਮੇਰੇ ਦੰਦੋੜਿੱਕੇ ਨਾ ਹਟਾ ਸਕਿਆ ਤੇ ਪਤਾ ਨਹੀਂ ਕਿਹੜੇ ਵੇਲੇ, ਕਿੱਦਾਂ ਨੀਂਦ ਆਈ ਜਾਂ ਨਾ, ਰਾਤ ਆਪਣੇ ਅਖੀਰਲੇ ਪੜਾਅ 'ਤੇ ਪਹੁੰਚ ਗਈ।

ਤੜਕਸਾਰ! ਕਿਸੇ ਦੇ ਪੈਰਾਂ ਦੀ ਬਿੜਕ ਨੇ ਮੈਨੂੰ ਸਾਵਧਾਨ ਕਰ ਦਿੱਤਾ। ਇਕ ਮਨੁੱਖੀ ਆਕਾਰ ਮੇਰੇ ਲਾਗੇ ਆ ਕੇ ਰੁਕ ਗਿਆ। ਮੈਂ ਸਾਹ ਸੂਤ ਕੇ ਪਈ ਰਹੀ। ਉਸ ਨੇ ਮੈਨੂੰ ਟੋਹਿਆ, ਮੇਰੀ ਜੇਬ ਟੋਹੀ ਤੇ ਫਿਰ ਮੈਨੂੰ ਉਲਟਾਉਣ ਲੱਗਾ। ਮੈਨੂੰ ਕਾਂਬਾ ਜਿਹਾ ਛਿੜ ਗਿਆ। ਮੈਂ ਛੱਟਪਟਾਈ, ਉਸ ਨੇ ਮੈਨੂੰ ਬੈਠਣ ਦਾ ਸਹਾਰਾ ਦਿੱਤਾ। ਉਸ ਦਾ ਸ਼ੈਤਾਨ ਜਾਂਗਲੀ ਮਨ ਮੈਂ ਘੁਸ-ਮੁਸੇ ਹਨੇਰੇ ਵਿਚ ਪੜ੍ਹ ਲਿਆ। ਉੱਠ ਕੇ ਪੂਰੇ ਜ਼ੋਰ ਨਾਲ ਧੱਕਾ ਦੇ ਕੇ ਉਸ ਨੂੰ ਨਾਲੇ ਵਿਚ ਸੁੱਟ ਦਿੱਤਾ ਤੇ ਆਪ ਸੜਕ ਦੇ ਕਿਨਾਰੇ ਤੁਰਨ ਲੱਗੀ... ਬੇ-ਮੰਜ਼ਲੀ ਬੇ-ਮੁਹਾਰੀ।

ਉਸ ਰਾਤ ਵੰਨ-ਸੁਵੰਨੇ ਕਈ ਜਾਨਵਰਾਂ ਨਾਲ ਮੇਰਾ ਵਾਹ ਪਿਆ। ਮਨੁੱਖ ਸਭ ਤੋਂ ਵੱਧ ਖ਼ਤਰਨਾਕ ਦੁਪਾਇਆ ਜਾਨਵਰ ਹੈ। ਇਕ ਰਿਕਸ਼ੇ ਵਾਲਾ, ਆਟੋ ਵਾਲਾ, ਇਕ ਦੋਧੀ ਤੇ ਅਖੀਰ ਇਕ ਮੋਟਰ ਸਾਈਕਲ ਵਾਲੇ ਦੋ ਪੁਲਸੀਏ। ਮੈਨੂੰ ਖਿੱਚ ਕੇ ਉਨ੍ਹਾਂ ਆਪਣੇ ਮੋਟਰ ਸਾਈਕਲ 'ਤੇ ਬਿਠਾਉਣਾ ਚਾਹਿਆ, ਮੈਂ ਚੀਕੀ ਚਿਲਾਈ ਤੇ ਹਾਲ ਪਾਹਰਿਆ ਪਾਈ।

ਲੰਘਦਾ ਲੰਘਦਾ ਇਕ ਸਕੂਟਰ ਸਵਾਰ ਬਾਬੂ ਸੁਣ ਕੇ ਉਨ੍ਹਾਂ ਦੇ ਵਿਚਕਾਰ ਆ ਖੜ੍ਹਾ ਹੋਇਆ।

'ਠਹਿਰੋ! ਆਓ ਭੈਣ ਜੀ! ਆਉ, ਮੈਂ ਆ ਗਿਆ

ਲਲਕਾਰਾ ਸੁਣ ਕੇ ਉਸ ਨੂੰ ਵੇਖ ਉਹ ਖਿਸਕ ਗਏ, ਸ਼ਾਇਦ ਇਹ ਸਮਝ ਕੇ ਕਿ ਉਹ ਕੋਈ ਮੇਰਾ ਆਪਣਾ ਹੀ ਹੈ ਜਦੋਂ ਕਿ ਮੈਂ ਇਹ ਸਮਝ ਕੇ ਕਿ ਖ਼ੁਦਾ ਨੇ ਮੇਰੀ ਰਖਵਾਲੀ ਲਈ ਮਸੀਹਾ ਭੇਜ ਦਿੱਤਾ ਹੈ, ਝਟਪਟ ਉਸ ਦੇ ਸਕੂਟਰ ਪਿੱਛੇ ਬੈਠ ਗਈ। ਸਿਰੋਂ ਮੋਨਾ ਸੀ ਉਹ, ਮੇਰਾ ਬਚਾਅ ਹੋ ਜਾਏਗਾ। ਸਕੂਟਰ ਚਲਦਾ ਗਿਆ। ਸੜੇ ਹੋਏ ਗੰਧ ਮਾਰਦੇ ਬਾਜ਼ਾਰਾਂ 'ਚੋਂ, ਟਰੱਕਾਂ ਦੀ ਸ਼ਮਸ਼ਾਨ-ਘਾਟ 'ਚੋਂ, ਲਲਕਾਰੇ ਮਾਰਦੇ ਹਜੂਮ 'ਚੋਂ ਲੰਘਦਾ ਜਿੱਥੇ ਪਗੜੀ ਧਾਰੀ ਸਿੱਖ ਕਿਧਰੇ ਲੱਭਿਆਂ ਨਹੀਂ ਸੀ ਦਿਸਦਾ। ਹਮਲਾਵਰ ਅਬਦਾਲੀਆਂ ਕੋਲੋਂ ਭਾਰਤੀ ਔਰਤਾਂ ਨੂੰ ਛੁਡਾਉਣ ਵਾਲੀ ਬਹਾਦਰ ਕੌਮ ਅੱਜ ਆਪਣੀ ਰਾਖੀ ਤੋਂ ਆਤੁਰ ਕਿਧਰੇ ਅਲੋਪ ਹੋ ਗਈ ਸੀ। ਸ਼ਰਮ ਤੇ ਧਰਮ ਦੋਵੇਂ ਅੱਗ ਦੀਆਂ ਲਪਟਾਂ ਵਿਚ ਝੁਲਸ ਰਹੇ ਸਨ।'

'ਮੈਨੂੰ ਮੇਰੇ ਘਰ ਛੱਡ ਆਓ ਅੰਕਲ ਜੀ!' ਮੈਂ ਡੁਸਕਦੀ ਹੋਈ ਉਸ ਨੂੰ ਤਰਲਾ ਕੀਤਾ।

'ਕਿੱਥੇ ਬੇਟਾ ਤੇਰਾ ਘਰ?' ਮਿਸ਼ਰੀ ਜਿੰਨੀ ਮਿੱਠੀ ਉਸ ਦੀ ਆਵਾਜ਼ ਸੀ।

'ਪੰਜਾਬੀ ਬਾਗ, ਤਿੰਨ ਨੰਬਰ ਗਲੀ...।' ਮੈਂ ਹਟਕੋਰੇ ਰੋਕਣ ਦੀ ਕੋਸ਼ਿਸ਼ ਕੀਤੀ।

'ਉੱਥੇ ਤਾਂ ਪੁੱਤ ਸਭ ਕੁੱਝ ਮਲੀਆਮੇਟ ਕਰ ਦਿੱਤਾ ਦੁਸ਼ਟਾਂ ਨੇ। ਕੋਈ ਵੀ ਘਰ ਸਾਬਤ ਨਹੀਂ ਬਚਿਆ, ਕੋਈ ਜੀਅ ਬਚ ਕੇ ਬਾਹਰ ਨਹੀਂ ਨਿਕਲ ਸਕਿਆ ਉੱਥੋਂ।' ਕਹਿੰਦੇ ਕਹਿੰਦੇ ਉਸ ਦਾ ਬੋਲ ਵੀ ਭਾਰਾ ਹੋ ਗਿਆ। ਮੇਰੇ ਕੋਲ ਗਰਮ ਹਉਕਿਆਂ ਤੋਂ ਬਿਨਾਂ ਇਹਨਾਂ ਦੁਰਘਟਨਾਵਾਂ ਬਾਰੇ ਇਜ਼ਹਾਰ ਕਰਨ ਲਈ ਹੋਰ ਕੁੱਝ ਵੀ ਤਾਂ ਨਹੀਂ ਸੀ ਬਚਿਆ ਤੇ ਰੋ ਪਿੱਟ ਕੇ ਲੋਕਾਂ ਨੂੰ ਇਕੱਠੇ ਕਰਨਾ ਖ਼ਤਰੇ ਤੋਂ ਖਾਲੀ ਨਹੀਂ ਸੀ।

'ਤੂੰ ਹੁਣ ਸਬਰ ਕਰ ਬੇਟੇ, ਮੈਂ ਤੈਨੂੰ ਆਪਣੇ ਘਰ ਲਿਜਾਵਾਂਗਾ। ਉੱਥੇ ਤੈਨੂੰ ਤੱਤੀ ਵਾ ਨਹੀਂ ਲੱਗਣ ਲੱਗੀ, ਤੇਰਾ ਕੋਈ ਵੀ ਵਾਲ ਵਿੰਗਾ ਨਹੀਂ ਕਰ ਸਕੇਗਾ। ਜਦ ਠੰਢ-ਠੰਢਾਉੜਾ ਹੋਇਆ, ਤੈਨੂੰ ਵਾਪਸ ਤੇਰੇ ਘਰ ਛੱਡ ਆਵਾਂਗਾ।'

ਉਸ ਦੀ ਤਸੱਲੀ ਨਾਲ ਮੈਨੂੰ ਕੁੱਝ ਜਰਾਂਦ ਹੋਈ। ਅਗਲੇ ਦਿਨ ਵਾਪਸ ਆ ਕੇ ਉਸ ਨੇ ਰੋਂਦਾ ਜਿਹਾ ਮੂੰਹ ਬਣਾ ਕੇ ਸਾਰਾ ਕਰਨ-ਮਈ ਦੁਖ-ਾਂਤਕ ਬਿਰਤਾਂਤ ਮੇਰੇ ਅੱਗੇ ਢੇਰੀ ਕਰਦੇ ਮੇਰਾ ਸਿਰ ਪਲੋਸਿਆ, ਮੇਰੀ ਪਿੱਠ ਪਲੋਸੀ। ਮੇਰੇ ਕੋਲੋਂ ਉੱਠ ਕੇ ਰੋਂਦੀ ਰੋਂਦੀ, ਉਸ ਦੇ ਗਲ ਲੱਗ ਕੇ ਚਿੰਬੜ ਹੋ ਗਿਆ। ਉਸ ਨੇ ਮੇਰੀ ਪਿੱਠ ਜ਼ੋਰ ਨਾਲ ਘੁੱਟ ਕੇ ਮੈਨੂੰ ਆਪਣੇ ਨਾਲ ਘੁੱਟ ਲਿਆ। ਉਸ ਦੀ ਪਤਨੀ ਤੇ ਬੱਚੇ ਵੀ ਵੇਖਦੇ ਵੇਖਦੇ ਅੱਥਰੂ ਕੇਰਨ ਲੱਗੇ।

'ਰੱਬ ਦਾ ਸ਼ੁਕਰ ਕਰ ਧੀਏ... ਅੱਲਾ ਦੀ ਰਜ਼ਾ 'ਚ ਰਹਿਣਾ ਪੈਂਦਾ ਹੈ, ਜੋ ਹੋ ਗਿਆ ਸੋ ਹੋ ਗਿਆ... ਰੱਬ ਦਾ ਭਾਣਾ ਮਿੱਠਾ ਕਰ ਕੇ ਮੰਨ।' ਉਸ ਦੀ ਪਤਨੀ ਜਿਸ ਨੂੰ ਮੈਂ ਆਂਟੀ ਕਹਿ ਕੇ ਬੁਲਾਉਂਦੀ ਸੀ, ਨੇ ਵੀ ਮੈਨੂੰ ਘੁੱਟ ਕੇ ਸੀਨੇ ਨਾਲ ਲਾ ਲਿਆ।

'ਅੱਜ ਤੋਂ ਸਾਡੀਆਂ ਇਕ ਨਹੀਂ ਦੋ ਬੇਟੀਆਂ ਹਨ।' ਉਹ ਆਪਣੇ ਖ਼ਾਵੰਦ ਨੂੰ ਮੁਖ਼ਾਤਬ ਸੀ।

ਉਨ੍ਹਾਂ ਦਾ ਲੜਕਾ ਮੇਰੇ ਵੱਲ ਟੇਢਾ ਟੇਢਾ ਵੇਖਦਾ, ਬੁੱਲ੍ਹ ਜਿਹੇ ਟੁੱਕਦਾ, ਹਵਾਈ ਚੁੰਮੀਆਂ ਸੁੱਟਦਾ ਰਹਿੰਦਾ, ਮੈਨੂੰ ਬੁਰਾ ਜਿਹਾ ਲੱਗਾ। ਕਾਲਜ ਪੜ੍ਹਦਾ ਇਹ ਹੁੰਦਲ-ਹੇੜ ਮੁੰਡਾ, ਉਸ ਦਾ ਇਸ ਤਰ੍ਹਾਂ ਲਾਰਾਂ ਜਿਹੀਆਂ ਸੁੱਟਣਾ ਮੈਨੂੰ ਨਵੀਂ ਭਸੂੜੀ ਵਿਚ ਪਾ ਗਿਆ। 'ਤੇਲ ਦੇਖੋ ਤੇਲ ਦੀ ਧਾਰ ਵੇਖੋ,' ਮੈਂ ਬੇਵੱਸ ਸੀ। ਮੈਂ ਹੁਣ ਏਨਾ ਕੁੱਝ ਵੇਖ ਕੇ ਡਾਢੀ ਤਜਰਬੇਕਾਰ ਹੋ ਗਈ ਸੀ। ਇਹਨਾਂ ਵਹਿਸ਼ੀ ਦਰਿੰਦਿਆਂ ਦੇ ਅਣਕਿਆਸੇ ਟੋਣਿਆਂ ਅਤੇ ਚੋਭਾਂ ਨਾਲ ਮੈਨੂੰ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਡਾਢਾ ਕੌੜਾ ਤੇ ਨਿਰਾਸ਼ਾ-ਜਨਕ ਤਜਰਬਾ ਹੋ ਗਿਆ ਸੀ। ਮੈਂ ਸੱਚੀਂ ਰੱਸੀ ਨੂੰ ਸੱਪ ਸਮਝਣ ਲੱਗੀ ਸਾਂ। ਸੁਹਿਰਦਤਾ ਤੇ ਵਿਸ਼ਵਾਸ ਜਿਵੇਂ ਮੇਰੇ ਸ਼ਬਦ-ਕੋਸ਼ ਵਿਚੋਂ ਗੁੰਮ ਹੋ ਗਏ ਸਨ।

ਪਤੀ ਪਤਨੀ ਦਾ ਕਮਰਾ ਅਲੱਗ, ਬੱਚਿਆਂ ਦਾ ਅੱਡ ਤੇ ਮੈਨੂੰ ਸਟੋਰ ਵਰਗਾ ਨੌਕਰਾਂ ਵਾਲਾ ਕਮਰਾ ਮਿਲ ਗਿਆ।

ਉਸੇ ਹੀ ਰਾਤ ਹੋਣੀ ਮੇਰਾ ਰਸਤਾ ਨੱਪਦੀ ਆ ਪਹੁੰਚੀ। ਕਿਸੇ ਆਦਮੀ ਦੀ ਸਰਕਾਹਟ, ਉਸ ਦੇ ਹੱਥਾਂ ਦਾ ਸਪਰਸ਼, ਮੇਰੇ ਮੂੰਹ 'ਤੇ, ਮੇਰੇ ਸਿਰ 'ਤੇ, ਸਰੀਰ 'ਤੇ, ਮੇਰਾ ਕਾਲਜਾ ਮੱਚ ਉੱਠਿਆ। ਮੈਂ ਖੜ੍ਹੀ ਹੋ ਕੇ ਸਖ਼ਤ ਇਤਰਾਜ਼ ਕੀਤਾ, ਪਰ ਉਹ ਖ਼ੂੰਖ਼ਾਰ ਹੋਇਆ ਪਿਆ ਸੀ।

'ਤੈਨੂੰ ਕੁੱਤਿਆਂ ਕੋਲੋਂ ਛੁਡਾ ਕੇ ਲਿਆਇਆ ਹਾਂ ਤੇ ਜੇ ਏਨਾ ਲੱਤਾਂ ਛੜੀਆਂ ਮਾਰਨ ਲੱਗੀ ਤਾਂ ਫੇਰ ਕੁੱਤਿਆਂ ਅੱਗੇ ਸੁੱਟ ਆਊਂ। ਦੱਸ ਦੇਊਂ ਸਰਕਾਰ ਨੂੰ ਪਈ ਮੇਰੇ ਘਰ ਵੀ ਇੱਕ ਸੱਪਣੀ ਆ ਵੜੀ ਜੇ। ਫੜੋ ਇਹਨੂੰ ਤੇ ਫੇਹ ਸੁੱਟੋ ਇਸ ਦੀ ਸਿਰੀ।' ਮੇਰਾ ਵਿਰੋਧ ਢਿੱਲਾ ਪੈ ਗਿਆ।

'ਇਸ ਨੇ ਜਾਨ ਖ਼ਤਰੇ ਵਿਚ ਪਾ ਕੇ ਮੇਰੇ 'ਤੇ ਪਰਉਪਕਾਰ ਕੀਤਾ ਹੈ, ਮੈਂ ਇਸ ਨੂੰ ਜ਼ਲੀਲ ਕਰਾਂ? ਇਹ ਮੈਥੋਂ ਨਾ ਹੋ ਸਕਿਆ। ਲਾਚਾਰ ਸਾਂ ਬੇਬਸ ਸਾਂ, ਹੋਰ ਕਰ ਵੀ ਕੀ ਸਕਦੀ ਸੀ? ਉਹ ਆਪਣੇ ਗੰਜ 'ਤੇ ਹੱਥ ਫੇਰਦਾ ਬਾਹਰ ਨਿਕਲ ਗਿਆ। ਮੈਨੂੰ ਨੀਂਦ ਆਈ ਰੱਜ ਕੇ, ਉਸ ਦਿਨ ਮੈਂ ਬੇਫ਼ਿਕਰੀ ਨੀਂਦੇ ਸੁੱਤੀ।

ਸਵੇਰੇ ਉਹ ਆਪ ਚਾਹ ਦਾ ਕੱਪ ਫੜੀ ਮੇਰੇ ਸਾਹਮਣੇ ਖੜ੍ਹਾ ਸੀ।

'ਉੱਠੋ ਬੇਟੇ! ਚਾਹ ਪੀਓ...।' ਉਸ ਦੀ ਬੀਵੀ ਲਾਗੇ ਖੜੀ ਚਿੰਤਾਤੁਰ ਸੀ।

'ਅੱਛਾ ਅੰਕਲ ਜੀ ਲਿਆਓ...।' ਮੈਂ ਬੁੱਲ੍ਹਾਂ, ਤੇ ਮੁਸਕਰਾਹਟ ਲਿਆਉਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਕਈ ਦਿਨ ਚਲਦਾ ਰਿਹਾ। ਇਕ ਦਿਨ ਉਸ ਦਾ ਬੰਟੀ ਵੀ ਮਾਂ ਪਿਉ ਦੀ ਗ਼ੈਰਹਾਜ਼ਰੀ ਦਾ ਫ਼ਾਇਦਾ ਉਠਾ ਗਿਆ। ਮੈਂ ਹੁਣ ਇਕ ਖਿਡੌਣਾ ਬਣ ਗਈ ਸਾਂ, ਮਰਜ਼ੀ ਪੁੱਤ ਖੇਡੇ, ਜਦ ਮਰਜ਼ੀ ਪਿਉ ਖੇਡੇ। ਉਹ ਮਨਮਾਨੀਆਂ ਕਰਦੇ ਰਹੇ। ਮੈਨੂੰ ਭੈਣ ਬੇਟਾ ਪੁੱਤ ਕਹਿ ਕੇ ਪੁਚਕਾਰਦਾ ਰਿਹਾ, ਪਰ ਉਸ ਦਾ ਅੰਦਰਲਾ ਵਹਿਸ਼ੀ-ਪਨ ਉਸ ਦੀਆਂ ਨਾੜਾਂ 'ਚੋਂ ਅਲਸਰ ਵਾਂਗ ਫੁੱਟਦਾ ਰਿਹਾ, ਉਹ ਵਿਸ਼ਵਾਸ-ਘਾਤ ਕਰਦਾ ਰਿਹਾ।

ਇਕ ਦਿਨ ਮੈਂ ਹੋਰ ਵੀ ਦਹਿਲ ਗਈ। ਉਹ ਇਕ ਲੰਮੇ ਕਮਾਨੀਦਾਰ ਦੰਦਿਆਂ ਵਾਲੇ ਚਾਕੂ ਨੂੰ ਬੜੀ ਗੰਭੀਰਤਾ ਨਾਲ ਨਿਹਾਰ ਰਿਹਾ ਸੀ, ਪਲੋਸ ਰਿਹਾ ਸੀ। ਮੈਂ ਇਕ ਦਮ ਸਮਝ ਗਈ। ਇਹ ਹੁਣ ਚਾਕੂ ਮਾਰ ਕੇ ਮੈਨੂੰ ਖ਼ਤਮ ਕਰ ਕੇ ਕਿਤੇ ਟਿਕਾਣੇ ਲਾ ਦੇਵੇਗਾ ਤੇ ਫਿਰ ਰੌਲਾ ਪਾ ਦੇਵੇਗਾ।

'ਆਪੇ ਹੀ ਆਤਮਘਾਤ ਕਰ ਗਈ ਵਿਚਾਰੀ.... ਦੁਖੀ ਸੀ ਬਹੁਤ।'

ਮੈਂ ਦੇਖਿਆ.... ਮੇਰਾ ਮਨ ਕਲਪ ਉੱਠਿਆ, 'ਕਾਸ਼! ਇਹ ਹਥਿਆਰ ਮੇਰੇ ਹੱਥ ਆ ਜਾਏ ਤਾਂ ਮੈਂ ਕੌੜਾ ਘੁੱਟ ਕਰਕੇ ਉਸ ਦੇ ਪੇਟ 'ਚ ਖੁੱਭੋ ਕੇ ਆਂਦਰਾਂ ਖਿੱਚ ਲਵਾਂ।'

ਅਜੇ ਮੈਂ ਸੋਚ ਹੀ ਰਹੀ ਸੀ ਕਿ ਉਸ ਨੇ ਆਉਂਦੇ ਹੀ ਮੇਰੇ 'ਤੇ ਵਾਰ ਕਰ ਦਿੱਤਾ। ਚਾਕੂ ਮੇਰੇ ਪੇਟ ਦੀ ਬਜਾਏ ਮੰਜੀ ਦੀ ਸੱਜੀ ਬਾਹੀ ਵਿਚ ਖੁੱਭ ਗਿਆ। ਉਹ ਆਪਣੇ ਕੀਤੇ ਘਿਰਨਿਤ ਬੱਜਰ ਗੁਨਾਹ ਦਾ ਮੂਲ-ਮੁੱਦਾ ਸਬੂਤ ਮਿਟਾਉਣਾ ਚਾਹੁੰਦਾ ਸੀ। ਦੂਸਰਾ ਜਾਨ-ਲੇਵਾ ਵਾਰ ਵੀ ਮੈਂ ਬੋਚ ਲਿਆ। ਮੈਨੂੰ ਪੱਕਾ ਯਕੀਨ ਹੋ ਗਿਆ ਕਿ ਹੁਣ ਇਹ ਜਾਂ ਤਾਂ ਮੈਨੂੰ ਮਾਰ ਦੇਵੇਗਾ ਜਾਂ ਮੇਰੀ ਕੀਮਤ ਵੱਟ ਲਏਗਾ। ਪਤਾ ਨਹੀਂ ਕਿੱਦਾਂ ਕਿਥੋਂ ਮਣਾਂ ਮੂੰਹੀਂ ਸ਼ਕਤੀ ਮੇਰੇ ਵਿਚ ਆ ਗਈ। ਮੇਰੇ ਕੋਲ ਕੋਈ ਹਥਿਆਰ ਨਹੀਂ ਸੀ ਪਰ ਮੇਰੇ ਮਿੱਤਰ ਪਿਆਰੇ ਦੀ ਪ੍ਰੇਮ ਨਿਸ਼ਾਨੀ, ਇਹ ਮੋਟਾ ਕੜਾ! ਫੜਾਕ ਕਰਦਾ ਉਸ ਦਾ ਮੱਥਾ ਖੋਲ੍ਹ ਗਿਆ। ਉਹ ਲਹੂ ਦੀ ਤਤੀਰ੍ਹੀ ਸਾਂਭਦਾ ਪਿੱਛੇ ਜਾ ਡਿੱਗਾ।' ਖ਼ੁਸ਼ਬੂ ਨੇ ਖੱਬੇ ਹੱਥ ਵਾਲੇ ਸਟੀਲ ਦੇ ਮੋਟੇ ਕੜੇ ਨੂੰ ਪਲੋਸਦੇ ਫ਼ਖ਼ਰ ਤੇ ਬਹਾਦਰੀ ਦੇ ਰੌਂ ਵਿਚ ਸੱਜਾ ਹੱਥ ਬੜੇ ਸਵੈਮਾਨ ਨਾਲ ਉੱਪਰ ਫੈਲਾਇਆ।

'ਆਟੋ ਨੂੰ ਹੱਥ ਦੇ ਕੇ ਰੋਕਿਆ, 'ਪੰਜਾਬੀ ਬਾਗ!'

ਉੱਥੇ ਜਾ ਕੇ ਮੇਰੀਆਂ ਡਾਡਾਂ ਨਿਕਲ ਗਈਆਂ। ਮੇਰੇ ਘਰ ਦਾ ਨਾਮ ਨਿਸ਼ਾਨ ਨਹੀਂ ਸੀ ਕਿਤੇ। ਸੜਿਆ ਸਵਾਹ ਹੋਇਆ ਬੇਪਛਾਣ ਖੰਡਰ ਹੋਇਆ ਪਿਆ ਸੀ। ਮੇਰੇ ਦੁਆਲੇ ਭੀੜ ਜਮਾਂ ਹੋ ਗਈ। ਮੇਰੀ ਸਹੇਲੀ ਆਇਸ਼ਾ ਨੇ ਰੋਂਦੀ ਰੋਂਦੀ ਨੇ ਆ ਕੇ ਮੈਨੂੰ ਗਲਵੱਕੜੀ ਵਿਚ ਲੈ ਲਿਆ।

'ਹਾਏ ਨੀ ਤੂੰ ਕਿੱਥੇ ਸੀ ਖੁੱਥੜੀਏ? ਤੇਰਾ ਤਾਂ ਜਹਾਨ ਲੁੱਟ ਗਿਆ...। ਤੇਰਾ ਅੱਬਾ, ਤੇਰਾ ਭਾਈ, ਸਭ ਕੋਹ ਸੁੱਟੇ ਨੇ ਜ਼ਾਲਮਾਂ ਨੇ।'

ਆਇਸ਼ਾ ਦੀ ਮਾਂ ਨੇ ਦਿਲਾਸਾ ਦਿੱਤਾ ਤੇ ਰਿਕਸ਼ੇ ਵਾਲਾ ਵਿਚਾਰਾ! ਉਸ ਨਾ ਪੈਸੇ ਮੰਗੇ ਤੇ ਨਾ ਲਏ, ਛੱਡ ਕੇ ਤੁਰ ਗਿਆ... ਹਉਕੇ ਭਰਦਾ.... ਅੱਖਾਂ ਪੂੰਝਦਾ।

'ਤੇਰੀ ਅੰਮਾ ਤੇ ਭੈਣ ਤਾਂ ਸਹੀ ਸਲਾਮਤ ਨੇ ਸ਼ਾਹ ਪੁਰ ਵਾਲੇ ਕੈਂਪ 'ਚ। ਉਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਅਸੀਂ ਆਪਣੇ ਘਰ ਲੁਕਾ ਕੇ ਬਚਾਇਆ ਆਪਣੀ ਜਾਨ ਹੂਲ ਕੇ। ਇਹਨਾਂ ਲੂਣ-ਹਰਾਮੀਆਂ ਨੇ ਸਿੱਖਾਂ ਦਾ ਕੋਈ ਘਰ ਸਾਬਤ ਨਹੀਂ ਛੱਡਿਆ। ਆ ਧੀਏ ਅੰਦਰ ਆ,ਵੇਖ ਤੇਰਾ ਕੀ ਹਾਲ ਹੋਇਆ ਪਿਆ ਸੂ।'

ਰੋਂਦੀ ਕਲਪਦੀ ਨੇ ਉੱਥੇ ਰਾਤ ਗੁਜ਼ਾਰੀ। ਸਵੇਰੇ ਆਇਸ਼ਾ ਦੀ ਮਾਂ ਨੇ ਆਪ ਨਾਲ ਹੋ ਕੇ ਟੈਕਸੀ ਲੈ ਕੇ ਸਾਰਾ ਦਿਨ ਲੱਭਦੀ ਲਭਾਉਂਦੀ ਮੈਨੂੰ ਮੇਰੀ ਅੰਮਾ ਕੋਲ ਪਹੁੰਚਾਇਆ। ਵੱਡਿਆਂ ਘਰਾਂ ਵਾਲੇ, ਕੋਠੀਆਂ ਵਾਲੇ, ਜਦੋਂ ਦਿਨ ਪੁੱਠੇ ਗਿੜਦੇ ਨੇ, ਤੰਬੂ ਟਾਕੀਆਂ ਨੂੰ ਵੀ ਤਰਸਦੇ ਨੇ। ਮੇਰੀ ਮਾਂ ਮੈਨੂੰ ਉੱਡ ਕੇ ਮਿਲੀ। ਮੇਰੀ ਭੈਣ ਅਰਧ-ਹੋਸ਼ ਪਈ ਸੁਰਤ ਨਹੀਂ ਸੀ ਕਰ ਰਹੀ। ਉਹਨੂੰ ਵੀ ਕਹਿੰਦੇ ਪਿਛਲੀ ਰਾਤ ਸਕਿਉਰਿਟੀ ਵਾਲੇ ਲੈ ਗਏ ਸਨ, ਕਾਗ਼ਜ਼ੀ ਕਾਰਵਾਈ ਪੂਰੀ ਕਰਨ ਵਾਸਤੇ। ਅਸੀਂ ਬੇਘਰੇ ਹੋ ਗਏ ਸਾਂ, ਪਨਾਹਗੀਰ, ਉੱਜੜੇ ਹੋਏ ਲੋਕ, ਲਿਤਾੜੇ ਹੋਏ ਦੁਰਕਾਰੇ ਹੋਏ ਲੋਕ, ਕਰਮਹੀਣ! ਆਪਣੇ ਹੀ ਦੇਸ਼ ਵਿਚ ਆਪਣੇ ਹੀ ਲੋਕਾਂ ਕੋਲੋਂ ਲੁੱਟੇ ਹੋਏ।

ਇਕ ਸਾਲ ਅਸੀਂ ਉਸੇ ਹੀ ਕੈਂਪ ਵਿਚ ਕੱਟਿਆ। ਮੇਰੀ ਭੈਣ ਇਹ ਅੱਖੀਂ ਦੇਖਿਆ ਤੇ ਹੱਡੀਂ ਹੰਢਾਇਆ ਸਦਮਾ ਤੇ ਏਨੀ ਵੱਡੀ ਜਾਂਗਲੀ ਝਾਲ ਨਾ ਝੱਲਦੀ ਹੋਈ ਜੂਨ ਛੁਟਕਾਰਾ ਕਰ ਗਈ। ਅਸੀਂ ਦੋਵੇਂ ਮਾਵਾਂ ਧੀਆਂ ਸ਼ਰਨਾਰਥੀਆਂ ਦੇ ਰਜਿਸਟਰ ਵਿਚ ਚੜ੍ਹ ਗਈਆਂ। ਸੇਵਾਦਾਰ ਦੁੱਧ ਚਾਹ ਰੋਟੀ ਪਾਣੀ ਮੇਰੀ ਮਾਂ ਨੂੰ ਦੇਣ ਦੀ ਥਾਂ ਮੇਰੇ ਹੱਥ ਫੜਾਉਂਦੇ, ਮੇਰੇ ਜਿਸਮ ਨੂੰ ਨਿਹਾਰਦੇ, ਤੋਲਦੇ ਰਹਿੰਦੇ ਜਿਵੇਂ ਮੁੱਲ ਪਾਉਣਾ ਚਾਹੁੰਦੇ ਹੋਣ। ਰੱਬ ਦੀ ਕਰੋਪੀ, ਹੋਰ ਹਜ਼ਾਰਾਂ ਵਿਧਵਾਵਾਂ ਨੂੰ ਵੇਖ ਕੇ ਸਬਰ ਦੇ ਘੁੱਟ ਭਰ ਕੇ ਹੱਡਾਂ 'ਤੇ ਹੰਢਾਉਂਦੀਆਂ ਰਹੀਆਂ। ਮੈਨੂੰ ਭਾਰੀ ਹੁੰਦੀ ਵੇਖ ਕੇ ਮੇਰੀ ਮਾਂ ਨੂੰ ਅਜਿਹੀ ਗ਼ਸ਼ੀ ਪਈ ਕਿ ਵਾਪਸ ਹੋਸ਼ ਵਿਚ ਨਾ ਆਈ।

ਜ਼ਿੰਦਗੀ ਦੀ ਤਲਖ਼ ਹਕੀਕਤ ਤੇ ਕੁੜੱਤਣ ਤੋਂ ਛੁਟਕਾਰਾ ਪਾਉਣ ਦਾ ਤਰੀਕਾ ਇੱਕ ਬੇਹੋਸ਼ੀ ਹੀ ਤਾਂ ਹੈ ਤੇ ਇਸ ਤਰ੍ਹਾਂ ਮੈਂ ਇਕੱਲੀ ਰਹਿ ਗਈ ਚੌਕੀਦਾਰਾਂ ਤੇ ਬੇਲਦਾਰਾਂ 'ਤੇ ਰਹਿਮ-ਕਰਮ 'ਤੇ। ਦਿਨ ਪੁੱਗਣ 'ਤੇ ਮੈਨੂੰ ਜੱਚਾ ਬੱਚਾ ਹਸਪਤਾਲ ਵਿਚ ਦਾਖਲ ਕਰਾ ਦਿੱਤਾ ਗਿਆ, ਜਿੱਥੇ ਮੈਨੂੰ ਸੁਗਾਤ ਮਿਲੀ... ਇਕ ਲੜਕੀ... ਮੇਰੇ ਉੱਤੇ ਕੀਤੇ ਹੋਏ ਗੁਨਾਹਾਂ ਦਾ ਫਲ।

'ਕੀ ਨਾਮ ਰੱਖਣਾ ਇਸ ਦਾ?' ਨਰਸ ਨੇ ਪੁੱਛਿਆ।

'ਰੋਜ਼ੀ...।'

'ਵਾਹ ਕਿੰਨਾ ਸੁੰਦਰ ਨਾਮ ਹੈ.. ਮਾਂ ਖ਼ੁਸ਼ਬੂ ਤੇ ਬੇਟੀ ਰੋਜ਼! ਯਾਨੀ ਕਿ ਰੋਜ਼ੀ!' ਲੇਡੀ ਡਾਕਟਰ ਨੇ ਹੱਸ ਕੇ ਕਿਹਾ ਸੀ।

'ਬਾਪ ਦਾ ਨਾਮ...?' ਉਸ ਦੀਆਂ ਨਜ਼ਰਾਂ 'ਚ ਸ਼ਰਾਰਤ ਸੀ।

'ਕੋਈ ਨਹੀਂ....।' ਮੈਂ ਫਿੱਸ ਪਈ ਸਾਂ ਬੁਰੀ ਤਰ੍ਹਾਂ।

'ਅਰੇ ਕੁੱਝ ਤੋ ਬਤਾਉ!.... ਧਰਮ ਕਿਆ ਲਿਖੂੰ?'

'ਇਸ ਹਜੂਮ ਮੇਂ ਕਿਸ ਕਾ ਨਾਮ ਲੂੰ ਮੈਂ? ਮੈਂ ਨੇ ਕਿਸੀ ਕਾ ਨਾਮ ਨਹੀਂ ਪੂਛਾ।' ਡਾਕਟਰ ਨੇ ਕਲਮ ਰੱਖ ਦਿੱਤੀ। ਇਕ ਪ੍ਰਮਾਣ ਪੱਤਰ ਮੇਰੇ ਹੱਥ ਫੜਾ ਦਿੱਤਾ, ਜਿਸ 'ਤੇ ਬਾਪ ਦਾ ਨਾਮ 'ਗੁਮਨਾਮ' ਸੀ। ਧਰਮ ਦੇ ਨਾਮ ਦੇ ਖ਼ਾਨੇ ਵਿਚ... 'ਅ-ਧਰਮ' ਲਿਖਿਆ ਸੀ।

ਕਮਾਲ ਕੀਤਾ ਖ਼ੁਸ਼ਬੂ! ਬੜਾ ਧ੍ਰੋਹ ਕੀਤਾ ਤੇਰੇ ਨਾਲ ਤੇਰੀ ਕਿਸਮਤ ਨੇ... ਤੂੰ ਬੜੀ ਬਹਾਦਰ ਔਰਤ ਹੈਂ... ਜਿਸ ਨੇ ਏਨੇ ਕਸ਼ਟ ਸਹਾਰਦੇ ਹੋਏ ਵੀ ਜ਼ਿੰਦਗੀ ਜਿਊਣ ਦਾ ਸੰਘਰਸ਼ ਨਹੀਂ ਛੱਡਿਆ, ਨਹੀਂ ਤੇ ਕਈ ਵਿਚਾਰੀਆਂ ਅਜਿਹੀਆਂ ਮੁਸੀਬਤਾਂ ਦੇ ਮੂੰਹ ਪੈ ਕੇ ਦਰਿਆਵਾਂ ਨਹਿਰਾਂ 'ਚ ਵਹਿ ਜਾਂਦੀਆਂ ਨੇ।'

'ਮੈਂ ਵੀ ਵਹਿ ਜਾਂਦੀ ਭਾਅ ਜੀ! ਪਰ ਮੈਨੂੰ ਜਿਊਣ ਦਾ ਇਕ ਸਹਾਰਾ ਮਿਲ ਗਿਆ ਸੀ, ਬਹਾਨਾ ਮਿਲ ਗਿਆ ਸੀ, ਮੇਰੀ ਰੋਜ਼ੀ.... ਹਾਂ! ਉਸੇ ਲਈ ਮੈਂ ਆਪਣੀ ਜ਼ਿੰਦਗੀ ਬਚਾ ਰੱਖੀ ਹੈ, ਸ਼ੁਕਰ ਪ੍ਰਮਾਤਮਾ ਦਾ, ਮੈਨੂੰ ਇਹ ਨੌਕਰੀ ਮਿਲ ਗਈ।'

'ਹੋਰ ਕੋਈ ਵਿਆਹ ਜਾਂ ਸਾਥੀ?' ਮੈਂ ਹੋਰ ਅੱਗੇ ਜਾਣਨਾ ਚਾਹੁੰਦਾ ਸੀ।

'ਨਹੀਂ! ਨਹੀਂ! ਮੈਨੂੰ ਕਈ ਸਮਾਜ ਸੇਵੀ ਸੰਸਥਾਵਾਂ ਨੇ ਪੇਸ਼ਕਸ਼ ਕੀਤੀ ਸੀ ਵਿਆਹ ਵਿਚ ਮਦਦ ਕਰਨ ਲਈ, ਘਰ ਵਸਾਉਣ ਲਈ, ਪਰ ਮੇਰਾ ਮਨ ਨਹੀਂ ਮੰਨਿਆ। ਮੈਨੂੰ ਮਰਦ ਜਾਤ ਨਾਲ ਨਫ਼ਰਤ ਹੋ ਗਈ ਹੈ।'

ਉਸ ਦੀਆਂ ਅੱਖਾਂ ਅੱਡੀਆਂ ਗਈਆਂ, ਹੱਥਾਂ ਦੀਆਂ ਮੁੱਠੀਆਂ ਤਣ ਗਈਆਂ, ਮਾਨੋਂ ਮਰਦ ਜਾਤੀ ਦਾ ਵਿਨਾਸ਼ ਕਰ ਦੇਣਾ ਚਾਹੁੰਦੀ ਹੋਵੇ।

'ਕੋਈ ਨਹੀਂ ਉੱਠੋ! ਸਬਰ ਕਰੋ... ਹੌਸਲਾ ਕਰੋ।'

ਮੇਰਾ ਹੱਥ ਆਪ ਮੁਹਾਰੇ ਉਸ ਦੀ ਪਿੱਠ 'ਤੇ ਚਲਾ ਗਿਆ ਤੇ ਫਿਰ ਉਸ ਦੀ ਕਮਰ ਉਦਾਲੇ ਲਿਪਟ ਗਿਆ। ਉਹ ਉੱਠ ਕੇ ਮੇਰੇ ਨਾਲ ਦਫ਼ਤਰ ਆ ਗਈ। ਵੱਡੇ ਸਾਹਿਬ ਦੀਆਂ ਮੁੱਛਾਂ ਕੰਬਣ ਲੱਗੀਆਂ। ਉਸ ਨੇ ਮੂੰਹ ਜਿਹਾ ਸਿਕੋੜ ਕੇ ਆਪਣੀ ਨਾ-ਪਸੰਦਗੀ ਦਾ ਪ੍ਰਗਟਾਵਾ ਕੀਤਾ। ਸਟਾਫ਼ ਵਿਚ ਪਲ ਦੀ ਪਲ ਘੁਸਰ-ਮੁਸਰ ਹੋਈ ਤੇ ਫਿਰ ਸਾਰੇ ਆਪਣੇ ਕੰਮਾਂ 'ਚ ਰੁੱਝ ਗਏ।

ਦਿਲ ਦਾ ਗੁਬਾਰ ਕੱਢ ਕੇ, ਆਪਣੇ ਆਪ ਨੂੰ ਹੌਲਾ ਫੁਲ ਕਰਕੇ ਉਹ ਕੁੱਝ ਸ਼ਾਂਤ ਜਿਹੀ ਹੋ ਗਈ। ਗੰਭੀਰ ਜਿਹੀ ਚੁੱਪ ਉਸ ਦੇ ਚਿਹਰੇ 'ਤੇ ਚਿਪਕ ਗਈ। ਦਫ਼ਤਰ ਆਉਣ ਸਮੇਂ ਉਸ ਦੇ ਪੈਰਾਂ ਵਿਚ ਪਹਿਲਾਂ ਵਰਗੀ ਫੁਰਤੀ ਨਹੀਂ ਸੀ, ਜਿਵੇਂ ਉਸ ਦਾ ਚਾਅ ਮੱਧਮ ਤੇ ਢਿੱਲਾ ਪੈ ਗਿਆ ਹੋਵੇ। ਹਾਂ! ਉਸ ਦਾ ਫੇਰਾ ਹੁਣ ਸਾਹਿਬ ਦੇ ਕਮਰੇ ਵੱਲ ਵਧ ਗਿਆ ਸੀ। ਉਸ ਦੀਆਂ ਤਫ਼ਤੀਸ਼ੀ ਨਜ਼ਰਾਂ ਜਿਵੇਂ ਕੁੱਝ ਖੋਜ ਕਰ ਰਹੀਆਂ ਸਨ।

ਵਿਚਾਰੀ ਘੜੀ ਮੁੜੀ ਜਾ ਕੇ ਆਪਣੀ ਲੜਕੀ ਬਾਰੇ ਸਾਹਿਬ ਕੋਲ ਮਿੰਨਤ ਤਰਲਾ ਕਰ ਰਹੀ ਹੋਵੇਗੀ। ਸਾਹਿਬ ਨੇ ਵੀ ਤਾਂ ਆਪੇ ਹੀ ਉਸ ਦਿਨ ਸਿਫ਼ਾਰਸ਼ ਕੀਤੀ ਸੀ। ਮੈਂ ਏਨੇ ਦਿਨ ਇਹ ਕੰਮ ਲੇਟ ਕਰ ਕੇ ਆਪਣੇ ਆਪ ਨੂੰ ਗੁਨਾਹਗਾਰ ਸਮਝਦਾ ਹਾਂ। ਕਿੰਨੀ ਲੋੜਵੰਦ ਹੈ ਇਹ ਔਰਤ! ਇਸ ਦੀ ਜ਼ਰੂਰ ਮਦਦ ਕਰਨੀ ਚਾਹੀਦੀ ਹੈ।' ਮੈਂ ਆਪਣੇ ਮਨ ਵਿਚ ਪੱਕੀ ਧਾਰ ਲੈਂਦਾ ਹਾਂ। ਨਾਲੇ ਏਨੀ ਭੀੜ ਵਿਚੋਂ ਉਸ ਨੇ ਮੈਨੂੰ ਹੀ ਤਾਂ ਆਪਣਾ ਹਮਦਰਦ ਚੁਣਿਆ ਸੀ, ਜਿਸ ਕੋਲ ਆਪਣੇ ਦਿਲ ਦੀਆਂ ਏਨੀਆਂ ਪਰਤਾਂ ਖੋਲ੍ਹ ਕੇ ਵਿਛਾ ਦਿੱਤੀਆਂ ਸਨ।

ਅਗਲੇ ਦਿਨ ਮੇਰੀ ਇੰਤਜ਼ਾਰ ਦਾ ਉਤਾਵਲਾ-ਪਨ ਹੋਰ ਉੱਜਵਲ ਹੋ ਗਿਆ ਜਦ ਉਸ ਦੇ ਨਾਲ ਉਸ ਜਿੰਨੀ ਹੀ ਉੱਚੀ ਲੰਮੀ ਰਿਸ਼ਟ-ਪੁਸ਼ਟ ਇਕ ਹੋਰ ਮੁਟਿਆਰ ਹਾਲ ਵਿਚ ਪ੍ਰਵੇਸ਼ ਕਰਦੀ ਹੈ। ਮੇਰੇ ਵੇਖਦੇ ਹੀ ਦੇਖਦੇ ਮੇਰੀ ਕੈਬਿਨ ਦੇ ਸਾਹਮਣੇ ਆ ਕੇ ਅਟਕ ਜਾਂਦੀਆਂ ਹਨ।

'ਹੈਲੋ.... ਨਮਸਕਾਰ ਸਰ!'

'ਨਮਸਕਾਰ ਸਰ।' ਦੋਹਾਂ ਨੇ ਸਿਰ ਨਿਵਾ ਕੇ ਹੱਥ ਜੋੜੇ।

'ਨਮਸਕਾਰ! ਆਓ ਬੈਠੋ!' ਮੈਂ ਵੀ ਹੱਥ ਜੋੜ ਕੇ ਪ੍ਰਣਾਮ ਕਰਦਾ ਉਨ੍ਹਾਂ ਨੂੰ ਜੀ ਆਇਆਂ ਕਹਿੰਦਾ ਹਾਂ ਤੇ ਉੱਠ ਕੇ ਬੇਬੀ ਦੇ ਮੱਥੇ ਦਾ ਚੁੰਮਣ ਆਪ ਮੁਹਾਰੇ ਮੈਥੋਂ ਲਿਆ ਜਾਂਦਾ ਹੈ।

ਉਹ ਕੁੱਝ ਕਹਿਣਾ ਚਾਹੁੰਦੀ ਹੈ।

'ਲਿਆਓ! ਮੈਨੂੰ ਪਤਾ...।' ਮੈਂ ਹੱਥ ਅੱਗੇ ਵਧਾਉਂਦਾ ਹਾਂ। ਉਹ ਇਕ ਅਰਜ਼ੀ ਤੇ ਨਾਲ ਇਕ ਵਿੱਦਿਅਕ ਯੋਗਤਾ ਦਾ ਪ੍ਰਮਾਣ ਪੱਤਰ ਮੇਰੇ ਅੱਗੇ ਕਰ ਦਿੰਦੀ ਹੈ।

'ਰੋਜ਼ੀ! ਮਾਤਾ ਦਾ ਨਾਮ... ਖ਼ੁਸ਼ਬੂ, ਪਿਤਾ ਦਾ ਨਾਮ...?' ਮੈਂ ਪੜ੍ਹਦਾ ਹਾਂ।

'ਗੁਮਨਾਮ ਹੈ...।' ਉਹ ਬੋਲ ਪੈਂਦੀ ਹੈ।

ਮੈਂ ਸਟੈਨੋ ਨੂੰ ਬੁਲਾ ਕੇ ਉਨ੍ਹਾਂ ਦੇ ਸਾਹਮਣੇ ਹੀ ਡਿਕਟੇਸ਼ਨ ਦੇ ਕੇ ਪੰਜ ਮਹੀਨੇ ਦੀ ਮੁਨਿਆਦ ਲਈ ਰੋਜ਼ਾਨਾ ਭੱਤੇ 'ਤੇ ਨਿਯੁਕਤੀ ਦਾ ਮਜ਼ਮੂਨ ਲਿਖਾ ਦਿੰਦਾ ਹਾਂ।

'ਧੰਨਵਾਦ ਸਰ! ਬਹੁਤ ਬਹੁਤ ਧੰਨਵਾਦ।' ਉਹ ਉੱਠਣ ਲੱਗੀਆਂ ਹਨ।

'ਮੇਰਾ ਨਹੀਂ! ਸਾਹਿਬ ਦਾ ਧੰਨਵਾਦ ਕਰੋ।'

ਉਹ ਦੁਪੱਟੇ ਦਾ ਪੱਲੂ ਉੱਪਰ ਚੁੱਕਦੀ ਸਾਹਿਬ ਦੀ ਕੈਬਿਨ ਵੱਲ ਹੋ ਤੁਰਦੀ ਹੈ।

ਥੋੜੀ ਦੇਰ ਬਾਦ ਕੁੱਝ ਹਲਚਲ ਹੋਈ।

'ਮਿਲ ਗਿਆ... ਮਿਲ ਗਿਆ।'

ਉਹ ਚੀਕਦੀ ਚਲਾਉਂਦੀ ਬਾਹਰ ਇੱਧਰ ਉੱਧਰ ਦੌੜਨ ਲੱਗੀ... ਕਮਲਿਆਂ ਵਾਂਗ, ਝੱਲਿਆਂ ਵਾਂਗ.. ਕਦੇ ਹੱਸਦੀ ਕਦੇ ਰੋਂਦੀ। ਮੈਂ ਅਚੰਭਿਤ ਹੋ ਗਿਆ। ਕੀ ਹੋ ਗਿਆ ਇਸ ਨੂੰ? ਇਹ ਤਾਂ ਬੜੀ ਸਬਰ ਸੰਤੋਖ ਵਾਲੀ ਔਰਤ ਹੈ।

'ਕੀ ਹੋਇਆ? ਕੀ ਹੋਇਆ ਖ਼ੁਸ਼ਬੂ?' ਮੈਂ ਚੌਂਕ 'ਚ ਖੜੇ ਸਿਪਾਹੀ ਵਾਂਗ ਹੱਥ ਦੇ ਕੇ ਉਸ ਨੂੰ ਰੋਕਦਾ ਹਾਂ।

'ਕੀ ਮਿਲ ਗਿਆ?' ਮੈਂ ਸਮਝਦਾ ਹਾਂ ਉਹ ਇਹ ਨਿਯੁਕਤੀ ਪੱਤਰ ਲੈ ਕੇ, ਵੇਖ ਕੇ ਹੀ ਏਨੀ ਖੀਵੀ ਹੋ ਗਈ ਹੈ ਕਿ ਪਾਗਲ-ਪਣ ਦੀ ਹੱਦ ਤੱਕ ਪਹੁੰਚ ਗਈ ਹੈ।

'ਮਿਲ ਗਿਆ? ਨਿਯੁਕਤੀ ਪੱਤਰ...?' ਮੈਂ ਅਟਕਲਾਂ ਲਗਾਉਂਦਾ ਹਾਂ। ਹਾਂ ਮਿਲ ਗਿਆ ਸਭ ਕੁੱਝ...।' ਉਹ ਦੋਵੇਂ ਬਾਂਹਾਂ ਉੱਪਰ ਫੈਲਾਉਂਦੀ ਹੈ। 'ਮਿਲ ਗਿਆ ਮੈਨੂੰ... ਮਿਲ ਗਿਆ ਅੱਜ।'

ਮੈਂ ਬਿਠਾ ਕੇ ਉਸ ਨੂੰ ਤਸੱਲੀ ਦਿੰਦਾ ਹਾਂ, ਚਪੜਾਸੀ ਨੂੰ ਕਹਿ ਕੇ ਪਾਣੀ ਦਾ ਗਿਲਾਸ ਮੰਗਵਾ ਕੇ ਉਸ ਦੇ ਮੂੰਹ ਨੂੰ ਲਗਾਉਂਦਾ ਹਾਂ। ਹੁਣ ਉਹ ਸ਼ਾਂਤ ਹੈ ਅਡੋਲ! ਜਿਵੇਂ ਮਿਰਗੀ ਦੇ ਦੌਰੇ ਤੋਂ ਬਾਦ।

'ਸਰ! ਮੇਰੇ ਨਾਲ ਅੰਦਰ ਚਲੋ...।' ਉਸ ਨੇ ਅਪੀਲ ਜਿਹੀ ਕੀਤੀ।

'ਕਿਉਂ? ਇਨਕਾਰ ਕੀਤਾ ਸਾਹਿਬ ਨੇ...?' ਮੈਂ ਡੈਂਬਰ ਜਾਂਦਾ ਹਾਂ, ਹੋਰ ਸ਼ਸ਼ੋਪੰਜ ਵਿਚ ਪੈ ਜਾਂਦਾ ਹਾਂ। ਉਸ ਦੇ ਨਾਲ ਖੜੀ ਰੋਜ਼ੀ ਡਰੀ ਹੋਈ ਘੁੱਗੀ ਵਾਂਗ ਸੁੰਗੜ ਕੇ ਆਪਣੇ ਕੱਪੜਿਆਂ ਵਿਚ ਛੋਟੀ ਹੁੰਦੀ ਜਾ ਰਹੀ ਸੀ।

'ਚਲੋ ਸਰ!.... ਚਲੋ ਭਾਅ ਜੀ... ਪਲੀਜ਼...।' ਉਸ ਦੇ ਤਰਲੇ ਨਾਲ ਮੈਂ ਸਾਹਿਬ ਦੇ ਸਾਹਮਣੇ ਪਹੁੰਚ ਜਾਂਦਾ ਹਾਂ।

ਸਾਹਿਬ ਦਾ ਮੱਥਾ ਠਣਕਿਆ। ਉਹ ਪਹਿਲਾਂ ਹੀ ਘਬਰਾਏ ਹੋਏ, ਕਸੀਸ ਜਿਹੀ ਵੱਟੀ ਬੈਠੇ ਸਨ।

'ਆਓ ਬੈਠੋ! ਸੁੱਖ ਐ...?' ਮੱਥੇ ਦੀ ਤਰੇਲੀ ਸਾਫ਼ ਕਰਦੇ ਉਨ੍ਹਾਂ ਕੁਰਸੀ ਵੱਲ ਇਸ਼ਾਰਾ ਕੀਤਾ।

'ਸਰ ਮੈਂ ਹੀ ਤਕਲੀਫ਼ ਦਿੱਤੀ ਇਹਨਾਂ ਨੂੰ।' ਮੇਰੇ ਬੋਲਣ ਤੋਂ ਪਹਿਲਾਂ ਹੀ ਖ਼ੁਸ਼ਬੂ ਉੱਤਰ ਦੇ ਗਈ।

'ਹਾਂ ਦੱਸ! ਤੈਨੂੰ ਨੌਕਰੀ ਤਾਂ ਦਿਵਾ ਦਿੱਤੀ ਕੁੜੀ ਲਈ, ਹੋਰ ਕੀ ਕਸਰ ਬਾਕੀ?' ਸਾਹਿਬ ਨੇ ਸਾਰਾ ਮੂੰਹ ਖੋਲ੍ਹ ਕੇ ਅੱਖਾਂ ਅੱਡ ਲਈਆਂ।

'ਸਰ ਆਪਣੀ ਅਮਾਨਤ ਸਾਂਭ ਲਓ.... ਚੁਰਾਸੀ ਦੀ ਚਿਣਗ।'

'ਅਮਾਨਤ...! ਕਿਹੜੀ ਅਮਾਨਤ...? ਕਿਹੜੀ ਚਿਣਗ?'

'ਇਹ ਤੁਹਾਡੀ ਅਮਾਨਤ! ਵੇਖੋ ਮੈਂ ਇਕੱਲੀ ਨੇ ਹੀ ਪਾਲ ਪੋਸ ਕੇ ਏਨੀ ਵੱਡੀ ਕਰ ਦਿੱਤੀ ਹੈ, ਇਹ ਚਿਣਗ ਹੁਣ ਚੁਆਤੀ ਬਣ ਚੁੱਕੀ ਹੈ।' ਉਸ ਨੇ ਨਾਲ ਬੈਠੀ ਬੇਟੀ ਦੀ ਪਿੱਠ ਥੱਪ ਥਪਾਈ।

'ਇਹ ਤੂੰ ਕੀ ਕਹਿ ਰਹੀ ਹੈਂ? ਇਹ ਝੂਠ ਹੈ...।'

'ਝੂਠ ਨਹੀਂ ਸੱਚ ਹੈ। ਇਹ ਠੀਕ ਹੈ, ਆਪਣੇ ਅੰਦਰ ਝਾਤੀ ਮਾਰੋ।'

ਸਾਹਿਬ ਦੇ ਮੱਥੇ 'ਤੇ ਸੌਣ ਭਾਦੋਂ ਦੇ ਮੀਂਹ ਵਾਂਗ ਪਸੀਨੇ ਦੀਆਂ ਘਰਾਲ਼ਾਂ ਚੱਲ ਪਈਆਂ। ਉਸ ਦੇ ਮੱਥੇ 'ਤੇ ਉੱਕਰਿਆ ਚੰਦ ਵਰਗਾ ਰੋਬੜਾ, ਜ਼ਖ਼ਮ ਦਾ ਨਿਸ਼ਾਨ ਫਿੱਸ ਫਿੱਸ ਕਰਕੇ ਨਾਸੂਰ ਵਾਂਗ ਰਿਸਣ ਲਗਦਾ ਜਾਪਦਾ ਹੈ। 'ਤੇ ਸਰ! 'ਗੁਮਨਾਮ ਖਾਨਾ' ਵੀ ਭਰ ਦਿਓ...।

'ਸਾਈਂ ਨਾਥ ਸਾਹਨ...।'

ਉਹ ਟਾਈਪ ਕੀਤੀ ਅਰਜ਼ੀ ਅਤੇ ਨਿਯੁਕਤੀ-ਪੱਤਰ ਮੇਰੇ ਸਾਹਮਣੇ ਕਰ ਦਿੰਦੀ ਹੈ। ਸਾਹਿਬ ਮੱਥੇ ਦਾ ਰੋਬੜਾ ਪਲੋਸਦਾ ਊਂਧੀ ਪਾ ਲੈਂਦਾ ਹੈ।

# ਭਾਰਤੀ ਸੁਤੰਤਰਤਾ ਦੇ ਮੋਹਰੀ ਕਬੀਲੇ, ਬਿਰਸਾ ਮੁੰਡਾ ਅਤੇ ਵੰਸ਼

(ਸਫਾ 32 ਦੀ ਬਾਕੀ)

ਲੋਕਉਸ ਦਾ ਜਨਮ ਦਿਨ, ਜੋ ਕਿ 15 ਨਵੰਬਰ ਨੂੰ ਪੈਂਦਾ ਹੈ, ਉਤਸ਼ਾਹ ਨਾਲ ਮਨਾਉਂਦੇ ਹਨ। ਸਰਕਾਰੀ ਤੌਰ 'ਤੇ ਇਹ ਜਸ਼ਨ ਝਾਰਖੰਡ ਦੀ ਰਾਜਧਾਨੀ ਰਾਂਚੀ ਅਤੇ ਉਸ ਦੀ ਸਮਾਧੀ ਸਥਾਨ 'ਤੇ ਮਨਾਇਆ ਜਾਂਦਾ ਹੈ।ਉਸਦੇ ਨਾਮ ਤੇ ਬਹੁਤ ਸਾਰੀਆਂ ਸੰਸਥਾਵਾਂ, ਇਮਾਰਤਾਂ ਦੇ ਮਾਨ ਰੱਖੇ ਹੋਏ ਹਨ, ਖਾਸ ਤੌਰ ਤੇ ਬਿਰਸਾ ਮੁੰਡਾ ਏਅਰਪੋਰਟ ਰਾਂਚੀ, ਬਿਰਸਾ ਇੰਸਟੀਚਿਊਟ ਔਫ ਟੈਕਨਾਲੋਜੀ ਸਿੰਧਰੀ, ਬਿਰਸਾ ਮੁੰਡਾ ਵਣਵਾਸੀ ਛਤਰਵਾਸ, ਕਾਨਪੁਰ, ਸਿਧੋ ਕਨ੍ਹੋ ਬਿਰਸ਼ਾ ਯੂਨੀਵਰਸਿਟੀ, ਪੁਰੂਲੀਆ ਅਤੇ ਬਿਰਸਾ ਐਗਰੀਕਲਚਰਲ ਯੂਨੀਵਰਸਿਟ੍ਰਮੁੱਖ ਹਨ। ਆਦਿਵਾਸੀ ਰਾਜੇਂ ਵਿੱਚ ਲਗਭਗ ਦਰ ਜਿਲ੍ਹੇ ਵਿੱਚ ਉਹਨਾ ਦਾ ਬੁੱਤ ਲਗਾ ਹੋਇਆ ਹੈ। ਬਹੁਤ ਸਾਰੀਆਂ ਸੰਸਥਾਵਾ ਬਿਰਸਾ ਦੇ ਨਾਮ ਉੱਤੇ ਕੰਮ ਕਰ ਰਹੀਆਂ ਹਨ। ਉਸ ਦੇ ਜੀਵਨ ਉੱਤੇ ਬਹੁਤ ਸਾਰੀਆਂ ਫਿਲਮਾਂ ਕਈਆਂ ਭਾਸ਼ਾਵਾਂ ਵਿੱਚ ਬਣ ਚੁਕੀਆਂ ਹਨ। ਰਮਨ ਮੈਗਸੇਸੇ ਅਵਾਰਡ ਜੇਤੂ, ਲੇਖਕ-ਕਾਰਕੁਨ ਮਹਾਸ਼ਵੇਤਾ ਦੇਵੀ ਦਾ ਇਤਿਹਾਸਕ ਗਲਪ, ਅਰਨੇਅਰ ਅਧਿਕਾਰ (ਜੰਗਲ ਦਾ ਹੱਕ, 1977), ਇੱਕ ਨਾਵਲ, ਜਿਸ ਲਈ ਉਸਨੇ 1979 ਵਿੱਚ ਬੰਗਾਲੀ ਲਈ ਸਾਹਿਤ ਅਕਾਦਮੀ ਪੁਰਸਕਾਰ ਜਿੱਤਿਆ ਸੀ, ਉਸਦਾ ਜੀਵਨ ਅਤੇ ਮੁੰਡਾ ਵਿਦਰੋਹ ਉੱਤੇ ਅਧਾਰਤ ਹੈ। 19 ਵੀਂ ਸਦੀ ਦੇ ਅੰਤ ਵਿਚ ਬ੍ਰਿਟਿਸ਼ ਰਾਜ; ਬਾਅਦ ਵਿੱਚ ਉਸਨੇ ਇੱਕ ਸੰਖੇਪ ਸੰਸਕਰਣ, ਬਿਰਸਾ ਮੁੰਡਾ, ਵਿਸ਼ੇਸ਼ ਤੌਰ ਤੇ ਨੌਜਵਾਨ ਪਾਠਕਾਂ ਲਈ ਲਿਖਿਆ।

ਸਟੈਚੂ ਔਫ ਉਲਗੁਲਨ, ਝਾਰਖੰਡ ਵਿੱਚ ਬਿਰਸਾ ਮੁੰਡਾ ਦੀ 150 ਫੁੱਟ ਉੱਚੀ ਮੂਰਤੀ ਦੀ ਹੈ ਜੋ ਇਸ ਖੇਤਰ ਵਿੱਚ ਘਰਾਂ ਤੋਂ ਇਕੱਠੇ ਕੀਤੇ ਪੱਥਰਾਂ ਨਾਲ ਬਣਾਈ ਹੈ। ਰਾਂਚੀ ਵਿੱਚ ਨੈਸ਼ਨਲ ਯੂਨੀਵਰਸਿਟੀ ਆਫ ਸਟੱਡੀ ਐਂਡ ਰਿਸਰਚ ਇਨ ਲਾਅ ਦਾ ਸਾਲਾਨਾ ਕਾਲਜ ਤਿਉਹਾਰ ਉਲਗੁਲਨ ਬਿਰਸਾ ਮੁੰਡਾ ਦੇ ਸੁਤੰਤਰਤਾ ਸੰਗਰਾਮ ਤੋਂ ਪ੍ਰੇਰਿਤ ਹੈ।

**ਬਿਰਸਾ ਮੁੰਡਾ ਦਾ ਵੰਸ਼**

ਰਾਂਚੀ ਤੋਂ ਉਲੀਹਾਤੂ ਤੱਕ ਗੱਡੀਆਂ ਸ਼ਰਾਟੇਦਾਰ ਪੱਕੀਆਂ ਸੜਕਾਂ ਉੱਤੇ ਦੌੜਦੀਆਂ ਹਨ। ਉਲੀਹਾਤੂ ਤੋਂ ਭਾਵ ਹੈ ਬਿਰਸਾ ਮੁੰਡਾ ਦਾ ਜਨਮ ਸਥਾਨ। ਬਿਰਸਾ ਨੂੰਧਰਤੀ ਆਬਾ ਵੀ ਕਿਹਾ ਜਾਂਦਾ ਹੈ।

ਜਨਮ ਸਥਾਨ ਦੇ ਬਿਲਕੁਲ ਸਾਹਮਣੇ, ਇੱਕ ਜੰਗਾਲ਼ੇ ਲੋਹੇ ਦੇ ਪਾਈਪ ਉੱਤੇ ਇੱਕ ਛੋਟਾ ਬੋਰਡ ਹੈ ਜਿਸ ਉੱਤੇ ਲਿਖਿਆ ਹੈ - ਬਿਰਸਾ ਭਗਵਾਨ ਸਾਡਾ ਆਦਰਸ਼ ਹੈ, ਅਸੀਂ ਆਪਣੀਆਂ ਜ਼ਿੰਦਗੀ ਨਾਲੋਂ ਵੀ ਵੱਧ ਪਿਆਰੇ ਕਰਦੇ ਹਾਂ।

ਪਰ ਜਦੋਂ ਬਿਰਸਾ ਮੁੰਡਾ ਦੇ ਪੜਪੋਤੇ ਦੀ ਨੂੰਹ ਗੰਗੀ ਮੁੰਡਾ ਨੂੰ ਮਿਲਦੇ ਹੀ, ਤਾਂ ਇਹ ਆਦਰਸ਼ ਧਰੇ ਧਰਾਏ ਰਹਿ ਜਾਂਦੇ ਹਨ। ਧਰਤੀ ਆਬਾ ਦੇ ਵੰਸ਼ਜ ਲੋਕ ਕਈ ਮਹੀਨਿਆਂ ਤੋਂ ਚੋਆਂ ਦਾ ਪਾਣੀ ਪੀਂਦੇ ਹਨ। ਟੂਟੀ ਤੋਂ ਪਾਣੀ ਨਹੀਂ ਆਉਂਦਾ ਸੌਰ ਊਰਜਾ ਨਾਲ ਚੱਲਣ ਵਾਲੀ ਪਾਣੀ ਦੀ ਸਪਲਾਈ ਪੰਪ ਪੂਰੇ ਸਾਲ ਤੋਂ ਠੱਪ ਰਹੀ। ਇਕ ਸਾਲ ਤੋਂ ਪੂਰਾ ਪਿੰਡ ਪ੍ਰਦੂਸ਼ਿਤ ਪਾਣੀ ਪੀਂਦਾ ਰਿਹਾ।ਸਮੱਸਿਆ ਸਿਰਫ ਪਾਣੀ ਦੀ ਨਹੀਂ, ਬਲਕਿ ਘਰਾਂ ਦੀ ਵੀ ਹੈ। ਇੱਥੇ ਨੇਤਾ ਸਾਲ ਵਿੱਚ ਸਿਰਫ ਦੋ ਵਾਰ ਦਿਨ ਮਨਾਂਉਂਣ ਆਉਂਦੇ ਹਨ,15 ਨਵੰਬਰ ਨੂੰ ਜਨਮਦਿਨ ਅਤੇ 9 ਜੂਨ ਨੂੰ ਸ਼ਹੀਦੀ ਦਿਵਸ।ਝੁਲਸਦੀ ਧੁੱਪ ਵਿਚਸ਼ਹੀਦੀ ਦਿਹਾੜੇ ਦ

ਮੱਦੇਨਜ਼ਰ, ਪਰਿਵਾਰ ਦੇ ਲੋਕ ਯਾਦਗਾਰੀ ਸਥਾਨ ਦੇ ਅਹਾਤੇ ਦੀ ਸਫਾਈ ਆਪ ਕਰਦੇ ਹਨ। ਉਹ ਬਹੁਤ ਨਿਰਾਸ਼ਾ ਨਾਲ ਕਹਿੰਦੇ ਹਨ, ਨੇਤਾ ਲੋਕਾਂ ਕੋਲ ਆਉਂਦੇ ਹਨ, ਭਰੋਸਾ ਦਿੰਦੇ ਹਨ ਅਤੇ ਫਿਰ ਭੁੱਲ ਜਾਂਦੇ ਹਨ। ਬਹੁਤ ਸਾਲਾਂ ਤੋਂ ਰਿਹਾਇਸ਼ ਦੇ ਵਾਅਦੇ ਦੇ ਰਹੇ ਹਨ।3 ਕਮਰੇ ਦਾ ਘਰ ਜਿਸ ਵਿੱਚ 14 ਜੀਆਂ ਦੇ ਪਰਿਵਾਰ ਦਾ ਜੀਉਣਾ ਮੁਸ਼ਕਲ ਕੰਮ ਹੈ। ਹਾਲਾਂਕਿ ਰਾਜ ਸਰਕਾਰ ਬਿਰਸਾ ਮੁੰਡਾ ਦੇ ਨਾਮ 'ਤੇ ਆਦਿਵਾਸੀਆਂ ਨੂੰ ਘਰ ਵੀ ਦਿੰਦੀ ਹੈ। ਬਿਰਸਾ ਦੀ ਯਾਦਗਾਰ ਬਨਾਉਣ ਲਈ ਵੀ ਪਰਵਾਰ ਨੇ ਆਪਣੀ ਨਿੱਜੀ ਜਮੀਨ ਸਰਕਾਰ ਨੂੰ ਦਿਤੀ ਹੈ, ਲੇਕਿਨ ਇਸ ਦੇ ਬਦਲੇ ਪਰਵਾਰ ਦੇ ਗੁਜਾਰੇ ਲਈ ਉਹਨਾ ਨੂੰ ਕੋਈ ਹੋਰ ਜਮੀਨ ਅਲਾਟ ਨਹੀਂ ਕੀਤੀ।

ਬਿਰਸਾ ਮੁੰਡਾ ਦੇ ਜਨਮ ਸਥਾਨ ਦੀ ਯਾਦਗਾਰ ਸਮਾਰਕ ਦੀਵੀ ਬੁਰੀ ਹਾਲਤ ਵਿਚ ਹੈ। ਬੈਠਣ ਲਈ, ਕੰਧ ਦੇ ਨਾਲ ਲੱਗਦੇ ਸੀਮਿੰਟ ਦੇ ਬੈਂਚਾਂ ਦੇ ਸੰਗਮਰਮਰ ਚੂਰਾ ਹੋ ਰਹੇ ਹਨ। ਦਰਵਾਜ਼ੇ ਨੂੰ ਦੀਮਕ ਖਾ ਰਹੇ ਹਨ। ਉਥੇ ਕੁਝ ਵੀ ਨਹੀਂ ਜੋ ਦਿਸਦਾ ਹੈ। ਬਿਰਸਾ ਦੇ ਜੀਵਨ ਸੰਘਰਸ਼ ਦੀ ਕਹਾਣੀ, ਉਸਦੇ ਸਾਥੀ, ਜਿਨ੍ਹਾਂ ਨੇ ਅੰਗਰੇਜ਼ਾਂ ਨਾਲ ਟੱਕਰ ਲਈ, ਕੁਝ ਨਹੀਂ। ਘਰ ਦੇ ਅੰਦਰ ਸਿਰਫ ਇੱਕ ਮੂਰਤੀ ਹੈ।

ਪਿੰਡ ਵਿਚ ਮੁਢਲੀਆਂ ਸਹੂਲਤਾਂ ਵੀ ਨਹੀਂ ਹਨ। ਉਸਦੇ ਪੜਪੋਤੇ ਦੀ ਉਮਰ 82 ਸਾਲ ਹੈ, 1000 ਰੁ। ਬੁਢਾਪਾ ਪੈਂਮਸ਼ਨ ਮਿਲਦੀ ਹੈ। ਬਿਰਸਾ ਮੁੰਡਾ ਦੇ ਵੰਸ਼ ਸੁਖਰਾਮ ਦੇ ਬੇਟੇ ਨੇ ਪੀ।ਜੀ। ਕੀਤੀ ਹੈ ਉਸ ਨੂੰ ਚਪੜਾਸੀ ਦੀ ਨੌਕਰੀ ਮਿਲੀ ਹੈ, ਉਸ ਦੇ ਤਨਖਾਹ ਨਾਲ ਘਰ ਚੱਲ ਰਿਹਾ ਹੈ।

ਖੇਤਰੀ ਭਾਸ਼ਾ ਵਿੱਚ ਪੋਸਟ ਗਰੈਜੁਏਸ਼ਨ ਦੀ ਡਿਗਰੀ ਪ੍ਰਾਪਤ ਕਰ ਚੁੱਕਾ ਹੈ। ਉਹ ਐਡੀਓ ਦਫ਼ਤਰ ਵਿੱਚ ਚਪੜਾਸੀ ਦੀ ਨੌਕਰੀ ਕਰ ਰਿਹਾ ਹੈ। ਬਿਰਸਾ ਮੁੰਡਾ ਦੀ ਪੋਤੀ ਪੋਤੀ ਆਪਣੇ ਪਿਓ ਦੀਆਂ ਉਗਾਈਆਂ ਸਬਜ਼ੀਆਂ ਨੂੰ ਖੁੰਟੀ ਵਿਚ ਵੇਚ ਕੇ ਆਪਣੀ ਪੜ੍ਹਾਈ ਪੂਰੀ ਕਰ ਰਹੀ ਹੈ। ਉਹ ਖੁੰਟੀ ਦੇ ਬਿਰਸਾ ਕਾਲਜ ਵਿੱਚ ਗ੍ਰੈਜੂਏਸ਼ਨ ਕਰ ਰਹੀ ਹੈ। ਉਸ ਦਾ ਕਹਿਣਾ ਹੈ ਕਿ ਹੁਣ ਤੱਕ ਸਕਾਲਰਸ਼ਿਪ ਦਾ ਕੋਈ ਲਾਭ ਨਹੀਂ ਮਿਲਿਆ ਹੈ। ਮੈਂ ਆਪਣੇ ਪਿਤਾ ਦੁਆਰਾ ਉਗਾਈਆਂ ਸਬਜ਼ੀਆਂ ਨੂੰ ਸਾਈਕਲ 'ਤੇ ਮਾਰਕੀਟ ਹਾਟ' ਲਗਾ ਕੇ ਵੇਚਦੀ ਹੈ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop




**ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ**
ਦੇ 645ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 22ਵਾਂ ਮਹਾਂਨ ਨਗਰ ਕੀਰਤਨ
**13 ਮਾਰਚ 2022 ਨੂੰ ਸਜਾਇਆ ਜਾ ਰਿਹਾ ਹੈ।**
645ਵੇਂ ਪ੍ਰਕਾਸ਼ ਪੁਰਬ ਅਤੇ 22ਵੇਂ ਮਹਾਂਨ ਨਗਰ ਕੀਰਤਨ ਨੂੰ ਸਮਰਪਿਤ
ਸ੍ਰੀ ਅਖੰਡ ਪਾਠ ਸਾਹਿਬ ਲੜੀ ਦੀ ਸੇਵਾ ਜਲਦੀ ਆਰੰਭ ਹੋਣ ਜਾ ਰਹੀ ਹੈ।
ਕਿਰਪਾ ਕਰਕੇ ਆਪਣੀ ਸੇਵਾ ਪ੍ਰਾਪਤ ਕਰੋ ਜੀ।
ਸ੍ਰੀ ਵਰਿੰਦਰ ਵਿਰਕ (916) 910-5731 ਗੁਰੂਘਰ (916) 992-1710

In the celebration of 645th Parkash Purb of
**Dhan Dhan Satguru Ravidass Ji Maharaj**,
The 22nd Mahan Nagar Kirtan will be organised on
**Sunday March 13th 2022.**
Sri Akhand Paath Sahib Larri dedicated to
645th Parkash Purb and 22nd Mahan Nagar Kirtan
is going to begin soon.
Please book your Sewa as soon as possible.
Mr. Varinder Virk (916) 910-5731 Gurughar (916) 992-1710